ਸਕੂਲੀ ਵਿਦਿਆਰਥੀਆਂ ਲਈ

# ਚੋਣਵੀਆਂ ਕਹਾਣੀਆਂ



ਸੰਪਾਦਕ

ਬਲਜਿੰਦਰ ਮਾਨ

# ਸਕੂਲੀ ਵਿਦਿਆਰਥੀਆਂ ਲਈ ਚੋਣਵੀਆਂ ਕਹਾਣੀਆਂ

# ਬਲਜਿੰਦਰ ਮਾਨ ਦੀ ਸਾਹਿਤ ਸਿਰਜਣਾ

**ਮੌਲਿਕ ਪੁਸਤਕਾਂ :**

1. ਸਮੇਂ ਦੇ ਹਾਣੀ (ਵਾਰਤਕ) 1994
2. ਫੁਟਬਾਲ ਜਗਤ ਮਾਹਿਲਪੁਰ (ਵਾਰਤਕ) 1995
3. ਪੰਜਾਬ ਦੇ ਸੱਗੀ ਫੁੱਲ (ਰੇਖਾ ਚਿੱਤਰ) 2003
4. ਬਾਲ ਚਿਰਾਗ (ਬਾਲ ਕਾਵਿ ਸੰਗ੍ਰਹਿ) 2004
5. ਸੁਨਹਿਰੀ ਭਵਿੱਖ (ਬਾਲ ਕਹਾਣੀਆਂ) 2007
6. ਚੜ੍ਹਦੇ ਸੂਰਜ ਵਾਲੇ ਰਾਜਾਂ ਵਿਚ (ਸਫਰਨਾਮਾ) 2008
7. ਤ੍ਰਿਪੁਰਾ ਦਰਸ਼ਨ (ਸਫਰਨਾਮਾ) 2008
8. ਸੁਗੰਧੀਆਂ (ਬਾਲ ਕਹਾਣੀਆਂ) 2009
9. ਮਾਂ ਜਿਹਾ ਲਾਡ (ਬਾਲ ਕਾਵਿ ਸੰਗ੍ਰਹਿ) 2011
10. ਮੇਰਾ ਸੁਪਨਾ (ਨਰਸਰੀ ਗੀਤ) 2012
11. ਆਲ੍ਹਣਿਆਂ ਦੀ ਰਾਖੀ (ਬਾਲ ਕਹਾਣੀਆਂ) 2013
12. ਧਰਤੀ ਦਾ ਸ਼ਿੰਗਾਰ (ਚਿੱਤਰਕਥਾਵਾਂ) 2014
13. ਸਾਡਾ ਸੰਵਿਧਾਨ, ਨਾਗਰਿਕ ਅਤੇ ਬਾਲ ਅਧਿਕਾਰ (ਲੇਖ ਸੰਗ੍ਰਹਿ) 2014

**ਅਨੁਵਾਦਿਤ ਪੁਸਤਕਾਂ :**

1. ਨਿਆਂ ਦੀ ਘੰਟੀ (ਬਾਲ ਕਹਾਣੀਆਂ) 2009
2. ਸੁਲਤਾਨ ਦੀ ਪਸੰਦ ਤੇ ਹੋਰ ਕਹਾਣੀਆਂ (ਐਨ.ਬੀ.ਟੀ. ਇੰਡੀਆ ਦਿੱਲੀ) 2009
3. ਫਿਰ ਕੀ ਹੋਇਆ ? (ਬਾਲ ਨਾਵਲ) ਐਨ.ਬੀ.ਟੀ. ਇੰਡੀਆ ਦਿੱਲੀ 2010
4. ਚਮਤਕਾਰੀ ਗਾਗਰ (ਦੇਸ਼ ਵਿਦੇਸ਼ ਦੀਆਂ ਲੋਕ ਕਥਾਵਾਂ) 2011

**ਸੰਪਾਦਿਤ ਪੁਸਤਕਾਂ :**

1. ਕੀ ਦੱਸਾਂ ? ਕੌਣ ਸੁਣਦਾ ? (ਕਹਾਣੀ ਸੰਗ੍ਰਹਿ) 1991
2. ਖੋਤੀ ਵਾਲਾ ਅੰਕਲ (ਇਕ ਲੰਬੀ ਬਾਲ ਕਹਾਣੀ) 1993
3. ਕਰੂੰਬਲਾਂ (ਨਰਸਰੀ ਗੀਤ) 2001
4. ਕਰਮਯੋਗੀ ਪ੍ਰਿੰਸੀਪਲ ਹਰਭਜਨ ਸਿੰਘ (ਜੀਵਨੀ) 2005
5. ਬਾਲ ਸਭਾ (ਬਾਲ ਨਾਟਕ) 2008
6. ਪੁੱਤਰਾਂ 'ਚੋਂ ਪੁੱਤਰ ਸਰਵਨ ਕੁਮਾਰ (2008)
7. ਸ਼ਹੀਦ ਚੰਦਰ ਸ਼ੇਖਰ ਅਜ਼ਾਦ (2009)
8. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ (2009)
9. ਜੀਵਨ ਦੇ ਰੰਗ ਮੰਚ ਤੇ (ਨਾਟਕ) 2009
10. ਭਾਰਤ ਮਾਂ ਉਦਾਸ ਹੈ ! (ਬਾਲ ਇਕਾਂਗੀ) 2009
11. ਗੁਰੂ ਸਾਹਿਬਾਨ ਤੇ ਕਥਾ ਕਹਾਣੀਆਂ (2010)
12. ਗਿਆਨ ਸਾਗਰ ਰਮਾਇਣ (2010)
13. ਜੀਵਨ ਭਗਤ ਸਿੰਘ ਸ਼ਹੀਦ ਦਾ (2011)
14. ਧਰਤੀ ਗਾਵੇ ਅੰਬਰ ਨੱਚੇ (ਕਾਵਿ ਸੰਗ੍ਰਹਿ) 2012
15. ਦਾਦੀ ਮਾਂ ਦੀਆਂ ਬਾਤਾਂ (ਬਾਲ ਕਹਾਣੀਆਂ) 2012
16. ਗਦਰ ਦੀ ਸ਼ਾਨ (ਸ਼ਹੀਦ ਕਰਤਾਰ ਸਿੰਘ ਸਰਾਭਾ) 2013
17. ਮਿੱਟੀ ਰੁੱਸ ਰੁੱਸ ਬਹਿੰਦੀ (ਰੌਚਕ ਗੀਤ) 2013
18. ਸਕੂਲੀ ਬੱਚਿਆਂ ਲਈ ਚੋਣਵੀਆਂ ਕਹਾਣੀਆਂ (2014)
19. ਪ੍ਰਾਇਮਰੀ ਸਕੂਲਾਂ ਲਈ ਚੋਣਵੀਆਂ ਕਹਾਣੀਆਂ (2015)

3

# ਸਕੂਲੀ ਵਿਦਿਆਰਥੀਆਂ ਲਈ ਚੋਣਵੀਆਂ ਕਹਾਣੀਆਂ

ਸੰਪਾਦਕ

ਬਲਜਿੰਦਰ ਮਾਨ

*Fiction/Short Stories/ Children Books*

ISBN: 978-93-5204-143-5

**Schoolie Vidiarthian Laee Chonvian Kahaniyan**

*Edited by*

**Baljinder Maan**

Karumbla Bhawan, Garhshankar Road, Mahilpur

District: Hoshiarpur 146105 (Punjab)

Mob. 98150-18947, (R) 01884-252047

Email: karumblanmaan@yahoo.com

nikkiankarumblan@rediffmail.com

2015
Lokgeet Parkashan
S.C.O. 26-27, Sector 34 A, Chandigarh-160022
India
Ph. +91-172-5077427, 5077428
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com

*© 2015*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਬਾਲ ਕਹਾਣੀਆਂ ਦੇ ਸਿਰਜਕਾਂ ਨੂੰ

6

# ਤਤਕਰਾ


* ਬਾਲ ਮਨਾਂ ਦੀਆਂ ਬਾਤਾਂ ਪਾਉਂਦਾ ਕਹਾਣੀ ਸੰਗ੍ਰਹਿ 9
* ਕਤੂਰਾ 11
* ਚਿੜੀ ਦਾ ਇਕ ਦਿਨ 14
* ਰੁੱਸੇ ਹੋਏ ਦੰਦ 20
* ਮੇਰਾ ਕੌਣ ? 23
* ਜ਼ਿੰਮੇਵਾਰੀ ਕਿਸ ਦੀ ? 25
* ਸਫ਼ਲਤਾ ਦਾ ਭੇਤ 28
* ਮਾਂ ਦੀ ਸਿੱਖਿਆ 30
* ਜਨਮ ਦਿਨ 32
* ਹਰਵੀਰ ਦੀ ਦੁਨੀਆ 34
* ਚੋਰੀ ਦਾ ਸਿੱਟਾ 36
* ਮਿਹਨਤ ਦਾ ਫ਼ਲ 37
* ਬਗਲਾ ਭਗਤ 38
* ਸੁਸਤੂ ਮੱਲ 39
* ਬਿਰਖ ਨਾਲ ਹੋਈ 'ਚੈਟਿੰਗ' 41
* ਦੀਪਾ ਦਾ ਘਰ, ਗੁਨੀਤ ਦਾ ਘਰ 43
* ਤਿੱਤਲੀਆਂ ਵਾਲੀ ਫ਼ਰਾਕ 46
* ਜੂੰਆਂ ਦੀ ਕਾਨਫਰੰਸ 48
* ਸਵਰਗ ਦੀ ਸੈਰ 50
* ਸੋਹਣਾ ਮਾਡਲ 51
* ਨਿੱਕੂ ਟੀਚਰ 53
* ਪਾਣੀ 55
* ਲਾਡੋ 58
* ਫੁੱਲ ਤੇ ਤਿਤਲੀ 62
* ਗੇਂਦਾ 64
* ਇਕ ਰੁੱਖ ਦੀ ਮੌਤ 65
* ਰਾਜੂ ਦਾ ਵਹਿਮ 68
* ਸ਼ੈਲੂ 71
* ਨਸੀਹਤ 74
* ਤਿਤਲੀਆਂ 76
* ਲੇਖਾ ਜੋਖਾ 77
* ਨੰਨ੍ਹੀ ਰੀਤੂ ਦੀ ਖੁਸ਼ੀ 79

* ਨੀਮ ਹਕੀਮ ਖਤਰਾ ਏ ਜਾਨ 82
* ਚੀਕੂ ਸੁਧਰ ਗਿਆ 83
* ਮੰਗੀ ਭਿਖਿਆ ਮਿਲੀ ਸਿੱਖਿਆ 84
* ਚੰਗੀ ਆਦਤ 86
* ਚੋਰੀ 88
* ਜੰਗਲ ਦੀ ਕੈਦ ਵਿਚ ਮਨੁੱਖ 91
* ਲਗਨ 94
* ਫਰਜ਼ 97
* ਅਸਲੀਅਤ 99
* ਵਿਗਿਆਨਕ ਸੱਚਾਈ 101
* ਤੋਹਫ਼ਾ 103
* ਮਿਹਨਤ ਦਾ ਮੁੱਲ 105
* ਮਿਲਵਰਤਣ 107
* ਜਨਮ ਦਿਨ ਦਾ ਤੋਹਫ਼ਾ 108
* ਲੂੰਬੜੀ ਭੁੱਖੀ ਨਹੀਂ 110
* ਕਦੋਂ ਮੁੜੇਗਾ 111
* ਸੁਆਰਥੀ ਬੱਚੇ 113
* ਵੱਡਾ ਜਾਦੂਗਰ 115
* ਸਭ ਤੋਂ ਔਖਾ ਕੰਮ 117
* ਅੰਬਰੀਂ ਉਡਾਰੀ 118
* ਪ੍ਰਿੰਸ ਦੀ ਖੁਸ਼ੀ 119
* ਪਿਆਰ 120
* ਉਪਕਾਰ ਦਾ ਬਦਲਾ 121
* ਬੱਚਤ 123
* ਪਛਤਾਵਾ 124
* ਤੋਤੇ ਦੇ ਜਨਮ ਦਿਨ ਦਾ ਤੋਹਫ਼ਾ 125
* ਨੰਨੂ ਬਣ ਗਈ ਚੂਚਿਆਂ ਦੀ ਮਾਂ 126
* ਲਾਲਚ 128
* ਏਕਤਾ ਦੀ ਸ਼ਕਤੀ 130
* ਮਿਹਨਤ ਦਾ ਇਨਾਮ 131
* ਬੇਲੀ ਬਾਂਦਰ, ਊਠ ਤੇ ਬੱਕਰੀ 134
* ਸਬਕ 137
* ਮੋਰ ਦੇ ਖੰਭ 139

# ਬਾਲ ਮਨਾਂ ਦੀਆਂ ਬਾਤਾਂ ਪਾਉਂਦਾ ਕਹਾਣੀ ਸੰਗ੍ਰਹਿ

ਬੱਚਿਆਂ ਦੀ ਮਾਨਸਿਕ ਅਵਸਥਾ ਨੂੰ ਬੁੱਝਣ ਲਈ ਉਹਨਾਂ ਦੇ ਹਾਣੀ ਬਣਨਾ ਪੈਂਦਾ ਹੈ। ਅੱਜਕਲ੍ਹ ਜਿਹੜੇ ਕਹਾਣੀਕਾਰ ਬਾਲਾਂ ਲਈ ਕਹਾਣੀ ਦੀ ਸਿਰਜਣਾ ਕਰ ਰਹੇ ਹਨ ਉਹਨਾਂ ਵਿਚੋਂ ਕੁਝ ਕੁ ਮੱਲੋ ਮੱਲੀ ਬਾਲ ਕਹਾਣੀ ਬਨਾਉਣ ਵਿਚ ਲੱਗੇ ਹੋਏ ਹਨ। ਬਹੁਤ ਥੋੜ੍ਹੇ ਕਹਾਣੀਕਾਰ ਹਨ ਜਿਹੜੇ ਬਾਲ ਮਨ ਅੰਦਰ ਝਾਤੀ ਮਾਰਨ ਦੀ ਸਮਰੱਥਾ ਰੱਖਦੇ ਹਨ। ਇਕੱਲੀ ਸਮਰੱਥਾ ਵੀ ਕੁਝ ਨਹੀਂ ਕਰ ਸਕਦੀ ਜਦ ਤੱਕ ਸਾਹਿਤਕਾਰ ਕੋਲ ਬਾਲ ਮਨ ਵਰਗੇ ਕੂਲ਼ੇ ਕੂਲ਼ੇ ਤੇ ਕੋਮਲ ਸ਼ਬਦ ਅਤੇ ਉਹਨਾਂ ਸ਼ਬਦਾਂ ਨੂੰ ਕਲਾਤਮਿਕ ਢੰਗ ਨਾਲ ਜੜਨ ਦੀ ਕਲਾ ਨਾ ਹੋਵੇ। ਇਸ ਲਈ ਉਮਰ ਗੁੱਟ ਅਨੁਸਾਰ ਸ਼ਬਦ ਚੋਣ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਹੱਥਲੀ ਪੁਸਤਕ 'ਪ੍ਰਾਇਮਰੀ ਸਕੂਲਾਂ ਲਈ ਚੋਣਵੀਆਂ ਕਹਾਣੀਆਂ' ਵਿਚ ਇਹਨਾਂ ਗੱਲਾਂ ਵੱਲ ਉਚੇਚਾ ਧਿਆਨ ਦਿੱਤਾ ਗਿਆ ਹੈ।

ਇਸ ਕਹਾਣੀ ਸੰਗ੍ਰਹਿ ਦੀ ਵੰਨ-ਸੁਵੰਨਤਾ ਇਸਦਾ ਖਾਸ ਗੁਣ ਹੈ। ਇਸ ਪੁਸਤਕ ਵਿਚ ਦਸ ਸਾਲਾਂ ਦੀ ਕਹਾਣੀ ਲੇਖਿਕਾ ਸੁਖਚੰਚਲ ਕੌਰ ਤੋਂ ਲੈ ਕੇ ਸ. ਮਨਮੋਹਨ ਸਿੰਘ ਦਾਊਂ ਤਕ ਦੇ ਸਾਹਿਤ ਅਕੈਡਮੀ ਪੁਰਸਕਾਰ ਜੇਤੂਆਂ ਦੀਆਂ ਕਹਾਣੀਆਂ ਵੀ ਸ਼ਾਮਿਲ ਕੀਤੀਆਂ ਗਈਆਂ ਹਨ। ਖਾਸ ਗੱਲ ਇਹ ਹੈ ਕਿ ਕੁਝ ਕਹਾਣੀਆਂ ਬਹੁਤ ਛੋਟੀਆਂ ਅਤੇ ਕੁਝ ਲੰਬੀਆਂ ਵੀ ਹਨ। ਇਹ ਗੱਲ ਅਸੀਂ ਸਭ ਜਾਣਦੇ ਹਾਂ ਕਿ ਦੂਸਰੀ ਜਮਾਤ ਦੇ ਬੱਚੇ ਅਤੇ ਪੰਜਵੀਂ ਜਮਾਤ ਦੇ ਬੱਚੇ ਦੇ ਮਾਨਸਿਕ ਪੱਧਰ ਵਿਚ ਕਿੰਨਾ ਅੰਤਰ ਹੁੰਦਾ ਹੈ। ਇਸੇ ਕਰਕੇ ਇਸ ਸੰਗ੍ਰਹਿ ਨੂੰ ਹਰ ਜਮਾਤ ਅਤੇ ਹਰ ਉਮਰ ਵਰਗ ਨੂੰ ਧਿਆਨ ਵਿਚ ਰੱਖ ਕੇ ਤਿਆਰ ਕਰਨ ਦਾ ਯਤਨ ਕੀਤਾ ਹੈ। ਇਕ ਖਾਸ ਗੱਲ ਜਿਹੜੀ ਸ਼ਾਇਦ ਸਾਡੇ ਧਿਆਨ ਵਿਚ ਨਾ ਆਵੇ। ਉਹ ਇਹ ਹੈ ਕਿ ਨਿਜੀ ਸਕੂਲਾਂ ਅਤੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਮਾਨਸਿਕ ਪੱਧਰ ਦਾ ਵੀ ਧਿਆਨ ਰੱਖਿਆ ਗਿਆ ਹੈ। ਜਿਹੜੇ ਨਿੱਜੀ ਸਕੂਲ ਪੰਜਾਬੀ ਮੀਡੀਅਮ ਵਿਚ ਪੜ੍ਹਾਈ ਕਰਾਉਂਦੇ ਹਨ, ਉਹਨਾਂ ਵਿਦਿਆਰਥੀਆਂ ਲਈ ਵੀ ਬਹੁਤ ਦਿਲਚਸਪ ਕਹਾਣੀਆਂ ਦਰਜ ਕੀਤੀਆਂ ਹਨ। ਇੰਜ ਇਹ ਕਹਾਣੀ ਸੰਗ੍ਰਹਿ ਸਿਰਫ ਸਰਕਾਰੀ ਸਕੂਲਾਂ ਵਾਸਤੇ ਨਹੀਂ ਸਗੋਂ ਸਾਰੇ ਸਕੂਲਾਂ ਦੀਆਂ ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀਆਂ ਵਾਸਤੇ ਹੈ।

ਇਹਨਾਂ ਕਹਾਣੀਆਂ ਰਾਹੀਂ ਜਿੱਥੇ ਸਾਡੀ ਸਕੂਲੀ ਸਿੱਖਿਆ ਦੀ ਪ੍ਰਕਿਰਿਆ ਨੂੰ ਹੁਲਾਰਾ ਮਿਲਦਾ ਹੈ ਉੱਥੇ ਉਹਨਾਂ ਅੰਦਰ ਨਵੇਂ ਤੇ ਨਰੋਏ ਸੁਪਨੇ ਵੀ ਸੰਜੋਏ ਗਏ ਹਨ। ਹਰ ਕਹਾਣੀਕਾਰ ਨੇ ਆਪੋ ਆਪਣੀਆਂ ਕਲਾ ਜੁਗਤਾਂ ਨਾਲ ਕਹਾਣੀਆਂ ਨੂੰ ਸ਼ਿੰਗਾਰਿਆ ਹੈ। ਅਸੀਂ ਆਪਣੀ ਸਮਰੱਥਾ ਅਨੁਸਾਰ ਵੱਧ ਤੋਂ ਵੱਧ ਕਹਾਣੀਕਾਰਾਂ ਨੂੰ

ਇਸ ਸੰਗ੍ਰਹਿ ਵਿਚ ਸ਼ਾਮਿਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਜੇਕਰ ਕੋਈ ਵਧੀਆ ਕਹਾਣੀ ਇਸ ਸੰਗ੍ਰਹਿ ਵਿਚ ਸ਼ਾਮਿਲ ਹੋਣ ਤੋਂ ਰਹਿ ਗਈ ਹੈ। ਉਸ ਨੂੰ ਅਗਲੀ ਕੜੀ 'ਸੈਕੰਡਰੀ ਜਮਾਤਾਂ ਲਈ ਚੋਣਵੀਆਂ ਕਹਾਣੀਆਂ' ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰਾਂਗੇ। ਇਸ ਕਹਾਣੀ ਸੰਗ੍ਰਹਿ ਵਿਚ ਸ਼ਾਮਿਲ ਸਭ ਕਹਾਣੀਕਾਰਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਇਸ ਕਹਾਣੀ ਸੰਗ੍ਰਹਿ ਵਿਚ ਆਪਣਾ ਯੋਗਦਾਨ ਪਾ ਕੇ ਸਾਡੇ ਕਾਰਜ ਨੂੰ ਨਰੋਆ ਬਣਾਇਆ।

ਚੋਣਵਾਂ ਕਾਰਜ ਕਰਨਾ ਕੋਈ ਸਧਾਰਣ ਗੱਲ ਨਹੀਂ ਹੁੰਦੀ। ਇਹ ਇਕ ਪ੍ਰੋਜੈਕਟ ਵਰਕ ਹੁੰਦਾ ਹੈ ਜਿਸ ਤੇ ਵਿਅਕਤੀ ਨੂੰ ਦਿਨ ਰਾਤ ਇਕ ਕਰਨੀ ਪੈਂਦੀ ਹੈ। ਲੋਕ ਗੀਤ ਪ੍ਰਕਾਸ਼ਨ ਵੱਲੋਂ ਇਸ ਮਾਣ ਮੱਤੇ ਕਾਰਜ ਦਾ ਜ਼ਿੰਮਾ ਮੈਨੂੰ ਦੇਣਾ ਮੇਰੇ ਲਈ ਫ਼ਖ਼ਰ ਵਾਲੀ ਗੱਲ ਹੈ। ਇਸ ਸੰਗ੍ਰਹਿ ਤੋਂ ਪਹਿਲਾਂ "ਸਕੂਲੀ ਬੱਚਿਆਂ ਲਈ ਚੋਣਵੀਆਂ ਕਹਾਣੀਆਂ" ਦਾ ਇਕ ਖ਼ੂਬਸੂਰਤ ਗੁਲਦਸਤਾ ਮੇਰੇ ਦੁਆਰਾ 2014 ਵਿਚ ਸੰਪਾਦਿਤ ਕੀਤਾ ਗਿਆ ਜਿਸਨੂੰ ਬਾਲਾਂ, ਅਧਿਆਪਕਾਂ, ਮਾਪਿਆਂ ਅਤੇ ਪੁੰਗਰਦੇ ਸਾਹਿਤਕਾਰਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਇਸ ਉਤਸ਼ਾਹ ਭਰੇ ਹੁੰਗਾਰੇ ਨੇ ਅਜਿਹੇ ਵਿਸ਼ੇਸ਼ ਕਾਰਜ ਦੀ ਯੋਜਨਾ ਤਿਆਰ ਕਰਵਾ ਦਿੱਤੀ। ਤੁਸੀਂ ਹੈਰਾਨ ਹੋਵੋਗੇ ਕਿ 'ਸਕੂਲੀ ਬੱਚਿਆਂ ਲਈ ਚੋਣਵੀਆਂ ਕਵਿਤਾਵਾਂ'-ਸੰਪਾਦਕ ਮਨਮੋਹਨ ਸਿੰਘ ਦਾਊਂ ਅਤੇ 'ਸਕੂਲੀ ਬੱਚਿਆਂ ਲਈ ਚੋਣਵੀਆਂ ਕਹਾਣੀਆਂ'-ਸੰਪਾਦਕ ਬਲਜਿੰਦਰ ਮਾਨ ਦੀਆਂ ਪੁਸਤਕਾਂ ਦੇ ਦੂਸਰੇ ਤੇ ਤੀਸਰੇ ਐਡੀਸ਼ਨ ਛਾਪੇ ਜਾ ਰਹੇ ਹਨ।

ਇਸੇ ਕੜੀ ਨੂੰ ਹੁਣ ਹੋਰ ਅੱਗੇ ਤੋਰਿਆ ਜਾ ਰਿਹਾ ਹੈ। ਸਬੰਧਤ ਧਿਰਾਂ ਨੂੰ ਬਾਲਾਂ ਪ੍ਰਤੀ ਸੁਚੇਤ ਕਰਨ ਦਾ ਇਹ ਇਕ ਕਾਰਗਰ ਯਤਨ ਹੈ। ਇਸ ਤਰ੍ਹਾਂ ਅਧਿਆਪਕਾਂ, ਮਾਪਿਆਂ, ਸਿੱਖਿਆ ਸੰਚਾਲਕਾਂ ਅਤੇ ਸਰਕਾਰਾਂ ਦਾ ਮਨ ਬਾਲਾਂ ਦੀ ਗੱਲ ਸੁਣਨ ਨੂੰ ਕਰੇਗਾ। ਲੋਕ ਗੀਤ ਪ੍ਰਕਾਸ਼ਨ ਵੱਲੋਂ ਚਾਰ ਸੌ ਤੋਂ ਵੱਧ ਬਾਲ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਜਾ ਚੁੱਕੀਆਂ ਹਨ। ਬਾਲ ਸਾਹਿਤ ਦੀ ਪ੍ਰਕਾਸ਼ਨਾ ਵਿਚ ਪਾਈਆਂ ਜਾ ਰਹੀਆਂ ਸੰਦਲੀ ਪੈੜਾਂ ਲਈ ਪ੍ਰਕਾਸ਼ਨ ਦੇ ਨਿਰਦੇਸ਼ਕ ਮੇਰੇ ਨਿੱਘੇ ਵੀਰ ਰੋਹਿਤ ਜੈਨ ਅਤੇ ਮਾਲਕ ਸ਼੍ਰੀ ਹਰੀਸ਼ ਜੈਨ ਦੀ ਲੰਬੀ ਉਮਰ ਦੀ ਕਾਮਨਾ ਕਰਦਾ ਹੋਇਆ ਇਸ ਪੁਸਤਕ ਨੂੰ ਤੁਹਾਡੇ ਸਨਮੁੱਖ ਕਰਦਾ ਹਾਂ। ਉਮੀਦ ਕਰਦਾ ਹਾਂ ਕਿ ਆਪਣੀ ਉਸਾਰੂ ਰਾਏ ਭੇਜ ਕੇ ਸਾਡੇ ਭਵਿੱਖ ਦੇ ਕਾਰਜਾਂ ਨੂੰ ਹੋਰ ਨਿੱਗਰ ਬਣਾਉਣ ਵਿਚ ਆਪਣਾ ਯੋਗਦਾਨ ਪਾਉਣ ਦੀ ਹਿੰਮਤ ਜ਼ਰੂਰ ਕਰੋਗੇ।

**—ਬਲਜਿੰਦਰ ਮਾਨ**
ਸੰਪਾਦਕ ਨਿੱਕੀਆਂ ਕਰੂੰਬਲਾਂ
ਮੋਬ: 98150-18947,
karumblanmaan@yahoo.com

# ਕਤੂਰਾ

*—ਡਾ. ਹਰਸ਼ਿੰਦਰ ਕੌਰ*

ਰਾਤ ਪੈਂਦਿਆਂ ਹੀ ਬੱਚਿਆਂ ਦੀ ਢਾਣੀ ਹਰਸ਼ ਮਾਸੀ ਦੇ ਦੁਆਲੇ ਹੋ ਗਈ। ਸਭ ਤੋਂ ਅੱਗੇ ਹੈਰੀ ਸੀ। ਉਹ ਬੋਲਿਆ, "ਮਾਸੀ ਜੀ, ਮੈਂ ਤਾਂ ਸਾਰੇ ਹਿਸਾਬ ਦੇ ਸੁਆਲ ਕਰ ਲਏ ਨੇ। ਮਾਸਰ਼ ਜੀ ਨੇ ਜਿਹੜੀਆਂ ਗ਼ਲਤੀਆਂ ਲੱਭੀਆਂ, ਉਹ ਦੁਬਾਰਾ ਵੀ ਠੀਕ ਕਰ ਲਈਆਂ। ਹੁਣ ਤਾਂ ਕਹਾਣੀ ਸੁਣਾਓ।"

ਹਰਸ਼ ਮਾਸੀ ਨੇ ਪੁੱਛਿਆ, "ਪਹਿਲਾਂ ਇਹ ਦੱਸੋ ਕਿ ਤੁਸੀਂ ਸਾਰੇ ਸ਼ਾਮ ਨੂੰ ਬਾਹਰ ਖੇਡਣ ਗਏ ਸੀ ਕਿ ਨਹੀਂ ?"

ਅਵੀ ਬੋਲਿਆ, "ਹਾਂ ਮਾਸੀ ਜੀ ਅਸੀਂ ਸਾਰੇ ਗਏ ਸੀ, ਪਰ, ਉੱਥੇ ਕੁਝ ਸ਼ਰਾਰਤੀ ਬੱਚੇ ਇਕ ਨਿੱਕੇ ਜਿਹੇ ਕਤੂਰੇ ਨੂੰ ਵੱਟੇ ਮਾਰ-ਮਾਰ ਕੇ ਤੰਗ ਕਰ ਰਹੇ ਸੀ ਤੇ ਇਕ ਵੱਟਾ ਤਾਂ ਵਿਚਾਰੇ ਦੇ ਪੈਰ ਉੱਤੇ ਏਨੀ ਜ਼ੋਰ ਦੀ ਵੱਜਿਆ ਕਿ ਉਹ ਚਊਂ-ਚਊਂ ਕਰਦਾ ਲੰਗੜਾਉਂਦਾ ਹੋਇਆ ਦੌੜ ਪਿਆ। ਵਿਚਾਰਾ ਏਨਾ ਰੋਂਦਾ ਪਿਆ ਸੀ ਪਰ ਉਹ ਬੱਚੇ ਉਸ ਨੂੰ ਛੱਡਦੇ ਈ ਨਹੀਂ ਪਏ ਸੀ। ਫੇਰ ਜੀਵੇਸ਼ ਵੀਰ ਨੇ ਉਹਨਾਂ ਨੂੰ ਝਿੜਕ ਕੇ ਪਰ੍ਹਾਂ ਕੀਤਾ।"

ਹਰਸ਼ ਮਾਸੀ ਨੇ ਸੁਣਦਿਆਂ ਹੀ ਕਿਹਾ, "ਇਹ ਤਾਂ ਤੂੰ ਜੀਵ ਬਹੁਤ ਚੰਗੀ ਗੱਲ ਕੀਤੀ। ਉਸ ਬੇਜ਼ੁਬਾਨ ਨੂੰ ਮਾਰਨਾ ਮਾੜੀ ਗੱਲ ਸੀ। ਮੈਂ ਅੱਜ ਤੁਹਾਨੂੰ ਇਕ ਅਜਿਹੇ ਹੀ ਨਿੱਕੇ ਜਿਹੇ ਕਤੂਰੇ ਦੀ ਗੱਲ ਸੁਣਾਉਂਦੀ ਆਂ।"

"ਕਹਾਣੀ ਕਿ ਗੱਲ", ਨਾਨੂ ਨੇ ਪੁੱਛਿਆ ?

"ਜੋ ਮਰਜ਼ੀ ਸਮਝ ਲਇਓ। ਪਤਾ ਜੇ ਕੀ ਹੋਇਆ। ਇਕ ਦੁਕਾਨ ਵਿਚ ਨਿੱਕੇ ਨਿੱਕੇ ਕਤੂਰੇ ਵਿਕ ਰਹੇ ਸੀ। ਇਕ ਦਿਨ ਇਕ ਛੋਟਾ ਜਿਹਾ ਬੱਚਾ ਉੱਥੇ ਕਤੂਰਾ ਖ਼ਰੀਦਣ ਆਇਆ", ਹਰਸ਼ ਮਾਸੀ ਨੇ ਗੱਲ ਸੁਣਾਉਣੀ ਸ਼ੁਰੂ ਕੀਤੀ।

"ਮੈਂ ਵੀ ਕਤੂਰਾ ਲੈਣੈ", ਨਾਨੂ ਨੇ ਝੱਟ ਗੱਲ ਕਰ ਦਿੱਤੀ। "ਚੰਗਾ ਆਪਣੇ ਪਾਪਾ ਨੂੰ ਕਹੀਂ ਤੈਨੂੰ ਲੈ ਦੇਣਗੇ। ਹੁਣ ਮਾਸੀ ਤੋਂ ਕਹਾਣੀ ਤਾਂ ਸੁਣ ਲੈਣ ਦੇ", ਅਵੀ ਨੇ ਟੋਕਿਆ।

"ਪਰ ਮੈਂ ਚਿੱਟਾ-ਚਿੱਟਾ ਛੋਟਾ ਜਿਹਾ ਕਤੂਰਾ ਹੁਣੇ ਲੈਣੈ। ਮੈਂ ਉਹਦੀ ਪੂਛ ਨਾਲ ਖੇਡਾਂਗਾ", ਨਾਨੂ ਨੇ ਫੇਰ ਜ਼ਿੱਦ ਕੀਤੀ।

"ਸੱਚੀਂ ਮਾਸੀ, ਲੈ ਦਿਓ ਨਾ। ਮੈਨੂੰ ਵੀ ਕਤੂਰੇ ਬਹੁਤ ਪਸੰਦ ਨੇ", ਸੁੱਖੀ ਵੀ ਬੋਲ ਪਈ।

"ਐਸ ਵੇਲੇ ਤਾਂ ਕਹਾਣੀ ਸੁਣ ਲੈਣ ਦਿਓ। ਸਵੇਰੇ ਕਤੂਰਾ ਵੀ ਲੈ ਲਵਾਂਗੇ", ਹਿੱਤੀ ਤੇ ਜੀਵ ਇਕੱਠੇ ਹੀ ਬੋਲ ਪਏ।

ਹਰਸ਼ ਮਾਸੀ ਨੇ ਗੱਲ ਅੱਗੇ ਤੋਰੀ, "ਦੁਕਾਨਦਾਰ ਨੇ ਉਸ ਨੂੰ ਬਹੁਤ ਸਾਰੇ ਨਿੱਕੇ ਨਿੱਕੇ ਵੱਖੋ-ਵੱਖਰੇ ਰੰਗਾਂ ਦੇ ਕਤੂਰੇ ਕਮਰੇ 'ਚੋਂ ਬਾਹਰ ਲਿਆ ਕੇ ਵਿਖਾਏ। ਅਖ਼ੀਰ ਵਿਚ ਕਮਰੇ ਅੰਦਰ ਇਕੋ ਨਿੱਕਾ ਜਿਹਾ ਅੱਧਾ ਚਿੱਟਾ ਤੇ ਅੱਧਾ ਕਾਲਾ ਕਤੂਰਾ ਰਹਿ ਗਿਆ, ਜਿਹੜਾ ਚੁੱਪ ਕਰ ਕੇ ਬੈਠਾ ਰਿਹਾ ਤੇ ਬਾਕੀ ਸਾਰਿਆਂ ਦੇ ਬਾਹਰ ਜਾਣ ਬਾਅਦ ਉਹ ਵੀ ਹੌਲ਼ੀ-ਹੌਲ਼ੀ ਲੰਗੜਾਉਂਦਾ ਹੋਇਆ ਦਰਵਾਜ਼ੇ ਵੱਲ ਤੁਰ ਪਿਆ।"

"ਮਾਸੀ ਜੀ ਲੰਗੜਾ ਕੀ ਹੁੰਦੈ", ਨਾਨੂ ਨੇ ਪੁੱਛਿਆ ?

"ਬੱਚੇ, ਜਿਸ ਦੀ ਇਕ ਲੱਤ ਠੀਕ ਨਾ ਹੋਵੇ, ਉਹ ਪੂਰਾ ਭਾਰ ਦੋਵੇਂ ਪੈਰਾਂ ਉੱਤੇ ਨਹੀਂ ਪਾ ਸਕਦਾ ਤੇ ਇਸੇ ਲਈ ਠੀਕ ਵੀ ਨਹੀਂ ਤੁਰ ਸਕਦਾ। ਉਹ ਟੇਢਾ ਹੋ ਕੇ ਤੁਰਦੈ। ਇਸੇ ਲਈ ਇਸ ਤਰ੍ਹਾਂ ਦੇ ਬੰਦੇ ਜਾਂ ਕਿਸੇ ਵੀ ਤੁਰ ਸਕਣ ਵਾਲੇ ਜੀਵ ਨੂੰ ਲੰਗੜਾ ਈ ਕਹਿੰਦੇ ਨੇ", ਗੁਰਪਾਲ ਮਾਸੜ ਜੀ ਨੇ ਸਮਝਾਇਆ।

"ਮਾਸੀ ਜੀ ਕਹਾਣੀ ਤਾਂ ਅੱਗੇ ਸੁਣਾਓ", ਅਵੀ ਤੇ ਹਿੱਤੀ ਇਕੱਠੇ ਹੀ ਬੋਲ ਪਏ।

"ਬੱਚਿਓ, ਉਸ ਨਿੱਕੇ ਬੱਚੇ ਨੇ ਦੁਕਾਨਦਾਰ ਕੋਲੋਂ ਕਤੂਰਿਆਂ ਦੀ ਕੀਮਤ ਪੁੱਛੀ ਤਾਂ ਦੁਕਾਨਦਾਰ ਨੇ ਦੱਸਿਆ ਕਿ ਇਕ ਕਤੂਰਾ 1500 ਤੋਂ 3000 ਰੁਪਏ ਤੱਕ ਦਾ ਐ। ਉਹ ਬੱਚਾ ਵਿਚਾਰਾ ਮੂੰਹ ਲਟਕਾ ਕੇ ਬਹਿ ਗਿਆ, ਕਿਉਂਕਿ ਉਸ ਦੀ ਜੇਬ ਵਿਚ ਸਿਰਫ 150 ਰੁਪਏ ਸਨ। ਦੁਕਾਨਦਾਰ ਨੂੰ ਉਸ ਨੇ ਬੇਨਤੀ ਕੀਤੀ ਕਿ ਕੀ ਉਹ ਉਧਾਰ ਕਰ ਸਕਦੈ ਜਾਂ ਨਹੀਂ। ਉਹ 150 ਰੁਪਏ ਹੁਣੇ ਦੇ ਦੇਵੇਗਾ ਤੇ ਫੇਰ 150 ਰੁਪਏ ਹਰ ਮਹੀਨੇ ਦਿੰਦਾ ਰਹੇਗਾ। ਦੁਕਾਨਦਾਰ ਕੁਝ ਸੋਚਣ ਲੱਗ ਪਿਆ ਤੇ ਫੇਰ ਉਸ ਨੇ ਬੱਚੇ ਨੂੰ ਪੁੱਛਿਆ "ਉਹ ਕਿਹੜਾ ਕਤੂਰਾ ਲੈਣਾ ਚਾਹੁੰਦੈ", ਹਰਸ਼ ਮਾਸੀ ਨੇ ਕਹਾਣੀ ਸੁਣਾਉਂਦਿਆਂ ਕਿਹਾ।

ਸਾਰੇ ਜਣੇ ਸਾਹ ਰੋਕ ਕੇ ਕਹਾਣੀ ਸੁਣ ਰਹੇ ਸਨ ਪਰ ਇਕਦਮ ਹੈਰੀ ਬੋਲਿਆ, "ਮੈਂ ਹੁੰਦਾ ਤਾਂ ਅੱਧਾ ਚਿੱਟਾ ਤੇ ਅੱਧਾ ਕਾਲਾ ਕਤੂਰਾ ਲੈਣਾ ਸੀ ਜਿਹੜਾ ਸਭ ਤੋਂ ਜ਼ਿਆਦਾ ਤੇਜ਼ ਭੱਜ ਸਕਦਾ।"

"ਯਾਰ ਤੂੰ ਕਹਾਣੀ ਦੇ ਵਿਚ ਨਾ ਟੋਕਿਆ ਕਰ। ਤੂੰ ਵਾਪਸ ਘਰ ਜਾ ਕੇ ਜਿਹੜਾ ਮਰਜ਼ੀ ਲਈ ਜਾਈਂ। ਹੁਣ ਮਾਸੀ ਤੋਂ ਕਹਾਣੀ ਸੁਣਨ ਦੇ", ਅਵੀ ਨੇ ਟੋਕਿਆ।

ਏਨੇ ਨੂੰ ਨਾਨੂ ਬੋਲ ਪਿਆ, "ਪਰ ਮੈਂ ਤਾਂ ਚਿੱਟਾ-ਚਿੱਟਾ ਲੈਣੈ।"

"ਅੱਛਾ ਹੁਣ ਅੱਗੇ ਸੁਣੋ", ਹਰਸ਼ ਮਾਸੀ ਨੇ ਕਹਾਣੀ ਅੱਗੇ ਤੋਰੀ, "ਉਸ ਬੱਚੇ ਨੇ ਦੁਕਾਨਦਾਰ ਨੂੰ ਅਖ਼ੀਰ 'ਚ ਆ ਰਹੇ ਲੰਗੜੇ ਕਤੂਰੇ ਵੱਲ ਇਸ਼ਾਰਾ ਕਰਕੇ ਕਿਹਾ ਕਿ

ਉਹ ਵਾਲਾ ਚਾਹੀਦੈ। ਦੁਕਾਨਦਾਰ ਉਸ ਬੱਚੇ ਵੱਲ ਅਜੀਬ ਜਹੀਆਂ ਨਜ਼ਰਾਂ ਨਾਲ ਵੇਖ ਕੇ ਬੋਲਿਆ ਕਿ ਇਹ ਕਿਉਂ ਲੈਣੈ ? ਇਹ ਤਾਂ ਤੇਰੇ ਨਾਲ ਖੇਡ ਵੀ ਨਹੀਂ ਸਕੇਗਾ ਤੇ ਤੇਰੇ ਨਾਲ ਭੱਜ ਵੀ ਨਹੀਂ ਸਕਣ ਲੱਗਾ। ਇਹ ਤਾਂ ਵਿਕਣਾ ਵੀ ਨਹੀਂ। ਜੇ ਲੈਣਾ ਹੋਏ ਤਾਂ ਇਹ ਅੱਧ ਤੋਂ ਵੀ ਘੱਟ ਕੀਮਤ 'ਤੇ ਹੀ ਮਿਲ ਜਾਏਗਾ। ਪਰ ਦੱਸ ਤਾਂ ਸਹੀ ਕਿ ਇਹ ਲੰਗੜਾ ਕੇ ਤੁਰਦਾ ਕਿਉਂ ਲੈਣੈ ?"

"ਉਹ ਬੱਚਾ ਅਜਿਹਾ ਕਤੂਰਾ ਕਿਉਂ ਲੈਣਾ ਚਾਹੁੰਦਾ ਸੀ ? ਕੀ ਪੈਸੇ ਘੱਟ ਹੋਣ ਕਰਕੇ", ਸੁੱਖੀ ਨੇ ਪੁੱਛਿਆ ?

"ਨਹੀਂ ਬੱਚਿਆ ਗੱਲ ਕੋਈ ਹੋਰ ਸੀ", ਹਰਸ਼ ਮਾਸੀ ਨੇ ਜਵਾਬ ਦਿੱਤਾ, "ਹੁਣ ਅੱਗੇ ਤਾਂ ਸੁਣੋ।"

ਇਕਦਮ ਜੀਵ ਬੋਲਿਆ, "ਉਸ ਨੇ ਸੋਚਿਆ ਹੋਣੈ ਕਿ ਇਹ ਭੱਜ ਕੇ ਦੂਰ ਨਹੀਂ ਜਾ ਸਕੇਗਾ ਤੇ ਮੇਰੇ ਕੋਲ ਈ ਬੈਠਾ ਰਹੇਗਾ ਤੇ ਫੇਰ ਇਹਦੇ ਨਾਲ ਜਿੰਨਾ ਮਰਜ਼ੀ ਖੇਡੀ ਜਾਓ।"

"ਨਹੀਂ ਇਹ ਗੱਲ ਨਹੀਂ। ਅੱਗੋਂ ਮਾਸੀ ਨੂੰ ਬੋਲਣ ਤਾਂ ਦਿਓ", ਗੁਰਪਾਲ ਮਾਸੜ ਜੀ ਨੇ ਸਾਰਿਆਂ ਨੂੰ ਚੁੱਪ ਕਰਵਾਇਆ।

ਹਰਸ਼ ਮਾਸੀ ਨੇ ਗੱਲ ਜਾਰੀ ਰੱਖੀ, "ਉਹ ਬੱਚਾ ਥੋੜ੍ਹਾ ਔਖਾ ਹੋ ਕੇ ਬੋਲਿਆ ਕਿ ਲੰਗੜਾ ਐ ਤਾਂ ਕੀ ਹੋਇਆ ? ਮੈਂ ਤਾਂ ਇਹੀ ਕਤੂਰਾ ਲੈਣੈ। ਪੈਸੇ ਵੀ ਮੈਂ ਘੱਟ ਨਹੀਂ ਦੇਣੇ, ਪੂਰੇ ਦੇਵਾਂਗਾ। ਇਹ ਸੁਣ ਕੇ ਦੁਕਾਨਦਾਰ ਬਹੁਤ ਹੈਰਾਨ ਹੋਇਆ। ਉਸ ਨੇ ਫੇਰ ਬੱਚੇ ਨੂੰ ਸਮਝਾਇਆ ਕਿ ਉਸ ਦੇ ਮਾਪੇ ਉਸ ਨਾਲ ਗੁੱਸੇ ਹੋਣਗੇ। ਪਹਿਲਾਂ ਜਾ ਕੇ ਘਰ ਮਾਪਿਆਂ ਨਾਲ ਸਲਾਹ ਕਰ ਲਏ ਤੇ ਫੇਰ ਈ ਕਤੂਰਾ ਖਰੀਦੇ ਕਿਉਂਕਿ ਬਾਅਦ ਵਿਚ ਇਹ ਵਾਪਸ ਨਹੀਂ ਹੋਣਾ। ਉਹ ਬੱਚਾ ਜ਼ਿੱਦ ਕਰ ਕੇ ਖੜ੍ਹਾ ਰਿਹਾ ਕਿ ਇਹੀ ਲਵਾਂਗਾ ਤੇ ਲੈਣਾ ਵੀ ਪੂਰੀ ਕੀਮਤ 'ਤੇ ਐ।"

"ਪੂਰਾ ਬੇਵਕੂਫ਼ ਈ ਸੀ। ਜੇ ਸਸਤਾ ਮਿਲ ਰਿਹਾ ਸੀ ਤਾਂ ਲੈ ਲੈਂਦਾ। ਏਨੀ ਕੀ ਖ਼ਾਸ ਗੱਲ ਸੀ ਉਸ ਲੰਗੜੇ ਕਤੂਰੇ 'ਚ", ਸੁੱਖੀ ਨੇ ਪੁੱਛਿਆ ?

"ਤੂੰ ਸੁਣ ਤਾਂ ਸਹੀ ਮੇਰੀ ਪੂਰੀ ਗੱਲ", ਹਰਸ਼ ਮਾਸੀ ਨੇ ਸੁੱਖੀ ਨੂੰ ਚੁੱਪ ਹੋਣ ਦਾ ਇਸ਼ਾਰਾ ਕਰਦਿਆਂ ਕਿਹਾ, "ਉਹ ਬੱਚਾ ਜਦੋਂ ਨਾ ਹੀ ਮੰਨਿਆ ਤਾਂ ਅਖ਼ੀਰ 'ਚ ਦੁਕਾਨਦਾਰ ਨੇ ਕਿਹਾ ਕਿ ਬੇਟਾ ਵੱਡਾ ਹੋ ਕੇ ਵੀ ਇਹ ਕਦੇ ਤੇਰੇ ਨਾਲ ਛਾਲਾਂ ਮਾਰ ਕੇ ਨਹੀਂ ਖੇਡ ਸਕੇਗਾ। ਫੇਰ ਤੂੰ ਇਸ ਨੂੰ ਪਿਆਰ ਕਰਨਾ ਛੱਡ ਦੇਵੇਂਗਾ ਤੇ ਘਰੋਂ ਬਾਹਰ ਕੱਢ ਦੇਵੇਂਗਾ। ਫਿਰ ਇਹ ਵਿਚਾਰਾ ਗਲ਼ੀਆਂ 'ਚ ਰੁਲੇਗਾ।"

"ਮੈਂ ਤਾਂ ਬਈ ਠੀਕ ਕਤੂਰਾ ਲਵਾਂਗਾ", ਹੈਰੀ ਨੇ ਟੋਕ ਕੇ ਕਿਹਾ।

"ਲਓ ਜੀ, ਹੁਣ ਕਹਾਣੀ ਦਾ ਅੰਤ ਨੇੜੇ ਐ ਤੇ ਤੁਸੀਂ ਗੱਲ ਨੂੰ ਟੋਕੀ ਜਾ ਰਹੇ ਓ", ਗੁਰਪਾਲ ਮਾਸੜ ਜੀ ਨੇ ਚੁੱਪ ਕਰਨ ਦਾ ਇਸ਼ਾਰਾ ਕਰਦਿਆਂ ਕਿਹਾ।

ਹਰਸ਼ ਮਾਸੀ ਨੇ ਫੇਰ ਕਹਾਣੀ ਜਾਰੀ ਰੱਖਦਿਆਂ ਦੱਸਿਆ, "ਉਹ ਬੱਚਾ ਇਹ ਸਭ ਸੁਣ ਕੇ ਕੁਝ ਚੁੱਪ ਜਿਹਾ ਕਰ ਗਿਆ ਤੇ ਉਸ ਨੇ ਆਪਣੀ ਸੱਜੀ ਲੱਤ ਉੱਤੋਂ ਪੈਂਟ ਉੱਚੀ ਚੁੱਕ ਕੇ ਦੁਕਾਨਦਾਰ ਨੂੰ ਵਿਖਾਈ। ਉਸ ਦੀ ਸੱਜੀ ਲੱਤ ਕੱਟੀ ਹੋਈ ਸੀ ਤੇ ਉਸ ਦੀ ਥਾਂ ਨਕਲੀ ਲੱਤ ਲੱਗੀ ਹੋਈ ਸੀ। ਉਹ ਦੁਕਾਨਦਾਰ ਨੂੰ ਆਪਣੀ ਲੱਤ ਵਿਖਾ ਕੇ ਕਹਿਣ ਲੱਗਾ—ਅੰਕਲ ਮੈਂ ਵੀ ਭੱਜ ਦੌੜ ਨਹੀਂ ਸਕਦਾ ਤੇ ਮੇਰੇ ਮੰਮੀ ਪਾਪਾ ਆਪਣੇ ਕੰਮਾਂ 'ਚ ਬਹੁਤ ਰੁੱਝੇ ਹੋਏ ਨੇ। ਇਸ ਲਈ ਅਸੀਂ ਦੋਵੇਂ ਇਕ ਦੂਜੇ ਦੇ ਦੋਸਤ ਬਣ ਕੇ ਰਹਾਂਗੇ ਤੇ ਨਾਲ-ਨਾਲ ਈ ਵੱਡੇ ਹੋਵਾਂਗੇ। ਮੈਂ ਇਸ ਦੀ ਪੂਰੀ ਕੀਮਤ ਤਾਂ ਈ ਦੇ ਰਿਹਾਂ ਕਿ ਸਭ ਨੂੰ ਸਮਝ ਆ ਜਾਏ ਕਿ ਲੰਗੜੇ ਵੀ ਪੂਰੀ ਕੀਮਤ 'ਤੇ ਵਿਕ ਸਕਦੇ ਨੇ ਤੇ ਇਹਨਾਂ ਨੂੰ ਨਕਾਰਨਾ ਠੀਕ ਨਹੀਂ ਐ। ਲੰਗੜੇ ਬੱਚਿਆਂ ਦਾ ਵੀ ਦਿਲ ਬਾਕੀਆਂ ਵਾਂਗ ਈ ਹੁੰਦੈ। ਉਹ ਵੀ ਅੱਗੇ ਵਧਣ ਦਾ ਸ਼ੌਕ ਰੱਖਦੇ ਨੇ ਤੇ ਬਾਕੀਆਂ ਵਾਂਗ ਈ ਢੇਰ ਸਾਰਾ ਪਿਆਰ ਵੀ ਮੰਗਦੇ ਨੇ। ਮੇਰਾ ਕਤੂਰਾ ਸਭ ਤੋਂ ਪਿਆਰਾ ਦੋਸਤ ਬਣੇਗਾ ਤੇ ਅਸੀਂ ਇਕ ਦੂਜੇ ਦੀ ਮਜਬੂਰੀ ਵੀ ਸਮਝ ਸਕਾਂਗੇ।"

ਹਰਸ਼ ਮਾਸੀ ਨੇ ਵੇਖਿਆ ਕਿ ਸਾਰੇ ਹੀ ਬੱਚਿਆਂ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ ਸਨ।

ਗੁਰਪਾਲ ਮਾਸੜ ਜੀ ਨੇ ਮਾਹੌਲ ਠੀਕ ਕਰਨ ਲਈ ਬੱਚਿਆਂ ਨੂੰ ਪੁੱਛਿਆ, "ਦੱਸੋ ਬੱਚਿਓ ਤੁਹਾਨੂੰ ਇਸ ਕਹਾਣੀ ਤੋਂ ਕੀ ਸਮਝ ਲੱਗੀ ?"

"ਸਾਨੂੰ ਕਦੇ ਕਿਸੇ ਅੰਗ ਹੀਣ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ ਤੇ ਸਾਰਿਆਂ ਨੂੰ ਪਿਆਰ ਕਰਨਾ ਚਾਹੀਦੈ", ਸੁੱਖੀ ਝੱਟ ਬੋਲ ਪਈ।

ਨਾਨੂ ਵੀ ਅੱਖਾਂ ਪੂੰਝਦਾ ਹੋਇਆ ਬੋਲ ਪਿਆ, "ਮਾਸੀ ਜੀ ਮੈਂ ਤਾਂ ਅਜਿਹਾ ਕਤੂਰਾ ਈ ਪਾਲਾਂਗਾ ਤੇ ਉਸ ਨੂੰ ਬਹੁਤ ਪਿਆਰ ਵੀ ਕਰਾਂਗਾ।"

"ਚਲੋ ਬੱਚਿਓ ਹੁਣ ਸੌਂ ਜਾਓ। ਤੁਸੀਂ ਆਪੋ ਆਪਣੇ ਦੋਸਤਾਂ ਨੂੰ ਵੀ ਇਹ ਕਹਾਣੀ ਸੁਣਾਇਓ ਤਾਂ ਜੋ ਸਾਰੇ ਇਕ ਦੂਜੇ ਨਾਲ ਰਲ਼-ਮਿਲ ਕੇ ਰਹਿਣ", ਹਰਸ਼ ਮਾਸੀ ਨੇ ਉੱਠਦਿਆਂ ਹੋਇਆਂ ਕਿਹਾ।

## ਚਿੜੀ ਦਾ ਇਕ ਦਿਨ

*—ਜਸਬੀਰ ਭੁੱਲਰ*

ਅਚਨਚੇਤੀ ਰੁੱਖਾਂ ਦੇ ਆਲ੍ਹਣਿਆਂ ਵਿਚੋਂ ਪੰਛੀਆਂ ਦੀਆਂ ਆਵਾਜ਼ਾਂ ਆਉਣ ਲੱਗ ਪਈਆਂ।

"ਰੁਤ ਮੁੱਕ ਗਈ ਹੈ!... ਰਾਤ ਮੁੱਕ ਗਈ ਹੈ।...ਰਾਤ...।"

ਚਿੜੀ ਨੇ ਅੱਖਾਂ ਖੋਲ੍ਹੀਆਂ ਤੇ ਖੰਭਾਂ ਨਾਲ ਆਂਡਿਆਂ ਨੂੰ ਪਲੋਸਿਆ। ਉਹ ਚੁੰਝ ਆਂਡਿਆਂ ਦੇ ਨੇੜੇ ਲੈ ਗਈ ਤੇ ਹੌਲ਼ੀ ਜਿਹੀ ਦੱਸਿਆ, "ਮੇਰੇ ਲਾਡਲਿਓ! ਰਾਤ ਮੁੱਕ ਗਈ ਹੈ।"

ਚਿੜੀ ਕਈ ਦਿਨਾਂ ਤੋਂ ਆਪਣੇ ਆਂਡਿਆਂ ਨੂੰ ਸੇਅ ਰਹੀ ਸੀ। ਛੇਤੀ ਹੀ ਆਂਡੇ ਤਿੜਕਣਗੇ ਤੇ ਉਹਨਾਂ ਵਿਚੋਂ ਸੁਹਣੇ ਸੁਹਣੇ ਬੋਟ ਨਿਕਲਣਗੇ। ਫੇਰ ਉਹ ਬੋਟ ਉਡਾਰ ਵੀ ਹੋ ਜਾਣਗੇ।

ਉਸ ਵੇਲੇ ਹਨੇਰੇ ਵਿਚ ਚਾਨਣ ਘੁਲ ਰਿਹਾ ਸੀ।

.............

ਚਿੜਾ ਆਲ੍ਹਣੇ ਵਿਚ ਨਹੀਂ ਸੀ। ਉਹ ਕੱਲ੍ਹ ਆਲ੍ਹਣੇ ਲਈ ਕੋਈ ਹੋਰ ਟਿਕਾਣਾ ਲੱਭਣ ਗਿਆ ਸੀ।

ਉਹ ਵਾਪਸ ਨਹੀਂ ਸੀ ਮੁੜਿਆ। ਚਿੜੀ ਫ਼ਿਕਰਮੰਦ ਸੀ।

ਉਹ ਆਲ੍ਹਣਾ ਘਰ ਦੇ ਇਕ ਰੋਸ਼ਨਦਾਨ ਵਿਚ ਸੀ। ਖੁੱਲ੍ਹਾ-ਡੁੱਲ੍ਹਾ ਤੇ ਹਵਾਦਾਰ ਆਲ੍ਹਣਾ ਸ਼ਿਕਾਰੀ ਪਰਿੰਦੇ ਅਤੇ ਬਿੱਲੀ ਦੀ ਪਹੁੰਚ ਤੋਂ ਬਾਹਰ ਸੀ। ਚਿੜੀ ਚਿੜਾ ਚਿਰਾਂ ਤੋਂ ਉੱਤੇ ਰਹਿ ਰਹੇ ਸਨ। ਉਹਨਾਂ ਨੂੰ ਆਪਣੇ ਆਲ੍ਹਣੇ ਨਾਲ ਪਿਆਰ ਸੀ।

ਕੁਝ ਚਿਰ ਤੋਂ ਉੱਥੇ ਉਹਨਾਂ ਦਾ ਜਿਊਣਾ ਦੁੱਭਰ ਹੋ ਰਿਹਾ ਸੀ।

ਉੱਥੇ ਉਹਨਾਂ ਲਈ ਕਿਧਰੇ ਵੀ ਚੋਗਾ ਨਹੀਂ ਸੀ। ਉਹਨਾਂ ਨੂੰ ਸਾਫ਼ ਅਤੇ ਸਵੱਛ ਪਾਣੀ ਦੀ ਵੀ ਦਿੱਕਤ ਸੀ।

ਰੋਸ਼ਨਦਾਨਾ ਵਾਲੇ ਉਸ ਘਰ ਦਾ ਰਹਿਣ-ਸਹਿਣ ਬਦਲ ਗਿਆ ਸੀ।

ਚਿੜੀ ਉਹਨਾਂ ਬੋਟਾਂ ਲਈ ਵੀ ਫ਼ਿਕਰਮੰਦ ਹੋ ਗਈ ਜਿਨ੍ਹਾਂ ਨੇ ਆਂਡਿਆਂ ਵਿਚੋਂ ਜਨਮ ਲੈਣਾ ਸੀ।

..............

ਚਿੜੀ ਚੰਗੀ ਮਾਂ ਵਾਂਗੂ ਆਂਡਿਆਂ ਨੂੰ ਸੇਅ ਰਹੀ ਸੀ।

ਆਂਡਿਆਂ ਉੱਤੋਂ ਉਹ ਭੁੱਖ-ਤ੍ਰੇਹ ਵੇਲੇ ਹੀ ਉੱਠਦੀ ਸੀ।

ਉਦੋਂ ਵੀ ਚਿੜੀ ਆਲ੍ਹਣੇ ਤੋਂ ਬਹੁਤੀ ਦੂਰ ਨਹੀਂ ਸੀ ਜਾਂਦੀ।

ਚਿੜੀ ਦਾ ਉਹ ਵੇਲਾ ਵੀ ਉਡਾਰੀ ਭਰਨ ਦਾ ਸੀ।

ਉਹ ਅੰਬ ਦੇ ਰੁੱਖ ਦੀ ਟਾਹਣੀ ਉੱਤੇ ਜਾ ਕੇ ਬੈਠ ਗਈ।

ਉਸ ਟਾਹਣੀ ਨਾਲ ਅੰਬਾਂ ਦਾ ਗੁੱਛਾ ਲਟਕ ਰਿਹਾ ਸੀ। ਪਤਲੀ ਟਾਹਣੀ ਹਿੱਲੀ। ਇਕ ਪੱਕਿਆ ਹੋਇਆ ਅੰਬ ਝੜ ਕੇ ਭੁੰਜੇ ਡਿੱਗ ਪਿਆ।

ਚਿੜੀ ਉੱਡ ਕੇ ਉਸ ਡਿੱਗੇ ਹੋਏ ਅੰਬ ਉੱਤੇ ਜਾ ਬੈਠੀ ਤੇ ਚੁੰਝਾਂ ਮਾਰ ਮਾਰ ਕੇ ਗੁੱਦਾ ਖਾਣ ਲੱਗ ਪਈ।

ਦੋ-ਚਾਰ ਚੁੰਝਾਂ ਨਾਲ ਚਿੜੀ ਦਾ ਢਿੱਡ ਭਰ ਗਿਆ।

ਵਿਹੜੇ ਵਿਚ ਚਾਰ ਨਿੱਕੇ-ਵੱਡੇ ਗੀਟੇ ਹੇਠ ਉੱਤੇ ਪਏ ਸਨ। ਆਂਡਿਆਂ ਵਰਗੇ ਉਹਨਾਂ ਗੀਟਿਆਂ ਦਾ ਨਿੱਕਾ ਜਿਹਾ ਚਬੂਤਰਾ ਬਣਿਆ ਹੋਇਆ ਸੀ। ਪਿਛਲੇ ਦਿਨ ਬੰਟੀ ਨਿਸ਼ਾਨਾ ਮਾਰ ਕੇ ਉਸ ਢੇਰੀ ਨੂੰ ਡੇਗਣ ਦੀ ਖੇਡ ਖੇਡਦਾ ਰਿਹਾ ਸੀ।

ਗੀਟਿਆਂ ਦਾ ਚਬੂਤਰਾ ਕੱਲ੍ਹ ਦਾ ਹੀ ਉੱਥੇ ਸੀ।

ਚਿੜੀ ਟਪੂਸੀਆਂ ਮਾਰਦੀ ਹੋਈ ਗੀਟਿਆਂ ਦੇ ਉਸ ਚਬੂਤਰੇ ਉੱਤੇ ਜਾ ਚੜ੍ਹੀ।

ਉਹ ਉਪਰਲੇ ਗੀਟੇ ਨਾਲ ਚੁੰਝ ਪੂੰਝਣ ਲੱਗ ਪਈ। ਚੁੰਝ ਪੂੰਝਦਿਆਂ ਗੀਟੇ ਹਿੱਲੇ ਤੇ ਚਬੂਤਰਾ ਢਹਿ ਗਿਆ। ਗੀਟੇ ਖਿਲਰ ਗਏ।

ਚਿੜੀ ਪਰ ਫੜਫੜਾ ਕੇ ਉੱਡੀ ਤੇ ਪਰ੍ਹਾਂ ਚਲੀ ਗਈ।

ਪਾਣੀ ਦੀ ਭਰੀ ਹੋਈ ਕਨਾਲੀ ਕੰਧ ਦੇ ਨੇੜੇ ਪਈ ਸੀ। ਚਿੜੀ ਕਨਾਲੀ ਦੇ ਕੰਢੇ ਉੱਤੇ ਜਾ ਬੈਠੀ ਤੇ ਮੈਲਾ ਪਾਣੀ ਪੀਣ ਲੱਗ ਪਈ। ਤੇਹ ਮੁੱਕੀ ਤਾਂ ਉਹ ਕਨਾਲੀ ਵਿਚ ਵੜ ਕੇ ਨਹਾਉਣ ਲੱਗ ਪਈ। ਪਰਾਂ ਨੂੰ ਫੜਫੜਾ ਕੇ ਉਹਨੇ ਪਾਣੀ ਦੇ ਛਿੱਟੇ ਉਡਾਏ।

ਕਨਾਲੀ ਤੋਂ ਬਾਹਰ ਆ ਕੇ ਚਿੜੀ ਨੇ ਸਰੀਰ ਛੰਡਿਆ। ਕੁਝ ਛਿੱਟੇ ਝੜੇ। ਸੁਕਾਉਣ ਲਈ ਉਹਨੇ ਖੰਭ ਖਿਲਾਰੇ ਤੇ ਘਾਹ ਉੱਤੇ ਲੰਮੀ ਪੈ ਗਈ।

ਅਗਲੇ ਛਿਣ ਉਹ ਤ੍ਰਭਕ ਕੇ ਉੱਠ ਬੈਠੀ। ਉਹਨੇ ਕੋਈ ਖੜਾਕ ਸੁਣਿਆ ਸੀ।

ਉਹ ਝੱਟ ਉੱਡੀ ਤੇ ਆਪਣੇ ਆਲ੍ਹਣੇ ਵੱਲ ਮੁੜ ਆਈ।

...............

ਬੂਹਾ ਖੋਲ੍ਹ ਕੇ ਬੰਟੀ ਵਿਹੜੇ ਵਿਚ ਆ ਗਿਆ। ਉਹ ਪੱਥਰ-ਗੀਟਿਆਂ ਨੂੰ ਹੇਠ-ਉੱਤੇ ਰੱਖਣ ਲੱਗ ਪਿਆ। ਚਬੂਤਰਾ ਬਣਿਆ ਤਾਂ ਉਹਨੇ ਦੂਰ ਖਲੋ ਕੇ ਪੱਥਰ ਨਾਲ ਨਿਸ਼ਾਨਾ ਮਾਰਿਆ।

ਚਿੜੀ ਆਂਡਿਆਂ ਉੱਤੇ ਬੈਠੀ ਬੈਠੀ ਬੰਟੀ ਨੂੰ ਖੇਡਦਿਆਂ ਵੇਖਣ ਲੱਗ ਪਈ।

ਬੰਟੀ ਦਾ ਨਿਸ਼ਾਨਾ ਵਾਰ-ਵਾਰ ਖੁੰਝ ਰਿਹਾ ਸੀ।

ਉਹ ਕਾਹਲਾ ਪੈ ਗਿਆ। ਉਹਨੇ ਮੁੜ ਪੱਥਰ ਚੁੱਕ ਕੇ ਨਿਸ਼ਾਨਾ ਸਾਧਿਆ ਤੇ ਪੂਰੇ ਤਾਣ ਨਾਲ ਵਗਾਹ ਮਾਰਿਆ।

ਇਸ ਵਾਰ ਦਾ ਨਿਸ਼ਾਨਾ ਗੀਟਿਆਂ ਦੀ ਢੇਰੀ ਦੀ ਥਾਵੇਂ ਕਨਾਲੀ ਨੂੰ ਜਾ ਵੱਜਾ।

ਕਨਾਲੀ ਟੁੱਟ ਗਈ।

ਪਾਣੀ ਡੁੱਲ੍ਹ ਕੇ ਘਾਹ ਉੱਤੇ ਫੈਲ ਗਿਆ।

ਬੰਟੀ ਨੇ ਪੈਰ ਮਾਰ ਕੇ ਗੋਲ ਗੀਟਿਆਂ ਦਾ ਚਬੂਤਰਾ ਢਾਹ ਦਿੱਤਾ।

.............

ਹੌਲ਼ੀ-ਹੌਲ਼ੀ ਦਿਨ ਤਪ ਗਿਆ।

ਚਿੜੀ ਨੂੰ ਮੁੜ ਤੇਹ ਲੱਗ ਗਈ।

ਉਹ ਉੱਡ ਕੇ ਕਨਾਲੀ ਦੇ ਟੁੱਟੇ ਹੋਏ ਠੀਕਰੇ ਉੱਤੇ ਜਾ ਬੈਠੀ।

ਠੀਕਰੇ ਦੇ ਡੂੰਘ ਵਿਚ ਚੂਲੀ ਕੁ ਪਾਣੀ ਅਟਕਿਆ ਹੋਇਆ ਸੀ। ਉਹਨੇ ਅਜੇ ਦੋ ਕੁ ਚੁੰਝਾਂ ਹੀ ਪਾਣੀ ਦੀਆਂ ਪੀਤੀਆਂ ਸਨ ਕਿ ਬੂਹਾ ਮੁੜ ਖੁੱਲ੍ਹਿਆ। ਚਿੜੀ ਉੱਡ ਕੇ ਆਲ੍ਹਣੇ ਵਿਚ ਜਾ ਬੈਠੀ। ਉਹਨੇ ਕੰਧ ਵੱਲ ਮੂੰਹ ਕਰ ਲਿਆ ਤੇ ਅੱਖਾਂ ਮੀਟ ਲਈਆਂ।

ਦਿਨ ਸਰਕ ਰਿਹਾ ਸੀ।

ਚਿੜੀ ਦੀ ਤੇਹ ਪਹਿਲੋਂ ਵੀ ਮੁੱਕੀ ਨਹੀਂ ਸੀ, ਹੁਣ ਫੇਰ ਉਹਦੇ ਉੱਤੇ ਹਾਵੀ ਹੋ ਰਹੀ ਸੀ।

ਉਹਨੇ ਅੱਖਾਂ ਖੋਲ੍ਹੀਆਂ ਤੇ ਧੌਣ ਮੋੜੀ। ਕਨਾਲੀ ਦੇ ਟੁੱਟੇ ਹੋਏ ਠੀਕਰੇ ਉੱਥੇ ਨਹੀਂ ਸਨ।

ਚਿੜੀ ਪਾਣੀ ਕਿੱਥੋਂ ਪੀਵੇ ?

ਉਹ ਤੇਹ ਦੀ ਮਾਰੀ ਹੋਈ ਆਂਡਿਆਂ ਉੱਤੇ ਬੈਠੀ ਰਹੀ। ਉਹਨੂੰ ਪਾਣੀ ਦੇ ਕਿਸੇ ਵੀ ਹੋਰ ਸਰੋਤ ਦਾ ਪਤਾ ਨਹੀਂ ਸੀ।

ਚਿੜੀ ਦਾ ਧਿਆਨ ਟੂਟੀ ਹੇਠ ਪਈ ਬਾਲਟੀ ਵੱਲ ਚਲਿਆ ਗਿਆ। ਆਮ ਤੌਰ ਉੱਤੇ ਉਹ ਬਾਲਟੀ ਵਰਤੋਂ ਤੋਂ ਪਿੱਛੋਂ ਮੂਧੀ ਕਰ ਦਿੱਤੀ ਜਾਂਦੀ ਸੀ। ਉਸ ਵੇਲੇ ਉਹ ਬਾਲਟੀ ਸਿੱਧੀ ਪਈ ਹੋਈ ਸੀ।

ਚਿੜੀ ਦੀ ਆਸ ਜਾਗੀ। ਕੀ ਪਤਾ ਅੱਜ ਉਸ ਬਾਲਟੀ ਵਿਚ ਪਾਣੀ ਹੋਵੇ।

ਉਹ ਬਾਲਟੀ ਉੱਤੇ ਜਾ ਬੈਠੀ।

ਉਸ ਬਾਲਟੀ ਵਿਚ ਸੱਚਮੁੱਚ ਹੀ ਪਾਣੀ ਸੀ, ਪਰ ਬਹੁਤ ਹੇਠਾਂ। ਉਹ ਪਾਣੀ ਵੱਲ ਉਲਰੀ ਤੇ ਬਾਲਟੀ ਵਿਚ ਡਿੱਗ ਪਈ।

ਬਾਲਟੀ ਵਿਚੋਂ ਬਾਹਰ ਆਉਣ ਲਈ ਚਿੜੀ ਨੇ ਵਾਰ-ਵਾਰ ਪਰ ਫੜਫੜਾਏ ਤੇ ਫਿਰ ਥੱਕ ਹਾਰ ਕੇ ਤੈਰਨ ਲੱਗ ਪਈ।

ਉਹ ਬਾਲਟੀ ਖੂਹ ਵਰਗੀ ਸੀ। ਉਹਨੇ ਸਹਾਇਤਾ ਲਈ ਆਵਾਜ਼ਾਂ ਮਾਰੀਆਂ, ਪਰ ਉਸ ਦੀਆਂ ਆਵਾਜ਼ਾਂ ਖੂਹ ਤੋਂ ਬਾਹਰ ਨਹੀਂ ਸਨ ਜਾ ਰਹੀਆਂ।

ਐਨ ਉਸ ਵੇਲੇ ਚਿੜਾ ਉੱਥੇ ਆਣ ਉਤਰਿਆ।

ਯਤਨਾਂ ਦੇ ਬਾਵਜੂਦ ਵੀ ਉਹਨੂੰ ਆਲ੍ਹਣੇ ਲਈ ਕੋਈ ਵਧੀਆ ਥਾਂ ਨਹੀਂ ਸੀ ਲੱਭੀ। ਚੋਗਾ-ਪਾਣੀ ਵੀ ਚਿੜੇ ਨੂੰ ਨਹੀਂ ਸੀ ਮਿਲਿਆ। ਉਹ ਬੇਹਾਲ ਹੋਇਆ ਪਿਆ ਸੀ।

ਚਿੜੀ ਨੂੰ ਬਾਲਟੀ ਵਿਚ ਡਿਗਦਿਆਂ ਵੇਖ ਕੇ ਚਿੜੇ ਨੂੰ ਆਪਣਾ ਦੁੱਖ ਭੁੱਲ ਗਿਆ।

ਚਿੜਾ ਬਾਲਟੀ ਉੱਤੇ ਮੰਡਰਾਉਣ ਲੱਗ ਪਿਆ।

ਚਿੜੇ ਨੇ ਇਕ ਝੜਿਆ ਹੋਇਆ ਪੱਤਾ ਚੁੰਝ ਵਿਚ ਚੁੱਕ ਕੇ ਬਾਲਟੀ ਵਿਚ ਸੁੱਟ ਦਿੱਤਾ। ਜੇ ਚਿੜੀ ਦਾ ਭਾਰ ਥੋੜ੍ਹਾ ਹੁੰਦਾ ਤਾਂ ਉਹ ਭਾਵੇਂ ਪੱਤੇ ਨੂੰ ਬੇੜੀ ਵਾਂਗੂੰ ਵਰਤ ਲੈਂਦੀ।

ਚਿੜੀ ਦਾ ਭਾਰ ਉਸ ਪੱਤੇ ਨਾਲੋਂ ਵੱਧ ਸੀ। ਚਿੜੇ ਨੇ ਚੁੰਝ ਨਾਲ ਕੁਝ ਤਿਣਕੇ ਵੀ ਬਾਲਟੀ ਵਿਚ ਸੁੱਟੇ। ਤਿਣਕੇ ਵੀ ਚਿੜੀ ਦਾ ਸਹਾਰਾ ਨਹੀਂ ਬਣੇ।

ਚਿੜਾ ਬੇਵੱਸ ਹੋਇਆ ਕੁਝ ਚਿਰ ਬਾਲਟੀ ਉੱਤੇ ਉੱਡਦਾ ਰਿਹਾ ਤੇ ਫਿਰ ਉਹ ਕੰਧ ਉੱਤੇ ਬੈਠ ਗਿਆ।

ਚਿੜੀ ਪਾਣੀ ਵਿਚ ਤੈਰਦੀ ਰਹੀ, ਤੈਰਦੀ ਹੀ ਰਹੀ। ਫੇਰ ਉਹਦੇ ਉੱਤੇ ਬੇਹੋਸ਼ੀ ਦਾ ਅਸਰ ਹੋਣ ਲੱਗ ਪਿਆ।

.............

ਟੁੱਟੀ ਹੋਈ ਕਨਾਲੀ ਦੇ ਠੀਕਰੇ ਕੂੜੇ ਵਿਚ ਸੁੱਟ ਕੇ ਬੰਟੀ ਸਕੂਲ ਤੋਂ ਮਿਲਿਆ ਹੋਇਆ ਕੰਮ ਕਰਨ ਬੈਠ ਗਿਆ।

ਸਕੂਲ ਦਾ ਕੰਮ ਮੁਕਾ ਕੇ ਉਹਨੇ ਖੇਡਣ ਬਾਰੇ ਸੋਚਿਆ।

ਬੰਟੀ ਬੂਹਾ ਖੋਲ੍ਹ ਕੇ ਵਿਹੜੇ ਵਿਚ ਆ ਗਿਆ।

ਚਿੜਾ ਕੰਧ ਤੋਂ ਉੱਡ ਕੇ ਬੰਟੀ ਦੁਆਲੇ ਲੂਰੀਆਂ ਲੈਣ ਲੱਗ ਪਿਆ। ਉਹਨੇ ਲਗਾਤਾਰ ਚੀਂਅ ਚੀਂਅ ਕੀਤੀ। ਬੰਟੀ ਨੂੰ ਚਿੜੀ ਦੇ ਬਾਲਟੀ ਵਿਚ ਡਿੱਗ ਪੈਣ ਬਾਰੇ ਦੱਸਿਆ।

ਚਿੜੀ ਦੀਆਂ ਚੂਕਾਂ ਦੀ ਬੰਟੀ ਨੂੰ ਸਮਝ ਨਹੀਂ ਸੀ ਆਈ। ਉਹਨੇ ਹੱਥ ਨਾਲ ਚਿੜੀ ਨੂੰ ਛਿਛਕਾਰਿਆ।

ਚਿੜਾ ਉੱਤੋਂ ਪਰ੍ਹਾਂ ਹੋ ਕੇ ਬਾਲਟੀ ਉੱਤੇ ਗੇੜੇ ਦੇਣ ਲੱਗ ਪਿਆ।

ਬੰਟੀ ਨੇ ਬਾਲਟੀ ਕੋਲ ਜਾ ਕੇ ਵੇਖਿਆ, ਬਾਲਟੀ ਵਿਚ ਚਿੜੀ ਸੀ।

ਚਿੜੀ ਨਿਢਾਲ ਹੋ ਚੁੱਕੀ ਸੀ।

ਉਹ ਡੁੱਬਣ ਵਾਲੀ ਸੀ।

ਬੰਟੀ ਨੇ ਛੇਤੀ ਨਾਲ ਬਾਲਟੀ ਟੇਢੀ ਕਰ ਦਿੱਤੀ।

ਪਾਣੀ ਨਾਲ ਰੁੜ੍ਹ ਕੇ ਚਿੜੀ ਬਾਹਰ ਆ ਗਈ।

ਉਹ ਡਿੱਗੀ ਪਈ ਹੌਂਹੂੰ ਜਿਹੇ ਸਾਹ ਲੈ ਰਹੀ ਸੀ। ਉਹਦੀ ਚੁੰਝ ਖੁੱਲ੍ਹੀ ਹੋਈ ਸੀ। ਪਰ ਉਹ ਛੇਤੀ ਹੀ ਸਹਿਜ ਹੋ ਗਈ ਤੇ ਉੱਠ ਕੇ ਬੈਠ ਗਈ।

ਚਿੜਾ ਚਿੜੀ ਕੋਲ ਆ ਗਿਆ। ਉਹਨੇ ਚਿੜੀ ਦੇ ਖੰਭਾਂ ਵਿਚ ਚੁੰਝਾਂ ਮਾਰੀਆਂ ਤੇ ਉਹਦੇ ਖੰਭ ਖਿਲਾਰਨ ਦਾ ਯਤਨ ਕੀਤਾ।

ਚਿੜੀ ਨੇ ਭਿੱਜੇ ਹੋਏ ਪਰਾਂ ਨੂੰ ਫੜਫੜਾ ਕੇ ਪਾਣੀ ਝਾੜਿਆ। ਉਹ ਕੁਝ ਪੈਰ ਤੁਰੀ ਤੇ ਖਲੋ ਗਈ।

ਇਸ ਵਾਰ ਉਹਨੇ ਪੂਰਾ ਸਰੀਰ ਛੰਡਿਆ। ਪਾਣੀ ਦੀ ਭੂਰ ਘਾਹ ਉੱਤੇ ਖਿਲਰ ਗਈ।

ਟਪੂਸੀਆਂ ਭਰਦੀ ਉਹ ਗੋਲ ਗੀਟਿਆਂ ਦੇ ਚਬੂਤਰੇ ਉੱਤੇ ਜਾ ਕੇ ਬੈਠ ਗਈ।

ਉਹਨੇ ਸਵੇਰ ਵਾਂਗੂ ਹੀ ਖੰਭ ਖਿਲਾਰ ਦਿੱਤੇ ਤੇ ਪਰਾਂ ਦੇ ਸੁੱਕਣ ਦੀ ਉਡੀਕ ਵਿਚ ਅੱਖਾਂ ਮੀਟ ਲਈਆਂ।

ਚਿੜੀ ਨੂੰ ਡੁੱਬਦਿਆਂ ਵੇਖ ਕੇ ਚਿੜੇ ਨੂੰ ਆਪਣੀ ਭੁੱਖ ਤੇਹ ਭੁੱਲ ਗਈ ਸੀ। ਉਹਦੀ ਤੇਹ ਤੀਬਰ ਹੋ ਕੇ ਜਾਗ ਪਈ। ਉਹ ਖੁਰੇ ਵਿਚ ਡੁੱਲ੍ਹਾ ਹੋਇਆ ਪਾਣੀ ਪੀਣ ਲੱਗ ਪਿਆ।

ਰੋਸ਼ਨਦਾਨਾਂ ਵਾਲੇ ਇਕੋ ਘਰ ਦੇ ਤਿੰਨ ਜਣੇ ਚਿੜਾ-ਚਿੜੀ ਤੇ ਬੰਟੀ! ਇਕੱਠੇ ਰਹਿੰਦੇ ਹੋਏ ਵੀ ਉਹ ਇਕ ਦੂਸਰੇ ਨੂੰ ਨਹੀਂ ਸਨ ਜਾਣਦੇ। ਉਹਨਾਂ ਨੂੰ ਇਕ ਦੂਸਰੇ ਨੂੰ ਜਾਣਨਾ ਚਾਹੀਦਾ ਸੀ।

ਅੱਜ ਦੀ ਦੁਰਘਟਨਾ ਵੇਲੇ ਤਾਂ ਚਿੜੇ ਨੇ ਬੰਟੀ ਨਾਲ ਗੱਲਾਂ ਵੀ ਕਰ ਲਈਆਂ ਸਨ।

ਬੰਟੀ ਨੇ ਚਿੜੇ ਦੀ ਬੋਲੀ ਸਮਝ ਲਈ ਸੀ। ਉਹ ਤਾਂ ਹੀ ਚਿੜੀ ਦੀ ਜਾਨ ਬਚਾਅ ਸਕਿਆ ਸੀ।

ਉਹ ਵਿਹੜੇ ਵਿਚ ਪ੍ਰੇਸ਼ਾਨ ਹੋਇਆ ਖੜ੍ਹਾ ਸੀ। ਚਿੜੀ ਬਾਲਟੀ ਵਿਚ ਕਿਉਂ ਉੱਤਰ ਗਈ ਸੀ ?

ਚਿੜਾ ਖੁਰੇ ਵਿਚ ਡੁੱਲ੍ਹਿਆ ਹੋਇਆ ਗੰਦਾ ਪਾਣੀ ਕਿਉਂ ਪੀਣ ਲੱਗ ਪਿਆ ਸੀ?

ਬੰਟੀ ਨੇ ਅਚਾਨਕ ਮਨ ਵਿਚ ਆਏ ਸੁਆਲਾਂ ਦਾ ਜੁਆਬ ਬੁੱਝ ਲਿਆ। ਚਿੜੀ-ਚਿੜੇ ਨੂੰ ਵਿਹੜੇ ਵਿਚ ਛੱਡ ਕੇ ਉਹ ਕਾਹਲੇ ਪੈਰੀਂ ਅੰਦਰ ਚਲਿਆ ਗਿਆ।

ਉਹ ਛੇਤੀ ਹੀ ਵਾਪਸ ਪਰਤ ਆਇਆ। ਉਹਨੇ ਹੱਥਾਂ ਵਿਚ ਇਕ ਨਵੀਂ ਕਨਾਲੀ ਚੁੱਕੀ ਹੋਈ ਸੀ। ਉਸ ਕਨਾਲੀ ਵਿਚ ਕੁਝ ਸਾਮਾਨ ਵੀ ਸੀ।

ਬੰਟੀ ਨੇ ਕਨਾਲੀ ਛਾਵੇਂ ਰੱਖ ਦਿੱਤੀ।

ਉਹਨੇ ਕਨਾਲੀ ਵਿਚ ਤਾਜ਼ਾ ਪਾਣੀ ਭਰਿਆ। ਉਸ ਪਾਣੀ ਨਾਲ ਉਹਨੇ ਬਰਫ਼ ਦੇ ਕੁਝ ਟੁਕੜੇ ਪਾ ਦਿੱਤੇ।

ਇਕ ਹੋਰ ਭਾਂਡੇ ਵਿਚ ਬੰਟੀ ਨੇ ਕੁਝ ਚੋਗਾ ਖਿਲਾਰ ਦਿੱਤਾ।

ਇਹ ਨਵੀਂ ਦੋਸਤੀ ਦੀ ਸ਼ੁਰੂਆਤ ਸੀ।

ਚਿੜੀ ਸਿਖ਼ਰਲੇ ਗੀਟੇ ਉੱਤੋਂ ਖੰਭ ਸਮੇਟ ਕੇ ਉੱਠੀ ਤੇ ਉੱਡ ਕੇ ਬੰਟੀ ਦੇ ਹੱਥ ਉੱਤੇ ਬੈਠ ਗਈ। ਬੰਟੀ ਨੇ ਚਿੜੀ ਵਾਲਾ ਹੱਥ ਆਸਮਾਨ ਵੱਲ ਉੱਚਾ ਕੀਤਾ। ਉਹਨੇ ਉੱਚੀ ਸਾਰੀ ਕਿਹਾ, "ਹੁਣ ਮੈਂ ਹਰ ਰੋਜ਼ ਇੱਥੇ ਪਾਣੀ ਵੀ ਰੱਖਿਆ ਕਰੂੰ ਤੇ ਚੋਗਾ ਵੀ।"

ਚਿੜੀ ਨੇ ਚੀਂ... ਚੀਂ... ਬੋਲੀ ਵਿਚ ਕੁਝ ਕਿਹਾ ਤੇ ਹੱਥ ਉੱਤੋਂ ਉੱਡ ਪਈ। ਉਹ ਸੁਰਖ਼ਰੂ ਹੋਈ ਆਲ੍ਹਣੇ ਦੇ ਆਂਡਿਆਂ ਉੱਤੇ ਜਾ ਕੇ ਬੈਠ ਗਈ।

ਚਿੜੇ ਨੇ ਬੰਟੀ ਦੇ ਸਿਰ ਉੱਤੇ ਚੀਂ... ਚੀਂ... ਕੀਤਾ ਤੇ ਆਲ੍ਹਣੇ ਵਿਚ ਪਹੁੰਚ ਗਿਆ।

ਚਿੜੀ ਨੇ ਪੌਂਚੇ ਨਾਲ ਆਂਡੇ ਕੁਝ ਨੇੜੇ ਕਰ ਲਏ। ਚਿੜੇ ਦੇ ਬਹਿਣ ਲਈ ਥਾਂ ਬਣਾਈ। ਖੰਭ ਖਿਲਾਰ ਕੇ ਚਿੜੀ ਨੇ ਆਂਡਿਆਂ ਨੂੰ ਚੰਗੀ ਤਰ੍ਹਾਂ ਢਕ ਲਿਆ।

ਸ਼ਾਮ ਢਲ ਰਹੀ ਸੀ।

ਚਿੜੀ ਤੇ ਚਿੜਾ, ਦੋਵੇਂ ਹੀ ਜਾਣ ਗਏ ਸਨ। ਹੁਣ ਉਹ ਆਲ੍ਹਣੇ ਛੱਡ ਕੇ ਕਿਧਰੇ ਨਹੀਂ ਜਾਣਗੇ। ਉਹ ਇੱਥੇ ਹੀ ਰਹਿਣਗੇ।

## ਰੁੱਸੇ ਹੋਏ ਦੰਦ

*—ਜਸਬੀਰ ਭੁੱਲਰ*

ਇਕ ਦਿਨ ਬੜੀ ਅਜੀਬ ਗੱਲ ਹੋਈ। ਰਾਹੁਲ ਦੇ ਦੰਦ ਰਾਹੁਲ ਨਾਲ ਰੁੱਸ ਗਏ। ਰਾਹੁਲ ਨੇ ਘਬਰਾ ਕੇ ਵੇਖਿਆ, ਉਹ ਕਈ ਸਨ। ਰੁੱਸਣ ਵਾਲਿਆਂ ਵਿਚ ਸਾਹਮਣੇ ਵਾਲੇ ਅੱਠ ਚਪਟੇ ਦੰਦ ਸਨ, ਚਾਰ ਹੇਠਲੇ ਤੇ ਚਾਰ ਉਤਲੇ।

ਚਪਟਿਆਂ ਦੰਦਾਂ ਦੇ ਨਾਲ ਲਗਦੇ, ਹੇਠਲੇ-ਉੱਪਰਲੇ ਚਾਰ ਨੋਕੀਲੇ ਦੰਦ ਸਨ। ਚਪਟੇ ਤੇ ਨੋਕੀਲੇ ਰਲ਼ ਕੇ ਭੋਜਨ ਦੇ ਨਿੱਕੇ-ਨਿੱਕੇ ਟੁਕੜੇ ਕਰਦੇ ਸਨ।

ਉਹਨਾਂ ਦੰਦਾਂ ਤੋਂ ਪਿੱਛੋਂ ਦਾੜ੍ਹਾਂ ਸਨ, ਬੀੜ ਦੇ ਦੋਹੀਂ ਪਾਸੀਂ ਅੱਠ-ਅੱਠ, ਚਾਰ-ਚਾਰ ਥੱਲੇ ਤੇ ਚਾਰ-ਚਾਰ ਉੱਪਰ।

ਦੰਦ-ਦਾੜ੍ਹਾਂ ਰਲ਼ ਕੇ ਭੋਜਨ ਨੂੰ ਬਰੀਕ ਪੀਸ ਦਿੰਦੇ ਸਨ।

ਰਾਹੁਲ ਖ਼ੂਬ ਆਨੰਦ ਨਾਲ ਭੋਜਨ ਖਾਂਦਾ ਸੀ। ਉਹ ਸਾਰੇ ਦੰਦ ਹੀ ਰਾਹੁਲ ਦੇ ਮੂੰਹ ਵਿਚੋਂ ਨਿਕਲ ਕੇ ਬਾਹਰ ਵੱਲ ਤੁਰ ਪਏ ਸਨ।

ਰਾਹੁਲ ਦਾ ਮੂੰਹ ਖ਼ਾਲੀ ਹੋ ਗਿਆ।

ਚਿਰ ਹੋਇਆ, ਖੇਡਦਿਆਂ ਰਾਹੁਲ ਡਿੱਗ ਪਿਆ ਸੀ ਤੇ ਉਹਦਾ ਇਕ ਦੰਦ ਟੁੱਟ ਗਿਆ ਸੀ।

ਉਦੋਂ ਬਹੁਤ ਨਿੱਕਾ ਸੀ ਰਾਹੁਲ, ਮਸਾਂ ਅੱਠ ਕੁ ਮਹੀਨਿਆਂ ਦਾ।

ਕੁਝ ਦਿਨਾਂ ਪਿੱਛੋਂ ਰਾਹੁਲ ਦਾ ਇਕ ਹੋਰ ਦੰਦ ਗੇਂਦ ਵੱਜ ਕੇ ਟੁੱਟ ਗਿਆ ਸੀ।

ਜਦੋਂ ਦੰਦ ਟੁੱਟੇ ਸਨ ਤਾਂ ਰਾਹੁਲ ਰੋਇਆ ਸੀ। ਉਹ ਦੋਵੇਂ ਰਾਹੁਲ ਦੇ ਦੋਧੇ ਦੰਦ ਸਨ। ਦੋਧੇ ਦੰਦ ਇਕ-ਇਕ ਦੋ-ਦੋ ਕਰਕੇ ਉਹਦੇ ਮਸੂੜਿਆਂ ਵਿਚੋਂ ਫੁੱਟੇ ਸਨ। ਜਦੋਂ ਰਾਹੁਲ ਦੋ ਸਾਲਾਂ ਦਾ ਹੋਇਆ ਸੀ, ਦੋਧੇ ਦੰਦਾਂ ਦੀ ਗਿਣਤੀ ਵੀਹ ਹੋ ਗਈ ਸੀ। ਦੋਧੇ ਦੰਦ ਪੱਕੇ ਤੌਰ ਉੱਤੇ ਰਾਹੁਲ ਕੋਲ਼ ਨਹੀਂ ਸਨ ਰਹਿਣੇ। ਉਹਨਾਂ ਇਕ-ਇਕ ਕਰਕੇ ਡਿੱਗਣਾ ਸੀ ਤੇ ਉਹਨਾਂ ਦੀ ਥਾਂ ਪੱਕੇ ਦੰਦ ਉੱਗ ਆਉਣੇ ਸਨ।

ਰਾਹੁਲ ਦੇ ਟੁੱਟੇ ਹੋਏ ਦੰਦਾਂ ਵਾਲੀਆਂ ਖ਼ਾਲੀ ਥਾਵਾਂ ਉੱਤੇ ਵੀ ਨਵੇਂ ਦੰਦ ਉੱਗ ਆਏ ਸਨ।

ਜਦੋਂ ਰਾਹੁਲ ਪੰਜ-ਛੇ ਸਾਲ ਦਾ ਹੋਇਆ ਸੀ ਤਾਂ ਉਹਦੇ ਦੋਧੇ ਦੰਦ ਇਕ ਇਕ ਕਰਕੇ ਡਿੱਗਣ ਲੱਗ ਪਏ ਸਨ।

ਜਦੋਂ ਮਸੂੜੇ ਵਿਚੋਂ ਨਵਾਂ ਦੰਦ ਬਾਹਰ ਨਿਕਲਦਾ ਸੀ ਤਾਂ ਉਹ ਦੋਧੇ ਦੰਦ ਨੂੰ ਪਰ੍ਹਾਂ ਧੱਕ ਦਿੰਦਾ ਸੀ। ਦੋਧਾ ਦੰਦ ਧੱਕਾ ਖਾ ਕੇ ਡਿੱਗ ਪੈਂਦਾ ਸੀ।

ਨਵੇਂ ਦੰਦ ਦੋਧੇ ਦੰਦਾਂ ਵਾਂਗੂੰ ਕੱਚੇ ਨਹੀਂ ਸਨ। ਉਹਨਾਂ ਦੰਦਾਂ ਨੇ ਪੱਕੇ ਤੌਰ ਉੱਤੇ ਰਾਹੁਲ ਦੇ ਮੂੰਹ ਵਿਚ ਰਹਿਣਾ ਸੀ।

ਮੂੰਹ ਉਹਨਾਂ ਦੰਦਾਂ ਦਾ ਘਰ ਸੀ।

ਦੰਦਾਂ ਨੂੰ ਰਾਹੁਲ ਦੇ ਮੂੰਹ ਵਿਚ ਰਹਿੰਦਿਆਂ ਕਈ ਵਰ੍ਹੇ ਬੀਤ ਗਏ ਸਨ। ਇਹੋ ਜਿਹਾ ਕੀ ਹੋਇਆ ਸੀ ਕਿ ਦੰਦ ਰਹੁਲ ਨਾਲ ਗੁੱਸੇ ਹੋ ਗਏ।

ਅਜੇ ਰਾਹੁਲ ਦੇ ਬੱਤੀ ਦੰਦ ਪੂਰੇ ਨਹੀਂ ਸਨ ਹੋਏ। ਉਹਦੇ ਬੱਤੀ ਦੰਦ ਪੰਝੀ ਵਰ੍ਹਿਆਂ ਦੀ ਉਮਰ ਤੱਕ ਹੌਲੀ-ਹੌਲੀ ਉੱਗ ਕੇ ਪੂਰੇ ਹੋਣੇ ਸਨ।

ਰਾਹੁਲ ਨੇ ਘਬਰਾ ਕੇ ਆਪਣਾ ਮੂੰਹ ਖੋਲ੍ਹਿਆ। ਦੰਦਾਂ ਤੋਂ ਬਿਨਾਂ ਰਾਹੁਲ ਦਾ ਮੂੰਹ ਨਾਨੀ ਦੇ ਮੂੰਹ ਵਰਗਾ ਹੋ ਗਿਆ ਸੀ। ਦੰਦ ਠੀਕ ਤਰ੍ਹਾਂ ਬੋਲਣ ਵਿਚ ਵੀ ਸਹਾਇਤਾ ਕਰਦੇ ਸਨ। ਦੰਦ ਨਾ ਹੋਣ ਕਰਕੇ ਨਾਨੀ ਕਈ ਸ਼ਬਦਾਂ ਦਾ ਉਚਾਰਨ ਠੀਕ ਨਹੀਂ ਸੀ ਕਰ ਸਕਦੀ। ਉਹਦੀਆਂ ਗੱਲਾਂ ਸਮਝਣ ਵਿਚ ਰਾਹੁਲ ਨੂੰ ਔਖਿਆਈ ਪੇਸ਼ ਆਉਂਦੀ ਸੀ। ਨਾਨੀ ਭੋਜਨ ਵੀ ਚਿੱਥ ਕੇ ਨਹੀਂ ਸੀ ਖਾ ਸਕਦੀ। ਉਹ ਉਹੋ ਜਿਹਾ ਖਾਣਾ ਖਾਂਦੀ ਸੀ, ਜਿਹੜਾ ਚਿੱਥਣਾ ਨਾ ਪਵੇ। ਆਖ਼ਰ ਨਾਨੀ ਨੂੰ ਨਵੇਂ ਦੰਦ ਲੁਆ ਕੇ ਦਿੱਤੇ ਗਏ।

ਰਾਹੁਲ ਸਹਿਮ ਗਿਆ। ਉਹਨੇ ਰੁੱਸੇ ਹੋਏ ਦੰਦਾਂ ਨੂੰ ਹਾਕ ਮਾਰੀ, "ਮੇਰੇ ਯਾਰੋ! ਰੁਕੋ!... ਇਸ ਤਰ੍ਹਾਂ ਰੁੱਸ ਕੇ ਕਿੱਥੇ ਚੱਲੇ ਹੋ ?"

"ਬੱਸ, ਅਸੀਂ ਹੁਣ ਹੋਰ ਤੇਰੇ ਮੂੰਹ ਵਿਚ ਨਹੀਂ ਰਹਿ ਸਕਦੇ।" ਇਕ ਦਾੜ੍ਹ ਨੇ ਸਾਫ਼ ਗੱਲ ਕੀਤੀ।

"...ਪਰ ਮੇਰਾ ਮੂੰਹ ਤਾਂ ਤੁਹਾਡਾ ਘਰ ਹੈ!"

"ਹਾਂ!... ਸਾਨੂੰ ਪਤੈ!"

"ਫੇਰ ?"

ਇਕ ਚਪਟੇ ਦੰਦ ਨੇ ਹਲੀਮੀ ਨਾਲ ਕਿਹਾ "ਰਾਹੁਲ! ਅਸੀਂ ਤੇਰੇ ਸਾਥੀ ਹਾਂ, ਪਰ ਅਸੀਂ ਤੇਰੀ ਦੇਖਭਾਲ ਕਰਨ ਜੋਗੇ ਨਹੀਂ ਰਹੇ। ਸਾਡੀ ਸਿਹਤ ਚੰਗੀ ਹੋਊ ਤਾਂ ਹੀ ਤਾਂ ਆਪਣਾ ਕੰਮ ਕਰ ਸਕਾਂਗੇ।"

"ਤੁਸੀਂ ਚੰਗੇ ਭਲੇ ਤਾਂ ਦਿਸਦੇ ਓ।"

"ਨਹੀਂ ਰਾਹੁਲ! ਅਸੀਂ ਚੰਗੇ ਭਲੇ ਨਹੀਂ!" ਨੋਕੀਲੇ ਦੰਦਾਂ ਨੇ ਗੱਲ ਸਾਫ਼ ਕੀਤੀ, "ਤੂੰ ਸਾਡੀ ਸਫ਼ਾਈ ਠੀਕ ਤਰ੍ਹਾਂ ਨਹੀਂ ਕਰਦਾ।"

"ਸਫ਼ਾਈ ਤਾਂ ਮੈਂ ਕਰਦਾ ਵਾਂ।" ਰਾਹੁਲ ਨੇ ਪ੍ਰੇਸ਼ਾਨ ਹੋ ਕੇ ਕਿਹਾ।

ਚਪਟੇ ਦੰਦਾਂ ਨੇ ਬਾਕੀ ਦੰਦਾਂ ਨਾਲੋਂ ਦੁਨੀਆ ਨੂੰ ਕੁਝ ਵੱਧ ਵੇਖਿਆ ਹੋਇਆ ਸੀ। ਉਹਨਾਂ ਰਾਹੁਲ ਦੀ ਗੱਲ ਅਣਸੁਣੀ ਕਰ ਦਿੱਤੀ ਤੇ ਆਪਣੀ ਸੂਝ-ਬੂਝ ਦਾ ਵਿਖਾਵਾ ਕੀਤਾ, "ਵੇਖ ਰਾਹੁਲ! ਪੇਸਟ ਲਾ ਕੇ ਘੱਟੋ-ਘੱਟ ਦੋ ਵਾਰ ਬੁਰਸ਼ ਜ਼ਰੂਰ ਕਰਨਾ ਚਾਹੀਦਾ ਹੈ। ਇਕ ਵਾਰ ਸਵੇਰੇ ਉੱਠ ਕੇ ਤੇ ਦੂਸਰੀ ਵਾਰ ਰਾਤ ਦੇ ਭੋਜਨ ਤੋਂ ਪਿੱਛੋਂ।"

"ਸੌਣ ਵੇਲੇ ?"

"ਹਾਂ, ਸੌਣ ਵੇਲੇ!"

"ਕੁਝ ਖਾਣ ਪਿੱਛੋਂ ਚੂਲੀ ਵੀ ਜ਼ਰੂਰ ਕਰਨੀ ਚਾਹੀਦੀ ਐ।" ਪਿਛਲੀਆਂ ਦਾੜ੍ਹਾਂ ਬੋਲੀਆਂ। ਉਹ ਕੁਝ ਛਿਣ ਚੁੱਪ ਰਹੀਆਂ ਤੇ ਫਿਰ ਇਕ ਸੁਰ ਹੋ ਕੇ ਬੋਲੀਆਂ, "ਭੋਜਨ ਦੇ ਛੋਟੇ-ਛੋਟੇ ਟੁਕੜੇ ਕਈ ਵਾਰ ਦੰਦਾਂ ਵਿਚ ਫਸੇ ਰਹਿ ਜਾਂਦੇ ਹਨ। ਜੇ ਦੰਦ ਸਾਫ਼ ਨਾ ਕਰੀਏ ਤਾਂ ਇਕ ਖ਼ਾਸ ਤਰ੍ਹਾਂ ਦਾ ਤੇਜ਼ਾਬ ਪੈਦਾ ਹੁੰਦਾ ਹੈ। ਉਹ ਤੇਜ਼ਾਬ ਦੰਦਾਂ ਦੀ ਚਮਕ ਨੂੰ ਖ਼ਰਾਬ ਕਰਦਾ ਹੈ। ਮਸੂੜਿਆਂ ਵਿਚ ਪੀਕ ਪੈ ਸਕਦੀ ਹੈ! ਮਸੂੜਿਆਂ ਵਿਚੋਂ ਬਦਬੂ ਆਉਣ ਲੱਗ ਪੈਂਦੀ ਹੈ। ਦੰਦਾਂ ਨੂੰ ਕੀੜਾ ਵੀ ਲੱਗ ਸਕਦਾ ਹੈ।"

"ਫੇਰ ਕੋਈ ਕਿਸ ਤਰ੍ਹਾਂ ਲੜੇ ਇਹੋ ਜਿਹੇ ਦੁਸ਼ਮਣਾਂ ਨਾਲ ?" ਰਾਹੁਲ ਨੇ ਫ਼ਿਕਰਮੰਦ ਹੋ ਕੇ ਪੁੱਛਿਆ।

ਦੰਦ ਹੱਸੇ, "ਦੁਸ਼ਮਣਾਂ ਨੂੰ ਮਾਰ ਨਸਾਉਣ ਲਈ ਤਰੀਕਾ ਤਾਂ ਬੜਾ ਸੌਖਾ ਹੈ। ਸਫ਼ਾਈ ਤੋਂ ਇਲਾਵਾ ਦੰਦਾਂ ਦੀ ਵਰਜਿਸ਼ ਵੀ ਕਰਵਾਓ ਤਾਂ ਕਿ ਉਹ ਤਗੜੇ ਹੋਣ ਤੇ ਦੁਸ਼ਮਣ ਉਹਨਾਂ ਦੇ ਲਾਗੇ ਆਉਣ ਤੋਂ ਵੀ ਡਰੇ।"

ਆਪਣੀ ਚਿੰਤਾ ਭੁੱਲ ਕੇ ਰਾਹੁਲ ਹੱਸਣ ਲੱਗ ਪਿਆ, "ਇਹ ਭਲਾ ਕੀ ਗੱਲ ਹੋਈ ? ਵਰਜਿਸ਼ ਕਰਨ ਲਈ ਦੰਦ ਹਾਕੀ ਜਾਂ ਫੁਟਬਾਲ ਕਿਵੇਂ ਖੇਡਣਗੇ ? ਉਹ ਦੌੜਨਗੇ ਕਿਸ ਤਰ੍ਹਾਂ?"

ਦੰਦ ਰਾਹੁਲ ਦੇ ਭੋਲੇਪਨ ਉੱਤੇ ਮੁਸਕਰਾਏ ਤੇ ਫਿਰ ਗੰਭੀਰ ਹੋ ਕੇ ਬੋਲੇ, "ਕੁਝ ਸਖ਼ਤ ਪਦਾਰਥ ਖਾਣ ਨਾਲ ਸਾਡੀ ਵਰਜਿਸ਼ ਹੋ ਜਾਂਦੀ ਹੈ। ਦੰਦਾਂ ਨੂੰ ਮਜ਼ਬੂਤ ਤੇ ਤਗੜਿਆਂ ਕਰਨ ਲਈ ਸੇਬ, ਗਾਜਰਾਂ, ਮੂਲੀ ਅਤੇ ਗੋਂਗਲੂ ਆਦਿ ਖਾਣੇ ਚਾਹੀਦੇ ਹਨ।"

ਰਾਹੁਲ ਨੇ ਆਪਣੇ ਦੰਦਾਂ ਦਾ ਕਦੀ ਪੂਰਾ ਖ਼ਿਆਲ ਨਹੀਂ ਸੀ ਰੱਖਿਆ। ਉਹਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਸੀ। ਉਹਨੇ ਕੰਨਾਂ ਨੂੰ ਹੱਥ ਲਾਏ ਤੇ ਬੋਲਿਆ, "ਦੁੱਧ ਵਰਗੇ ਚਿੱਟੇ-ਚਿੱਟੇ ਤੇ ਪਿਆਰੇ ਪਿਆਰੇ ਦੰਦੋ! ਹੁਣ ਮੇਰੇ ਨਾਲ ਹੋਰ ਨਾਰਾਜ਼ ਨਾ ਹੋਵੇ। ਹੁਣ ਤੋਂ ਤੁਹਾਡਾ ਘਰ ਹਮੇਸ਼ਾਂ ਸਾਫ਼-ਸੁਥਰਾ ਤੇ ਖ਼ੁਸ਼ਬੂਦਾਰ ਹੋਊ।"

ਦੰਦ ਚਿੱਟੇ ਮੋਤੀਏ ਦੇ ਫੁੱਲਾਂ ਵਾਂਗ ਹੱਸੇ, "ਜੇ ਦੰਦਾਂ ਨੂੰ ਰਹਿਣ ਲਈ ਸਾਫ਼-ਸੁਥਰਾ ਮੂੰਹ ਮਿਲੇ, ਫੇਰ ਤਾਂ ਉਹ ਉੱਥੇ ਖ਼ੁਸ਼-ਖ਼ੁਸ਼ ਹੀ ਰਹਿਣਗੇ।"

ਰਾਹੁਲ ਖੁਸ਼ ਹੋ ਗਿਆ। ਉਹਨੇ ਖੋਪਲੇ ਮੂੰਹ ਨਾਲ ਆਖਿਆ, "ਆਓ! ਫੇਰ ਦੇਰ ਕਿਸ ਗੱਲ ਦੀ ਹੈ। ਆ ਕੇ ਆਪਣੇ ਘਰ ਵਿਚ ਰਹੋ!... ਖੁਸ਼-ਖੁਸ਼ ਰਹੋ।"

ਦੰਦਾਂ ਨੇ ਹਉਕਾ ਭਰਿਆ, "ਨਹੀਂ ਰਾਹੁਲ! ਹੁਣ ਬਹੁਤ ਦੇਰ ਹੋ ਗਈ ਹੈ। ਤੂੰ ਇਕ ਵਾਰ ਸਾਨੂੰ ਉਸ ਘਰ ਵਿਚੋਂ ਕੱਢ ਦਿੱਤਾ ਹੈ। ਹੁਣ ਅਸੀਂ ਮੁੜ ਉੱਥੇ ਨਹੀਂ ਰਹਿ ਸਕਦੇ।"

ਰਾਹੁਲ ਰੋਣ-ਹਾਕਾ ਹੋ ਗਿਆ, "ਹੁਣ ਕੀ ਕਰਾਂ ਫਿਰ ਮੈਂ ?" "ਭੋਜਨ ਚਿੱਥਣ ਲਈ ਤੈਨੂੰ ਨਕਲੀ ਦੰਦ ਲਵਾਉਣੇ ਪੈਣਗੇ, ਉਹਨਾਂ ਦੰਦਾਂ ਨਾਲ ਤੂੰ ਭੋਜਨ ਚਿੱਥ ਤਾਂ ਲਵੇਂਗਾ, ਪਰ ਤੈਨੂੰ ਭੋਜਨ ਦਾ ਸੁਆਦ ਨਹੀਂ ਆਉਣਾ।"

ਦੰਦਾਂ ਦੀ ਸਾਂਝੀ ਰਾਏ ਸੁਣ ਕੇ ਰਾਹੁਲ ਨੂੰ ਹੌਲ ਪਿਆ।

ਦੰਦਾਂ ਨੇ ਰਾਹੁਲ ਵੱਲੋਂ ਮੂੰਹ ਮੋੜ ਲਿਆ ਤੇ ਉੱਥੋਂ ਤੁਰ ਪਏ।

ਰਾਹੁਲ ਦੰਦਾਂ ਪਿੱਛੇ ਨੱਸਿਆ ਤਾਂ ਕਿ ਉਹਨਾਂ ਨੂੰ ਜਾਣ ਤੋਂ ਰੋਕ ਸਕੇ।

ਉਹ ਇਕ ਪੱਥਰ ਨਾਲ ਠੇਡਾ ਖਾ ਕੇ ਮੂਧੇ ਮੂੰਹ ਡਿੱਗ ਪਿਆ।

ਰਾਹੁਲ ਅੱਬੜਵਾਹੇ ਉੱਠ ਕੇ ਬੈਠ ਗਿਆ।

ਪੜ੍ਹਦਿਆਂ ਪੜ੍ਹਦਿਆਂ ਉਹਨੂੰ ਨੀਂਦ ਆ ਗਈ ਸੀ। ਉਹਨਾਂ ਛਿਣਾਂ ਵਿਚ ਹੀ ਰਾਹੁਲ ਨੇ ਪੂਰਾ ਸੁਪਨਾ ਵੇਖ ਲਿਆ ਸੀ।

ਰਾਹੁਲ ਨੇ ਮੱਥੇ ਤੋਂ ਮੁੜ੍ਹਕੇ ਦੀਆਂ ਬੂੰਦਾਂ ਪੂੰਝੀਆਂ। ਉਹਨੇ ਮੂੰਹ ਨੂੰ ਟਟੋਲਿਆ। ਉਹਦੇ ਸਾਰੇ ਦੰਦ ਸਹੀ ਸਲਾਮਤ ਸਨ।

ਰਾਹੁਲ ਨੇ ਕੰਧ ਉੱਤੇ ਲਟਕੀ ਘੜੀ ਵੱਲ ਵੇਖਿਆ ਇਹ ਉਹਦੇ ਸੌਣ ਦਾ ਵੇਲਾ ਸੀ।

ਆਪਣੇ ਅੱਗੇ ਖੁੱਲ੍ਹੀ ਪਈ ਕਿਤਾਬ ਰਾਹੁਲ ਨੇ ਬੰਦ ਕਰ ਦਿੱਤੀ। ਉਹ ਉੱਠ ਕੇ ਗੁਸਲਖ਼ਾਨੇ ਵਿਚ ਚਲਿਆ ਗਿਆ। ਉਹਨੇ ਬੁਰਸ਼ ਉੱਤੇ ਪੇਸਟ ਲਾਇਆ ਤੇ ਦੰਦ ਸਾਫ਼ ਕਰਨ ਲੱਗ ਪਿਆ।

ਸੁਪਨੇ ਨੇ ਵੀ ਰਾਹੁਲ ਨੂੰ ਇਹੋ ਕਰਨ ਲਈ ਕਿਹਾ ਸੀ।

## ਮੇਰਾ ਕੌਣ ?

*—ਡਾ. ਦਰਸ਼ਨ ਸਿੰਘ ਆਸ਼ਟ*

ਪਿੰਡੋਂ ਬਾਹਰ ਖੇਤ ਵਿਚ ਅਮਰੂਦ, ਅੰਬ ਅਤੇ ਜਾਮਣਾਂ ਦੇ ਦਰੱਖ਼ਤਾਂ ਤੋਂ ਬਿਨਾਂ ਕੁਝ ਹੋਰ ਵੀ ਰੁੱਖ ਲੱਗੇ ਹੋਏ ਸਨ। ਇਨ੍ਹਾਂ ਦੇ ਥੱਲੇ ਅਮਰੂਦ, ਅੰਬ ਅਤੇ ਜਾਮਣ ਤੋਂ ਇਲਾਵਾ ਕੁਝ ਹੋਰ ਪੌਦੇ ਵੀ ਉਗੇ ਹੋਏ ਸਨ। ਇਨ੍ਹਾਂ ਪੌਦਿਆਂ ਕੋਲ ਹੀ ਕਿੱਕਰ ਦਾ ਇਕ ਛੋਟਾ ਜਿਹਾ ਪੌਦਾ ਵੀ ਉਗਿਆ ਹੋਇਆ ਸੀ। ਅਮਰੂਦ, ਅੰਬ ਅਤੇ ਜਾਮਣਾਂ ਦੇ

ਪੌਦਿਆਂ ਨੂੰ ਆਪਣੇ ਆਪ 'ਤੇ ਬੜਾ ਘਮੰਡ ਸੀ। ਉਹ ਕਿੱਕਰ ਦੇ ਪੌਦੇ ਦਾ ਅਕਸਰ ਮਜ਼ਾਕ ਉਡਾਉਂਦੇ ਰਹਿੰਦੇ ਸਨ ਪਰ ਉਹ ਸ਼ਾਂਤ ਰਹਿੰਦਾ ਅਤੇ ਹਵਾ 'ਚ ਬੜੇ ਸਹਿਜ ਨਾਲ ਝੂਮਦਾ ਰਹਿੰਦਾ।

ਇਕ ਦਿਨ ਛੁੱਟੀ ਵਾਲੇ ਦਿਨ ਪੰਕਜ, ਮਨਦੀਪ, ਜਸਕਰਨ ਅਤੇ ਬਲਤੇਜ ਘੁੰਮਦੇ-ਘੁੰਮਦੇ ਖੇਤਾਂ ਵਲ ਨੂੰ ਚੱਲ ਪਏ। ਖੇਤ ਪਿੰਡ ਤੋਂ ਜ਼ਿਆਦਾ ਦੂਰ ਨਹੀਂ ਸੀ। ਬਲਤੇਜ ਦੀ ਇਕ ਲੱਤ ਪੋਲੀਓ ਕਰਕੇ ਖ਼ਰਾਬ ਹੋ ਚੁੱਕੀ ਸੀ। ਇਸ ਲਈ ਉਹ ਬਸਾਖੀਆਂ ਦੇ ਸਹਾਰੇ ਚੱਲ ਰਿਹਾ ਸੀ। ਉਨ੍ਹਾਂ ਨੇ ਜਦੋਂ ਦਰੱਖ਼ਤਾਂ ਦੇ ਹੇਠਾਂ ਕੁੱਝ ਪੌਦੇ ਉੱਗੇ ਵੇਖੇ ਤਾਂ ਉਹ ਖ਼ੁਸ਼ ਹੋ ਗਏ।

ਮਨਦੀਪ ਅੰਬ ਦੇ ਪੌਦੇ ਵੱਲ ਅਹੁਲਿਆ ਅਤੇ ਉਸ ਨੂੰ ਪਲੋਸਣ ਲੱਗਾ। ਕਹਿਣ ਲੱਗਾ ਕਿ ਉਹ ਇਸ ਨੂੰ ਘਰ ਲੈ ਕੇ ਜਾਵੇਗਾ। ਘਰ ਦੇ ਵਿਹੜੇ 'ਚ ਲਾਵੇਗਾ। ਜਦੋਂ ਇਹ ਵੱਡਾ ਹੋ ਜਾਏਗਾ ਤਾਂ ਇਹਦੇ ਅੰਬ ਚੂਪਿਆ ਕਰੇਗਾ।

ਨੇੜੇ ਹੀ ਅਮਰੂਦ ਦਾ ਪੌਦਾ ਸੀ। ਪੰਕਜ ਉਸ ਵੱਲ ਆਇਆ ਤੇ ਕਹਿਣ ਲੱਗਾ ਕਿ 'ਉਸ ਨੂੰ ਅਮਰੂਦ ਪਸੰਦ ਹੈ ਅਤੇ ਉਂਜ ਵੀ ਇਹ ਪੌਦਾ ਇਕ ਦੋ ਸਾਲਾਂ ਵਿਚ ਈ ਵਧੀਆ ਫੱਲ ਦੇਣ ਲੱਗ ਜਾਂਦੈ' ਤੇ ਜਸਕਰਨ ਜਾਮਣ ਦੇ ਬੂਟੇ ਨੂੰ ਘਰ ਲਿਜਾਣ ਬਾਰੇ ਕਹਿਣ ਲੱਗਾ।

ਉਨ੍ਹਾਂ ਦੀਆਂ ਗੱਲਾਂ ਸੁਣ ਕੇ ਤਿੰਨੇ ਪੌਦੇ ਆਪਸ ਵਿਚ ਇਸ਼ਾਰੇ ਕਰਨ ਲੱਗੇ। ਅੰਬ ਬੋਲਿਆ, "ਵੇਖਿਆ, ਮੈਂ ਕਿਹਾ ਸੀ ਨਾ ਕਿ ਮੈਂ ਫਲਾਂ ਦਾ ਰਾਜਾ ਹਾਂ। ਇਸ ਲਈ ਇਸ ਮੁੰਡੇ ਨੇ ਸੱਭ ਤੋਂ ਪਹਿਲਾਂ ਮੈਨੂੰ ਹੀ ਚੁਣਿਆ।"

"ਮੈਨੂੰ ਵੀ ਤਾਂ ਪਸੰਦ ਕੀਤੈ।" ਜਾਮਣ ਦਾ ਪੌਦਾ ਬੋਲਿਆ।

"ਤੇ ਮੈਨੂੰ ਵੀ।" ਅਮਰੂਦ ਦਾ ਪੌਦਾ ਵੀ ਝੱਟ ਬੋਲਿਆ।

"ਹੁਣ ਸਾਡੇ ਗੁਆਂਢੀ ਨੂੰ ਏਨੇ ਪਿਆਰ ਨਾਲ ਕੌਣ ਲੈ ਕੇ ਜਾਏਗਾ ਤੇ ਕੌਣ ਆਪਣੇ ਘਰ ਦੇ ਵਿਹੜੇ 'ਚ ਲਾਏਗਾ ?" ਅੰਬ ਨੇ ਕਿੱਕਰ ਦੇ ਪੌਦੇ ਵਲ ਟੇਢੀ ਨਜ਼ਰ ਨਾਲ ਵੇਖਦਿਆਂ ਕਿਹਾ।

ਬਲਤੇਜ ਕਿੱਕਰ ਦੇ ਪੌਦੇ ਵਲ ਗਿਆ ਤੇ ਪਿਆਰ ਨਾਲ ਪਲੋਸਦਾ ਹੋਇਆ ਬੋਲਿਆ, "ਇਹ ਮੇਰਾ ਏ! ਮੈਂ ਇਸ ਪੌਦੇ ਨੂੰ ਲੈ ਕੇ ਜਾਵਾਂਗਾ ਤੇ ਆਪਣੇ ਘਰ ਦੇ ਵਿਹੜੇ 'ਚ ਲਾਵਾਂਗਾ।"

ਫਿਰ ਚਾਰੇ ਜਣਿਆਂ ਨੇ ਆਪਣੇ ਆਪਣੇ ਪੌਦਿਆਂ ਨੂੰ ਸਾਵਧਾਨੀ ਨਾਲ 'ਚਿਲਕਿਆਇਆ' ਤੇ ਆਪਣੇ ਆਪਣੇ ਘਰਾਂ ਦੇ ਵਿਹੜਿਆਂ ਵਿਚ ਆ ਕੇ ਲਗਾ ਦਿਤਾ।

ਪਹਿਲਾਂ ਤਾਂ ਸ਼ੌਕ-ਸ਼ੌਕ 'ਚ ਪੰਕਜ, ਮਨਦੀਪ ਤੇ ਜਸਕਰਨ ਆਪਣੇ-ਆਪਣੇ ਪੌਦਿਆਂ ਦੀ ਰਖਵਾਲੀ ਕਰਦੇ ਰਹੇ ਪਰ ਕੁਝ ਦਿਨਾਂ ਬਾਅਦ ਹੀ ਉਨ੍ਹਾਂ ਕੋਲ ਪੌਦਿਆਂ ਦੀ ਰਖਵਾਲੀ ਵਾਸਤੇ ਸਮਾਂ ਘੱਟ ਰਹਿਣ ਲੱਗਾ। ਕਦੇ ਪਾਣੀ ਦਿੰਦੇ, ਕਦੇ ਨਾ। ਅੰਬ

ਦਾ ਪੌਦਾ ਸੁੱਕਣ ਲੱਗਾ ਕਿਉਂਕਿ ਉਸ ਨੂੰ ਘਰ 'ਚ ਲੋੜੀਂਦੀ ਧੁੱਪ ਨਹੀਂ ਮਿਲ ਸੀ ਰਹੀ। ਅਮਰੂਦ ਦਾ ਪੌਦਾ ਵੀ ਜ਼ਿਆਦਾ ਵਧ-ਫੁਲ ਨਾ ਸਕਿਆ ਕਿਉਂਕਿ ਉਸ ਦੇ ਪਾਲਣ-ਪੋਸਣ ਵਾਸਤੇ ਵਿਹੜੇ ਦੀ ਮਿੱਟੀ ਢੁਕਵੀਂ ਨਹੀਂ ਸੀ ਤੇ ਜਾਮਣ ਦੇ ਪੌਦੇ ਨੂੰ ਇਕ ਦਿਨ ਗੁਆਂਢੀਆਂ ਦਾ ਵੱਛਾ ਚਰ ਗਿਆ।

ਇਕ ਦਿਨ ਸਕੂਲ 'ਚ ਘੁੰਮਦੇ-ਘੁੰਮਦੇ ਮਨਦੀਪ ਬੋਲਿਆ, "ਯਾਰ, ਮੇਰਾ ਅੰਬ ਦਾ ਪੌਦਾ ਤਾਂ ਸੁੱਕ ਗਿਐ।"

"ਤੇ ਮੇਰਾ ਵੀ। ਸੱਚ ਦੱਸਾਂ, ਸਾਡੇ ਵਿਹੜੇ ਦੀ ਮਿੱਟੀ ਹੀ ਬਹੁਤ ਕੰਕਰੀਲੀ ਐ। ਇਸ ਲਈ ਮੇਰਾ ਪੌਦਾ ਸੁੱਕ ਗਿਆ। ਦੂਜੀ ਗੱਲ ਮੇਰੇ ਕੋਲ ਸਮਾਂ ਵੀ ਘੱਟ ਈ ਸੀ।" ਪੰਕਜ ਨੇ ਕਿਹਾ।

ਜਸਕਰਨ ਬੋਲਿਆ, "ਮੈਂ ਕੀ ਦੱਸਾਂ ? ਸਾਡੇ ਗੁਆਂਢੀਆਂ ਦਾ ਵੱਛਾ ਹੀ ਮੇਰੇ ਪੌਦੇ ਨੂੰ ਚਰ ਗਿਆ।"

ਜਸਕਰਨ ਨੇ ਬਲਤੇਜ ਨੂੰ ਪੁੱਛਿਆ, "ਤੇ ਤੇਰੇ ਕਿੱਕਰ ਦੇ ਪੌਦੇ ਦਾ ਕੀ ਹਾਲ ਐ ?"

ਪੰਕਜ ਬਲਤੇਜ ਦੇ ਜਵਾਬ ਤੋਂ ਪਹਿਲਾਂ ਹੀ ਬੋਲਿਆ, "ਜਦੋਂ ਸਾਡੇ ਐਨੇ ਵਧੀਆ ਪੌਦੇ ਨਹੀਂ ਬਚੇ ਤਾਂ ਇਹਦਾ ਕਿਥੇ ਬਚਿਆ ਹੋਊ ?"

ਬਲਤੇਜ ਬੋਲਿਆ, "ਸ਼ਾਮ ਨੂੰ ਮੇਰੇ ਘਰ ਆਇਉ ਤੇ ਆਪਣੀਆਂ ਅੱਖਾਂ ਨਾਲ ਈ ਵੇਖ ਲਿਉ।"

ਤਿੰਨੇ ਦੋਸਤ ਸ਼ਾਮ ਨੂੰ ਬਲਤੇਜ ਦੇ ਘਰ ਵਲ ਰਵਾਨਾ ਹੋ ਗਏ। ਉਨ੍ਹਾਂ ਦੇ ਘਰ ਦੇ ਵਿਹੜੇ 'ਚ ਵੇਖਿਆ, ਬਲਤੇਜ ਨੇ ਕਿੱਕਰ ਦੇ ਪੌਦੇ ਦੇ ਆਲੇ-ਦੁਆਲੇ ਇੱਟਾਂ ਨਾਲ ਵਾੜ ਲਾਈ ਹੋਈ ਸੀ ਤੇ ਪੌਦਾ ਹਰਾ-ਭਾਰ ਖੜਾ ਸੀ।

ਬਲਤੇਜ ਕਹਿਣ ਲੱਗਾ, "ਕਿਸੇ ਪੌਦੇ ਨੂੰ ਧਰਤੀ 'ਚੋਂ ਪੁੱਟ ਕੇ ਉਸੇ ਤਰ੍ਹਾਂ ਹੀ ਲਗਾਉਣ ਨਾਲ ਕੋਈ ਪੌਦਾ ਦਰੱਖ਼ਤ ਨਹੀਂ ਬਣ ਜਾਂਦਾ। ਉਸ ਦੀ ਜ਼ਿੰਮੇਵਾਰੀ ਨਾਲ ਰਖਵਾਲੀ ਵੀ ਕਰਨੀ ਚਾਹੀਦੀ ਐ।"

ਬਲਤੇਜ ਹਸਦਾ ਹੋਇਆ ਕਿੱਕਰ ਦੇ ਪੌਦੇ ਨੂੰ ਵੇਖ ਰਿਹਾ ਸੀ।

ਤਿੰਨੇ ਦੋਸਤਾਂ ਨੂੰ ਲੱਗਿਆ, ਜਿਵੇਂ ਕਿੱਕਰ ਦਾ ਪੌਦਾ ਵੀ ਬਲਤੇਜ ਵਲ ਵੇਖਦਾ ਹੋਇਆ ਮੁਸਕਰਾ ਰਿਹਾ ਸੀ, ਹਲਕਾ ਹਲਕਾ ਝੂਮ ਰਿਹਾ ਸੀ।

## ਜ਼ਿੰਮੇਵਾਰੀ ਕਿਸ ਦੀ ?

*—ਡਾ. ਦਰਸ਼ਨ ਸਿੰਘ ਆਸ਼ਟ*

ਬਬਲੂ ਮਾਪਿਆਂ ਦਾ ਲਾਡਲਾ ਪੁੱਤਰ ਸੀ। ਉਹ ਹੁਣ ਪੰਜ ਸਾਲਾਂ ਦਾ ਹੋ ਗਿਆ ਸੀ। ਸਕੂਲ ਤੋਂ ਉਸ ਨੂੰ ਡਰ ਲੱਗਦਾ ਸੀ। ਇਕ ਦਿਨ ਉਸ ਦੇ ਮੰਮੀ ਉਸ ਨੂੰ ਸਕੂਲ

ਦਾਖਲ ਕਰਵਾਉਣ ਗਏ ਤਾਂ ਉਸ ਨੇ ਰੋ-ਰੋ ਕੇ ਆਸਮਾਨ ਸਿਰ 'ਤੇ ਚੁੱਕ ਲਿਆ। ਅਗਲੇ ਦਿਨ ਵੀ ਇੰਝ ਹੀ ਹੋਇਆ। ਮੰਮੀ ਉਸ ਨੂੰ ਕਦੇ ਚਾਕਲੇਟ, ਕਦੇ ਟਾਫੀਆਂ ਤੇ ਕਦੇ ਕੋਈ ਹੋਰ ਚੀਜ਼ ਦੇ ਕੇ ਮਨਾ ਕੇ ਸਕੂਲ ਦਾਖਲ ਕਰਵਾਉਣ ਗਏ ਤਾਂ ਉਸਨੇ ਰੋ-ਰੋ ਕੇ ਆਸਮਾਨ ਸਿਰ 'ਤੇ ਚੁੱਕ ਲਿਆ। ਅਗਲੇ ਦਿਨ ਵੀ ਇੰਝ ਹੀ ਹੋਇਆ। ਮੰਮੀ ਉਸ ਨੂੰ ਕਦੇ ਚਾਕਲੇਟ, ਕਦੇ ਟਾਫੀ ਤੇ ਕਦੇ ਕੋਈ ਹੋਰ ਚੀਜ਼ ਦੇ ਕੇ ਮਨਾ ਕੇ ਸਕੂਲ ਲੈ ਕੇ ਜਾਂਦੇ। ਸਕੂਲੇ ਵੜਦੇ ਸਾਰ ਹੀ ਬਬਲੂ ਨੂੰ ਪਤਾ ਲੱਗ ਜਾਂਦਾ ਕਿ ਉਸ ਦੇ ਮੰਮੀ ਹੁਣ ਉਸ ਨੂੰ ਛੱਡ ਕੇ ਘਰ ਚਲੇ ਜਾਣਗੇ। ਉਹ ਫਿਰ ਚੀਕ-ਚਿਹਾੜਾ ਪਾ ਦਿੰਦਾ। ਬਸਤਾ ਛੱਡ ਕੇ ਮੰਮੀ ਪਿੱਛੇ ਦੌੜਨ ਦੀ ਕੋਸ਼ਿਸ਼ ਕਰਦਾ।

ਹੁਣ ਉਹ ਭਾਵੇਂ ਦੂਜੀ ਜਮਾਤ ਵਿਚ ਹੋ ਗਿਆ ਸੀ। ਸਾਰੀ ਜਮਾਤ ਵਿਚ ਸਭ ਤੋਂ ਵੱਧ ਰੌਲਾ ਪਾਉਣ ਵਾਲਾ ਉਹੀ ਸੀ। ਥੋੜ੍ਹਾ ਹੋਰ ਵੱਡਾ ਹੋਇਆ ਤਾਂ ਉਸਨੇ ਪਹਿਲਾਂ ਵਾਂਗ ਰੋਣਾ ਬੰਦ ਕਰ ਦਿੱਤਾ। ਹੁਣ ਉਹ ਰਿਕਸ਼ੇ 'ਤੇ ਸਕੂਲ ਜਾਂਦਾ। ਗੁਆਂਢ ਦੇ ਦੋ ਹੋਰ ਮੁੰਡੇ ਵੀ ਉਸ ਨਾਲ ਰਿਕਸ਼ੇ 'ਤੇ ਹੀ ਜਾਂਦੇ ਸਨ।

ਬਬਲੂ ਦਾ ਧਿਆਨ ਸ਼ਰਾਰਤਾਂ 'ਚ ਰਹਿੰਦਾ। ਉਸ ਦੀਆਂ ਕਾਪੀਆਂ ਤੇ ਕਿਤਾਬਾਂ ਦੇ ਪੰਨੇ ਅਕਸਰ ਫਟੇ ਹੋਏ ਹੁੰਦੇ।

ਇਕ ਦਿਨ ਨਿਤਿਕਾ ਮੈਡਮ ਕਮਰੇ ਵਿਚ ਹਾਲੇ ਨਹੀਂ ਸਨ ਆਏ। ਕਲਾਸ ਰੂਮ ਵਿਚ ਰੌਲਾ ਪੈ ਰਿਹਾ ਸੀ। ਬਬਲੂ ਹਮੇਸ਼ਾ ਵਾਂਗ ਪਿੱਛੇ ਬੈਠਾ ਹੋਇਆ ਸੀ। ਉਹ ਇਕ ਕਾਪੀ 'ਚੋਂ ਪੰਨੇ ਪਾੜ ਕੇ ਜਹਾਜ਼ ਬਣਾ ਕੇ ਉਡਾਉਂਦਾ ਹੋਇਆ ਰੌਲਾ ਪਾ ਰਿਹਾ ਸੀ। ਉਸ ਦੇ ਬਣਾਏ ਜਹਾਜ਼ ਕਮਰੇ ਦੇ ਦਰਵਾਜ਼ੇ ਤੋਂ ਬਾਹਰ ਤੱਕ ਪੁੱਜ ਰਹੇ ਸਨ। ਬਬਲੂ ਨੇ ਇਕ ਹੋਰ ਜਹਾਜ਼ ਬਣਾ ਕੇ ਦਰਵਾਜ਼ੇ ਵੱਲ ਜ਼ੋਰ ਨਾਲ ਉਡਾਇਆ। ਐਨ ਉਸੇ ਵੇਲੇ ਨਿਤਿਕਾ ਮੈਡਮ ਕਮਰੇ ਅੰਦਰ ਵੜੇ। ਜਹਾਜ਼ ਦੀ ਨੋਕ ਉਨ੍ਹਾਂ ਦੇ ਮੱਥੇ 'ਚ ਵੱਜੀ। ਨਿਤਿਕਾ ਮੈਡਮ ਇਕਦਮ ਘਾਬਰ ਗਏ। ਸ਼ੁਕਰ ਵਾਲੀ ਗੱਲ ਸੀ ਕਿ ਉਨ੍ਹਾਂ ਦੀ ਅੱਖ ਬਚ ਗਈ। ਉਨ੍ਹਾਂ ਦਾ ਪਾਰਾ ਇਕਦਮ ਵੱਧ ਗਿਆ।

ਨਿਤਿਕਾ ਮੈਡਮ ਨੇ ਪਤਾ ਲਗਾ ਲਿਆ ਸੀ ਕਿ ਜਹਾਜ਼ ਬਬਲੂ ਦਾ ਹੀ ਸੀ। ਉਨ੍ਹਾਂ ਨੇ ਉਸ ਨੂੰ ਝੱਟ ਕਲਾਸ ਰੂਮ 'ਚੋਂ ਬਾਹਰ ਕੱਢ ਦਿੱਤਾ। ਬੋਲੇ, "ਬਾਹਰ ਖੜ੍ਹਾ ਰਹਿ। ਤੇਰੇ ਲਈ ਇਹੋ ਸਜ਼ਾ ਏ।"

ਬਬਲੂ ਡੁਸਕਣ ਲੱਗਾ। ਕੁਝ ਦੇਰ ਬਾਅਦ ਨਿਤਿਕਾ ਮੈਡਮ ਨੇ ਉਸ ਨੂੰ ਅੰਦਰ ਬੁਲਾ ਲਿਆ। ਉਸਤੋਂ ਵਾਅਦਾ ਲਿਆ ਕਿ ਉਹ ਅੱਗੇ ਤੋਂ ਅਜਿਹੀ ਹਰਕਤ ਨਹੀਂ ਕਰੇਗਾ ਪਰ ਪਰਨਾਲਾ ਉਥੇ ਦਾ ਉਥੇ ਹੀ ਰਿਹਾ।

ਸਾਲਾਨਾ ਪ੍ਰੀਖਿਆ ਦਾ ਨਤੀਜਾ ਨਿਕਲ ਚੁੱਕਾ ਸੀ। ਬਬਲੂ ਦੇ ਵਧੀਆ ਨੰਬਰ ਤਾਂ ਨਾ ਆਏ ਪਰ ਇੰਨਾ ਜ਼ਰੂਰ ਸੀ ਕਿ ਉਹ ਪਾਸ ਹੋ ਗਿਆ ਸੀ।

ਇਕ ਦਿਨ ਮੰਮੀ ਬਬਲੂ ਦੀਆਂ ਕਾਪੀਆਂ ਵੇਖਣ ਲੱਗੇ ਤਾਂ ਹੈਰਾਨ ਰਹਿ ਗਏ। ਉਸ ਦੀ ਕੋਈ ਵੀ ਕਾਪੀ ਇਹੋ ਜਿਹੀ ਨਹੀਂ ਸੀ, ਜਿਸ ਦੇ ਪੰਨੇ ਫਟੇ ਹੋਏ ਨਾ ਹੋਣ।

ਪਤਾ ਲੱਗਾ ਕਿ ਉਹ ਸਕੂਲ ਵਿਚ ਕਾਪੀਆਂ ਦੇ ਪੰਨੇ ਪਾੜ ਕੇ ਆਪਣੇ ਦੋਸਤਾਂ ਨਾਲ ਜਹਾਜ਼ ਉਡਾਉਣ ਅਤੇ ਕਿਸ਼ਤੀਆਂ ਤੇ ਗੇਂਦਾਂ ਬਣਾਉਣ ਦੇ ਮੁਕਾਬਲੇ ਕਰਦਾ ਰਹਿੰਦਾ ਹੈ।

ਸਕੂਲ ਦੇ ਵਿਹੜੇ ਦਾ ਕੋਈ ਵੀ ਹਿੱਸਾ ਅਜਿਹਾ ਨਹੀਂ ਸੀ, ਜਿਥੇ ਬਬਲੂ ਦਾ ਜਹਾਜ਼ ਨਾ ਉੱਡਿਆ ਹੋਵੇ। ਸਕੂਲ ਦਾ ਮਾਲੀ ਕਿਆਰੀਆਂ ਅਤੇ ਫੁੱਲਾਂ ਦੀਆਂ ਝਾੜੀਆਂ 'ਚੋਂ ਅਕਸਰ ਕਾਗਜ਼ਾਂ ਦੇ ਫਸੇ ਹੋਏ ਟੁੱਕੜੇ ਕੱਢਦਾ ਰਹਿੰਦਾ। ਕਈ ਵਾਰ ਸਕੂਲ ਦੀਆਂ ਨਿੱਕੀਆਂ ਖਾਲਾਂ ਵਿਚ ਕਾਗਜ਼ ਇਕੱਠੇ ਹੋ ਜਾਂਦੇ। ਖਾਲਾਂ 'ਚੋਂ ਕਿਆਰੀਆਂ ਨੂੰ ਜਾਂਦਾ ਪਾਣੀ ਰੁਕ ਜਾਂਦਾ। ਖਾਲ ਟੁੱਟ ਜਾਂਦੀ ਤੇ ਪਾਣੀ ਪਗਡੰਡੀ 'ਤੇ ਆ ਫੈਲਦਾ।

ਬਬਲੂ ਨੂੰ ਆਪਣੇ ਦਾਦਾ ਜੀ ਨਾਲ ਬੜਾ ਪਿਆਰ ਸੀ। ਇਕ-ਦੋ ਦਿਨਾਂ ਬਾਅਦ ਉਹ ਵੀ ਦਾਦਾ ਜੀ ਨਾਲ ਸ਼ਾਮ ਨੂੰ ਪਾਰਕ 'ਚ ਜ਼ਰੂਰ ਘੁੰਮਣ ਲਈ ਚਲਾ ਜਾਂਦਾ।

ਦਾਦਾ ਜੀ ਸਫਾਈ ਪਸੰਦ ਸਨ। ਇਕ ਸ਼ਾਮ ਬਬਲੂ ਦੇ ਦਾਦਾ ਜੀ ਉਸ ਨੂੰ ਪਾਰਕ ਵਿਚ ਲੈ ਗਏ। ਉਨ੍ਹਾਂ ਦੇਖਿਆ ਕਿ ਪਾਰਕ ਵਿਚ ਕਈ ਥਾਵਾਂ 'ਤੇ ਕਾਗਜ਼ਾਂ ਦੇ ਕੁਝ ਲਿਫਾਫੇ ਅਤੇ ਹੋਰ ਟੁੱਕੜੇ ਖਿੱਲਰੇ ਪਏ ਸਨ।

ਪਰ ਇਹ ਕੀ ? ਸੈਰ ਕਰਦੇ-ਕਰਦੇ ਦਾਦਾ ਜੀ ਉਨ੍ਹਾਂ ਕਾਗਜ਼ਾਂ ਨੂੰ ਚੁੱਕਣ ਲੱਗ ਪਏ।

ਦਾਦਾ ਜੀ, ਇਹ ਕੀ ਕਰ ਰਹੇ ਹੋ ? ਅਹੁ ਦੇਖੋ। ਸਾਹਮਣੇ ਮੇਰੇ ਦੋਸਤ ਬੰਟੀ ਦੇ ਪਾਪਾ ਆ ਰਹੇ ਨੇ। ਉਹ ਕੀ ਸੋਚਣਗੇ ? "ਤੁਸੀਂ ਕੋਈ...?"

ਬਬਲੂ ਦੀ ਇਹ ਗੱਲ ਸੁਣ ਕੇ ਦਾਦਾ ਜੀ ਹੱਸ ਪਏ। ਕਹਿਣ ਲੱਗੇ, ਬਬਲੂ, ਮੈਂ ਸਮਝ ਗਿਆ ਹਾਂ ਕਿ ਤੂੰ ਕੀ ਕਹਿਣਾ ਚਾਹੁੰਦਾ ਏਂ। ਇਹ ਪਾਰਕ ਸਾਡੇ ਸਭ ਦੀ ਸਾਂਝੀ ਹੈ। ਇਥੇ ਆ ਕੇ ਅਸੀਂ ਸੈਰ ਕਰਦੇ ਹਾਂ। ਇੱਥੇ ਸਾਨੂੰ ਤਾਜ਼ੀ ਅਤੇ ਖੁੱਲ੍ਹੀ ਹਵਾ ਮਿਲਦੀ ਹੈ। ਫੁੱਲ ਦੇਖ ਕੇ ਸਾਡਾ ਮਨ ਫੁੱਲਾਂ ਵਾਂਗ ਖਿੜ ਜਾਂਦਾ ਏ। ਜਿਸ ਕਿਸੇ ਨੇ ਖਾ-ਪੀ ਕੇ ਕਾਗਜ਼ ਇੱਥੇ ਸੁੱਟੇ ਨੇ, ਮੈਂ ਉਨ੍ਹਾਂ ਨੂੰ ਮੂਰਖ ਕਹਾਂਗਾ। ਨਾਲੇ ਬੇਟੇ, ਮੈਂ ਇਨ੍ਹਾਂ ਕਾਗਜ਼ਾਂ ਨੂੰ ਚੁੱਕ ਕੇ ਡਸਟਬਿਨ ਵਿਚ ਸੁੱਟਣ ਨਾਲ ਛੋਟਾ ਨਹੀਂ ਹੋ ਜਾਵਾਂਗਾ। ਜੇ ਹਰ ਕੋਈ ਇਹੀ ਸੋਚ ਲਏ ਕਿ ਇਹ ਮੇਰਾ ਕੰਮ ਨਹੀਂ ਤਾਂ ਪਾਰਕ ਵਿਚ ਗੰਦਗੀ ਹੋਰ ਵਧ ਜਾਏਗੀ।

ਇੰਨੇ ਨੂੰ ਬੰਟੀ ਦੇ ਪਾਪਾ ਦਾਦਾ ਜੀ ਕੋਲ ਆਏ। ਉਨ੍ਹਾਂ ਨੇ ਬਬਲੂ ਦੇ ਦਾਦਾ ਜੀ ਨੂੰ ਖਿੰਡਰੇ ਹੋਏ ਕਾਗਜ਼ ਚੁੱਕਦਿਆਂ ਵੇਖ ਲਿਆ ਸੀ।

"ਲਿਆਓ ਅੰਕਲ ਜੀ, ਮੈਨੂੰ ਫੜਾਓ ਇਹ ਕਾਗਜ਼। ਮੈਂ ਇਨ੍ਹਾਂ ਨੂੰ ਡਸਟਬਿਨ ਵਿਚ ਸੁੱਟ ਕੇ ਆਵਾਂ।" ਇਹ ਕਹਿ ਕੇ ਉਨ੍ਹਾਂ ਨੇ ਦਾਦਾ ਜੀ ਹੱਥੋਂ ਸਾਰੇ ਕਾਗਜ਼ ਲੈ

ਲਏ ਅਤੇ ਕੁਝ ਦੂਰ ਪਰ੍ਹਾਂ ਖੂੰਜੇ ਵਿਚ ਬਣੇ ਡਸਟਬਿਨ ਵਿਚ ਸੁੱਟਣ ਲਈ ਚਲੇ ਗਏ। ਘਰ ਪਰਤਦਿਆਂ ਬਬਲੂ ਇਸ ਘਟਨਾ ਬਾਰੇ ਹੀ ਸੋਚਦਾ ਰਿਹਾ।

ਅਗਲੇ ਦਿਨ ਬਬਲੂ ਸਕੂਲ ਗਿਆ। ਉਸ ਨੇ ਦੇਖਿਆ, ਫੁੱਲਾਂ ਦੀਆਂ ਕਿਆਰੀਆਂ ਵਿਚ ਕਾਗਜ਼ ਦੇ ਕੁਝ ਟੁੱਕੜੇ ਖਿੰਡਰੇ ਪਏ ਸਨ। ਇਕ-ਦੋ ਕਾਗਜ਼ ਪ੍ਰਾਰਥਨਾ ਕਰਨ ਵਾਲੀ ਥਾਂ 'ਤੇ ਵੀ ਪਏ ਸਨ। ਇਹ ਉਹੀ ਕਾਗਜ਼ ਸਨ, ਜਿਹੜੇ ਬਬਲੂ ਨੇ ਜਹਾਜ਼ ਬਣਾ ਕੇ ਉਡਾਏ ਸਨ। ਬਬਲੂ ਨੇ ਉਨ੍ਹਾਂ ਕਾਗਜ਼ਾਂ ਨੂੰ ਚੁੱਕਿਆ ਤੇ ਡਸਟਬਿਨ ਵਿਚ ਸੁੱਟਣ ਲਈ ਤੁਰ ਪਿਆ।

"ਸ਼ਾਬਾਸ਼" ਚਾਣਚੱਕ ਹੀ ਬਬਲੂ ਦੇ ਕੰਨੀਂ ਇਹ ਬੋਲ ਪਏ। ਨਾਲ ਹੀ ਕਿਸੇ ਨੇ ਉਹਦੀ ਪਿੱਠ ਥਾਪੜੀ। ਬਬਲੂ ਨੇ ਇਕਦਮ ਪਿੱਛੇ ਮੁੜ ਕੇ ਵੇਖਿਆ, ਨਿਤਿਕਾ ਮੈਡਮ ਸਨ।

ਉਨ੍ਹਾਂ ਨੇ ਬਬਲੂ ਨੂੰ ਆਪਣੇ ਗਲ ਨਾਲ ਲਗਾ ਲਿਆ।

## ਸਫ਼ਲਤਾ ਦਾ ਭੇਤ

*—ਮਨਮੋਹਨ ਸਿੰਘ ਦਾਊਂ*

ਅਪ੍ਰੈਲ ਦਾ ਪਹਿਲਾ ਹਫ਼ਤਾ ਸੀ। ਥੋੜ੍ਹੀ-ਥੋੜ੍ਹੀ ਗਰਮੀ ਪੈਣੀ ਸ਼ੁਰੂ ਹੋ ਗਈ ਸੀ। ਸਕੂਲਾਂ ਵਿੱਚ ਸਾਲਾਨਾ ਪ੍ਰੀਖਿਆਵਾਂ ਦੇ ਨਤੀਜੇ ਨਿਕਲ ਚੁੱਕੇ ਸਨ। ਵਿਦਿਆਰਥੀ ਅਗਲੀਆਂ ਸ਼੍ਰੇਣੀਆਂ ਲਈ ਨਵੀਂ ਪੁਸਤਕਾਂ, ਕਾਪੀਆਂ ਤੇ ਹੋਰ ਸਮੱਗਰੀ ਲੈਣ ਲਈ ਉਤਾਵਲੇ ਹੋ ਰਹੇ ਹਨ। ਜਿਹੜੇ ਵਿਦਿਆਰਥੀ ਪਾਸ ਹੋਏ ਸਨ ਉਹਨਾਂ ਨੂੰ ਚਾਅ ਚੜ੍ਹਿਆ ਹੋਇਆ ਸੀ। ਉਹ ਇਕ ਦੂਜੇ ਨੂੰ ਵਧਾਈਆਂ ਦੇ ਰਹੇ ਸਨ। ਉਹਨਾਂ ਦੇ ਮਾਪੇ ਵੀ ਖੁਸ਼ੀ ਵਿੱਚ ਮਿਠਾਈ ਵੰਡ ਰਹੇ ਸਨ। ਚੰਗੇ ਨੰਬਰ ਲੈਣ ਵਾਲੇ ਬੱਚਿਆਂ ਨੂੰ ਤੁਹਫੇ ਮਿਲ ਰਹੇ ਸਨ। ਸਫ਼ਲਤਾ ਦੀ ਖੁਸ਼ੀ ਕਿਸ ਨੂੰ ਨਹੀਂ ਹੁੰਦੀ।

ਪਰੰਤੂ ਕੁਲਤਾਰ ਦਾ ਮਿੱਤਰ ਦਲਬੀਰ ਪ੍ਰੀਖਿਆ 'ਚ ਫੇਲ੍ਹ ਹੋ ਗਿਆ ਸੀ। ਉਹ ਦੋਵੇਂ ਨੌਂਵੀਂ ਸ਼੍ਰੇਣੀ 'ਚ ਪੜ੍ਹਦੇ ਸਨ।

ਦਲਬੀਰ ਸ਼ੁਰੂ-ਸ਼ੁਰੂ ਵਿੱਚ ਪੜ੍ਹਾਈ 'ਚ ਚੰਗਾ ਸੀ—ਪੰਰਤੂ ਪ੍ਰੀਖਿਆ ਤੋਂ ਕੁਝ ਮਹੀਨੇ ਪਹਿਲਾਂ ਉਹ ਲਾਪਰਵਾਹ ਹੁੰਦਾ ਚਲਾ ਗਿਆ। ਉਸ ਨੇ ਕੁਲਤਾਰ ਦਾ ਸਾਥ ਛੱਡ ਕੇ ਹੋਰ ਮੁੰਡਿਆਂ ਨਾਲ ਜੋਟੀ ਬਣਾ ਲਈ ਜਿਹੜੇ ਭੈੜੀਆਂ ਆਦਤਾਂ ਵਾਲੇ ਸਨ। ਕਈ ਵੇਰ ਉਹ ਸਕੂਲੋਂ ਵੀ ਗ਼ੈਰ ਹਾਜ਼ਰ ਰਹਿੰਦਾ। ਕੁਲਤਾਰ ਦਾ ਦਿਲ ਵੀ ਦੁਖੀ ਹੁੰਦਾ। ਉਸ ਨੇ ਆਪਣੇ ਮਿੱਤਰ ਦਲਬੀਰ ਨੂੰ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਪਰੰਤੂ ਉਸ ਦੇ ਕੰਨ 'ਤੇ ਜੂੰ ਤੱਕ ਨਾ ਸਰਕੀ। ਦਲਬੀਰ ਆਪਣਾ ਬਹੁਤਾ ਸਮਾਂ ਪੜ੍ਹਾਈ 'ਚ ਲਾਉਣ ਦੀ ਥਾਂ ਫਜ਼ੂਲ ਗੱਲਾਂ ਵਿੱਚ ਲਾਉਂਦਾ ਰਹਿੰਦਾ। ਘਰੋਂ ਗਿਆ ਕਿੰਨਾ-ਕਿੰਨਾ

ਚਿਰ ਵਾਪਸ ਨਾ ਮੁੜਦਾ। ਉਸ ਦੇ ਮਾਪੇ ਵੀ ਉਸ ਨੂੰ ਸਮਝਾਉਂਦੇ ਰਹਿੰਦੇ। ਉਸ ਦੀ ਲਾਪਰਵਾਹੀ ਦਾ ਨਤੀਜਾ ਇਹ ਹੋਇਆ ਕਿ ਉਹ ਨੌਵੀਂ 'ਚ ਫੇਲ੍ਹ ਹੋ ਗਿਆ। ਉੱਧਰ ਕੁਲਤਾਰ ਦੇ ਮਾਪੇ ਖੁਸ਼ ਸਨ ਕਿਉਂਕਿ ਉਸ ਨੇ ਚੰਗੇ ਨੰਬਰ ਪ੍ਰਾਪਤ ਕੀਤੇ ਸਨ। ਅਧਿਆਪਕ ਵੀ ਉਸ ਦੀ ਪ੍ਰਸੰਸਾ ਕਰ ਰਹੇ ਸਨ।

ਫੇਲ੍ਹ ਹੋਣ ਨਾਲ ਦਲਬੀਰ ਦਾ ਦਿਲ ਟੁੱਟ ਗਿਆ। ਉਹ ਮਸੋਸਿਆ-ਮਸੋਸਿਆ ਰਹਿਣ ਲੱਗਾ। ਉਹ ਆਪਣੇ ਸਹਿ-ਪਾਠੀਆਂ ਤੋਂ ਪਿੱਛੇ ਰਹਿਣ ਕਾਰਨ ਉਦਾਸ ਸੀ। ਉਸ ਨਾਲੋਂ ਘੱਟ ਨੰਬਰ ਲੈਣ ਵਾਲੇ ਕਈ ਵਿਦਿਆਰਥੀ ਸਾਲਾਨਾ ਪ੍ਰੀਖਿਆ ਪਾਸ ਕਰ ਗਏ ਸਨ। ਦਲਬੀਰ ਨੂੰ ਆਪਣੀ ਹੇਠੀ ਮਹਿਸੂਸ ਹੋਣ ਲੱਗੀ। ਉਸ ਦੀ ਅਜਿਹੀ ਹਾਲਤ ਹੋ ਗਈ ਕਿ ਉਹ ਪੜ੍ਹਾਈ ਛੱਡ ਦੇਣ ਲਈ ਸੋਚਣ ਲੱਗਾ। ਉਹ ਸਕੂਲ ਜਾਣ ਤੋਂ ਕੰਨੀਂ ਕਤਰਾਉਣ ਲੱਗਾ। ਉਸ ਦੇ ਮਾਪਿਆਂ ਨੂੰ ਵੀ ਚਿੰਤਾ ਹੋਣ ਲੱਗੀ। ਉਹਨਾਂ ਨੇ ਆਪਣੇ ਪੁੱਤਰ ਨੂੰ ਸਮਝਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਉਸ ਦੇ ਮਿੱਤਰ ਕੁਲਤਾਰ ਨੇ ਵੀ ਉਸ ਨੂੰ ਹੌਸਲਾ ਦੇਣਾ ਚਾਹਿਆ ਪਰੰਤੂ ਉਸ ਦਾ ਦਿਲ ਨਾ ਟਿਕ ਸਕਿਆ।

ਕਈ ਦਿਨ ਲੰਘ ਗਏ। ਇਕ ਦਿਨ ਦਲਬੀਰ ਉਦਾਸਿਆ-ਉਦਾਸਿਆ ਵਰਾਂਡੇ 'ਚ ਬੈਠਾ ਸੀ। ਘਰ ਕੋਈ ਨਹੀਂ ਸੀ। ਦੁਪਹਿਰ ਦਾ ਵੇਲਾ ਸੀ। ਇੱਕ ਚਿੜਾ ਤੇ ਚਿੜੀ ਵਰਾਂਡੇ ਦੀ ਛੱਤ ਵਿੱਚ ਆਲ੍ਹਣਾ ਬਣਾਉਣ ਵਿੱਚ ਲੱਗੇ ਹੋਏ ਸਨ। ਛੱਤ ਦੇ ਖੁੱਲ੍ਹੇ ਗਾਡਰ ਦੇ ਸਿਰੇ ਉੱਤੇ ਚਿੜਾ ਤੇ ਚਿੜੀ ਕਈ ਦਿਨਾਂ ਤੋਂ ਆਲ੍ਹਣਾ ਬਣਾਉਣ ਦਾ ਯਤਨ ਕਰ ਰਹੇ ਸਨ ਪਰ ਆਲ੍ਹਣਾ ਬਣਨ ਵਿੱਚ ਨਹੀਂ ਸੀ ਆਉਂਦਾ। ਚਿੜਾ ਤੇ ਚਿੜੀ ਫਿਰ ਵੀ ਆਲ੍ਹਣਾ ਬਣਾਉਣ ਵਿੱਚ ਲੱਗੇ ਹੋਏ ਸਨ।

ਘਾਹ, ਫੂਸ ਤੇ ਤੀਲੇ ਥੱਲੇ ਫਰਸ਼ 'ਤੇ ਡਿੱਗ ਜਾਂਦੇ। ਦਲਬੀਰ ਦੀ ਮਾਤਾ ਜੀ ਹਰ ਰੋਜ਼ ਥੱਲੇ ਡਿੱਗੇ ਘਾਹ-ਫੂਸ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦੇਂਦੀ।

ਚਿੜਾ ਤੇ ਚਿੜੀ ਰੱਸੀਆਂ, ਘਾਹ ਦੇ ਤਿਣਕੇ ਤੇ ਡੱਕੇ ਬੜੀ ਮਿਹਨਤ ਨਾਲ ਬਾਹਰੋਂ ਆਪਣੀਆਂ ਚੁੰਝਾਂ ਵਿੱਚ ਲਿਆਉਂਦੇ ਤੇ ਗਾਡਰ ਉੱਤੇ ਟੁੰਗਣ ਦੀ ਕੋਸ਼ਿਸ਼ ਕਰਦੇ ਰਹਿੰਦੇ। ਤੀਲੇ ਤੇ ਡੱਕੇ ਥੱਲੇ ਡਿੱਗ ਜਾਂਦੇ ਪਰ ਚਿੜਾ-ਚਿੜੀ ਚੀਂ-ਚੀਂ ਕਰਦੇ ਉਡਾਰੀ ਮਾਰ ਬਾਹਰ ਨੂੰ ਉੱਡ ਜਾਂਦੇ। ਦੂਰੋਂ-ਦੂਰੋਂ ਤੀਲੇ ਤੇ ਤਿਣਕੇ ਲਿਆਉਂਦੇ ਰਹਿੰਦੇ।

ਉਦਾਸ ਹੋਇਆ ਦਲਬੀਰ ਚਿੜਾ-ਚਿੜੀ ਨੂੰ ਧਿਆਨ ਨਾਲ ਵੇਖਣ ਲੱਗਾ। ਕਈ ਵੇਰ ਚਿੜੀ ਬਹੁਤ ਵੱਡਾ ਤੀਲਾ ਲਿਆਉਂਦੀ ਤੇ ਆਲ੍ਹਣਾ ਬਣਾਉਣ ਲਈ ਗਾਡਰ ਉੱਤੇ ਟੁੰਗ ਦਿੰਦੀ। ਉਹ ਉੱਡ ਜਾਂਦੀ ਸੀ ਤੇ ਚਿੜਾ ਤੀਲਾ ਲੈ ਆਉਂਦਾ। ਆਲ੍ਹਣਾ ਕਾਫ਼ੀ ਵੱਡਾ ਬਣ ਗਿਆ ਸੀ। ਚਿੜਾ ਉੱਡ ਜਾਂਦਾ ਤੇ ਚਿੜੀ ਆ ਜਾਂਦੀ। ਆਲ੍ਹਣੇ 'ਚ ਚਿੜੀ ਨੇ ਆਂਡੇ ਦੇਣੇ ਸਨ ਤੇ ਆਂਡਿਆਂ 'ਚੋਂ ਬੋਟ ਨਿਕਲਣੇ ਸਨ। ਚੀਂ-ਚੀਂ ਕਰਦੇ ਬੋਟਾਂ ਨੇ ਵੱਡੇ ਹੋ ਕੇ ਉੱਥੋਂ ਉੱਡ ਜਾਣਾ ਸੀ। ਚਿੜਾ ਤੇ ਚਿੜੀ ਨੂੰ ਖੁਸ਼ੀ ਹੋਣੀ ਸੀ।

ਦਲਬੀਰ ਸਭ ਕੁਝ ਟਿਕ-ਟਿਕੀ ਲਾ ਕੇ ਵੇਖ ਰਿਹਾ ਸੀ।

ਦਲਬੀਰ ਚਿੜਾ-ਚਿੜੀ ਦੀ ਆਲ੍ਹਣਾ ਬਣਾਉਣ ਦੀ ਜ਼ਿੱਦ 'ਤੇ ਹੈਰਾਨ ਹੋ ਰਿਹਾ ਸੀ। ਉਹ ਆਲ੍ਹਣਾ ਬਣਾਉਣ ਵਿੱਚ ਜੁਟ ਰਹੇ। ਆਲ੍ਹਣਾ ਆਖ਼ਿਰ ਬਣ ਹੀ ਗਿਆ।

ਦਲਬੀਰ ਨੂੰ ਖਿਆਲ ਆਇਆ ਕਿ ਮੈਂ ਵੀ ਸਫ਼ਲ ਹੋ ਸਕਦਾ ਹਾਂ। ਦਿਲ ਢਾਹੁਣ ਨਾਲ ਤਾਂ ਕੁਝ ਨਹੀਂ ਸੌਰਨਾ।

ਕਿਉਂ ਨਾ ਮਨ ਲਾ ਕੇ ਮੁੜ ਪੜ੍ਹਾਈ ਸ਼ੁਰੂ ਕਰ ਦਿਆਂ। ਜੇ ਇਹ ਪੰਛੀ ਆਲ੍ਹਣਾ ਬਣਾਉਣ ਵਿੱਚ ਸਫ਼ਲ ਹੋ ਸਕਦੇ ਹਨ ਤਾਂ ਮੈਂ ਕਿਉਂ ਨਹੀਂ ਪਾਸ ਹੋ ਸਕਦਾ। ਮੈਨੂੰ ਮੁੜ ਮਿਹਨਤ ਅਰੰਭ ਕਰ ਦੇਣੀ ਚਾਹੀਦੀ ਹੈ। ਹਾਰ ਨੂੰ ਸਫ਼ਲਤਾ ਵਿੱਚ ਬਦਲਿਆ ਜਾ ਸਕਦਾ।

ਦਲਬੀਰ ਨੇ ਸਕੂਲ ਜਾਣ ਦਾ ਮਨ ਪੱਕਾ ਬਣਾ ਲਿਆ। ਉਸ ਨੂੰ ਆਪਣੇ ਮਿੱਤਰ ਦਾ ਆਖਿਆ ਵੀ ਚੰਗਾ ਲੱਗਣ ਲੱਗਾ। ਉਸ ਨੇ ਮਾਪਿਆਂ ਦੀ ਸਿੱਖਿਆ ਦੀ ਕਦਰ ਕਰਨੀ ਜ਼ਰੂਰੀ ਸਮਝੀ।

ਹੁਣ ਦਲਬੀਰ ਦੇ ਚਿਹਰੇ ਉੱਤੇ ਉਦਾਸੀ ਦੀ ਥਾਂ ਖ਼ੁਸ਼ੀ ਦੀ ਚਮਕ ਸੀ। ਉਸ ਦੇ ਪੈਰ ਸਕੂਲ ਪੁੱਜਣ ਲਈ ਕਾਹਲੇ ਪੈ ਰਹੇ ਸਨ।

ਅਗਲੇ ਦਿਨ ਦਲਬੀਰ ਤਿਆਰ ਹੋ ਕੇ ਸਕੂਲ ਨੂੰ ਤੁਰ ਪਿਆ।

ਹੁਣ ਉਸ ਦੇ ਮਾਪੇ ਵੀ ਖ਼ੁਸ਼ ਹੋ ਰਹੇ ਸਨ।

## ਮਾਂ ਦੀ ਸਿੱਖਿਆ

*—ਮਨਮੋਹਨ ਸਿੰਘ ਦਾਊਂ*

ਆਥਣ ਵੇਲਾ ਸੀ। ਕੁਝ ਬੱਚੇ ਸ਼ਹਿਰ ਦੇ ਚੌਕ ਨੇੜੇ ਖੇਡ ਰਹੇ ਸਨ। ਸੂਰਜ ਦੀਆਂ ਸੁਨਹਿਰੀ ਕਿਰਨਾਂ ਬੱਚਿਆਂ ਦੇ ਚਿਹਰਿਆਂ 'ਤੇ ਪੈ ਰਹੀਆਂ ਸਨ। ਬੱਚੇ ਖ਼ੁਸ਼ੀ 'ਚ ਮਸਤ ਹੋਏ ਖੇਡ ਦਾ ਅਨੰਦ ਮਾਣ ਰਹੇ ਸਨ। ਸਾਰਿਆਂ ਦਾ ਧਿਆਨ ਖੇਡ ਵਿੱਚ ਸੀ। ਖੇਡ ਕਿਸ ਨੂੰ ਚੰਗੀ ਨਹੀਂ ਲੱਗਦੀ। ਵਾਹਵਾ, ਸ਼ੋਰ ਮੱਚ ਰਿਹਾ ਸੀ।

ਅਚਾਨਕ, ਉਹਨਾਂ ਬੱਚਿਆਂ ਕੋਲੋਂ ਇੱਕ ਬੁੱਢਾ ਉੱਥੋਂ ਲੰਘਿਆ ਜਾ ਰਿਹਾ ਸੀ। ਬੁੱਢਾ ਇੱਕ ਲੱਤ ਤੋਂ ਲੰਗੜਾ ਸੀ। ਉਹ ਬਹੁਤ ਹੌਲੀ-ਹੌਲੀ ਕਦਮ ਪੁੱਟ ਰਿਹਾ ਸੀ। ਨਿਗਾਹ ਕਮਜ਼ੋਰ ਹੋਣ ਕਾਰਨ ਉਸ ਨੇ ਐਨਕ ਲਾਈ ਹੋਈ ਸੀ। ਸਿਰ 'ਤੇ ਕਾਲੀ ਟੋਪੀ ਪਹਿਨੀ ਹੋਈ ਸੀ। ਉਸ ਦੇ ਕੋਟ ਦੀਆਂ ਜੇਬਾਂ ਵੱਡੀਆਂ-ਵੱਡੀਆਂ ਸਨ। ਉਸ ਨੇ ਇੱਕ ਹੱਥ ਵਿੱਚ ਖੂੰਡੀ ਫੜੀ ਹੋਈ ਸੀ।

ਸ਼ਾਮ ਹੋਣ ਕਾਰਨ, ਨਿੰਮ੍ਹਾ-ਨਿੰਮ੍ਹਾ ਨੇਰ੍ਹਾ ਹੋ ਰਿਹਾ ਸੀ। ਟੋਪੀ ਵਾਲਾ ਉਹ ਬੁੱਢਾ ਤੁਰਦਾ-ਤੁਰਦਾ ਰਸਤੇ 'ਚ ਇੱਕ ਪੱਥਰ ਨਾਲ ਠੇਡਾ ਲੱਗਣ ਕਾਰਨ ਡਿੱਗ ਪਿਆ।

ਡਿਗਦੇ ਹੀ ਉਸ ਦੇ ਮੂੰਹੋਂ ਹਾ...ਏ ਸ਼ਬਦ ਨਿਕਲਿਆ। ਉਸ ਨੂੰ ਵੇਖ ਕੇ ਬੱਚੇ ਹੱਸਣ ਲੱਗ ਪਏ ਜਿਵੇਂ ਉਸ ਦਾ ਮਜ਼ਾਕ ਉਡਾਣਾ ਚਾਹੁੰਦੇ ਹੋਣ। "ਹੀ...ਹੀ।"

ਬੁੱਢੇ ਦੀ ਟੋਪੀ ਸਿਰ ਤੋਂ ਲੱਥ ਗਈ। ਹੱਥੋਂ ਖੂੰਡੀ ਛੁਟਕ ਗਈ। ਐਨਕ ਨੂੰ ਡਿੱਗਣ ਤੋਂ ਉਸ ਨੇ ਮਸਾਂ ਹੀ ਬਚਾਇਆ। ਉਸ ਦੇ ਕੱਪੜੇ ਮਿੱਟੀ ਨਾਲ ਲਿੱਬੜ ਗਏ। ਬੁੱਢਾ ਬੇਬਸ ਹੋਇਆ, ਉੱਠਣ ਦਾ ਯਤਨ ਕਰ ਰਿਹਾ ਸੀ।

ਝੱਟ ਉਹਨਾਂ ਬੱਚਿਆਂ 'ਚੋਂ ਇੱਕ ਬੱਚਾ ਆਪਣੀ ਖੇਡ ਛੱਡ ਕੇ, ਉਸ ਬੁੱਢੇ ਕੋਲ ਭੱਜਿਆ ਆਇਆ। ਉਸ ਨੇ ਬੁੱਢੇ ਦੀ ਡਿੱਗੀ ਪਈ ਟੋਪੀ ਝਾੜ ਕੇ ਸਿਰ 'ਤੇ ਦਿੱਤੀ। ਖੂੰਡੀ ਚੁੱਕੀ ਤੇ ਡਿੱਗੇ ਪਏ ਬੁੱਢੇ ਨੂੰ ਬਾਹੋਂ ਉਠਾਇਆ। ਉਸ ਦੇ ਕਪੜਿਆਂ ਤੋਂ ਮਿੱਟੀ ਝਾੜੀ। ਬੁੱਢੇ ਨੂੰ ਖੂੰਡੀ ਫੜਾ ਕੇ ਮੁੜ ਤੁਰਨ ਲਈ ਰਸਤਾ ਦੱਸਣ ਲੱਗਾ। ਬਾਕੀ ਬੱਚੇ ਆਪਣੀ ਖੇਡ ਵਿੱਚ ਮਸਤ ਰਹੇ।

ਬੁੱਢੇ ਦੇ ਚਿਹਰੇ ਉੱਤੇ ਇੱਕ ਖੁਸ਼ੀ ਲਹਿਰੀ। ਉਸ ਨੇ ਆਪਣੀ ਐਨਕ ਸੁਆਰਦਿਆਂ, ਉਸ ਮੁੰਡੇ ਨੂੰ ਬੜੀ ਨੀਝ ਨਾਲ ਤੱਕਿਆ। ਬੁੱਢਾ ਮੁੰਡੇ ਨੂੰ ਅਸੀਸਾਂ ਦੇਣ ਲੱਗਾ।

"ਪੁੱਤਰ ਜਿਊਂਦਾ ਰਹਿ। ਤੇਰਾ ਭਲਾ ਹੋਵੇ। ਤੂੰ ਵੱਡਾ ਬਣੇ।"

ਬੁੱਢਾ ਸੰਭਲ ਗਿਆ। ਉਸ ਨੇ ਮੁੰਡੇ ਦਾ ਨਾਂ ਅਤੇ ਅਤਾ-ਪਤਾ ਪੁੱਛਿਆ ਤੇ ਆਪਣੀ ਜੇਬ 'ਚੋਂ ਨੋਟ-ਬੁੱਕ ਕੱਢ ਕੇ ਲਿਖ ਲਿਆ। ਸ਼ਾਬਾਸ਼ ਦੇ ਕੇ ਬੁੱਢਾ ਅੱਗੇ ਤੁਰ ਪਿਆ। ਬੁੱਢੇ ਨੂੰ ਤੋਰ ਕੇ, ਉਹ ਮੁੰਡਾ ਆਪਣੇ ਸਾਥੀਆਂ ਨਾਲ ਮੁੜ ਖੇਡਣ ਲੱਗ ਪਿਆ।

ਕਾਫ਼ੀ ਦਿਨ ਲੰਘ ਗਏ। ਇੱਕ ਦਿਨ ਉਸ ਮੁੰਡੇ ਨੂੰ ਇੱਕ ਮਨੀਆਰਡਰ ਆਇਆ। ਮਨੀਆਰਡਰ ਰਾਹੀਂ ਕੁਝ ਰਕਮ ਘੱਲੀ ਗਈ ਸੀ। ਇਹ ਰਕਮ ਉਸ ਟੋਪੀ ਵਾਲੇ ਬੁੱਢੇ ਵੱਲੋਂ ਭੇਜੀ ਗਈ ਸੀ। ਮਨੀਆਰਡਰ ਉੱਤੇ ਇੱਕ ਸੰਦੇਸ਼ ਵੀ ਲਿਖਿਆ ਹੋਇਆ ਸੀ। ਜਿਸ ਵਿੱਚ ਬੁੱਢੇ ਨੇ ਮੁੰਡੇ ਵੱਲੋਂ ਉਸ ਦਿਨ ਕੀਤੀ ਮਦਦ ਦਾ ਜ਼ਿਕਰ ਕੀਤਾ ਹੋਇਆ ਸੀ। ਬੁੱਢੇ ਨੇ ਉਹ ਰਕਮ ਮੁੰਡੇ ਨੂੰ ਇਨਾਮ ਵੱਲੋਂ ਭੇਜੀ ਸੀ। ਮੁੰਡੇ ਦੀ ਮਾਂ ਬਹੁਤ ਹੈਰਾਨ ਹੋਈ ਅਤੇ ਪ੍ਰਸੰਨ ਹੋਈ। ਮੁੰਡੇ ਨੇ ਡਾਕੀਏ ਤੋਂ ਰਕਮ ਪ੍ਰਾਪਤ ਕੀਤੀ ਅਤੇ ਬੁੱਢੇ ਨੂੰ ਧੰਨਵਾਦ ਦੇ ਸ਼ਬਦ ਮਨੀਆਰਡਰ 'ਤੇ ਲਿਖ ਦਿੱਤੇ।

ਮੁੰਡੇ ਨੇ ਆਪਣੀ ਮਾਤਾ ਨੂੰ ਉਸ ਦਿਨ ਵਾਲੀ ਸਾਰੀ ਘਟਨਾ ਸੁਣਾਈ। ਮਾਂ ਘਟਨਾ ਸੁਣ ਕੇ ਬਹੁਤ ਖੁਸ਼ ਹੋਈ।

ਉਹ ਮੁੰਡਾ ਵਿਧਵਾ ਮਾਂ ਦਾ ਇੱਕੋ-ਇੱਕ ਪੁੱਤਰ ਸੀ। ਉਸ ਦਾ ਪਿਤਾ ਇੱਕ ਬਿਮਾਰੀ ਕਾਰਨ ਗੁਜ਼ਰ ਗਿਆ ਸੀ। ਮਾਂ ਨੂੰ ਬਹੁਤ ਦੁੱਖ ਸਹਿਣੇ ਪਏ। ਉਹ ਔਖੀ-ਸੌਖੀ ਆਪਣੇ ਲੜਕੇ ਨੂੰ ਪੜ੍ਹਾਉਣ ਦਾ ਜਤਨ ਕਰ ਰਹੀ ਸੀ। ਉਹ ਆਪਣੇ ਪੁੱਤਰ ਨੂੰ ਨੇਕ ਕੰਮ ਕਰਨ ਦੀ ਸਿੱਖਿਆ ਦੇਂਦੀ ਰਹਿੰਦੀ। ਨੇਕੀ ਦਾ ਫਲ ਮਿੱਠਾ ਹੁੰਦਾ ਹੈ, ਬਾਰੇ ਕਹਾਣੀਆਂ ਸੁਣਾਉਂਦੀ ਰਹਿੰਦੀ।

ਪੁੱਤਰ ਦੀ ਨੇਕੀ ਸੁਣ ਕੇ, ਮਾਂ ਗਦ-ਗਦ ਹੋ ਰਹੀ ਸੀ। ਉਸ ਨੇ ਪੁੱਤਰ ਨੂੰ ਗਲਵਕੜੀ ਪਾ ਕੇ ਪਿਆਰ ਕੀਤਾ।

"ਪੁੱਤਰ, ਤੂੰ ਮੇਰੀ ਸਿੱਖਿਆ 'ਤੇ ਇੰਝ ਹੀ ਅਮਲ ਕਰਦਾ ਰਹੀਂ। ਨੇਕੀ ਖੱਟੀਂ ਤੇ ਆਪਣੇ ਪਿਉ ਦਾ ਨਾਂ ਰੌਸ਼ਨ ਕਰੀਂ।" ਮਾਂ ਦੇ ਬੋਲ ਸਨ।

ਆਂਢ-ਗੁਆਂਢ 'ਚ ਮੁੰਡੇ ਦੇ ਇਨਾਮ ਬਾਰੇ ਗੱਲਾਂ ਹੋਣ ਲੱਗੀਆਂ। ਉਸ ਦਾ ਆਦਰ ਵਧਣ ਲੱਗਾ। ਸਾਰੇ ਉਸ ਦਾ ਮਾਣ ਕਰਨ ਲੱਗੇ। ਉਹ ਆਪਣੀ ਪੜ੍ਹਾਈ ਵਿੱਚ ਹੋਰ ਸਖ਼ਤ ਮਿਹਨਤ ਕਰਨ ਲੱਗਾ। ਉਸ ਦੇ ਕੰਨਾਂ ਵਿੱਚ ਬੁੱਢੇ ਦੇ ਸ਼ਬਦ ਗੂੰਜਦੇ ਰਹਿੰਦੇ। "ਤੂੰ ਵੱਡਾ ਬਣੇ।"

ਮੁੰਡਾ ਮਿਹਨਤ ਕਰਦਾ ਰਿਹਾ। ਆਖ਼ਿਰ, ਪੜ੍ਹਾਈ ਸਦਕਾ ਉਸ ਨੇ ਉੱਚ ਪਦਵੀ ਹਾਸਲ ਕੀਤੀ ਤੇ ਇੱਕ ਉੱਘਾ ਵਿਅਕਤੀ ਬਣਿਆ।

## ਜਨਮ ਦਿਨ

*—ਬਲਜਿੰਦਰ ਮਾਨ*

ਤਨਵੀਰ ਪੰਜਵੀਂ ਸ਼੍ਰੇਣੀ ਵਿਚ ਪੜ੍ਹਦਾ ਸੀ। ਉਹ ਆਪਣੇ ਪਾਪਾ ਜੀ ਨਾਲ ਕਈ ਦਿਨਾਂ ਤੋਂ ਆਪਣੇ ਜਨਮ ਦਿਨ ਦੀਆਂ ਗੱਲਾਂ ਕਰ ਰਿਹਾ ਸੀ। ਪਾਪਾ ਜੀ ਤੁਸੀਂ ਮੈਨੂੰ ਜਨਮ ਦਿਨ ਤੇ ਕੀ ਲੈ ਕੇ ਦਿਓਗੇ। ਕਿਹੜੇ ਦੋਸਤਾਂ ਨੂੰ ਬੁਲਾਉਗੇ। ਉਹਨਾਂ ਨੂੰ ਕੀ ਖੁਆਓਗੇ। ਮੰਮੀ ਜੀ ਕਹਿੰਦੇ ਨੇ ਤੇਰੀਆਂ ਭੂਆ ਵੀ ਆਣਗੀਆਂ। ਫੁੱਫੜ ਵੀ ਆਣਗੇ... ਬੰਟੀ ਵੀ ਆਵੇਗਾ। ਸਾਬੀ ਤੇ ਪ੍ਰਿੰਸ ਵੀ ਆਣਗੇ। ਮੇਰਾ ਭਾਅ ਜੀ... ਨਵੀਂ ਵੀ ਆਵੇਗਾ। ਪਾਪਾ ਜੀ ਹੋਰ ਕੌਣ ਆਣਗੇ ?

ਬੇਟੇ, ਤੇਰੇ ਜਨਮ ਦਿਨ ਤੇ ਸਾਰੇ ਸਾਕ ਸੰਬੰਧੀ ਵੀ ਆਣਗੇ ਤੇ ਮਿੱਤਰ ਵੀ ਆਣਗੇ। ਪਰ ਤੂੰ ਕੀ ਕਰੇਂਗਾ ?

ਪਾਪਾ ਜੀ ਮੈਂ ਕੇਕ ਕੱਟਾਂਗਾ ?

ਬੱਸ ਤੂੰ ਸਿਰਫ ਕੇਕ ਹੀ ਕੱਟੇਂਗਾ, ਹੋਰ ਕੁਝ ਨਹੀਂ ਕਰੇਂਗਾ। ਇਹ ਸੁਣਕੇ ਤਨਵੀਰ ਹੈਰਾਨ ਹੋ ਗਿਆ। ਕੁਝ ਸਮੇਂ ਬਾਅਦ ਉਹ ਬੋਲਿਆ, "ਹਾਂ ਪਾਪਾ ਜੀ ਮੈਂ ਕੇਕ ਸਾਰਿਆਂ ਨੂੰ ਵੰਡਾਗਾ ਵੀ।"

ਹਾਂ ਫਿਰ ਕੀ ਹੋਵੇਗਾ। ਉਸਦੇ ਪਾਪਾ ਨੇ ਅਗਲਾ ਸਵਾਲ ਕਰ ਦਿੱਤਾ। "ਫਿਰ ਉਹ ਸਾਰੇ ਖਾਣਗੇ ਤੇ ਖੁਸ਼ੀ ਮਨਾਉਣਗੇ। ਇੰਜ ਮੰਨੇਗਾ ਮੇਰਾ ਜਨਮ ਦਿਨ।"

ਤਨਵੀਰ ਇਹ ਗੱਲ ਕਰਦਾ ਖ਼ੁਸ਼ੀ ਮਨਾ ਰਿਹਾ ਸੀ। ਪਰ ਤਨਵੀਰ ਦੇ ਪਾਪਾ ਗੰਭੀਰ ਹੋ ਕੇ ਕੁੱਝ ਸੋਚ ਰਹੇ ਸਨ ਤਾਂ ਤਨਵੀਰ ਫੇਰ ਬੋਲਿਆ, ਪਾਪਾ ਜੀ ਤੁਸੀਂ ਖੁਸ਼ ਕਿਉਂ ਨਹੀਂ ਹੋ, ਤੇ ਨਾ ਹੀ ਕੁਝ ਦੱਸਦੇ ਹੋ ਕਿ ਮੇਰੇ ਜਨਮ ਦਿਨ ਤੇ ਕੀ ਕੀ ਹੋਵੇਗਾ।

"ਬੇਟਾ ਹੁਣ ਤੈਂ ਸਾਰੀਆਂ ਗੱਲਾਂ ਖੁਦ ਹੀ ਦੱਸ ਦਿੱਤੀਆਂ ਹਨ। ਮੈਂ ਹੋਰ ਕੀ ਦੱਸਾਂ। ਤੂੰ ਕੇਕ ਵੀ ਕੱਟ ਲਿਆ ਅਤੇ ਖਾ ਵੀ ਲਿਆ ਅਤੇ ਖਾ ਕੇ ਨੱਚ ਵੀ ਲਿਆ। ਤੇਰੇ ਮਿੱਤਰਾਂ ਨੇ ਤੈਨੂੰ ਹੈਪੀ ਬਰਥਡੇ ਵੀ ਆਖ ਦਿੱਤਾ। ਤਾੜੀਆਂ ਵੀ ਖੂਬ ਵੱਜ ਗਈਆਂ ਨੇ। ਹੁਣ ਤੂੰ ਹੀ ਦੱਸ ਬਾਕੀ ਕੀ ਰਹਿ ਗਿਆ।"

ਪਿਤਾ ਜੀ ਕੁਝ ਨਾ ਕੁਝ ਤਾਂ ਜਰੂਰ ਬਾਕੀ ਹੈ ਜਿਸ ਬਾਰੇ ਤੁਸੀਂ ਸੋਚ ਰਹੇ ਹੋ।

ਚੱਲ ਛੱਡ ਬੇਟੇ ਆਪਾਂ ਕੋਈ ਹੋਰ ਕੰਮ ਕਰੀਏ। ਜਿਸ ਦਿਨ ਜਨਮ ਦਿਨ ਆਵੇਗਾ ਸਭ ਕੁਝ ਹੋ ਜਾਵੇਗਾ। ਇਹ ਗੱਲ ਸੁਣਕੇ ਵੀ ਤਨਵੀਰ ਦੀ ਤਸੱਲੀ ਨਹੀਂ ਸੀ ਹੋਈ। ਹੁਣ ਉਹ ਆਪਣੀ ਮੰਮੀ ਪਾਸ ਜਾ ਕੇ ਉਹੀ ਗੱਲਾਂ ਫਿਰ ਕਰਨ ਲੱਗ ਪਿਆ।

ਆ ਸੁਣਦੇ ਓ ਜੀ... ਤੁਹਾਡਾ ਲਾਡਲਾ ਕੀ ਆਖਦੈ। ਕਹਿੰਦਾ ਬੈਂਡ ਵੀ ਬੁਲਾਉਣਾ ਤੇ ਭੰਗੜੇ ਵਾਲਾ ਢੋਲ ਵੀ। ਫਿਰ ਪਤਾ ਲੱਗੂ ਕਿ ਤਨਵੀਰ ਦਾ ਜਨਮ ਦਿਨ ਮੰਨ ਰਿਹੈ।

"ਹਾਂ ਠੀਕ ਹੈ।"

ਉਸਦੇ ਪਾਪਾ ਸੰਖੇਪ ਜਿਹਾ ਉੱਤਰ ਦਿੰਦੇ ਹੋਏ ਫਿਰ ਆਪਣੇ ਕੰਮ ਵਿਚ ਰੁੱਝ ਗਏ। ਘਰ ਵਿਚ ਉਸਦੇ ਜਨਮ ਦਿਨ ਦੀਆਂ ਤਿਆਰੀਆਂ ਦਾ ਆਰੰਭ ਹੋ ਚੁੱਕਾ ਸੀ। ਜਿਵੇਂ ਤਨਵੀਰ ਦੀ ਇੱਛਾ ਸੀ ਉਸੇ ਤਰ੍ਹਾਂ ਕੀਤਾ ਜਾ ਰਿਹਾ ਸੀ। ਪਟਾਖਿਆਂ, ਬੈਂਡ, ਢੋਲ ਅਤੇ ਭੰਗੜਾ ਪਾਰਟੀ ਦਾ ਪ੍ਰਬੰਧ ਵੀ ਹੋ ਗਿਆ ਸੀ। ਸਾਰੇ ਪਾਸੇ ਖੁਸ਼ੀ ਦਾ ਆਲਮ ਸੀ। ਤਨਵੀਰ ਆਪਣੇ ਮਿੱਤਰਾਂ ਨੂੰ ਸਾਰੀਆਂ ਗੱਲਾਂ ਬੜੇ ਚਾਅ ਨਾਲ ਸੁਣਾ ਰਿਹਾ ਸੀ। ਜਨਮ ਦਿਨ ਦੀ ਮੰਮੀ ਅਤੇ ਪਾਪਾ ਨੇ ਵੀ ਛੁੱਟੀ ਕਰਨੀ ਸੀ। ਪਾਪਾ ਨੇ ਤਨਵੀਰ ਨੂੰ ਸਵੇਰੇ ਜਲਦੀ ਤਿਆਰ ਹੋਣ ਲਈ ਕਿਹਾ ਤਾਂ ਉਹ ਹੋਰ ਵੀ ਖੁਸ਼ ਹੋ ਗਿਆ। ਉਹ ਸੋਚ ਰਿਹਾ ਸੀ ਕਿ ਪਾਪਾ ਜਨਮ ਦਿਨ ਦੀ ਖੁਸ਼ੀ ਲਈ ਤਿਆਰੀਆਂ ਕਰਵਾ ਰਹੇ ਨੇ। ਪਰ ਉਹ ਇਹ ਦੇਖ ਕੇ ਹੈਰਾਨ ਹੋ ਗਿਆ ਕਿ ਜਦੋਂ ਉਸਦੇ ਪਾਪਾ ਉਸਨੂੰ ਲੈ ਕੇ ਘਰੋਂ ਬਾਹਰ ਚਲੇ ਗਏ।

ਤਨਵੀਰ ਆਪਣੇ ਪਾਪਾ ਨਾਲ ਥੋੜ੍ਹੀ ਹੀ ਦੂਰ ਗਿਆ ਸੀ ਜਦੋਂ ਉਸਦੇ ਪਾਪਾ ਨੇ ਸਕੂਟਰ ਇਕ ਸਕੂਲ ਵੱਲ ਨੂੰ ਮੋੜ ਲਿਆ। ਤਨਵੀਰ ਨੂੰ ਪਤਾ ਸੀ ਕਿ ਇਹ ਇਕ ਗਰੀਬ ਬਸਤੀ ਦਾ ਸਕੂਲ ਹੈ। ਪਰ ਉਸਨੂੰ ਉੱਥੇ ਜਾਣ ਦੇ ਉਦੇਸ਼ ਦਾ ਅਜੇ ਤੱਕ ਕੋਈ ਗਿਆਨ ਨਹੀਂ ਸੀ।

ਸਕੂਲ ਵਿਚ ਪਹੁੰਚਦਿਆਂ ਹੀ ਤਨਵੀਰ ਨੇ ਕੁਝ ਬੱਚੇ ਠੰਡ ਨਾਲ ਕੰਬਦੇ ਵੇਖੇ। ਤਨਵੀਰ ਹੈਰਾਨ ਹੁੰਦਾ ਬੋਲਿਆ, "ਪਾਪਾ ਜੀ ਇਹਨਾਂ ਦੀਆਂ ਕੋਟੀਆਂ ਕਿੱਥੇ ਨੇ ?"

"ਬੇਟੇ ਇਹ ਗਰੀਬ ਕੋਟੀਆਂ ਖਰੀਦਣ ਦੇ ਯੋਗ ਨਹੀਂ ਹਨ। ਇਸ ਲਈ ਇੰਜ ਹੀ ਗੁਜ਼ਾਰਾ ਕਰਦੇ ਹਨ।"

ਪਰ ਪਾਪਾ ਜੀ ਸਾਨੂੰ ਇਹਨਾਂ ਨੂੰ ਕੋਟੀਆਂ ਅਤੇ ਬੂਟ ਲੈ ਕੇ ਦੇਣੇ ਚਾਹੀਦੇ ਹਨ। ਤਨਵੀਰ ਨੇ ਆਪਣੇ ਦਿਲ ਦੀ ਗੱਲ ਆਖੀ।

"ਹਾਂ ਬੇਟੇ ਜ਼ਰੂਰ ਦੇਣੇ ਚਾਹੀਦੇ ਨੇ। ਪਰ ਬੇਟੇ ਨੂੰ ਤਾਂ ਜਨਮ ਦਿਨ ਦੇ ਜਸ਼ਨ ਤੇ ਇੰਨਾ ਖਰਚ ਕਰਵਾਉਂਦਾ। ਫਿਰ ਇਹਨਾਂ ਵਿਚਾਰਿਆਂ ਨੂੰ ਕੀ ਮਿਲੇਗਾ।"

ਇੰਨੇ ਨੂੰ ਸਕੂਲ ਦੇ ਮੁਖੀ ਉਹ ਕੋਟੀਆਂ ਲੈ ਆਏ ਜਿਹੜੀਆਂ ਤਨਵੀਰ ਦੇ ਪਾਪਾ ਨੇ ਉਸਦੇ ਜਨਮ ਦਿਨ ਤੇ ਬੱਚਿਆਂ ਨੂੰ ਵੰਡਣੀਆਂ ਸਨ। ਜਦੋਂ ਤਨਵੀਰ ਨੰਨੇ, ਮੁੰਨਿਆਂ ਨੂੰ ਕੋਟੀਆਂ ਤੇ ਬਿਸਕੁਟਾਂ ਦੇ ਪੈਕਟ ਵੰਡ ਰਿਹਾ ਸੀ ਤਾਂ ਉਸਦਾ ਮਨ ਉਹਨਾਂ ਦੇ ਚਿਹਰੇ ਪੜ੍ਹ ਕੇ ਆਪਣੇ ਪਾਪਾ ਵਾਂਗ ਹੀ ਗੰਭੀਰ ਹੋ ਗਿਆ। ਜਦੋਂ ਉਹ ਵਾਪਸ ਮੁੜਨ ਲੱਗੇ ਤਾਂ ਤਨਵੀਰ ਨੇ ਕਿਹਾ, "ਪਾਪਾ ਜੀ ਮੈਂ ਆਪਣੇ ਦੋਸਤਾਂ ਨੂੰ ਵੀ ਅਜਿਹਾ ਕਰਨ ਲਈ ਕਹਾਂਗਾ। ਅੱਗੇ ਤੋਂ ਸਿਰਫ ਕੇਕ ਹੀ ਕੱਟਾਂਗਾ ਅਤੇ ਦਿਖਾਵਾ ਨਹੀਂ ਕਰਾਂਗਾ। ਜਨਮ ਦਿਨ ਵਾਲੇ ਖਰਚ ਦੇ ਸਾਰੇ ਪੈਸੇ ਇਹਨਾਂ ਲੋੜਵੰਦ ਬੱਚਿਆਂ ਲਈ ਖਰਚਿਆ ਕਰਾਂਗਾ।"

## ਹਰਵੀਰ ਦੀ ਦੁਨੀਆ

*—ਬਲਜਿੰਦਰ ਮਾਨ*

ਨਿੱਕਾ ਜਿਹਾ ਹਰਵੀਰ ਜਦੋਂ ਸਵੇਰੇ ਉੱਠਦਾ ਹੈ ਤਾਂ ਆਪਣੀ ਮੰਮੀ ਨੂੰ ਝੱਟ ਬਾਹਰ ਜਾਣ ਲਈ ਆਖਦਾ ਹੈ। ਉਸ ਕੋਲ ਅੰਤਾਂ ਦੇ ਖਿਡਾਉਣੇ ਹਨ। ਉਸਦਾ ਮਨ ਬਹੁਤ ਥੋੜ੍ਹਾ ਸਮਾਂ ਹੀ ਉਹਨਾਂ ਨਾਲ ਪਰਚਦਾ ਹੈ। ਉਸਦੀ ਇਹੀ ਇੱਛਾ ਰਹਿੰਦੀ ਹੈ ਕਿ ਘਰੋਂ ਬਾਹਰ ਜਾਂ ਘਰ ਦੇ ਵਿਹੜੇ ਵਿਚ ਖੇਡਿਆ ਜਾਵੇ।

ਉਸਦਾ ਵੱਡਾ ਵੀਰ ਤਨਵੀਰ ਉਸਦਾ ਮਨ ਖੁਸ਼ ਕਰਨ ਲਈ ਉਸ ਅੱਗੇ ਕਦੀ ਟਪੂਸੀਆਂ ਮਾਰਦਾ ਹੈ ਤੇ ਕਦੀ ਘੋੜਾ ਬਣਕੇ ਉਸਨੂੰ ਆਪਣੀ ਪਿੱਠ ਉੱਪਰ ਬੈਠਾ ਲੈਂਦਾ ਹੈ। ਹਰਵੀਰ ਵੀ ਉਸਦੇ ਕੰਨ ਫੜ ਕੇ ਇੰਜ ਖਿੱਚਦਾ ਹੈ ਜਿਵੇਂ ਕੋਈ ਘੋੜੇ ਦੀ ਲਗਾਮ ਖਿੱਚ ਰਿਹਾ ਹੋਵੇ। ਵਾਲਾਂ ਤੋਂ ਵੀ ਫੜ ਲੈਂਦਾ ਹੈ। ਲੱਤਾਂ ਮਾਰਦਾ ਹੋਇਆ ਉਸਨੂੰ ਤੇਜ਼ ਤੁਰਨ ਦੀ ਹਦਾਇਤ ਕਰਦਾ ਹੈ। ਜਦੋਂ ਸਾਰਾ ਪਰਿਵਾਰ ਉਸਦੀ ਟਹਿਲ ਸੇਵਾ ਵਿਚ ਹੁੰਦਾ ਹੈ ਤਾਂ ਇਹ ਮਰਜ਼ੀ ਨਾਲ ਕਿਸੇ ਕੋਲ ਜਾਂਦਾ ਹੈ। ਦਾਦੀ ਮਾਂ ਦੀਆਂ ਲੋਰੀਆਂ ਸੁਣਕੇ ਉਸ ਨੂੰ ਨੀਂਦ ਆਉਂਦੀ ਹੈ। ਹਰ ਕਿਸੇ ਨਾਲ ਲਾਡ ਲਡਾਉਂਦਾ ਹੋਇਆ ਸਾਰਿਆਂ ਦਾ ਪ੍ਰੇਮੀ ਬਣਿਆ ਹੋਇਆ ਹੈ।

ਇਕ ਦਿਨ ਪਰਿਵਾਰ ਦੇ ਸਾਰੇ ਮੈਂਬਰ ਘਰੋਂ ਬਾਹਰ ਗਏ ਹੋਏ ਸਨ। ਮੰਮੀ ਉਸਨੂੰ ਖਿਡਾਉਣਿਆਂ ਨਾਲ ਪਰਚਾਉਣਾ ਚਾਹੁੰਦੀ ਸੀ ਅਤੇ ਆਪਣੇ ਕੰਮ ਨਿਬੇੜਨਾ ਚਾਹੁੰਦੀ ਸੀ। ਪਰ ਉਹ ਕਿਤੇ ਵੀ ਟਿਕ ਨਹੀਂ ਸੀ ਰਿਹਾ। ਟੀ.ਵੀ. ਵੇਖਣ ਵਿਚ ਵੀ

ਉਸਦਾ ਦਿਲ ਨਹੀਂ ਸੀ ਲਗਦਾ। ਇੰਨੇ ਨੂੰ ਉਸਦੀ ਵੱਡੀ ਭੈਣ ਪ੍ਰੀਤੀ ਅਤੇ ਨੀਤੂ ਆਈਆਂ ਤਾਂ ਉਹ ਉਹਨਾਂ ਦੇ ਗਲ ਨਾਲ ਚਿੰਬੜਿਆ। ਉਹ ਦੋਵੇਂ ਜਾਣੀਆਂ ਬਾਹਰ ਵਿਹੜੇ ਵਿਚ ਉਸਨੂੰ ਨਿੰਮ ਦੇ ਦਰੱਖਤ ਹੇਠ ਲੈ ਗਈਆਂ। ਦਰੱਖਤ ਉੱਤੇ ਬੈਠੇ ਕਾਂ, ਕਬੂਤਰ ਅਤੇ ਘੁੱਗੀਆਂ ਆਪਣੀ ਮਸਤੀ ਵਿਚ ਗੀਤ ਗਾ ਰਹੀਆਂ ਸਨ। ਉਹ ਉਹਨਾਂ ਦੀ ਅਵਾਜ਼ ਸੁਣ ਕੇ ਲੁੱਡੀਆਂ ਪਾਉਣ ਲੱਗ ਪਿਆ। ਇੰਨੇ ਨੂੰ ਇਕ ਕਤੂਰਾ ਵੀ ਉੱਥੇ ਆ ਗਿਆ। ਉਹ ਉਸਦੀ ਪੂਛ ਅਤੇ ਕੰਨਾਂ ਵੱਲ ਗਹੁ ਨਾਲ ਵੇਖਦਾ। ਜਦੋਂ ਉੱਥੇ ਬਿੱਲੀ ਆਈ ਤਾਂ ਉਹ ਉਸਨੂੰ ਭੌਂਕਦਾ ਹੋਇਆ ਉਸ ਮਗਰ ਭੱਜਿਆ ਤਾਂ ਹਰਵੀਰ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ।

ਹੁਣ ਹਰਵੀਰ ਦਾ ਇਹ ਨਿਯਮ ਹੀ ਬਣ ਗਿਆ ਸੀ ਕਿ ਘਰੋਂ ਬਾਹਰ ਨਿੰਮ ਹੇਠ ਪੰਛੀਆਂ ਨਾਲ ਖੇਡਣਾ। ਉਹਨਾਂ ਦੇ ਗੀਤ ਸੁਣਨੇ। ਜਦੋਂ ਪੰਛੀ ਉਡਾਰੀਆਂ ਮਾਰਦੇ ਤਾਂ ਉਹ ਵੀ ਆਪਣੀਆਂ ਨਿੱਕੀਆਂ ਬਾਹਾਂ ਨੂੰ ਖੰਭਾਂ ਵਾਂਗ ਉਲਾਰਦਾ ਉਹਨਾਂ ਮਗਰ ਉਡਣ ਦਾ ਯਤਨ ਕਰਦਾ।

ਉਸਦੀ ਮਾਤਾ ਨੂੰ ਹੁਣ ਕਿਸੇ ਤਰ੍ਹਾਂ ਦੀ ਚਿੰਤਾ ਨਹੀਂ ਸੀ ਰਹੀ। ਉਸਦੀ ਪਰੇਸ਼ਾਨੀ ਦੂਰ ਹੋ ਗਈ ਸੀ। ਜਦੋਂ ਉਹ ਕਿਸੇ ਵੀ ਚੀਜ਼ ਨਾਲ ਨਾ ਪਰਚਦਾ ਤਾਂ ਉਸਦੀ ਚਿੰਤਾ ਵਧਦੀ ਹੀ ਜਾਂਦੀ ਸੀ। ਉਹ ਹਰਵੀਰ ਦੇ ਡੈਡੀ ਨੂੰ ਆਖਦੀ, "ਇਸਨੂੰ ਕਿਸੇ ਮਾਹਿਰ ਡਾਕਟਰ ਨੂੰ ਦਿਖਾਉ। ਇਹ ਕਿਤੇ ਨਹੀਂ ਟਿਕਦਾ। ਨਾ ਟੀ.ਵੀ. ਦੇਖਦਾ ਤੇ ਨਾ ਹੀ ਖਿਡਾਉਣਿਆਂ ਨਾਲ ਖੇਡਦਾ।" ਹਰਵੀਰ ਦੇ ਡੈਡੀ ਜਾਣਦੇ ਸਨ ਕਿ ਬੱਚੇ ਦਾ ਕੁਦਰਤ ਨਾਲ ਮੋਹ ਜ਼ਿਆਦਾ ਹੁੰਦਾ ਹੈ। ਇਸ ਲਈ ਇਸ ਨੂੰ ਜਿੰਨਾ ਕੁਦਰਤ ਦੇ ਨੇੜੇ ਰੱਖਾਂਗੇ ਉਨਾ ਹੀ ਖੁਸ਼ ਰਹੇਗਾ। ਜੇ ਖੁਸ਼ ਰਹੇਗਾ ਤਾਂ ਤੰਦਰੁਸਤੀ ਸਦਾ ਉਸ ਦੇ ਨਾਲ ਰਹੇਗੀ।

ਹੁਣ ਹਰਵੀਰ ਨੂੰ ਉਸਦੀ ਮੰਮੀ ਕਦੀ ਨਹੀਂ ਜਗਾਉਂਦੀ। ਅਸਲ ਵਿਚ ਪੰਛੀਆਂ ਦੇ ਚਹਿ ਚਹਾਉਣ ਦੀ ਅਵਾਜ਼ ਹੀ ਉਸਨੂੰ ਰੋਜ਼ਾਨਾ ਸਮੇਂ ਸਿਰ ਜਗਾ ਦਿੰਦੀ ਹੈ। ਉਸਦਾ ਕੁਦਰਤ ਦੇ ਨਾਲ ਜੁੜ ਕੇ ਰਹਿਣਾ ਮਾਪਿਆਂ ਅਤੇ ਪਰਿਵਾਰ ਲਈ ਖੁਸ਼ੀ ਦਾ ਵਸੀਲਾ ਵੀ ਬਣ ਗਿਆ ਅਤੇ ਹਰਵੀਰ ਦੀ ਚੰਗੀ ਸਿਹਤ ਦਾ ਰਾਜ਼ ਵੀ। ਉਹ ਮੰਮੀ ਕੋਲੋਂ ਦਾਣੇ ਅਤੇ ਹੋਰ ਚੋਗਾ ਲੈ ਕੇ ਪੰਛੀਆਂ ਨੂੰ ਪਾਉਂਦਾ ਤਾਂ ਉਹ ਉਸ ਦੁਆਲੇ ਝੁਰਮਟ ਪਾ ਕੇ ਦਾਣੇ ਖਾਂਦੇ ਅਤੇ ਆਪੋ ਆਪਣੀ ਆਵਾਜ਼ ਵਿਚ ਉਸਦਾ ਧੰਨਵਾਦ ਕਰਦੇ। ਕਦੀ ਕਦਾਈਂ ਉਹ ਆਖਦੇ ਕਿ ਕੁੱਤੇ ਅਤੇ ਬਿੱਲੀ ਨੂੰ ਵੀ ਰੋਟੀ ਖਵਾਓ। ਜਦੋਂ ਉਹ ਆਪਸ ਵਿਚ ਲੜਦੇ ਤਾਂ ਉਸਨੂੰ ਚਿੰਤਾ ਹੋ ਜਾਂਦੀ। ਪਰ ਜਦੋਂ ਪੰਛੀ ਸਾਰੇ ਇਕੱਠੇ ਇਕੋ ਥਾਂ ਚੋਗਾ ਚੁਗਦੇ ਤਾਂ ਉਸਦੀ ਖੁਸ਼ੀ ਲੁੱਡੀਆਂ ਵਿਚ ਬਦਲ ਜਾਂਦੀ। ਫਿਰ ਉਸਨੂੰ ਕਿਸੇ ਦੀ ਲੋੜ ਮਹਿਸੂਸ ਹੀ ਨਾ ਹੁੰਦੀ। ਤੇ ਇੰਜ ਆਖਦਾ ਪ੍ਰਤੀਤ ਹੁੰਦਾ ਕਿ ਇਹ ਹੈ ਮੇਰੀ ਦੁਨੀਆ।

# ਚੋਰੀ ਦਾ ਸਿੱਟਾ

*—ਅਮਰੀਕ ਸਿੰਘ ਤਲਵੰਡੀ*

ਬਿੱਟੂ ਆਪਣੇ ਡੈਡੀ ਦੇ ਖਹਿੜੇ ਹੀ ਪੈ ਗਿਆ ਸੀ ਕਿ ਤੁਸੀਂ ਕਿਹਾ ਸੀ ਕਿ ਕਿਸੇ ਦਿਨ 'ਚੋਰੀ ਦਾ ਸਿੱਟਾ' ਕਹਾਣੀ ਸੁਣਾਵਾਂਗਾ। ਅੱਜ ਤੁਹਾਡੇ ਕੋਲੋਂ ਜ਼ਰੂਰ ਕਹਾਣੀ ਸੁਣਨੀ ਹੈ ਕੋਈ ਬਹਾਨਾ ਨਹੀਂ ਸੁਣਨਾ। ਲੈ ਬੇਟਾ ਸੁਣ! ਆਪਣਾ ਗੁਆਂਢੀ ਤੇਰਾ ਮੁੱਖਾ ਅੰਕਲ ਤੇ ਮੈਂ ਪਹਿਲੀ ਜਮਾਤ ਵਿਚ ਇਕੱਠੇ ਪੜ੍ਹਨ ਲੱਗੇ ਸੀ। ਇਹ ਪੜ੍ਹਨ ਨੂੰ ਬਹੁਤ ਹੁਸ਼ਿਆਰ ਸੀ। ਬਹੁਤ ਹੀ ਤੇਜ਼ ਦਿਮਾਗ ਦਾ ਮਾਲਕ ਸੀ। ਬੇਟਾ ਇਹ ਤੇਜ਼ ਦਿਮਾਗ ਜਿਧਰ ਵੀ ਲੱਗ ਜਾਵੇ ਸਿਰੇ ਲਾ ਦੇਂਦਾ ਹੈ। ਇਸਨੇ ਘਰੋਂ ਕਾਪੀਆਂ ਕਿਤਾਬਾਂ ਵਾਸਤੇ ਪੈਸੇ ਲਿਆਉਣੇ ਸਾਹਮਣੇ ਲਾਲੇ ਦੀ ਦੁਕਾਨ ਤੋਂ ਕੁਝ ਨਾ ਕੁਝ ਲੈ ਕੇ ਖਾ ਲੈਣਾ। ਕਾਪੀ ਕਿਤਾਬ ਕਿਸੇ ਬੱਚੇ ਦੀ ਚੋਰੀ ਕਰ ਲੈਣੀ। ਕੁਝ ਸਮਾਂ ਤਾਂ ਇਸਦਾ ਪਤਾ ਹੀ ਨਾ ਲੱਗਾ। ਅਖੀਰ ਇਕ ਦਿਨ ਸਾਡੇ ਅਧਿਆਪਕ ਨੇ ਸਾਰੇ ਬੱਚਿਆਂ ਦੇ ਬਸਤਿਆਂ ਦੀ ਤਲਾਸ਼ੀ ਲਈ ਤਾਂ ਇਸਦੇ ਬਸਤੇ ਵਿਚੋਂ ਜਮਾਤ ਦੇ ਬੱਚਿਆਂ ਦੀਆਂ ਕਈ ਕਿਤਾਬਾਂ ਅਤੇ ਕਾਪੀਆਂ ਮਿਲ ਗਈਆਂ। ਬੱਚੇ ਇਸ ਨੂੰ ਚੋਰ ਕਹਿਣ ਲੱਗ ਪਏ। ਅਧਿਆਪਕ ਵੀ ਜਿਹੜੇ ਪਹਿਲਾਂ ਹੁਸ਼ਿਆਰ ਕਰਕੇ ਬੜਾ ਪਿਆਰ ਕਰਦੇ ਸੀ ਉਹ ਵੀ ਨਫ਼ਰਤ ਕਰਨ ਲੱਗ ਪਏ। ਇਸਦਾ ਦਿਲ ਸਕੂਲ ਵਿਚੋਂ ਉਚਾਟ ਹੋ ਗਿਆ। ਅਖੀਰ ਇਸ ਨੇ ਪੜ੍ਹਾਈ ਵਿੱਚੇ ਹੀ ਛੱਡ ਦਿੱਤੀ। ਇਸ ਦੇ ਬਾਪ ਨੇ ਇਸ ਨੂੰ ਮੱਝਾਂ ਮਗਰ ਲਾ ਦਿੱਤਾ। ਬਿੱਟੂ ਬੇਟੇ ਇਨਸਾਨ ਨੂੰ ਕੋਈ ਵੀ ਆਦਤ ਪੈ ਜਾਵੇ ਭਾਵੇਂ ਉਹ ਚੰਗੀ ਹੋਵੇ ਜਾਂ ਮਾੜੀ ਹੋਵੇ ਉਹ ਛੇਤੀ ਖਹਿੜਾ ਨਹੀਂ ਛੱਡਦੀ। ਏਸ ਕਰਕੇ ਹਮੇਸ਼ਾ ਚੰਗੀਆਂ ਆਦਤਾਂ ਹੀ ਪਾਉਣੀਆਂ ਚਾਹੀਦੀਆਂ ਹਨ। ਇਸ ਨੇ ਮੱਝਾਂ ਚਾਰਨ ਗਏ ਨੇ ਬਾਹਰੋਂ ਰੰਬੇ, ਦਾਤੀਆਂ, ਕਹੀਆਂ ਆਦਿ ਦੀ ਚੋਰੀ ਸ਼ੁਰੂ ਕਰ ਦਿੱਤੀ। ਗੱਲ ਕੀ ਅਖੀਰ ਆਪਣੇ ਨਾਲ ਹੋਰ ਵਿਗੜੇ ਮੁੰਡੇ ਜੋੜ ਲਏ। ਵੱਡੀਆਂ-ਵੱਡੀਆਂ ਚੋਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਅੰਤ ਪੁਲਿਸ ਦੇ ਅੜਿੱਕੇ ਆ ਗਿਆ। ਜਦੋਂ ਛਿੱਤਰ ਪਰੇਡ ਹੋਈ ਤਾਂ ਪਿਛਲੀਆਂ ਸਾਰੀਆਂ ਚੋਰੀਆਂ ਮੰਨ ਗਿਆ। ਕੇਸ ਚੱਲਿਆ ਤਾਂ ਇਸ ਨੂੰ ਪੰਜ ਸਾਲ ਦੀ ਸਜ਼ਾ ਹੋ ਗਈ। ਘਰ ਦਾ ਪੈਸਾ ਇਸਦੇ ਕੇਸ ਉੱਪਰ ਲੱਗ ਗਿਆ। ਗੋਡੇ-ਗੋਡੇ ਗਰੀਬੀ ਚੜ੍ਹ ਗਈ। ਬਦਨਾਮੀ ਵਾਧੂ ਦੀ ਹੋ ਗਈ। ਜਦੋਂ ਜੇਲ੍ਹ ਤੋਂ ਬਾਹਰ ਆਇਆ ਇਹਦੀ ਮਾਂ ਲੋਕਾਂ ਦੀਆਂ ਮਿੰਨਤਾਂ ਕਰੇ ਕਿ ਮੇਰੇ ਮੁੱਖੇ ਨੂੰ ਕੋਈ ਰਿਸ਼ਤਾ ਕਰਵਾ ਦੇਵੇ ਪਰ ਐਡੇ ਵਿਗੜੇ ਅਤੇ ਬਦਨਾਮ ਬੰਦੇ ਨੂੰ ਕੌਣ ਰਿਸ਼ਤਾ ਕਰਵਾਉਂਦਾ ਏ! ਹੁਣ ਮਾਂ ਬਾਪ ਮਰ ਚੁੱਕੇ ਹਨ। ਇਕੱਲਾ ਰਹਿੰਦਾ ਹੈ। ਆਪੇ ਰੋਟੀ ਤਿਆਰ ਕਰਦਾ ਹੈ। ਆਪੇ ਕੱਪੜੇ ਧੋਂਦਾ ਹੈ। ਘਰ ਵਿਚ ਸਫ਼ਾਈ ਦਾ ਮੰਦਾ ਹਾਲ ਹੈ। ਢਿੱਲਾ-ਮੱਠਾ ਹੋ ਜਾਵੇ ਕੋਈ ਦਵਾਈ ਨਹੀਂ ਦੁਆਉਂਦਾ। ਬੇਟਾ ਅਸੀਂ ਚੰਗਾ ਪੜ੍ਹ ਕੇ ਸੋਹਣੀਆਂ ਨੌਕਰੀਆਂ 'ਤੇ ਲੱਗ ਗਏ। ਸਾਡੀਆਂ ਜ਼ਿੰਦਗੀਆਂ ਸੋਹਣੀਆਂ ਬਣ

ਗਈਆਂ। ਇਹ ਆਪਦੇ ਭੈੜੇ ਲੱਛਣਾਂ ਅਤੇ ਗੰਦੀਆਂ ਆਦਤਾਂ ਨਾਲ ਨਰਕ ਵਰਗੀ ਜ਼ਿੰਦਗੀ ਜਿਉ ਰਿਹਾ ਹੈ। ਪੁੱਤਰ ਇਹ ਹੀ ਹੈ "ਚੋਰੀ ਦਾ ਸਿੱਟਾ" ਕਹਾਣੀ। ਜਿਉਂ-ਜਿਉਂ ਬਿੱਟੂ ਦਾ ਡੈਡੀ ਕਹਾਣੀ ਸੁਣਾ ਰਿਹਾ ਸੀ ਬਿੱਟੂ ਅਚੇਤ ਮਨ ਵਿਚ ਹੀ ਆਪਣੇ ਕੰਨ ਖਿੱਚੀ ਜਾ ਰਿਹਾ ਸੀ।

## ਮਿਹਨਤ ਦਾ ਫ਼ਲ

*—ਅਮਰੀਕ ਸਿੰਘ ਤਲਵੰਡੀ*

ਪਿਛਲੇ ਸਾਲ ਜਦੋਂ ਸਕੂਲ ਦਾ ਨਤੀਜਾ ਬੋਲਿਆ ਜਾਣਾ ਸੀ। ਹੁਸ਼ਿਆਰ ਬੱਚੇ ਗਰਾਊਂਡ ਦੇ ਵਿਚ ਦੜੰਗੇ ਲਾਉਂਦੇ ਫਿਰਦੇ ਸਨ। ਕਮਜ਼ੋਰ ਅਤੇ ਕਮਚੋਰ ਬੱਚੇ ਬੁਰੀ ਤਰ੍ਹਾਂ ਡਰੇ ਹੋਏ ਸਨ। ਅਧਿਆਪਕਾਂ ਨੇ ਸਾਰੇ ਬੱਚੇ ਇਕੱਠੇ ਕੀਤੇ ਅਤੇ ਮੁੱਖ ਅਧਿਆਪਕ ਨੇ ਨਤੀਜਾ ਸੁਣਾਉਣਾ ਸ਼ੁਰੂ ਕਰ ਦਿੱਤਾ। ਜਿਵੇਂ-ਜਿਵੇਂ ਨਤੀਜਾ ਬੋਲਿਆ ਜਾ ਰਿਹਾ ਸੀ ਹੁਸ਼ਿਆਰ ਬੱਚਿਆਂ ਦੇ ਚਿਹਰੇ ਗੁਲਾਬ ਦੇ ਫੁੱਲ ਵਾਂ ਖਿੜ ਰਹੇ ਸਨ। ਕਮਜ਼ੋਰ ਅਤੇ ਕੰਮਚੋਰ ਬੱਚੇ ਬੁਰੀ ਤਰ੍ਹਾਂ ਉਦਾਸ ਹੋ ਰਹੇ ਸਨ। ਨਤੀਜੇ ਤੋਂ ਬਾਅਦ ਜਦੋਂ ਮੁੱਖ ਅਧਿਆਪਕ ਨੇ ਪਾਸ ਹੋਣ ਵਾਲਿਆਂ ਨੂੰ ਵਧਾਈ ਦਿੱਤੀ, ਪਹਿਲੇ ਤਿੰਨ ਸਥਾਨਾਂ ਵਾਲਿਆਂ ਨੂੰ ਹਾਰ ਪਾ ਕੇ ਸਨਮਾਨਿਤ ਕੀਤਾ ਤਾਂ ਪੂਰਾ ਸਕੂਲ ਤਾੜੀਆਂ ਨਾਲ ਗੂੰਜ ਉੱਠਿਆ ਸੀ। ਜਦੋਂ ਮੁੱਖ-ਅਧਿਆਪਕ ਸਾਹਿਬ ਨੇ ਕਿਹਾ ਜਾਓ ਹੁਣ ਤੁਹਾਨੂੰ ਛੁੱਟੀ ਹੈ ਤਾਂ ਪਾਸ ਹੋਣ ਵਾਲੇ ਖਾਸ ਕਰਕੇ ਹੁਸ਼ਿਆਰ ਸਨਮਾਨਿਤ ਬੱਚੇ ਦੜੰਗੇ ਲਾਉਂਦੇ ਜਾ ਰਹੇ ਸਨ ਨਾਲੇ ਉੱਚੀ-ਉੱਚੀ ਬੋਲ ਰਹੇ ਸਨ, "ਪਾਸ ਓਏ... ਪਾਸ ਓਏ...। ਕੁਝ ਕੁ ਬੱਚੇ ਪਾਸ ਹੋਣ ਦੇ ਨਾਲ-ਨਾਲ ਆਖ ਰਹੇ ਸਨ "ਛਿੰਦਾ ਫੇਲ੍ਹ ਓਏ... ਭਿੰਦਾ ਫੇਲ੍ਹ ਓਏ...।" ਛਿੰਦੇ ਅਤੇ ਭਿੰਦੇ ਨੂੰ ਇਹ ਸੁਣਕੇ ਅੱਜ ਬਹੁਤ ਨਮੋਸ਼ੀ ਹੋਈ। ਬੱਚੇ ਦੌੜੇ ਜਾ ਰਹੇ ਸਨ ਕਿ ਕਦੋਂ ਜਾ ਕੇ ਘਰ ਦੱਸੀਏ। ਛਿੰਦਾ ਅਤੇ ਭਿੰਦਾ ਪਿੱਛੇ ਨੂੰ ਜਾ ਰਹੇ ਸਨ ਉਹਨਾਂ ਦਾ ਘਰ ਜਾਣ ਨੂੰ ਜੀਅ ਨਹੀਂ ਕਰ ਰਿਹਾ ਸੀ। ਉਨ੍ਹਾਂ ਨੂੰ ਪਤਾ ਸੀ ਪਾਸ ਹੋਣ ਵਾਲਿਆਂ ਨੂੰ ਅੱਜ ਕਿੰਨਾ ਪਿਆਰ ਮਿਲੇਗਾ। ਸਾਨੂੰ ਅੱਜ ਘਰੋਂ ਕਿੰਨੀ ਨਫ਼ਰਤ ਮਿਲੇਗੀ। ਛਿੰਦੇ ਅਤੇ ਭਿੰਦੇ ਨੇ ਇਹ ਸਾਰਾ ਖ਼ੌਫ਼ਨਾਕ ਨਜ਼ਾਰਾ ਵੇਖ ਕੇ ਅੱਜ ਮਨ ਵਿਚ ਸਹੁੰ ਖਾ ਲਈ ਸੀ ਅਤੇ ਪੱਕਾ ਪ੍ਰਣ ਕਰ ਲਿਆ ਸੀ ਕਿ ਜਿਹੜੇ ਬੱਚਿਆਂ ਨੇ ਅੱਜ ਸਾਨੂੰ ਮਖ਼ੌਲ ਕੀਤੇ ਹਨ ਆਉਂਦੇ ਸਾਲ ਮਿਹਨਤ ਕਰਕੇ ਪਹਿਲੇ ਸਥਾਨ 'ਤੇ ਆ ਕੇ ਇਹਨਾਂ ਦੇ ਮੂੰਹ ਬੰਦ ਕਰਨੇ ਹਨ। ਛਿੰਦੇ ਅਤੇ ਭਿੰਦੇ ਨੇ ਅਗਲੇ ਦਿਨ ਤੋਂ ਹੀ ਪੂਰੀ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ। ਥੋੜ੍ਹੇ ਜਿਹੇ ਦਿਨਾਂ ਬਾਅਦ ਅਧਿਆਪਕ ਨੇ ਦੋਨਾਂ ਨੂੰ ਮਨੀਟਰ ਬਣਾ ਦਿੱਤਾ। ਉਹਨਾਂ ਦੇ ਹੌਂਸਲੇ ਬੁਲੰਦ ਹੋ ਗਏ। ਨਫ਼ਰਤ ਦੀ ਥਾਂ ਉਹਨਾਂ ਨੂੰ ਸਕੂਲ ਅਤੇ ਘਰੋਂ ਪਿਆਰ ਮਿਲਣ ਲੱਗ ਪਿਆ। ਅੱਜ ਫਿਰ ਨਤੀਜੇ ਦਾ ਦਿਨ ਸੀ ਛਿੰਦਾ ਜਮਾਤ ਵਿਚੋਂ ਪਹਿਲੇ

ਸਥਾਨ ਤੇ ਭਿੰਦਾ ਦੂਸਰੇ ਸਥਾਨ 'ਤੇ ਆਇਆ ਸੀ। ਜਦੋਂ ਛਿੰਦੇ ਅਤੇ ਭਿੰਦੇ ਦੇ ਗਲ ਵਿਚ ਹਾਰ ਪੈ ਰਹੇ ਸਨ ਜਿਹੜੇ ਪਿਛਲੇ ਸਾਲ ਬੱਚੇ ਮਖੌਲ ਕਰਦੇ ਸਨ ਉਹ ਬੜੇ ਹੈਰਾਨ ਅਤੇ ਪਰੇਸ਼ਾਨ ਹੋਏ ਬਿੱਟ-ਬਿੱਟ ਵੇਖ ਰਹੇ ਸਨ। ਅੱਜ ਦੋਨਾਂ ਨੂੰ ਘਰੋਂ ਵੀ ਬੜਾ ਪਿਆਰ ਮਿਲਿਆ ਸੀ। ਦੋਨੋਂ ਆੜੀ ਗਲੀ ਵਿਚ ਕਿਸੇ ਜੇਤੂ ਜਰਨੈਲ ਵਾਂਗ ਗੇੜੇ ਦੇ ਰਹੇ ਸਨ।

## ਬਗਲਾ ਭਗਤ

*—ਡਾ. ਕੁਲਬੀਰ ਸਿੰਘ ਸੂਰੀ*

ਇਕ ਛੱਪੜ ਕੰਢੇ ਇਕ ਬਗਲਾ ਰਹਿੰਦਾ ਸੀ। ਉਸ ਨੇ ਸਾਰੀ ਉਮਰ ਉਸ ਛੱਪੜ ਕੰਢੇ ਰਹਿ ਕੇ ਖ਼ੂਬ ਮੱਛੀਆਂ ਖਾ ਖਾ ਐਸ਼ ਕੀਤੀ। ਹੁਣ ਉਹ ਬੁੱਢਾ ਹੋ ਗਿਆ ਸੀ ਜਿਸ ਕਰਕੇ ਮੱਛੀਆਂ ਉਸ ਨੂੰ ਝਕਾਨੀ ਦੇ ਕੇ ਕੋਲੋਂ ਦੀ ਲੰਘ ਜਾਂਦੀਆਂ। ਹੁਣ ਬਗਲੇ ਨੂੰ ਆਪਣੀ ਰੋਟੀ ਰੋਜ਼ੀ ਦਾ ਫ਼ਿਕਰ ਪੈ ਗਿਆ। ਉਹ ਕੋਈ ਐਸੀ ਸਕੀਮ ਸੋਚਣ ਲੱਗਾ, ਜਿਸ ਨਾਲ ਬਿਨਾਂ ਬਹੁਤੀ ਮਿਹਨਤ ਕੀਤਿਆਂ ਹੀ ਉਸ ਨੂੰ ਇਕ ਅੱਧ ਮੱਛੀ ਰੋਜ਼ ਮਿਲ ਜਾਇਆ ਕਰੇ।

ਇਕ ਦਿਨ ਬਗਲਾ ਛੱਪੜ ਕੰਢੇ ਉਦਾਸ ਬੈਠਾ ਹੋਇਆ ਸੀ। ਉਸ ਦੀ ਕੋਈ ਸਕੀਮ ਸਿਰੇ ਨਹੀਂ ਸੀ ਚੜ੍ਹ ਰਹੀ। ਬਗਲੇ ਨੂੰ ਉਦਾਸ ਬੈਠਿਆਂ ਵੇਖ ਕੇ ਇਕ ਕੱਛੂਕੁੰਮਾ ਉਸ ਨੂੰ ਪੁੱਛਣ ਲੱਗਾ, "ਮਾਮਾ ਜੀ, ਕੁਝ ਦਿਨਾਂ ਤੇ ਤੁਸੀਂ ਉਦਾਸ ਉਦਾਸ ਕਿਉਂ ਬੈਠੇ ਰਹਿੰਦੇ ਹੋ ?"

"ਬੇਟਾ ਤੈਨੂੰ ਕੀ ਦੱਸਾਂ ? ਇਕ ਬੜੀ ਬੁਰੀ ਖ਼ਬਰ ਹੈ। ਕੁਝ ਦਿਨ ਹੋਏ ਇਕ ਜੋਤਸ਼ੀ ਐਧਰ ਆਇਆ ਸੀ। ਉਸ ਨੇ ਆਪਣੀਆਂ ਕਿਤਾਬਾਂ ਫੋਲ ਕੇ ਦੱਸਿਆ ਕਿ ਇਸ ਛੱਪੜ ਦਾ ਸਾਰਾ ਪਾਣੀ ਕੁਝ ਦਿਨਾਂ ਵਿਚ ਹੀ ਸੁੱਕ ਜਾਏਗਾ ਅਤੇ ਇਸ ਵਿਚ ਰਹਿੰਦੇ ਸਾਰੇ ਜੀਵ ਮਰ ਜਾਣਗੇ। ਬਸ ਮੈਨੂੰ ਤੁਹਾਡਾ ਅਤੇ ਮੱਛੀਆਂ ਦਾ ਬੜਾ ਫ਼ਿਕਰ ਲੱਗ ਰਿਹਾ ਹੈ।" ਬੁੱਢੇ ਬਗਲੇ ਨੇ ਕੱਛੂਕੁੰਮੇ ਨੂੰ ਆਪਣੇ ਉਦਾਸ ਹੋਣ ਦਾ ਕਾਰਨ ਦੱਸਿਆ।

ਕੱਛੂਕੁੰਮੇ ਨੇ ਇਹ ਸਾਰੀ ਗੱਲ ਮੱਛੀਆਂ ਨੂੰ ਦੱਸ ਦਿੱਤੀ। ਥੋੜ੍ਹੀ ਦੇਰ ਵਿਚ ਹੀ ਸਾਰੇ ਛੱਪੜ ਵਿਚ ਬਗਲੇ ਦੀ ਦੱਸੀ ਗੱਲ ਜੰਗਲ ਦੀ ਅੱਗ ਵਾਂਗ ਫੈਲ ਗਈ।

ਸਾਰੀਆਂ ਮੱਛੀਆਂ ਅਤੇ ਕੱਛੂਕੁੰਮਾ ਇਕੱਠੇ ਹੋ ਕੇ ਬਗਲੇ ਕੋਲ ਗਏ ਅਤੇ ਇਸ ਦਾ ਕੋਈ ਹੱਲ ਲੱਭਣ ਲਈ ਕਿਹਾ।

"ਇਸ ਦਾ ਸਿਰਫ਼ ਇਕੋ ਹੀ ਹੱਲ ਹੈ", ਬਗਲੇ ਨੇ ਕਿਹਾ।

"ਉਹ ਕਿਹੜਾ ?" ਸਾਰੀਆਂ ਮੱਛੀਆਂ ਇਕੱਠੀਆਂ ਬੋਲ ਪਈਆਂ।

"ਏਥੋਂ ਥੋੜ੍ਹੀ ਦੂਰ 'ਤੇ ਇਕ ਬੜਾ ਸੁੰਦਰ ਤਲਾਬ ਹੈ। ਉਸ ਦਾ ਪਾਣੀ ਕਦੀ ਵੀ ਨਹੀਂ ਸੁੱਕਦਾ", ਬਗਲੇ ਨੇ ਕਿਹਾ।

"ਪਰ ਅਸੀਂ ਉੱਥੇ ਜਾ ਕਿਸ ਤਰ੍ਹਾਂ ਸਕਦੀਆਂ ਹਾਂ", ਮੱਛੀਆਂ ਬੋਲੀਆਂ।

"ਜੇ ਤੁਸੀਂ ਜਾਣਾ ਚਾਹੁੰਦੀਆਂ ਹੋ ਤਾਂ ਮੈਂ ਇਕ ਇਕ ਕਰਕੇ ਤੁਹਾਨੂੰ ਆਪਣੀ ਪਿੱਠ 'ਤੇ ਬਿਠਾ ਕੇ ਲੈ ਜਾ ਸਕਦਾ ਹਾਂ।" ਬਗਲੇ ਨੇ ਬੜਾ ਨਿਮਾਣਾ ਜਿਹਾ ਬਣ ਕੇ ਮੱਛੀਆਂ ਨੂੰ ਕਿਹਾ।

ਮੱਛੀਆਂ ਵਿਚਾਰੀਆਂ ਤਾਂ ਆਪਣੀ ਜਾਨ ਬਚਾਣਾ ਚਾਹੁੰਦੀਆਂ ਸਨ, ਇਸ ਲਈ ਉਨ੍ਹਾਂ ਨੇ ਬਗਲੇ ਦੀ ਗੱਲ ਮੰਨ ਲਈ।

ਬਗਲੇ ਨੇ ਮੱਛੀਆਂ ਨੂੰ ਸੁੰਦਰ ਤਲਾਬ ਵਿਚ ਛੱਡਣ ਦੇ ਬਹਾਨੇ ਇਕ ਇਕ ਮੱਛੀ ਨੂੰ ਆਪਣੀ ਪਿੱਠ ਤੇ ਬਿਠਾਉਂਦਾ ਅਤੇ ਥੋੜ੍ਹੀ ਦੂਰ ਜਾ ਕੇ ਇਕ ਦਰੱਖ਼ਤ ਦੇ ਝੁੰਡ ਉਹਲੇ ਬੈਠ ਕੇ ਉਨ੍ਹਾਂ ਨੂੰ ਖਾ ਜਾਂਦਾ।

ਕਈ ਦਿਨ ਬਗਲੇ ਭਗਤ ਦਾ ਚੱਕਰ ਚਲਦਾ ਰਿਹਾ ਅਤੇ ਉਸ ਨੂੰ ਖਾਣ-ਪੀਣ ਦੀ ਮੌਜ ਲੱਗੀ ਰਹੀ।

ਇਕ ਦਿਨ ਕੱਛੂਕੁੰਮੇ ਨੇ ਬਗਲੇ ਨੂੰ ਕਿਹਾ, "ਮਾਮਾ ਜੀ, ਮੈਨੂੰ ਤੁਸੀਂ ਉਸ ਸੁੰਦਰ ਤਲਾਬ ਵਿਚ ਕਦੋਂ ਛੱਡ ਕੇ ਆਉਣਾ ਹੈ ?"

"ਅੱਜ ਹੀ ਲੈ ਜਾਂਦਾ ਹਾਂ।" ਬਗਲੇ ਨੇ ਸੋਚਿਆ ਕਿ ਮੱਛੀਆਂ ਖਾਂਦਿਆਂ ਤਾਂ ਬੜੇ ਦਿਨ ਹੋ ਗਏ ਹਨ, ਅੱਜ ਕੱਛੂਏ ਨੂੰ ਖਾ ਕੇ ਮੂੰਹ ਦਾ ਸਵਾਦ ਹੀ ਬਦਲਦੇ ਹਾਂ।

ਕੱਛੂਕੁੰਮੇ ਨੂੰ ਬਗਲੇ ਨੇ ਪਿੱਠ 'ਤੇ ਬਿਠਾਇਆ ਅਤੇ ਉਸੇ ਥਾਂ 'ਤੇ ਲੈ ਗਿਆ, ਜਿੱਥੇ ਉਹ ਮੱਛੀਆਂ ਖਾਂਦਾ ਸੀ। ਕੱਛੂਕੁੰਮੇ ਨੇ ਮੱਛੀਆਂ ਦੀਆਂ ਹੱਡੀਆਂ ਖਿਲਰੀਆਂ ਹੋਈਆਂ ਵੇਖੀਆਂ। ਉਸ ਨੂੰ ਬਗਲੇ 'ਤੇ ਸ਼ੱਕ ਹੋ ਗਿਆ।

ਬਗਲਾ ਉਸ ਥਾਂ 'ਤੇ ਰੁਕ ਗਿਆ ਅਤੇ ਕਿਹਾ, "ਚਲ ਬਈ ਕੱਛੂਏ ਉਤਰ ਜਾ ਪਿੱਠ ਤੋਂ, ਅੱਜ ਤੇਰਾ ਸਵਾਦ ਵੇਖੀਏ।"

ਇਹ ਸੁਣ ਕੇ ਕੱਛੂਕੁੰਮੇ ਦਾ ਸ਼ੱਕ ਯਕੀਨ ਵਿਚ ਬਦਲ ਗਿਆ। ਉਸ ਦੇ ਅੰਦਰ ਬਦਲੇ ਦੀ ਭਾਵਨਾ ਜਾਗ ਪਈ ਕਿਉਂਕਿ ਉਸ ਦੀਆਂ ਸਾਥਣਾਂ ਮੱਛੀਆਂ ਨੂੰ ਉਸ ਨੇ ਧੋਖੇ ਨਾਲ ਮਾਰ ਮੁਕਾਇਆ ਸੀ। ਉਸ ਨੇ ਕਿਹਾ, "ਮਾਮਾ, ਉਤਰਨ ਦੀ ਐਨੀ ਕਾਹਲੀ ਕਾਹਦੀ ਹੈ। ਮੈਂ ਥੋੜ੍ਹਾ ਨਜ਼ਾਰਾ ਵੇਖ ਲਵਾਂ ਅਤੇ ਤੈਨੂੰ ਵੀ ਵਿਖਾ ਦਿਆਂ।" ਇਹ ਕਹਿੰਦਿਆਂ ਹੀ ਉਸ ਨੇ ਬੁੱਢੇ ਬਗਲੇ ਦੀ ਗਿੱਚੀ ਮੂੰਹ ਵਿਚ ਪਾ ਕੇ ਮਰੋੜਾ ਦੇ ਦਿੱਤਾ। ਮਰੋੜਾ ਦੇਂਦਿਆਂ ਹੀ ਬਗਲੇ ਨੇ ਆਪਣੀ ਧੌਣ ਸੁੱਟ ਦਿੱਤੀ ਅਤੇ ਉਹ ਸਦਾ ਦੀ ਨੀਂਦ ਸੌਂ ਗਿਆ।

## ਸੁਸਤੂ ਮੱਲ

*—ਡਾ. ਕੁਲਬੀਰ ਸਿੰਘ ਸੂਰੀ*

ਜੰਗਲ ਦੇ ਇਕ ਪਾਸੇ ਕਰਕੇ ਕੁਝ ਪਰਿਵਾਰ ਖ਼ਰਗੋਸ਼ਾਂ ਦੇ ਰਲ ਕੇ ਰਹਿੰਦੇ ਸਨ। ਉਨ੍ਹਾਂ ਸਾਰਿਆਂ ਦਾ ਆਪਸ ਵਿਚ ਬੜਾ ਪਿਆਰ ਸੀ। ਦੁਖ-ਸੁਖ ਵੇਲੇ ਉਹ ਸਾਰੇ

ਇਕ ਦੂਸਰੇ ਦਾ ਸਾਥ ਦੇਂਦੇ। ਅੱਗੋਂ ਉਨ੍ਹਾਂ ਦੇ ਬੱਚਿਆਂ ਵਿਚ ਵੀ ਬੜਾ ਪਿਆਰ ਸੀ। ਉਨ੍ਹਾਂ ਦੇ ਨੇੜੇ ਹੀ ਥੋੜ੍ਹੀ ਖੁੱਲ੍ਹੀ ਗਰਾਊਂਡ ਵਰਗੀ ਥਾਂ ਸੀ। ਉੱਥੇ ਸਾਰੇ ਬੱਚੇ ਰਲਕੇ ਖੇਡਦੇ ਰਹਿੰਦੇ।

ਸਾਰੇ ਖ਼ਰਗੋਸ਼ਾਂ ਦੇ ਬੱਚਿਆਂ ਵਿਚੋਂ ਇਕ ਬੱਚਾ ਬੜਾ ਆਲਸੀ ਸੀ। ਉਹ ਖਾ-ਪੀ ਕੇ ਗਰਾਊਂਡ ਦੇ ਇਕ ਪਾਸੇ ਹੋ ਕੇ ਸੁੱਤਾ ਰਹਿੰਦਾ। ਬਾਕੀ ਬੱਚੇ ਖੇਡ ਰਹੇ ਹੁੰਦੇ, ਸ਼ਰਾਰਤਾਂ ਕਰ ਰਹੇ ਹੁੰਦੇ ਪਰ ਉਹ ਮਜ਼ੇ ਨਾਲ ਸੁੱਤਾ ਹੁੰਦਾ। ਸਾਰੇ ਬੱਚਿਆਂ ਨੇ ਉਸ ਦਾ ਨਾਂ ਸੁਸਤੂ ਮੱਲ ਰੱਖਿਆ ਹੋਇਆ ਸੀ।

ਸੁਸਤੂ ਮੱਲ ਦੇ ਮਾਂ-ਪਿਓ ਵੀ ਉਸ ਦੀ ਇਸ ਆਦਤ ਤੋਂ ਬੜੇ ਦੁਖੀ ਸਨ। ਉਹ ਚਾਹੁੰਦੇ ਸਨ ਕਿ ਉਹ ਹੁਣ ਵੱਡਾ ਹੋ ਰਿਹਾ ਹੈ, ਆਪਣੇ ਖਾਣ-ਪੀਣ ਦਾ ਇੰਤਜ਼ਾਮ ਆਪ ਕਰੇ ਪਰ ਉਸ ਉੱਪਰ ਕਿਸੇ ਦੇ ਵੀ ਕਹਿਣ ਦਾ ਕੋਈ ਅਸਰ ਨਹੀਂ ਸੀ ਹੁੰਦਾ। ਉਹ ਰੱਜ ਕੇ ਖਾਂਦਾ, ਰੱਜ ਕੇ ਸੌਂਦਾ ਅਤੇ ਮੋਟਾ ਤਾਜ਼ਾ ਹੋਈ ਜਾਂਦਾ।

ਸਿਆਲ ਦੇ ਦਿਨ ਸਨ। ਇਕ ਦਿਨ ਸੁਸਤੂ ਮੱਲ ਰੋਜ਼ ਦੀ ਤਰ੍ਹਾਂ ਧੁੱਪ ਦਾ ਅਤੇ ਨੀਂਦ ਦਾ ਮਜ਼ਾ ਲੈ ਰਿਹਾ ਸੀ। ਉਸ ਦੇ ਨਾਲ ਦੇ ਬੱਚੇ ਖੁੱਲ੍ਹੀ ਗਰਾਊਂਡ ਵਿਚ ਖੇਡ-ਕੁੱਦ ਰਹੇ ਸਨ। ਖੇਡ ਰਹੇ ਬੱਚਿਆਂ ਨੇ ਵੇਖਿਆ ਕਿ ਦੂਰੋਂ ਇਕ ਸ਼ਿਕਾਰੀ ਕੁੱਤਾ ਉਨ੍ਹਾਂ ਵੱਲ ਨੀਝ ਲਗਾਈ ਬੈਠਾ ਹੈ। ਉਹ ਸਾਰੇ ਬੱਚਿਆਂ ਨੇ ਸੁਸਤੂ ਮੱਲ ਨੂੰ ਜਗਾਇਆ ਅਤੇ ਕਿਹਾ, "ਸ਼ਿਕਾਰੀ ਕੁੱਤਾ ਸਾਡੇ ਉੱਤੇ ਹਮਲਾ ਕਰਨ ਲਈ ਨੀਝ ਲਗਾਈ ਬੈਠਾ ਹੈ, ਤੂੰ ਜਲਦੀ ਉੱਠ ਕੇ ਘਰ ਵਲ ਦੌੜ, ਅਸੀਂ ਵੀ ਘਰਾਂ ਵੱਲ ਜਾ ਰਹੇ ਹਾਂ।"

"ਤੁਸੀਂ ਜਾਓ, ਮੈਂ ਹੁਣੇ ਆ ਜਾਵਾਂਗਾ", ਸੁਸਤੂ ਮੱਲ ਨੇ ਜਵਾਬ ਦਿੱਤਾ।

"ਤੂੰ ਮੁੜ ਕੇ ਨਾ ਸੌਂ ਜਾਈਂ, ਅਸੀਂ ਸਾਰੇ ਚੱਲੇ ਈ।" ਸਾਰੇ ਬੱਚਿਆਂ ਨੇ ਇਕੋ ਸੁਰ ਵਿਚ ਕਿਹਾ।

"ਜਾਓ, ਜਾਓ। ਤੁਸੀਂ ਜਦੋਂ ਚਲੇ ਜਾਓਗੇ ਫੇਰ ਸ਼ਿਕਾਰੀ ਕੁੱਤੇ ਨੇ ਐਥੇ ਕੀ ਕਰਨ ਆਉਣਾ ਹੈ ? ਮੈਨੂੰ ਸੁੱਤੇ ਨੂੰ ਉਸ ਨੇ ਕਿਹੜਾ ਵੇਖ ਲੈਣਾ ਏ ?" ਸੁਸਤੂ ਮੱਲ ਆਪਣੀ ਨੀਂਦ ਖ਼ਰਾਬ ਨਹੀਂ ਸੀ ਕਰਨਾ ਚਾਹੁੰਦਾ।

"ਤੂੰ ਨਹੀਂ ਉੱਠਣਾ ਤਾਂ ਤੇਰੀ ਮਰਜ਼ੀ।" ਉਸ ਦੇ ਸਾਰੇ ਦੋਸਤ ਆਪੋ-ਆਪਣੇ ਘਰਾਂ ਵੱਲ ਦੌੜ ਗਏ।

ਐਨੀ ਦੇਰ ਵਿਚ ਸ਼ਿਕਾਰੀ ਕੁੱਤਾ ਨੇੜੇ ਆ ਗਿਆ। ਉਸ ਨੂੰ ਆਪਣੇ ਸ਼ਿਕਾਰ ਹੱਥੋਂ ਨਿਕਲ ਗਏ ਲੱਗੇ। ਪਰ ਅਚਾਨਕ ਉਸ ਦੀ ਨਜ਼ਰ ਸੁਸਤੂ ਮੱਲ 'ਤੇ ਪੈ ਗਈ। ਉਸ ਨੇ ਇਕੋ ਛੂਟ ਵੱਟੀ ਅਤੇ ਸੁਸਤੂ ਮੱਲ ਨੂੰ ਦਬੋਚ ਲਿਆ।

ਸੁਸਤੂ ਮੱਲ ਦੀ ਸੁਸਤੀ ਕਾਰਨ ਸ਼ਿਕਾਰੀ ਕੁੱਤੇ ਹੱਥੋਂ ਉਸ ਦੀ ਮੌਤ ਹੋ ਗਈ।

**ਸਾਨੂੰ ਸਾਰਿਆਂ ਨੂੰ ਆਲਸ ਤੋਂ ਦੂਰ ਰਹਿਣਾ ਚਾਹੀਦਾ ਹੈ।**

# ਬਿਰਖ ਨਾਲ ਹੋਈ 'ਚੈਟਿੰਗ'

*—ਕਰਨੈਲ ਸਿੰਘ ਸੋਮਲ*

ਤੜਕੇ ਦੇ ਚਾਰ ਵੱਜੇ ਹਨ। ਆਲਾ-ਦੁਆਲਾ ਸ਼ਾਂਤ ਹੈ। ਕੋਈ ਸ਼ੋਰ ਨਹੀਂ, ਕੋਈ ਨੱਸ-ਭੱਜ ਨਹੀਂ, ਕੋਈ ਭੀੜ ਨਹੀਂ। ਅਸਮਾਨ ਉੱਤੇ ਚੰਦ ਚਮਕ ਰਿਹਾ ਹੈ। ਚੰਦ ਦੀ ਚਾਨਣੀ ਨਾਲ ਧਰਤੀ ਦੀ ਹਰ ਵਸਤ ਵਧੇਰੇ ਮਨਮੋਹਕ ਜਾਪ ਰਹੀ ਹੈ। ਬਹੁਤੇ ਸੋਹਣੇ ਲੱਗ ਰਹੇ ਹਨ ਰਾਹ ਦੇ ਬਿਰਖ। ਉੱਤੇ ਉਹਨਾਂ ਦੀਆਂ ਛਤਰੀਆਂ ਵੱਲ ਵੇਖਦਾ ਹਾਂ ਤਾਂ ਇਸ ਵਿਚੋਂ ਵਿਖਾਈ ਦਿੰਦਾ ਚੰਦ ਤੇ ਝਰ ਰਹੀ ਇਸ ਦੀ ਚਾਨਣੀ ਝਾਤ ਝਾਤ ਕਰਦੇ ਪਰਤੀਤ ਹੁੰਦੇ ਹਨ।

ਅੱਧੇ ਤੋਂ ਵੱਧ ਚੇਤ ਲੰਘ ਚੁੱਕਿਆ ਹੈ। ਕਈ ਬਿਰਖ ਹਨ ਜਿਨ੍ਹਾਂ ਉੱਤੇ ਪਤ-ਝੜ ਤੇ ਬਹਾਰ ਨਾਲੋਂ ਨਾਲ ਆ ਗਈਆਂ ਹਨ। ਜਿਸ ਬਿਰਖ ਹੇਠ ਮੈਂ ਮੰਤਰ-ਮੁਗਧ ਖੜ੍ਹਾ ਹਾਂ ਉਸ ਦੇ ਪੁਰਾਣੇ ਪੱਤੇ ਬਹੁਤੇ ਝੜ ਗਏ ਹਨ, ਟਾਵਾਂ ਟਾਵਾਂ ਅਜੇ ਲਹਿਣ ਨੂੰ ਹੈ। ਨਵੇਂ ਨਕੋਰ ਨਿੱਕਲੇ ਪੱਤਿਆਂ ਨਾਲ ਇਹ ਬਿਰਖ ਬੇਹੱਦ ਸੱਜ ਗਿਆ ਹੈ। ਸਹਿਜ ਹੀ ਬਿਰਖ ਨਾਲ ਗੁਫ਼ਤਗੂ ਚੱਲ ਪੈਂਦੀ ਹੈ। ਮੇਰੇ ਮਨ ਵਿਚ ਉੱਠਦੇ ਗਏ ਨਿੱਕੇ ਨਿੱਕੇ ਪ੍ਰਸ਼ਨਾਂ ਨੂੰ ਬਿਰਖ ਬੁੱਝੀ ਜਾਂਦਾ ਹੈ। ਉਸੀ ਭਾਂਤ, ਉਹ ਜਿਹੜੇ ਉੱਤਰ ਦੇਣਾ ਚਾਹੁੰਦਾ ਹੈ, ਇੱਧਰ ਬੁੱਝ ਹੋਈ ਜਾਂਦੇ ਹਨ। ਇਹ ਸਭ ਕੁਝ ਅਬੋਲ ਹੀ ਹੋ ਰਿਹਾ ਹੈ--

? — ਪੁਰਾਣੇ ਪੱਤਿਆਂ ਦੇ ਝੜਨ ਤੇ ਨਵਿਆਂ ਦੇ ਆਉਣ ਦੀ ਗੱਲ ਕਿਵੇਂ ਹੈ ?

**ਬਿਰਖ —** ਇਹ ਤਾਂ ਪੁਰਾਣੇ ਵਸਤਰ ਉਤਾਰ ਕੇ ਨਵੇਂ ਪਹਿਨਣ ਵਾਂਗ ਹੀ ਹੈ। ਅਸੀਂ ਵੀ ਤਾਂ ਸਜ ਕੇ ਬਹਾਰ ਦੀਆਂ ਰੌਣਕਾਂ ਵਿਚ ਸ਼ਾਮਲ ਹੋਣਾ ਹੈ।

? — ਪਰ ਇਹ ਸਾਰਾ ਕੁਝ ਨਾਲੋ-ਨਾਲ ਕਿਉਂ ਹੋ ਰਿਹਾ ਹੈ ? ਕਾਹਲੀ ਕਾਹਦੀ ਹੈ ?

**ਬਿਰਖ —** ਇਸ ਵਾਰੀ ਗਰਮੀ ਜਲਦੀ ਆ ਗਈ ਹੈ। ਮੇਰੀ ਛਾਂ ਦੀ ਲੋੜ ਛੇਤੀ ਮਹਿਸੂਸ ਹੋਣ ਲੱਗੀ ਹੈ। ਸੋ ਛਾਂਦਾਰ ਬਣਨ ਦੀ ਮੈਨੂੰ ਕਾਹਲੀ ਹੈ। ਮੇਰੀ ਛਾਂ ਨਹੀਂ ਹੋਵੇਗੀ ਤਾਂ ਤਪਦੀ ਧੁੱਪ ਵਿਚ ਮੁਸਾਫ਼ਿਰ ਪ੍ਰੇਸ਼ਾਨ ਹੋਣਗੇ।

? — ਪੁਰਾਣੇ ਪੱਤੇ ਵੀ ਤਾਂ ਹੈਸਨ ?

**ਬਿਰਖ —** ਨਵੇਂ ਪੱਤਿਆਂ ਦੀ ਗੱਲ ਹੋਰ ਹੈ। ਵੇਖਣ ਵਾਲੇ ਦੀਆਂ ਅੱਖਾਂ ਨੂੰ ਵੀ ਠੰਢ ਪੈਂਦੀ ਹੈ, ਛਾਂ ਤਾਂ ਗੂੜ੍ਹੀ ਹੁੰਦੀ ਹੀ ਹੈ। ਨਾਲੇ ਪੁਰਾਣੇ ਪੱਤੇ ਛਾਂਵੀਂ ਬੈਠਿਆਂ ਦੇ ਸਿਰਾਂ ਉੱਤੇ ਡਿੱਗੀ ਜਾਵਣ ਇਹ ਚੰਗਾ ਨਹੀਂ ਲੱਗਦਾ।

? — ਵਾਹ! ਪਰ ਇਹ ਤਾਂ ਦੱਸ ਕਿ ਤੇਰੀਆਂ ਸਿਖਰਾਂ ਉੱਤੇ ਅਤੇ ਬਾਹਰ ਵੰਨੀ ਲੁਸ ਲੁਸ ਕਰਦੇ ਨਿੱਕੇ ਨਿੱਕੇ ਪੱਤੇ ਸਜੇ ਹਨ। ਕੀ ਧੁੱਪ ਵਿਚ ਇਹਨਾਂ ਦੇ ਕਮਲਾਉਣ ਤੇ ਝੁਲਸੇ ਜਾਣ ਦਾ ਡਰ ਨਹੀਂ ਹੁੰਦਾ ?

**ਬਿਰਖ —** ਇਹਨਾਂ ਨੇ ਜਹਾਨ ਵੀ ਤਾਂ ਵੇਖਣਾ ਹੈ। ਮੈਂ ਇਹਨਾਂ ਨੂੰ ਆਲੇ-

ਦੁਆਲੇ ਦੀ ਦੁਨੀਆਂ ਵਿਖਾਉਣ ਲਈ ਹੀ ਕੰਧਾੜੇ ਚੁੱਕਿਆ ਹੋਇਆ ਹੈ। ਇਹਨਾਂ ਕਰਕੇ ਹੀ ਵੇਖਣ ਵਾਲੇ ਦੂਰੋਂ ਜਾਣ ਲੈਂਦੇ ਹਨ ਕਿ ਮੈਂ ਸੁੱਕ ਨਹੀਂ ਰਿਹਾ, ਹਰਾ-ਭਰਾ ਹਾਂ। ਜਿੰਨੀ ਦੇਰ ਇਹ ਮੇਰੇ ਅੰਗ ਬਣੇ ਹਨ, ਇਹ ਨਾ ਸੁੱਕਣਗੇ ਤੇ ਨਾ ਕੁਮਲਾਉਣਗੇ।

? — ਕਿਸੇ ਲਾਉਣ ਵਾਲੇ ਨੇ ਤੈਨੂੰ ਲਗਾ ਕੇ ਕਮਾਲ ਕਰ ਦਿੱਤਾ ਹੈ, ਠੀਕ ਹੈ ਨਾ ?

**ਬਿਰਖ —** ਕਹਿ ਸਕਦੇ ਹਾਂ ਕਿ ਇਹ ਗੱਲ ਕੁਝ ਠੀਕ ਹੈ। ਕ੍ਰਿਸ਼ਮਾ ਤਾਂ ਪਰ ਕੁਦਰਤ ਦਾ ਹੈ। ਇਕ ਨਿੱਕੇ ਬੀਜ ਤੋਂ ਬਿਰਖ ਬਣ ਗਿਆ ਹਾਂ। ਮਿੱਟੀ, ਪਾਣੀ, ਹਵਾ, ਸੂਰਜ ਦੀ ਰੋਸ਼ਨੀ ਅਤੇ ਹੋਰ ਪਤਾ ਨਹੀਂ ਕੀਹਦੇ ਕੀਹਦੇ ਕਰਕੇ ਮੇਰੀ ਹੋਂਦ ਬਣੀ ਹੈ। ਜ਼ਮੀਨ ਵਿਚ ਬੀਜ ਰੱਖਣ ਵਾਲੇ ਦਾ ਵੀ ਭਲਾ ਹੈ। ਜੀਹਨੇ ਨਿੱਕਾ ਪੌਦਾ ਲਿਆ ਕੇ ਜ਼ਮੀਨ ਦੀ ਕੁੱਖ ਵਿਚ ਰੱਖ ਦਿੱਤਾ, ਉਸ ਦੀ ਵੀ ਵਡਿਆਈ ਹੈ। ਫਿਰ ਵੀ ਮੇਰੇ ਪਲਣ, ਵਧਣ-ਫੁੱਲਣ ਅਤੇ ਫਲਣ ਦਾ ਸਾਰਾ ਕੰਮ ਤਾਂ ਕੁਦਰਤ ਹੀ ਕਰਦੀ ਹੈ। ਮੈਨੂੰ ਆਪ ਵੀ ਨਹੀਂ ਪਤਾ ਕਿ ਇਹ ਸਾਰਾ ਕੁਝ ਕਿਵੇਂ ਹੁੰਦਾ ਹੈ। ਮੈਂ ਤਾਂ ਖ਼ੁਸ਼ ਹਾਂ ਕਿ ਬਿਰਖ ਹਾਂ।

ਮੈਨੂੰ ਲੱਗਿਆ ਜਿਵੇਂ ਮੈਂ ਕੰਪਿਊਟਰ ਉੱਤੇ ਇਨਟਰਨੈੱਟ ਰਾਹੀਂ ਕਿਸੇ ਨਾਲ 'ਚੈਟ' ਕਰ ਰਿਹਾ ਹੋਵਾਂ। ਇੱਧਰੋਂ ਤੁਸੀਂ ਕੋਈ ਸਵਾਲ ਟਾਈਪ ਕਰ ਦਿੰਦੇ ਹੋ। ਨਾਲੋ ਨਾਲ ਦੂਜੇ ਪਾਸਿਓਂ ਜਵਾਬ ਵੀ ਸਾਹਮਣੇ ਆ ਜਾਂਦਾ ਹੈ। ਬਿਰਖ ਜਾਣੋ ਮੇਰੇ ਮਨ ਦੀ ਇਹ ਗੱਲ ਵੀ ਬੁੱਝ ਗਿਆ।

**ਬਿਰਖ —** 'ਚੈਟਿੰਗ' ਤਾਂ ਜਿੰਨੀ ਮਰਜ਼ੀ ਕਰੋ ਜੇ ਤੁਹਾਡੇ ਕੋਲ ਸਮਾਂ ਹੈ। ਪਰ 'ਚੀਟਿੰਗ' ਨਾ ਕਰਨਾ।

? — 'ਚੀਟਿੰਗ' ?

**ਬਿਰਖ —** ਹਾਂ 'ਚੀਟਿੰਗ' ਅਰਥਾਤ ਧੋਖਾ।

? — ਉਹ ਕਿਵੇਂ ?

**ਬਿਰਖ —** ਜਦੋਂ ਮੈਨੂੰ ਬੇਕਿਰਕ ਕੱਟਿਆ-ਵੱਢਿਆ ਜਾਂਦਾ ਹੈ ਤੇ ਮੇਰੀ ਥਾਂ ਕੋਈ ਨਵਾਂ ਬੂਟਾ ਵੀ ਨਹੀਂ ਲਾਇਆ ਜਾਂਦਾ ਤਦ ਹੁੰਦੀ ਹੈ...!

? — ਕੀ, 'ਚੀਟਿੰਗ' ?

**ਬਿਰਖ —** ਹਾਂ ਇਹੋ ਹੈ ਧੋਖਾ ਜੋ ਮੇਰੇ ਨਾਲ ਅਕਸਰ ਹੁੰਦਾ ਹੈ।

ਮੈਨੂੰ ਬਿਰਖ ਦੇ ਇਸ ਸ਼ਬਦ ਨੇ ਸੁੰਨ ਕਰ ਦਿੱਤਾ। ਮੈਨੂੰ ਬੇਵਾਕ ਵੇਖ ਬਿਰਖ ਵੀ ਜਿਵੇਂ ਕਿਸੇ ਜੋਗੀ ਵਾਂਗ ਸਮਾਧੀ-ਅਵਸਥਾ ਵਿਚ ਹੋ ਗਿਆ।

[* chat 'ਚੈਟ' ਸ਼ਬਦ ਅੰਗਰੇਜ਼ੀ ਦਾ ਹੈ। ਇਸ ਦਾ ਅਰਥ ਹੈ 'ਗੱਲ-ਬਾਤ', 'ਬਾਤ-ਚੀਤ', 'ਮੌਜ ਵਿਚ ਕੀਤੀਆਂ ਗੱਲਾਂ'।]

# ਦੀਪਾ ਦਾ ਘਰ, ਗੁਨੀਤ ਦਾ ਘਰ

*—ਕਰਨੈਲ ਸਿੰਘ ਸੋਮਲ*

ਸਕੂਲਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਚੱਲ ਰਹੀਆਂ ਸਨ। ਦੀਪਾ ਆਪਣੇ ਨਾਨਕੇ ਆਈ ਹੋਈ ਸੀ। ਉੱਥੇ ਉਸ ਦੀ ਮਾਸੀ ਦੀ ਧੀ ਗੁਨੀਤ ਵੀ ਆਈ ਹੋਈ ਸੀ। ਦੋਵੇਂ ਲਗ-ਪਗ ਇਕ ਹੀ ਉਮਰ ਦੀਆਂ ਸਨ। ਇਸ ਲਈ ਦੋਵੇਂ ਇਕ-ਦੂਜੇ ਦੇ ਸਾਥ ਵਿਚ ਬਹੁਤ ਖੁਸ਼ ਸਨ। ਉਹ ਕਹਿੰਦੀਆਂ ਸਨ ਕਿ ਅਸੀਂ ਭੈਣਾਂ ਵੀ ਹਾਂ ਅਤੇ ਸਹੇਲੀਆਂ ਹਾਂ।

ਐਤਵਾਰ ਦਾ ਦਿਨ ਸੀ। ਦੋਵੇਂ ਸਵੇਰੇ ਸੁਵੱਖਤੇ ਜਾਗ ਪਈਆਂ ਸਨ। ਉਹਨਾਂ ਦੇ ਨਾਨਾ ਜੀ ਅਖ਼ਬਾਰ ਪੜ੍ਹ ਰਹੇ ਸਨ। ਦੀਪਾ ਅਤੇ ਗੁਨੀਤ ਨੂੰ ਅਖ਼ਬਾਰ ਦਾ ਬੱਚਿਆਂ ਵਾਲਾ ਪੰਨਾ ਪੜ੍ਹਨਾ ਚੰਗਾ ਲੱਗਦਾ ਸੀ। ਗੁਨੀਤ ਨੇ ਕਿਹਾ, "ਨਾਨਾ ਜੀ, ਤੁਸੀਂ ਪਹਿਲਾਂ ਅੰਗਰੇਜ਼ੀ ਵਾਲਾ ਅਖ਼ਬਾਰ ਪੜ੍ਹ ਲਓ। ਅਸੀਂ ਪੰਜਾਬੀ ਦੇ ਅਖ਼ਬਾਰ ਪੜ੍ਹਦੀਆਂ ਹਾਂ।"

"ਸ਼ਾਬਾਸ਼ੇ, ਬਈ ਸ਼ਾਬਾਸ਼ੇ! ਅਹਿ ਲਓ ਪੰਜਾਬੀ ਦੇ ਅਖ਼ਬਾਰ, ਮੈਂ ਐਤਵਾਰ ਨੂੰ ਦੋ ਮੰਗਵਾਉਂਦਾ ਹਾਂ। ਤੁਸੀਂ ਇਕ ਇਕ ਲੈ ਲਓ। ਫਿਰ ਬਦਲ ਲੈਣਾ।" ਨਾਨਾ ਜੀ ਖ਼ੁਸ਼ ਸਨ ਕਿ ਉਹਨਾਂ ਦੀਆਂ ਦੋਹਤੀਆਂ ਨੂੰ ਅਖ਼ਬਾਰ ਪੜ੍ਹਨ ਦਾ ਸ਼ੌਕ ਹੈ।

ਬੱਚਿਆਂ ਦੇ ਪੰਨੇ ਉੱਤੇ ਕਾਰਟੂਨ ਸਨ। ਕਹਾਣੀਆਂ ਅਤੇ ਕਵਿਤਾਵਾਂ ਸਨ। ਹੋਰ ਵੀ ਬਹੁਤ ਕੁਝ ਸੀ, ਪਰ ਬੱਚਿਆਂ ਦੇ ਬਣਾਏ ਚਿੱਤਰ ਦੋਹਾਂ ਦੇ ਧਿਆਨ ਵਿਚ ਪਹਿਲਾਂ ਆ ਗਏ। ਫਿਰ ਪਤਾ ਨਹੀਂ ਉਹਨਾਂ ਨੂੰ ਕੀ ਸੁੱਝਿਆ ਉਹਨਾਂ ਨੇ ਨਾਨਾ ਜੀ ਤੋਂ ਚਿੱਟੇ ਕਾਗਜ਼ ਮੰਗੇ। ਕੁਝ ਚਿਰ ਪਿੱਛੋਂ ਨਾਨਾ ਜੀ ਨੇ ਚੋਰ ਅੱਖ ਨਾਲ ਵੇਖਿਆ। ਉਹ ਹੈਰਾਨ ਰਹਿ ਗਏ। ਦੋਵੇਂ ਦੋਹਤੀਆਂ ਕਾਗਜ਼ਾਂ ਦੇ ਉੱਤੇ ਕੁਝ ਬਣਾ ਰਹੀਆਂ ਹਨ। ਕੋਈ ਰੌਲਾ ਨਹੀਂ ਸੀ, ਪੂਰੀ ਸ਼ਾਂਤੀ ਸੀ। ਨਾਨਾ ਜੀ ਦੇ ਮੂੰਹੋਂ ਨਿਕਲਿਆ, "ਵਾਹ!"

ਪੌਣੇ ਕੁ ਘੰਟੇ ਪਿੱਛੋਂ ਦੋਵੇਂ ਨਾਨਾ ਜੀ ਨੂੰ ਆਪਣਾ ਆਪਣਾ ਬਣਾਇਆ ਚਿੱਤਰ ਵਿਖਾ ਰਹੀਆਂ ਸਨ। "ਬੱਲੇ, ਬੱਲੇ! ਬਈ ਇਹ ਤਾਂ ਤੁਸੀਂ ਕਮਾਲ ਕਰ ਦਿੱਤਾ ਹੈ। ਲਿਆਓ ਇਕ ਇਕ ਕਰਕੇ ਵੇਖੀਏ।"

ਗੁਨੀਤ ਨੇ ਕਾਗਜ਼ ਉੱਤੇ ਇਕ ਘਰ ਬਣਾਇਆ ਸੀ। ਨਵੇਂ ਢੰਗ ਦਾ ਘਰ ਸੀ। ਖੁੱਲ੍ਹਾ-ਡੁੱਲ੍ਹਾ। ਖੁੱਲ੍ਹਾ ਵਿਹੜਾ ਸੀ। ਵਿਹੜੇ ਦੇ ਇਕ ਬੰਨੇ ਫੁੱਲ-ਬੂਟੇ ਸਨ। ਪਿਛਵਾੜੇ ਇਕ ਵੱਡਾ ਰੁੱਖ ਵਿਖਾਈ ਦੇ ਰਿਹਾ ਸੀ। ਇਕ ਚਿੜੀ ਵਿਹੜੇ ਵਿੱਚੋਂ ਉੱਡ ਕੇ ਰੁੱਖ ਵੱਲ ਨੂੰ ਜਾ ਰਹੀ ਸੀ।

"ਨਾਨਾ ਜੀ ਮੈਂ ਤੁਹਾਨੂੰ ਦੱਸਦੀ ਹਾਂ। ਬੂਹੇ ਦੇ ਨੇੜੇ ਅਹੁ ਜਿਹੜੀ ਕੁੜੀ ਖੜ੍ਹੀ ਹੈ ਉਹ ਮੈਂ ਹਾਂ ਗੁਨੀਤ।"

"ਤੇ ਘਰ ਦੇ ਹੋਰ ਜੀਅ ਕਿੱਥੇ ਹਨ, ਦੀਪਾ, ਤੇਰੀ ਮਾਮੀ, ਤੇਰਾ ਮਾਮਾ ਤੇ ਤੇਰੀ ਨਾਨੀ ?" ਨਾਨਾ ਜੀ ਨੇ ਹੱਸਦਿਆਂ ਪੁੱਛਿਆ ?

"ਉਹ ਅੰਦਰ ਘਰ ਵਿਚ ਹਨ। ਮੈਂ ਤਾਂ ਚਿੜੀਆਂ ਨੂੰ ਵੇਖਣ ਬਾਹਰ ਨਿਕਲੀ ਸਾਂ।" ਗੁਨੀਤ ਨੇ ਉੱਤਰ ਦਿੱਤਾ। ਨਾਲ ਹੀ ਆਖਿਆ, "ਨਾਨਾ ਜੀ, ਅਜੇ ਮੈਂ ਆਂਢ-ਗੁਆਂਢ ਦੇ ਘਰ ਵਿਖਾਉਣੇ ਹਨ। ਇੱਥੋਂ ਸਕੂਲ ਵੀ ਦਿੱਸੂ ਅਤੇ ਗੁਰਦਵਾਰੇ ਦਾ ਨਿਸ਼ਾਨ ਸਾਹਿਬ ਵੀ।"

"ਪਰ ਤੂੰ ਇਹ ਸਭ ਕੁਝ ਬਣਾ ਕੇ ਹੀ ਵਿਖਾਉਣਾ ਸੀ।" ਦੀਪਾ ਨੇ ਸ਼ਰਾਰਤ ਨਾਲ ਕਿਹਾ।

"ਲੈ ਮੈਂ ਤੈਥੋਂ ਪਹਿਲਾਂ ਵਿਖਾਉਣਾ ਚਾਹੁੰਦੀ ਸਾਂ। ਨਾਲੇ ਇਹ ਕਾਗਜ਼ ਕੁਝ ਛੋਟਾ ਰਹਿ ਗਿਆ। ਪਾਣੀ ਦਾ ਛੋਟਾ ਜਿਹਾ ਫ਼ੁਹਾਰਾ ਵੀ ਬਣਾਉਣਾ ਸੀ। ਕੰਧ ਉੱਤੇ ਚੜ੍ਹਦੀ ਬਿੱਲੀ ਅਤੇ ਉਸ ਨੂੰ ਭਉਂ-ਭਉਂ ਕਰਦਾ ਡੱਬੂ ਵੀ ਵਿਖਾਉਣਾ ਸੀ। ਪਹਿਲਾਂ ਮੇਰੀ ਸਲਾਹ ਸੀ ਕਿ ਛਾਂ-ਦਾਰ ਰੁੱਖ ਹੇਠ ਸਾਰਿਆਂ ਨੂੰ ਬੈਠਿਆਂ ਵਿਖਾਵਾਂ। ਬਿਜਲੀ ਗਈ ਹੋਵੇ ਤਾਂ ਦੁਪਹਿਰ ਨੂੰ ਨਿੰਮ ਦੇ ਰੁੱਖ ਹੇਠ ਬੈਠਿਆ ਜਾ ਸਕਦਾ ਹੈ।"

"ਨਾਨਾ ਜੀ, ਹੁਣ ਮੇਰੀ ਡ੍ਰਾਇੰਗ ਕੀਤੀ ਵੀ ਵੇਖ ਲਓ। ਮੈਂ ਵੀ ਘਰ ਹੀ ਬਣਾਇਆ ਹੈ।" ਦੀਪ ਨੇ ਕਾਹਲ ਨਹੀਂ ਸੀ ਕੀਤੀ।

"ਹੈਂ ? ਮੇਰੀਆਂ ਦੋਵੇਂ ਦੋਹਤੀਆਂ ਕਲਾਕਾਰ ਹਨ। ਦੀਪਾ ਨੇ ਸ਼ਹਿਰ ਦਾ ਘਰ ਬਣਾਇਆ ਹੈ। ਨਾਲ ਵੱਡੀ ਸੜਕ ਵੀ ਵਿਖਾਈ ਹੈ। ਸੜਕ ਉੱਤੇ ਬੱਸਾਂ, ਕਾਰਾਂ ਤੇ ਸਕੂਟਰ ਦੌੜਦੇ ਵਿਖਾਈ ਦਿੰਦੇ ਹਨ। ਨਾਲ ਹੀ ਧੂੰਆਂ ਵੀ ਵਿਖਾ ਦਿੱਤਾ ਹੈ। ਸੜਕ ਦੇ ਨੇੜੇ ਬਿਜਲੀ ਦੀਆਂ ਤਾਰਾਂ ਵੀ ਦਿੱਸ ਰਹੀਆਂ ਹਨ।"

"ਨਾਨਾ ਜੀ, ਹੋਰ ਵੇਖੋ, ਛੱਤ ਉੱਤੇ ਮੈਂ ਅਤੇ ਗੁਨੀਤ ਖੜ੍ਹੀਆਂ ਉੱਡ ਰਹੇ ਹਵਾਈ ਜਹਾਜ਼ ਨੂੰ ਵੇਖ ਰਹੀਆਂ ਹਾਂ। ਘਰ ਦੇ ਨਾਲ ਕੋਈ ਰੁੱਖ ਵੀ ਵਿਖਾ ਦਿੱਤੇ ਹਨ। ਪਿਤਾ ਜੀ ਕਹਿੰਦੇ ਸਨ ਕਿ ਸੜਕ ਦੀ ਧੂੜ-ਮਿੱਟੀ ਅਤੇ ਸ਼ੋਰ ਤੋਂ ਬਚਣ ਲਈ ਘਰ ਦੇ ਨਾਲ ਪਈ ਥਾਂ ਉੱਤੇ ਰੁੱਖ ਲਾਉਣੇ ਠੀਕ ਹਨ। ਉਹ ਕਹਿੰਦੇ ਇਹਨਾਂ ਰੁੱਖਾਂ ਕਰਕੇ ਸਾਡਾ ਘਰ ਗਰਮੀਆਂ ਵਿਚ ਬਹੁਤਾ ਤਪਦਾ ਵੀ ਨਹੀਂ।" ਦੀਪਾ ਆਪਣੀ ਗੱਲ ਬੜੇ ਸਹਿਜ ਨਾਲ ਦੱਸ ਰਹੀ ਸੀ।

"ਤੇ ਦੀਪਾ, ਘਰ ਦੇ ਬਾਹਰ ਤਿੰਨ ਡਰੰਮ ਜਿਹੇ ਕੀ ਵਿਖਾਏ ਹਨ ?" ਨਾਨਾ ਜੀ ਨੇ ਪੁੱਛਿਆ।

'ਨਾਨਾ ਜੀ, ਅਮਰੀਕਾ ਰਹਿੰਦੇ ਤਾਇਆ ਜੀ ਦੱਸਦੇ ਸਨ ਕਿ ਉੱਥੇ ਘਰਾਂ ਦੇ ਬਾਹਰ ਇਸ ਤਰ੍ਹਾਂ ਦੇ ਡਰੰਮ ਹੁੰਦੇ ਹਨ। ਘਰ ਵਾਲੇ ਆਪਣੇ ਕੂੜੇ ਨੂੰ ਤਿੰਨ ਤਰ੍ਹਾਂ ਰੱਖਦੇ ਹਨ। ਇਕ ਵਿਚ ਪਲਾਸਟਿਕ ਵਾਲਾ ਕੂੜਾ। ਦੂਜੇ ਵਿਚ ਸਬਜ਼ੀਆਂ, ਫਲਾਂ ਦੇ ਛਿਲਕੇ ਕੂੜਾ ਆਦਿ ਵਾਲਾ ਜਿਸ ਤੋਂ ਅੱਗੇ ਖਾਦ ਬਣ ਸਕਦੀ ਹੈ। ਤੀਜੇ ਵਿਚ ਬਾਕੀ ਹਰ ਤਰ੍ਹਾਂ ਦਾ ਕੂੜਾ। ਇਹ ਤਿੰਨ ਤਰ੍ਹਾਂ ਦਾ ਕੂੜਾ ਘਰਾਂ ਦੇ ਬਾਹਰ ਰੱਖੇ ਤਿੰਨ ਵੱਖ-ਵੱਖ ਡਰੰਮਾਂ ਵਿਚ ਪਾ ਦਿੱਤਾ ਜਾਂਦਾ ਹੈ। ਫਿਰ ਕੂੜਾ ਚੁੱਕਣ ਵਾਲੇ ਇਸ ਨੂੰ ਚੁੱਕ ਲਿਜਾਂਦੇ ਹਨ।"

"ਇਹ ਹੋਈ ਨਾ ਗੱਲ, ਤੂੰ ਤਾਂ ਦੀਪਾ ਮੇਰਾ ਵੀ ਗਿਆਨ ਵਧਾ ਦਿੱਤਾ। ਚੰਗਾ ਅੱਗੇ ਦੱਸ।" ਨਾਨਾ ਜੀ ਖ਼ੁਸ਼ ਵੀ ਸਨ ਅਤੇ ਹੈਰਾਨ ਵੀ ਕਿ ਇਹ ਕੁੜੀਆਂ ਕਿੰਨੀ ਸੋਝੀ ਵਾਲੀਆਂ ਹਨ।

"ਦੀਪਾ ਚਿੱਤਰ ਵਿਚ ਤੂੰ ਇਕ ਡੱਬੀ ਵਿਚ ਛੋਟਾ ਚਿਤਰ ਬਣਾ ਕੇ ਕੂੜਾ ਖਿਲਰਿਆ ਵਿਖਾਇਆ ਹੈ। ਨਾਲ ਹੀ ਇਕ ਪਾਸੇ ਧੂੰਆਂ ਨਿੱਕਲ ਰਿਹਾ ਹੈ ਅਤੇ ਫਿਰ ਤੂੰ ਇਸ ਉੱਤੇ ਲਾਲ ਪੈਨਸਿਲ ਦੇ ਨਾਲ ਕਾਟਾ ਵੀ ਮਾਰ ਦਿੱਤਾ ਹੈ।" ਨਾਨਾ ਜੀ ਦੀਪਾ ਦੇ ਚਿੱਤਰ ਵਿਚ ਵਿਖਾਈ ਹਰ ਚੀਜ਼ ਨੂੰ ਸਮਝਣਾ ਚਾਹੁੰਦੇ ਸਨ।"

ਦੀਪਾ ਨੇ ਬੜੇ ਭਰੋਸੇ ਨਾਲ ਦੱਸਿਆ ਕਿ ਸ਼ਹਿਰਾਂ ਵਿਚ ਕਈ ਥਾਈਂ ਕੂੜਾ ਖਿਲਰਿਆ ਹੁੰਦਾ ਹੈ। ਪਤਝੜ ਵਿਚ ਰੁੱਖਾਂ ਦੇ ਪੱਤਿਆਂ ਨੂੰ ਲੋਕ ਸਾੜਨ ਲੱਗਦੇ ਹਨ। ਕੂੜੇ ਨੂੰ ਵੀ ਅੱਗ ਲਾ ਦਿੰਦੇ ਹਨ। ਮੈਂ ਕਾਟਾ ਮਾਰ ਕੇ ਦੱਸਿਆ ਹੈ ਕਿ ਇਹ ਬੜਾ ਗ਼ਲਤ ਹੈ।" ਨਾਨਾ ਜੀ ਦੀਪਾ ਵੱਲ ਵੇਖ ਵੇਖ ਹੈਰਾਨ ਹੋ ਰਹੇ ਸਨ। ਫਿਰ ਉਹਨਾਂ ਨੇ ਦੋਹਾਂ ਨੂੰ ਪੁੱਛਿਆ, "ਦੋਵੇਂ ਚਿੱਤਰਾਂ ਵਿਚ ਕੋਈ ਜਾਨਵਰ ਨਹੀਂ ਵਿਖਾਇਆ ਗਿਆ, ਨਾ ਜੰਗਲੀ ਅਤੇ ਨਾ ਘਰੇਲੂ।"

ਹੁਣ ਗੁਨੀਤ ਦੀ ਵਾਰੀ ਸੀ। ਉਹ ਬੋਲੀ, "ਨਾਨਾ ਜੀ ਤੁਸੀਂ ਬਹੁਤ ਭੋਲੇ ਹੋ। ਜੇ ਪਿੰਡ ਦਾ ਘਰ ਹੁੰਦਾ ਤਾਂ ਮੱਝਾਂ, ਗਾਂਵਾਂ, ਬੱਕਰੀਆਂ ਵਿਖਾਈ ਦੇਣੀਆਂ ਸਨ। ਮੈਂ ਪਿਛਲੀਆਂ ਛੁੱਟੀਆਂ ਵਿਚ ਭੂਆ ਜੀ ਦੇ ਪਿੰਡ ਗਈ ਸੀ। ਉੱਥੇ ਮੈਂ ਟੋਭਾ ਵੇਖਿਆ। ਟੋਭੇ ਵਿਚ ਮੱਝਾਂ ਮੌਜ ਨਾਲ ਬੈਠੀਆਂ ਸਨ। ਨਾਲ ਬਰੋਟੇ ਦੇ ਵੱਡੇ ਰੁੱਖ ਹੇਠ ਗਾਂਵਾਂ, ਬੱਕਰੀਆਂ, ਗਧੇ ਤੇ ਹੋਰ ਕਈ ਜਾਨਵਰ ਬੈਠੇ ਸਨ। ਉਸੇ ਰੁੱਖ ਦੀ ਛਾਂ ਵਿਚ ਬੱਚੇ ਖੇਡ ਰਹੇ ਸਨ। ਹੋਰ ਲੋਕ ਵੀ ਦੁਪਹਿਰ ਦੀ ਧੁੱਪ ਤੋਂ ਬਚੇ ਬੈਠੇ ਸਨ। ਹੁਣ ਜਦੋਂ ਮੈਂ ਪਿੰਡ ਦਾ ਘਰ ਬਣਾਵਾਂਗੀ ਤਾਂ ਇਹ ਦ੍ਰਿਸ਼ ਵੀ ਵਿਖਾਵਾਂਗੀ।"

"ਨਾਨਾ ਜੀ, ਜੇ ਆਖੋ ਤਾਂ ਮੈਂ ਚਿੜੀਆ-ਘਰ ਬਣਾਵਾਂ ? ਮੈਨੂੰ ਦੋ ਕਾਗਜ਼ ਹੋਰ ਦਿਓ। ਚਿੜੀਆ-ਘਰ ਵਿਚ ਜੰਗਲ ਦੇ ਜਾਨਵਰ ਸਾਰੇ ਆ ਜਾਣਗੇ।" ਦੀਪਾ ਨੂੰ ਜਾਣੋ ਚਾਅ ਚੜ੍ਹਿਆ ਹੋਇਆ ਸੀ।

ਨਾਨਾ ਜੀ ਨੇ ਦੋਵੇਂ ਦੋਹਤੀਆਂ ਨੂੰ ਆਪਣੀ ਬੁੱਕਲ ਵਿਚ ਲੈ ਲਿਆ। ਫਿਰ ਉਹਨਾਂ ਦੇ ਸਿਰ ਪਲੋਸੇ। ਨਾਲ ਹੀ ਆਖਿਆ, "ਤੁਸੀਂ ਦੋਵੇਂ ਕਲਾਕਾਰ ਹੋ। ਹੁਣ ਮੈਂ ਤੁਹਾਨੂੰ ਸਧਾਰਨ ਕਾਗਜ਼ ਨਹੀਂ ਦੇਣੇ। ਤੁਹਾਡੇ ਲਈ ਚਿੱਤਰ ਬਣਾਉਣ ਲਈ ਵਧੀਆ ਡ੍ਰਾਇੰਗ ਸ਼ੀਟਾਂ ਅਤੇ ਰੰਗਾਂ ਦੇ ਡੱਬੇ ਲੈ ਕੇ ਆਵਾਂਗਾ। ਦੋਵੇਂ ਤਰ੍ਹਾਂ ਦੇ ਰੰਗ ਇਕ ਪੈਨਸਿਲ ਵਾਲੇ ਦੂਜੇ ਪਾਣੀ ਵਾਲੇ ਰੰਗ। ਫਿਰ ਤੁਸੀਂ ਜਿਹੋ ਜਿਹਾ ਚਾਹੋ ਘਰ ਜਾਂ ਗਲੀ ਮੁਹੱਲਾ ਬਣਾ ਲੈਣਾ। ਮੈਂ ਤਾਂ ਕਹਿੰਦਾ ਹਾਂ ਕਿ ਤੁਸੀਂ ਸਕੂਲ ਦਾ ਚਿੱਤਰ ਵੀ ਬਣਾਓ। ਇਕ ਸੋਹਣੇ ਸਕੂਲ ਦੀਆਂ ਸਾਰੀਆਂ ਚੰਗੀਆਂ ਚੀਜ਼ਾਂ ਵਿਖਾਉਣਾ।"

ਦੀਪਾ ਅਤੇ ਗੁਨੀਤ ਫਿਰ ਗਾਉਣ ਲੱਗੀਆਂ—

ਇਹ ਅਸਾਡਾ ਪਿਆਰਾ ਘਰ, ਸੋਹਣਾ ਸਾਫ਼ ਤੇ ਸੁਥਰਾ ਘਰ।
ਬਾਹਰੋਂ ਸੋਹਣਾ ਅੰਦਰੋਂ ਸੋਹਣਾ, ਖੇੜਿਆਂ ਭਰਿਆ ਸਾਡਾ ਘਰ।
ਰੁੱਖਾਂ ਜਿਹੀਆਂ ਛਾਵਾਂ ਇੱਥੇ, ਤੇ ਫੁੱਲਾਂ ਜਿਹੀਆਂ ਖ਼ੁਸ਼ਬੋਈਆਂ।
ਗਲੀ-ਗੁਆਂਢ ਵੀ ਸੋਹਣਾ ਇੱਥੇ, ਦੱਸੀਏ ਕੀ ਵਡਿਆਈਆਂ।
ਰਾਹਾਂ ਵਿਚ ਕੂੜਾ ਕਦੇ ਨਾ ਦਿੱਸੇ, ਨਾ ਹੀ ਖੜ੍ਹਿਆ ਪਾਣੀ।
ਹਰ ਘਰ ਫੁੱਲਵਾੜੀ ਵੀ ਹੈ, ਸਾਰਾ ਨਗਰ ਈ ਸੋਹਣਾ ਜਾਣੀ।

## ਤਿੱਤਲੀਆਂ ਵਾਲੀ ਫ਼ਰਾਕ

*—ਜਨਮੇਜਾ ਸਿੰਘ ਜੌਹਲ*

'ਹਾਏ! ਕਿੰਨੀ ਸੋਹਣੀ ਤਿੱਤਲੀ, ਦਿਲ ਕਰਦਾ ਇਹ ਮੇਰੇ ਹੱਥਾਂ ਤੇ ਆ ਬੈਠੇ, ਫੇਰ ਮੈਂ ਇਹਦੇ ਸਾਰੇ ਰੰਗ ਦੇਖਾਂ, ਇਹਦਿਆਂ ਖੰਭਾਂ ਤੇ ਲੱਗੀਆਂ ਅੱਖਾਂ ਦੇਖਾਂ ਤੇ ਇਹਦੇ ਨਰਮ ਨਰਮ ਕੂਲੇ-ਕੂਲੇ ਖੰਭਾਂ ਨੂੰ ਛੂਹ ਲਵਾਂ, ਸੱਚੀਂ! ਕਿੰਨਾ ਮਜ਼ਾ ਆਵੇਗਾ।' ਮਿੰਨੀ ਫੁੱਲਾਂ ਨਾਲ ਭਰੇ ਬਾਗ ਵਿੱਚ ਤੁਰੀ ਜਾ ਰਹੀ ਸੀ ਤੇ ਆਪਣੇ ਨਾਲ-ਨਾਲ ਉੱਡਦੀ ਤਿੱਤਲੀ ਨਾਲ ਗੱਲਾਂ ਕਰ ਰਹੀ ਸੀ। ਤਿੱਤਲੀ ਕਦੇ ਖੱਬੇ, ਕਦੇ ਸੱਜੇ, ਕਦੇ ਹੇਠਾਂ ਤੇ ਕਦੇ ਉੱਤੇ ਉੱਡਦੀ ਮਿੰਨੀ ਦੇ ਅੱਗੇ-ਅੱਗੇ ਜਾ ਰਹੀ ਸੀ। ਜਦੋਂ ਤੱਕ ਮਿੰਨੀ ਫੁੱਲ ਤੇ ਬੈਠੀ ਤਿੱਤਲੀ ਕੋਲ ਪਹੁੰਚਦੀ, ਉਹ ਉੱਡ ਕੇ ਅਗਲੇ ਫੁੱਲ ਤੇ ਚਲੀ ਜਾਂਦੀ। ਮਿੰਨੀ ਨੂੰ ਗੁਲਾਬ ਦੇ ਫੁੱਲ ਬਹੁਤ ਪਸੰਦ ਸਨ। ਬਾਗ ਵਿੱਚ ਵੱਡੇ-ਵੱਡੇ ਗੁਲਾਬ ਦੇ ਕਈ ਰੰਗਾਂ ਦੇ ਫੁੱਲ ਸਨ, ਇਸੇ ਲਈ ਮਿੰਨੀ ਅਕਸਰ ਇਸੇ ਬਾਗ ਵਿੱਚ ਸੈਰ ਕਰਨ ਆਉਂਦੀ ਰਹਿੰਦੀ ਹੈ। ਜਿੱਥੇ ਫੁੱਲ ਹੋਣ ਉੱਥੇ ਤਿੱਤਲੀਆਂ ਵੀ ਹੁੰਦੀਆਂ ਹਨ। ਇਹ ਤਿੱਤਲੀਆਂ ਕਈ ਰੰਗਾਂ ਦੀਆਂ ਹੁੰਦੀਆਂ ਹਨ ਤੇ ਮਿੰਨੀ ਨੂੰ ਇਹ ਹਮੇਸ਼ਾ ਉੱਡਦੀਆਂ ਪਰੀਆਂ ਜਿਹੀਆਂ ਲੱਗਦੀਆਂ। ਉਸਦਾ ਬੜਾ ਦਿਲ ਕਰਦਾ ਕਿ ਕੋਈ ਤਿੱਤਲੀ ਉਸ ਦੀ ਦੋਸਤ ਬਣੇ, ਉਸਦੇ ਨਾਲ ਨਾਲ ਉੱਡੇ, ਉਸ ਨਾਲ ਗੱਲਾਂ ਕਰੇ। ਮਿੰਨੀ ਦਾ ਦਿਲ ਕਰਦਾ ਸੀ ਕਿ ਉਹ ਤਿੱਤਲੀ ਨੂੰ ਪੁੱਛੇ, ਸਭ ਤੋਂ ਸੋਹਣਾ ਫੁੱਲ ਕਿੱਥੇ ਹੈ ?

ਕਿਹੜੇ ਫੁੱਲ ਵਿੱਚ ਸਭ ਤੋਂ ਵੱਧ ਖੁਸ਼ਬੂ ਹੈ ? ਉਹਦਾ ਦਿਲ ਕਰਦਾ ਕਿ ਤਿੱਤਲੀ ਉਸਨੂੰ ਬਾਗ ਦੇ ਸਭ ਤੋਂ ਨਿਕੱਚੂ ਜਿਹੇ ਫੁੱਲ ਕੋਲ ਲੈ ਜਾਵੇ। ਮਿੰਨੀ ਨੂੰ ਬਾਗ ਵਿਚ ਹਮੇਸ਼ਾ ਇਹੋ ਜਿਹੀ ਤਿੱਤਲੀ ਦੀ ਤਲਾਸ਼ ਰਹਿੰਦੀ। ਜਦੋਂ ਵੀ ਕੋਈ ਤਿੱਤਲੀ ਉਸਦੇ ਨੇੜੇ ਦੀ ਲੰਘਦੀ, ਉਸਨੂੰ ਲੱਗਦਾ ਇਹ ਉਹੋ ਤਿੱਤਲੀ ਹੈ ਜੋ ਉਸਦੀ ਦੋਸਤ ਬਣੇਗੀ। ਪਰ ਅਗਲੇ ਹੀ ਪਲ, ਤਿੱਤਲੀ ਕਿਧਰੇ ਗੁਆਚ ਜਾਂਦੀ।

ਅੱਜ ਵਾਲੀ ਤਿੱਤਲੀ ਦੇ ਰੰਗ ਕੁਝ ਖਾਸ ਹੀ ਸਨ। ਇਹ ਦੇਖਣ ਨੂੰ ਵੀ ਕੁਝ ਵੱਡੀ ਲੱਗਦੀ ਸੀ ਤੇ ਇਹ ਉੱਡ ਵੀ ਕੁਝ ਹੌਲੀ ਰਹੀ ਸੀ। ਪਰ ਇਹ ਸੀ ਬਹੁਤ

ਸੋਹਣੀ। ਤਿੱਤਲੀ ਮਿੰਨੀ ਦੇ ਦੁਆਲੇ ਕਈ ਚੱਕਰ ਲਗਾ ਚੁੱਕੀ ਸੀ। ਮਿੰਨੀ ਵੀ ਹੁਣ ਥੱਕ ਕੇ ਬਾਗ ਦੇ ਇਕ ਪਾਸੇ ਘਾਹ ਤੇ ਬੈਠ ਗਈ। 'ਤੂੰ ਮੇਰੇ ਨਾਲ ਦੋਸਤੀ ਕਰੇਂਗੀ ?' ਆਵਾਜ਼ ਸੁਣ ਕੇ ਮਿੰਨੀ ਨੇ ਆਪਣੇ ਆਲੇ-ਦੁਆਲੇ ਵੇਖਿਆ। ਪਰ ਕਿਤੇ ਕੋਈ ਨਹੀਂ ਸੀ।

'ਦੱਸ, ਤੂੰ ਮੇਰੇ ਨਾਲ ਦੋਸਤੀ ਕਰੇਂਗੀ ?' ਆਵਾਜ਼ ਫੇਰ ਆਈ ਤਾਂ ਮਿੰਨੀ ਘਬਰਾ ਗਈ। ਇਹ ਕੌਣ ਹੈ ਜੋ ਪੁੱਛ ਰਿਹਾ ਹੈ। ਉਸਨੂੰ ਲੱਗਾ ਕਿ ਬਾਗ ਵਿੱਚ ਕੋਈ ਲੁੱਕ ਕੇ ਬੈਠਾ ਹੈ ਜਾਂ ਫੇਰ ਰਾਤ ਜੋ ਭੂਤਾਂ ਦੀ ਕਹਾਣੀ ਸੁਣੀ ਸੀ ਉਹ ਭੂਤ ਆ ਗਿਆ ਹੈ। ਮਿੰਨੀ ਡਰ ਕੇ ਇਕਦਮ ਖੜ੍ਹੀ ਹੋ ਗਈ ਤੇ ਘਰ ਵੱਲ ਨੂੰ ਤੁਰਨ ਹੀ ਲੱਗੀ ਸੀ ਕਿ ਅਵਾਜ਼ ਫੇਰ ਆਈ 'ਡਰ ਨਾ, ਮੈਂ ਤੇਰੀ ਦੋਸਤ ਹਾਂ, ਮੈਂ ਸਤਰੰਗੀ ਤਿੱਤਲੀ ਤੇਰੇ ਨਾਲ ਦੋਸਤੀ ਕਰਨਾ ਚਾਹੁੰਦੀ ਹਾਂ।'

ਮਿੰਨੀ ਨੇ ਵੇਖਿਆ ਸਾਹਮਣੇ ਸਤਰੰਗੀ ਤਿੱਤਲੀ ਸੀ, ਜੋ ਖੰਭਾਂ ਨੂੰ ਫਰ ਫਰਾ ਰਹੀ ਹਵਾ ਵਿੱਚ ਖੜ੍ਹੀ ਸੀ।

'ਹਾਂ ਹਾਂ ਹਾਂ' ਮਿੰਨੀ ਦੀ ਖੁਸ਼ੀ ਦੀ ਕੋਈ ਹਦ ਨਾ ਰਹੀ ਤੇ ਉਸਨੇ ਤਿੱਤਲੀ ਨਾਲ ਸਾਰੀਆਂ ਗੱਲਾਂ ਕੀਤੀਆਂ, ਹਰ ਸੋਹਣੇ ਫੁੱਲ ਦਾ ਸਿਰਨਾਵਾਂ ਪੁੱਛਿਆ। ਹੋਰ ਤਾਂ ਹੋਰ ਉਸਨੇ ਤਿੱਤਲੀ ਤੋਂ ਫੁੱਲਾਂ ਦੇ ਨਾਮ ਵੀ ਪੁੱਛੇ, ਜੋ ਤਿੱਤਲੀਆਂ ਨੇ ਰੱਖੇ ਹੋਏ ਸਨ।

ਕਦੋਂ ਸ਼ਾਮ ਹੋ ਗਈ ਮਿੰਨੀ ਨੂੰ ਪਤਾ ਹੀ ਨਾ ਲੱਗਾ। ਮਿੰਨੀ ਹੁਣ ਘਰ ਜਾਣਾ ਚਾਹੁੰਦੀ ਸੀ ਤੇ ਤਿੱਤਲੀ ਆਪਦੇ ਘਰ। ਦੋਵੇਂ ਉਦਾਸ ਹੋ ਗਈਆਂ।

'ਮੈਂ ਚਾਹੁੰਨੀ ਆਂ ਤੂੰ ਮੇਰੇ ਘਰ ਚਲ।'

'ਨਹੀਂ ਨਹੀਂ ਮੈਂ ਤਾਂ ਕਿਸੇ ਫੁੱਲ ਦੀ ਗੋਦ ਵਿੱਚ ਹੀ ਸੌਂ ਸਕਦੀ ਹਾਂ, ਘਰਾਂ ਵਿੱਚ ਕਿਰਲੀਆਂ ਆਦਿ ਮੈਨੂੰ ਖਾ ਜਾਣਗੀਆਂ।

'ਪਰ ਮੈਂ ਤੈਨੂੰ ਆਪਣੀ ਅੰਮਾ ਨਾਲ ਮਿਲਾਉਣਾ ਚਾਹੁੰਦੀ ਹਾਂ।'

'ਮੈਨੂੰ ਸੜਕ' ਪਾਰ ਕਰਦੇ ਬਹੁਤ ਡਰ ਲੱਗਦਾ, ਮੈਂ ਤੇਰੇ ਘਰ ਨਹੀਂ ਜਾ ਸਕਦੀ।'

'ਫੇਰ ਮੈਂ ਆਪਣੀ ਅੰਮਾ ਨੂੰ ਕਿਵੇਂ ਦੱਸਾਂਗੀ ਕਿ ਤੂੰ ਮੇਰੀ ਨਵੀਂ ਦੋਸਤ ਬਣੀ ਹੈਂ। ਉਹ ਮੇਰੇ ਤੇ ਕਿਵੇਂ ਯਕੀਨ ਕਰੇਗੀ ?' ਦੋਵੇਂ ਸੋਚੀਂ ਪੈ ਗਈਆਂ। ਕਿੰਨੀ ਦੇਰ ਉਹ ਚੁੱਪ ਚਾਪ ਇਕ ਦੂਜੇ ਵੱਲ ਵੇਖਦੀਆਂ ਰਹੀਆਂ ਤੇ ਵਿਛੜਨਾ ਨਹੀਂ ਸਨ ਚਾਹੁੰਦੀਆਂ।

'ਅੱਛਾ ਇੰਜ ਕਰ, ਮੈਂ ਤੈਨੂੰ ਆਪਣੀ ਨਿਸ਼ਾਨੀ ਦੇਂਦੀ ਹਾਂ।'

'ਪਰ ਇਕ ਤਿੱਤਲੀ ਕੀ ਨਿਸ਼ਾਨੀ ਦੇਵੇਗੀ, ਤੇਰੇ ਕੋਲ ਹੈ ਹੀ ਕੀ।'

ਤਿੱਤਲੀ ਇਕ ਦਮ ਉੱਡ ਗਈ, ਮਿੰਨੀ ਉਦਾਸ ਹੋ ਗਈ ਤੇ ਤੁਰਨ ਹੀ ਲੱਗੀ ਸੀ ਕਿ ਸਾਹਮਣਿਓਂ ਇਕ ਵੱਡਾ ਤਿੱਤਲੀਆਂ ਦਾ ਝੁੰਡ ਆ ਗਿਆ। ਸਭ ਤੋਂ ਮੂਹਰੇ ਸਤਰੰਗੀ ਤਿੱਤਲੀ ਸੀ। ਮਿੰਨੀ ਹੈਰਾਨੀ ਨਾਲ ਦੇਖ ਰਹੀ ਸੀ।

ਸਤਰੰਗੀ ਦੇ ਇਸ਼ਾਰੇ ਤੇ ਸਾਰੀਆਂ ਤਿੱਤਲੀਆਂ ਮਿੰਨੀ ਦੀ ਚਿੱਟੀ ਫਰਾਕ ਤੇ ਬੈਠ ਗਈਆਂ। ਸਤਰੰਗੀ ਤਿੱਤਲੀ ਖੰਭ ਖਿਲਾਰ ਕੇ ਮਿੰਨੀ ਦੇ ਗਲੇ ਦੇ ਕੋਲ ਬੈਠ ਗਈ।

ਸਾਰੀਆਂ ਤਿੱਤਲੀਆਂ ਨੇ ਆਪਣੇ ਖੰਭ ਜ਼ੋਰ-ਜ਼ੋਰ ਦੀ ਹਿਲਾਉਣੇ ਸ਼ੁਰੂ ਕਰ ਦਿੱਤੇ। ਕਈ ਵਾਰੀ ਇੰਝ ਕਰਨ ਤੋਂ ਬਾਅਦ ਤਿੱਤਲੀਆਂ ਉੱਡ ਗਈਆਂ। ਮਿੰਨੀ ਨੇ ਵੇਖਿਆ ਕਿ ਤਿੱਤਲੀਆਂ ਦੇ ਨਾਜ਼ੁਕ ਖੰਭਾਂ ਦਾ ਰੰਗ ਉਤਰ ਕੇ ਉਸਦੀ ਫਰਾਕ ਤੇ ਲੱਗ ਗਿਆ ਸੀ। ਇੰਝ ਲੱਗਦਾ ਸੀ ਜਿਵੇਂ ਫਰਾਕ ਤੇ ਕਿਸੇ ਕਲਾਕਾਰ ਨੇ ਤਿੱਤਲੀਆਂ ਦੀਆਂ ਤਸਵੀਰਾਂ ਬਣਾ ਦਿੱਤੀਆਂ ਹੋਣ। ਸਤਰੰਗੀ ਨੇ ਮਿੰਨੀ ਨੂੰ ਅਲਵਿਦਾ ਆਖੀ ਤੇ ਉੱਡ ਗਈ।

ਹੁਣ ਮਿੰਨੀ ਆਪਣੀ ਤਿੱਤਲੀਆਂ ਵਾਲੀ ਫਰਾਕ ਨੂੰ ਸਾਂਭਦੀ ਖੁਸ਼ੀ-ਖੁਸ਼ੀ ਘਰ ਵੱਲ ਨੂੰ ਦੌੜੀ ਜਾ ਰਹੀ ਸੀ।

## ਜੂੰਆਂ ਦੀ ਕਾਨਫਰੰਸ

*—ਜਨਮੇਜਾ ਸਿੰਘ ਜੌਹਲ*

'ਆਡਰ, ਆਡਰ, ਆਡਰ'

'ਸਭ ਚੁੱਪ ਕਰ ਜਾਵੋ ਅਤੇ ਅਗਲੀ ਕਾਰਵਾਈ ਧਿਆਨ ਨਾਲ ਸੁਣੋ, ਅੱਜ ਅਸੀਂ ਇੱਥੇ ਆਪਣੀ ਸਿਲਵਰ ਜੁਬਲੀ ਮਨਾਉਣ ਲਈ ਕੱਠੀਆਂ ਹੋਈਆਂ ਹਾਂ। ਸਾਨੂੰ ਪਤਾ ਹੈ ਕਿ ਇਹੋ ਜਿਹੇ ਖੁਸ਼ੀ ਦੇ ਮੌਕੇ ਹਰ ਕਿਸੇ ਦੇ ਹਿੱਸੇ ਨਹੀਂ ਆਉਂਦੇ ਅਤੇ ਸਾਡੇ ਵਰਗੀਆਂ ਬਹੁਤ ਥੋੜ੍ਹੀਆਂ ਹਨ ਜੋ ਸਿਲਵਰ ਜੁਬਲੀ ਮਨਾ ਸਕੀਆਂ ਹੋਣ।'

'ਸਾਨੂੰ ਪਿੱਛੇ ਆਵਾਜ਼ ਨਹੀਂ ਸੁਣਾਈ ਦਿੰਦੀ ਜ਼ਰਾ ਉੱਚੀ ਬੋਲੋ।' ਇਕ ਆਵਾਜ਼ ਪਿਛਿਓਂ ਆਈ।

'ਤੁਸੀਂ ਜ਼ਰਾ ਅੱਗੇ ਹੋ ਕੇ ਬੈਠੋ। ਇਸ ਜਗ੍ਹਾ ਦਾ ਪਿਛਲਾ ਪਾਸਾ ਕੁਝ ਨੀਵਾਂ ਵੀ ਹੈ।' ਸਟੇਜ ਸਕੱਤਰ ਨੇ ਜਵਾਬ ਦਿੱਤਾ।

'ਸਭ ਤੋਂ ਪਹਿਲੋਂ ਪ੍ਰਧਾਨ ਜੀ ਦੀ ਆਗਿਆ ਲੈ ਕੇ ਅੱਜ ਦਾ ਇਹ ਸਮਾਗਮ ਸ਼ੁਰੂ ਕਰਦੇ ਹਾਂ।

ਇਸ ਵਕਤ ਰਾਤ ਦੇ ਠੀਕ 12 ਵਜੇ ਹਨ, ਅਸੀਂ ਆਪਣੇ ਮਿੱਥੇ ਹੋਏ ਪ੍ਰੋਗਰਾਮ ਤੋਂ 2 ਘੰਟੇ ਪਛੜ ਕੇ ਚਲ ਰਹੇ ਹਾਂ, ਅਸਲ ਵਿੱਚ ਸਾਨੂੰ ਖਿਆਲ ਹੀ ਨਹੀਂ ਰਿਹਾ ਕਿ ਅੱਜ ਸ਼ਨਿਚਰਵਾਰ ਹੈ ਅਤੇ ਬੱਚਿਆਂ ਨੇ ਟੀ. ਵੀ. ਤੇ ਫਿਲਮ ਦੇਖਣੀ ਹੈ। ਤੁਹਾਨੂੰ ਪਤਾ ਹੀ ਹੈ ਕਿ ਜਿੰਨਾ ਚਿਰ ਸਾਰੇ ਬੱਚੇ ਸੌਂ ਨਾ ਜਾਣ, ਖਾਸ ਕਰਕੇ ਸੁੱਖਾ, ਅਸੀਂ ਮੀਟਿੰਗ ਨਹੀਂ ਕਰ ਸਕਦੀਆਂ। ਦੇਖੋ ਕਿਵੇਂ ਘੁਰਾੜੇ ਮਾਰ ਰਿਹਾ ਹੈ। ਹੋ ਸਕਦਾ ਹੈ ਇਹਦੇ ਘੁਰਾੜਿਆਂ ਕਰਕੇ ਸਾਡੀ ਪੂਰੀ ਗੱਲ ਤੁਹਾਨੂੰ ਨਾ ਸੁਣੇ। ਕ੍ਰਿਪਾ ਕਰਕੇ ਤੁਸੀਂ ਆਪ ਗੱਲਾਂ ਘੱਟ ਕਰਨੀਆਂ ਹਨ। ਮੈਨੂੰ ਇਹ ਵੀ ਅਹਿਸਾਸ ਹੈ ਕਿ ਗੱਲਾਂ ਕਰਨੀਆਂ ਤੁਹਾਡੀ ਮਜਬੂਰੀ ਹੈ।'

'ਸਕਤਰ ਸਾਹਿਬਾਂ ਪ੍ਰੋਗਰਾਮ ਛੇਤੀ ਸ਼ੁਰੂ ਕਰ।' ਪ੍ਰਧਾਨ ਨੇ ਸਕੱਤਰ ਨੂੰ ਟੋਕਿਆ।

'ਲਓ ਜੀ ਸਭ ਤੋਂ ਪਹਿਲਾਂ ਪੇਸ਼ ਹੈ ਰਿੰਕੂ ਪੁਰੇ ਦੀਆਂ ਨੌਜਵਾਨ ਬੇਟੀਆਂ। ਦੇਖੋ ਕਿਵੇਂ ਚਿੱਟੇ ਰੰਗ ਵਿੱਚ ਫਬ ਰਹੀਆਂ ਹਨ। ਇਹਨਾਂ ਦੇ ਡਾਂਸ ਦੇ ਬੋਲ ਹਨ'

'ਜਦੋਂ ਹੱਥ ਅਸਾਂ ਨੂੰ ਭਾਲੇ।

ਸਾਨੂੰ ਪੈਣ ਜਾਨਾਂ ਦੇ ਲਾਲੇ।'

ਤੇ ਉਨ੍ਹਾਂ ਦਾ ਡਾਂਸ ਪੰਜ ਮਿੰਟ ਚੱਲਦਾ ਹੈ।

'ਇਹ ਸਨ ਸਾਡੀਆਂ ਪਿਆਰੀਆਂ ਧੀਆਂ। ਸਾਡੇ ਮੁੱਖ ਮਹਿਮਾਨ ਨੇ ਖੁਸ਼ ਹੋ ਕੇ ਇਹਨਾਂ ਨੂੰ ਆਪਣੇ ਪਿੰਡ ਘੋਲੂ ਪੂਰੇ ਆਉਣ ਦਾ ਸਦਾ ਦਿੱਤਾ ਹੈ।'

'ਕਿਉਂਕਿ ਪ੍ਰਧਾਨ ਜੀ ਦਾ ਪਿੰਡ ਜਾਗਣ ਹੀ ਵਾਲਾ ਹੈ ਇਸ ਲਈ ਪ੍ਰਧਾਨ ਜੀ ਕਾਹਲੀ ਵਿੱਚ ਹਨ। ਅਸੀਂ ਉਹਨਾਂ ਨੂੰ ਬੇਨਤੀ ਕਰਾਂਗੇ ਕਿ ਉਹ ਆਪਣਾ ਭਾਸ਼ਣ ਜਾਣ ਤੋਂ ਪਹਿਲੇ ਦੇ ਜਾਣ' ਪ੍ਰਧਾਨ ਜੀ ਉੱਠਣ ਲੱਗਦੇ ਹਨ ਤਾਂ ਉਹਨਾਂ ਦੀ ਇਕ ਟੰਗ ਵਾਲਾਂ ਵਿੱਚ ਥੋੜ੍ਹੀ ਫਸ ਜਾਂਦੀ ਹੈ ਪਰ ਫੇਰ ਵੀ ਉਹ ਸਟੇਜ ਤੇ ਪਹੁੰਚ ਜਾਂਦੇ ਹਨ।

'ਮੇਰੀਓ ਪਿਆਰੀਓ ਭੈਣੋ ਅੱਜ ਮੈਨੂੰ ਬਹੁਤ ਖੁਸ਼ੀ ਹੈ ਕਿ ਅਸੀਂ ਆਪਣੀ ਸਿਲਵਰ ਜੁਬਲੀ ਮਨਾ ਰਹੀਆਂ ਹਾਂ। ਇਹ ਕਿਸੇ-ਕਿਸੇ ਦੇ ਹੀ ਨਸੀਬ ਹੁੰਦਾ ਹੈ ਕਿ ਜਿਸ ਸੁੱਖੇ ਦੇ ਸਿਰ ਉੱਤੇ ਅਸੀਂ ਕੱਠੀਆਂ ਹੋਈਆਂ ਹਾਂ ਉਸਨੇ ਪਿਛਲੇ 25 ਹਫਤੇ ਤੋਂ ਸਿਰ ਨਹੀਂ ਧੋਤਾ ਹੈ। ਇਹ ਮਿੱਟੀ ਘੱਟੇ ਨਾਲ ਭਰਿਆ ਸਿਰ ਸਾਡੇ ਲਈ ਵਰਦਾਨ ਹੈ। ਅਸੀਂ ਇਹੋ ਜਿਹੇ ਸਿਰ ਵਿਚ ਬਹੁਤ ਅੱਛੀ ਤਰ੍ਹਾਂ ਲੁੱਕ ਸਕਦੀਆਂ ਹਾਂ। ਮੈਂ ਦਿਲੋਂ ਚਾਹੁੰਦੀ ਹਾਂ ਕਿ ਸੁੱਖੇ ਨੂੰ ਉਠਾ ਕੇ ਉਸਦਾ ਸਨਮਾਨ ਕੀਤਾ ਜਾਵੇ। ਉਸਨੂੰ ਇਸੇ ਤਰ੍ਹਾਂ ਰੱਖਣ ਲਈ ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰੀਏ ਕਿ ਰੱਬ ਉਸਨੂੰ ਝੂਠ ਬੋਲਣ ਦਾ ਬਲ ਬਖਸ਼ੇ ਅਤੇ ਆਪਣੇ ਦੋਸਤਾਂ ਮਿੱਤਰਾਂ ਨੂੰ ਤੇ ਇਸੇ ਤਰ੍ਹਾਂ ਸਾਡੀ ਕੌਮ ਨੂੰ ਵੱਧਣ ਫੁੱਲਣ ਦਾ ਮੌਕਾ ਦੇਣ ਲਈ ਪ੍ਰੇਰਦਾ ਰਹੇ। ਪ੍ਰਮਾਤਮਾ ਇਸ ਨਿੱਤ ਸੰਘਣੇ ਹੋ ਰਹੇ ਸਿਰ ਨੂੰ ਹੋਰ ਸੰਘਣਾ ਕਰੇ। ਮੈਂ ਚਾਹੁੰਦੀ ਸੀ ਕਿ ਤੁਹਾਡੇ ਸਾਰੇ ਪ੍ਰੋਗਰਾਮ ਦਾ ਮੈਂ ਅਨੰਦ ਮਾਣਾਂ। ਖਾਸ ਕਰ ਸਿਕਰੀ ਸਕੇਟਿੰਗ ਦਾ ਸ਼ੋਅ ਮੈਂ ਵੇਖਣਾ ਚਾਹੁੰਦੀ ਸੀ। ਪਰ ਮੇਰੀ ਮਜਬੂਰੀ ਹੈ ਕਿ ਮੇਰੇ ਘੋਲੂ ਸਿਰ ਨੇ ਸਵੇਰੇ ਤੜਕੇ ਉਠ ਕੇ ਦੁੱਧ ਚੋਣ ਜਾਣਾ ਹੈ, ਅਤੇ ਮੈਂ ਨਹੀਂ ਚਾਹੁੰਦੀ ਕਿ ਮੱਝ ਦੀ ਲੱਤ ਨਾਲ ਚਿੰਬੜਿਆਂ ਚਿੱਚੜ ਮੈਨੂੰ ਉਡੀਕਦਾ ਹੀ ਰਹੇ, ਅੱਜ ਉਹਨਾਂ ਦੇ ਮੱਝਪੁਰੇ ਇਕ ਸਮਾਗਮ ਵਿੱਚ ਮੈਂ ਮੁੱਖ ਮਹਿਮਾਨ ਹਾਂ। ਆਓ ਹੁਣ ਮੇਰੇ ਨਾਅਰੇ ਦਾ ਜਵਾਬ ਗਜ ਵੱਜ ਕੇ ਦਿਓ,'

'ਜੂੰ ਯੂਨੀਅਨ'

'ਜਿੰਦਾਬਾਦ'

'ਜੂੰ ਜੂਨੀਅਨ'

'ਅਮਰ ਰਹੇ, ਅਮਰ ਰਹੇ, ਅਮਰ ਰਹੇ'

ਪ੍ਰਧਾਨ ਜੀ ਹੌਲੀ-ਹੌਲੀ ਆਪਣੇ ਅਗਲੇ ਸਮਾਗਮ ਵੱਲ ਤੁਰ ਪੈਂਦੇ ਹਨ ਤੇ ਇਹ ਸਮਾਗਮ ਤੜਕੇ ਸੁੱਖੇ ਦੇ ਉੱਠਣ ਤੋਂ ਕੁਝ ਚਿਰ ਪਹਿਲਾਂ ਤੱਕ ਚੱਲਦਾ ਰਹਿੰਦਾ ਹੈ।

## ਸਵਰਗ ਦੀ ਸੈਰ

*—ਪ੍ਰਿੰ ਵਿਜੈ ਕੁਮਾਰ*

ਇਕ ਵਾਰ ਦੀ ਗੱਲ ਹੈ ਕਿ ਇਕ ਨਿਵੇਕਲੀ ਜਿਹੀ ਥਾਂ ਬਹੁਤ ਵੱਡਾ ਜੰਗਲ ਸੀ। ਜੰਗਲ ਸੁਹਾਵਣਾ ਹੋਣ ਦੇ ਨਾਲ-ਨਾਲ ਉਸ ਵਿਚ ਰੁੱਖ ਵੀ ਬੇਸ਼ੁਮਾਰ ਸਨ। ਉਸ ਦੇ ਸੁਹਾਵਣੇਪਣ ਕਾਰਨ ਪੰਛੀਆਂ ਅਤੇ ਜਾਨਵਰਾਂ ਨੂੰ ਉੱਥੇ ਰਹਿਣਾ ਬਹੁਤ ਭਾਉਂਦਾ ਸੀ। ਉਸ ਜੰਗਲ ਦੇ ਪੰਛੀ ਰਹਿੰਦੇ ਤਾਂ ਇਕ ਥਾਂ ਜ਼ਰੂਰ ਸਨ ਪਰ ਉਨ੍ਹਾਂ ਵਿਚ ਏਕਤਾ ਨਹੀਂ ਸੀ। ਉਹ ਇਕ ਦੂਜੇ ਪ੍ਰਤੀ ਈਰਖਾ ਦੀ ਭਾਵਨਾ ਰੱਖਦੇ ਸਨ। ਉਨ੍ਹਾਂ ਵਿਚ ਸਹਿਯੋਗ ਦੀ ਭਾਵਨਾ ਬਹੁਤ ਘੱਟ ਸੀ। ਲੋੜ ਪੈਣ 'ਤੇ ਉਹ ਇਕ ਦੂਜੇ ਦੀ ਮਦਦ ਕਰਨ ਦੀ ਬਜਾਏ ਇਕ ਦੂਜੇ ਦਾ ਮਜ਼ਾਕ ਵੀ ਉਡਾਉਂਦੇ ਸਨ। ਉਨ੍ਹਾਂ ਦੀ ਆਪਸੀ ਇਹੋ ਖਿਚੋਤਾਣ ਉਨ੍ਹਾਂ ਦਾ ਨੁਕਸਾਨ ਕਰਦੀ ਸੀ। ਜਾਨਵਰ ਉਨ੍ਹਾਂ ਨੂੰ ਖਾ ਜਾਂਦੇ ਸਨ। ਕੁਝ ਸੂਝਵਾਨ ਪੰਛੀਆਂ ਨੇ ਜੰਗਲ ਦੇ ਸਾਰੇ ਪੰਛੀਆਂ ਨੂੰ ਬੁਲਾ ਕੇ ਸਮਝਾਉਣ ਦਾ ਯਤਨ ਕੀਤਾ ਪਰ ਉਨ੍ਹਾਂ 'ਤੇ ਕੋਈ ਅਸਰ ਨਾ ਹੋਇਆ।

ਇਕ ਦਿਨ ਉਸ ਜੰਗਲ ਦਾ ਇਕ ਮੋਰ ਘੁੰਮਦਾ ਘੁੰਮਾਉਂਦਾ ਦੂਸਰੇ ਜੰਗਲ ਪਹੁੰਚ ਗਿਆ। ਆਪਣੀ ਸਿਆਣਪ ਕਰਕੇ ਉਹ ਜੰਗਲ ਦੇ ਪੰਛੀਆਂ ਵਿਚ ਬਹੁਤ ਹਰਮਨ ਪਿਆਰਾ ਸੀ। ਦੂਸਰੇ ਜੰਗਲ ਵਿਚ ਉਸ ਦਿਨ ਕੁਝ ਸ਼ਿਕਾਰੀ ਸ਼ਿਕਾਰ ਕਰਨ ਆਏ ਹੋਏ ਸਨ। ਸ਼ਿਕਾਰੀਆਂ ਨੇ ਉਸ ਮੋਰ ਦਾ ਸ਼ਿਕਾਰ ਕੀਤਾ। ਉਹ ਜ਼ਖਮੀ ਹੋ ਗਿਆ। ਉਹ ਜ਼ਖਮੀ ਹੋ ਕੇ ਅਜਿਹੀ ਥਾਂ 'ਤੇ ਡਿਗਿਆ ਕਿ ਸ਼ਿਕਾਰੀਆਂ ਦੇ ਹੱਥ ਨਾ ਆਇਆ। ਸ਼ਿਕਾਰੀ ਖਾਲੀ ਹੱਥ ਜੰਗਲ 'ਚੋਂ ਮੁੜ ਗਏ। ਉਹ ਹੌਲੀ ਹੌਲੀ ਉਸ ਥਾਂ ਤੋਂ ਬਾਹਰ ਨਿਕਲ ਆਇਆ। ਜੰਗਲ ਦੇ ਬਹੁਤ ਸਾਰੇ ਪੰਛੀ ਉਸ ਦੇ ਆਲੇ ਦੁਆਲੇ ਇਕੱਠੇ ਹੋ ਗਏ। ਉਸ ਮੋਰ ਨੇ ਉਨ੍ਹਾਂ ਸਾਰਿਆਂ ਨੂੰ ਕਿਹਾ ਕਿ ਦੋਸਤੋ, ਮੈਂ ਕਿਸੇ ਹੋਰ ਜੰਗਲ ਦਾ ਵਾਸੀ ਹਾਂ। ਮੈਂ ਜ਼ਖਮੀ ਹੋ ਚੁੱਕਾ ਹਾਂ। ਮੇਰੇ 'ਚ ਏਨੀ ਹਿੰਮਤ ਨਹੀਂ ਕਿ ਮੈਂ ਆਪਣੇ ਜੰਗਲ ਤੱਕ ਪਹੁੰਚ ਸਕਾਂ। ਮੇਰੀ ਮਦਦ ਕਰੋ। ਜਿਸ ਦਿਨ ਮੈਂ ਠੀਕ ਹੋ ਜਾਵਾਂਗਾ, ਉਸੇ ਦਿਨ ਮੈਂ ਆਪਣੇ ਜੰਗਲ ਵਾਪਸ ਚਲਾ ਜਾਵਾਂਗਾ।

ਉਸ ਦੁਆਲੇ ਇਕੱਠੇ ਹੋਏ ਪੰਛੀਆਂ ਨੇ ਕਿਹਾ ਕਿ ਮਿਤਰਾ, ਤੂੰ ਸਾਡਾ ਮਹਿਮਾਨ ਹੈ। ਬਿਨਾਂ ਕਿਸੇ ਫਿਕਰ ਦੇ ਤੂੰ ਸਾਡੇ ਕੋਲ ਰਹਿ। ਤੈਨੂੰ ਕੁਝ ਦਿਨਾਂ ਵਿਚ ਹੀ ਠੀਕ ਕਰ ਦਿਆਂਗੇ। ਤੇਰਾ ਮਨ ਕੀਤਾ ਤਾਂ ਆਪਣੇ ਜੰਗਲ ਚਲਾ ਜਾਵੀਂ ਨਹੀਂ ਤਾਂ ਸਾਡਾ ਸਾਥੀ ਬਣ ਜਾਵੀਂ। ਉਨ੍ਹਾਂ ਦੀਆਂ ਮਿੱਠੀਆਂ ਮਿੱਠੀਆਂ ਅਤੇ ਸੇਵਾ ਭਾਵ ਦੀਆਂ

ਗੱਲਾਂ ਸੁਣ ਕੇ ਮੋਰ ਦਾ ਮਨ ਖੁਸ਼ ਹੋ ਗਿਆ। ਜੰਗਲ ਦੇ ਸਾਰੇ ਪੰਛੀ ਉਸ ਦਾ ਖਿਆਲ ਰੱਖਦੇ। ਸਮੇਂ ਸਿਰ ਉਸ ਨੂੰ ਖੁਰਾਕ ਮੁਹੱਈਆ ਕਰਵਾਉਂਦੇ।

ਮੋਰ ਥੋੜ੍ਹੇ ਦਿਨਾਂ ਵਿਚ ਠੀਕ ਹੋ ਗਿਆ। ਉਸ ਨੇ ਉਸ ਜੰਗਲ ਵਾਸੀਆਂ ਅੱਗੇ ਆਪਣੇ ਜੰਗਲ ਜਾਣ ਦੀ ਆਗਿਆ ਜ਼ਾਹਰ ਕੀਤੀ ਪਰ ਜੰਗਲ ਦੇ ਪੰਛੀਆਂ ਨੇ ਕਿਹਾ ਕਿ ਤੂੰ ਪੂਰਾ ਠੀਕ ਹੋਣ ਤੋਂ ਬਾਅਦ ਹੀ ਇੱਥੋਂ ਜਾਵੀਂ।

ਮੋਰ ਕੁਝ ਦਿਨ ਹੋਰ ਉਨ੍ਹਾਂ ਕੋਲ ਰੁਕ ਗਿਆ। ਹੁਣ ਉਹ ਪੂਰੀ ਤਰ੍ਹਾਂ ਠੀਕ ਸੀ। ਇਕ ਦਿਨ ਝਿਜਕਦੇ ਹੋਏ ਉਸ ਨੇ ਕਿਹਾ, 'ਮਿਤਰੋ, ਜੇ ਮੈਂ ਤੁਹਾਨੂੰ ਇਕ ਗੱਲ ਪੁੱਛਾਂ ਤਾਂ ਗੁੱਸਾ ਤਾਂ ਨਹੀਂ ਕਰੋਗੇ। ਉਨ੍ਹਾਂ ਪੰਛੀਆਂ 'ਚ ਬੈਠਾ ਕਬੂਤਰ ਬੋਲਿਆ, 'ਦੋਸਤਾ ਜਿਹੜੀ ਗੱਲ ਦੂਜੇ ਦੇ ਮੂੰਹ 'ਤੇ ਕਹੀ ਜਾਵੇ ਉਸ ਦਾ ਕੋਈ ਗੁੱਸਾ ਨਹੀਂ ਹੁੰਦਾ, ਤੂੰ ਤਾਂ ਸਾਡਾ ਮਹਿਮਾਨ ਹੈਂ, ਤੇਰੀਆਂ ਗੱਲਾਂ ਦਾ ਗੁੱਸਾ ਤਾਂ ਹੋ ਹੀ ਨਹੀਂ ਸਕਦਾ।'

ਮੋਰ ਬੋਲਿਆ, 'ਮਿਤਰੋ, ਸਾਡਾ ਜੰਗਲ ਤੁਹਾਡੇ ਜੰਗਲ ਨਾਲੋਂ ਵਧੀਆ ਹੈ। ਜੇ ਮੇਰੀ ਗੱਲ ਮੰਨੋ ਤਾਂ ਤੁਸੀਂ ਸਾਰੇ ਮੇਰੇ ਨਾਲ ਚਲੋ।'

ਮੋਰ ਦੀ ਗੱਲ ਸੁਣ ਤੋਤਾ ਬੋਲਿਆ, 'ਭਰਾ, ਸਾਡੇ ਲਈ ਇਹ ਜੰਗਲ ਸਵਰਗ ਹੈ। ਸਾਡੇ ਵਿਚੋਂ ਕੋਈ ਵੀ ਇਸ ਨੂੰ ਛੱਡਣ ਲਈ ਤਿਆਰ ਨਹੀਂ ਹੋਵੇਗਾ। ਤੁਹਾਡਾ ਜੰਗਲ ਹਰ ਪੱਖੋਂ ਵਧੀਆ ਹੋ ਸਕਦਾ ਹੈ ਪਰ ਸਾਡੇ ਜਿੰਨਾ ਤੁਹਾਡੇ ਵਿਚ ਪਿਆਰ ਨਹੀਂ ਹੋਵੇਗਾ।'

ਮੋਰ ਤੋਤੇ ਦੀਆਂ ਗੱਲਾਂ ਸੁਣ ਕੇ ਕੁਝ ਨਾ ਬੋਲ ਸਕਿਆ ਕਿਉਂਕਿ ਉਸ ਨੂੰ ਆਪਣੇ ਜੰਗਲ ਦੇ ਪੰਛੀਆਂ ਦੀ ਫੁੱਟ ਯਾਦ ਆ ਗਈ। ਕੁਝ ਦਿਨ ਉਨ੍ਹਾਂ ਨਾਲ ਬਿਤਾ ਕੇ ਜਦੋਂ ਮੋਰ ਵਾਪਸ ਆਪਣੇ ਜੰਗਲ ਜਾਣ ਲੱਗਾ ਤਾਂ ਉਸ ਨੂੰ ਲੱਗਾ ਕਿ ਉਹ ਸਵਰਗ 'ਚੋਂ ਵਾਪਸ ਜਾ ਰਿਹਾ ਹੈ।

ਆਪਣੇ ਜੰਗਲ ਪਹੁੰਚ ਕੇ ਉਸ ਨੇ ਸਾਰੇ ਸਾਥੀਆਂ ਨੂੰ ਇਕੱਠਾ ਕਰਕੇ ਸਾਰੀ ਗੱਲ ਸੁਣਾਈ ਅਤੇ ਉਨ੍ਹਾਂ ਨੂੰ ਕਹਿਣ ਲੱਗਾ ਕਿ ਆਪਣਾ ਜੰਗਲ ਵੀ ਸਵਰਗ ਬਣ ਸਕਦਾ ਹੈ ਬਸ਼ਰਤੇ ਕਿ ਅਸੀਂ ਸਾਰੇ ਵੀ ਉਨ੍ਹਾਂ ਵਾਂਗ ਪਿਆਰ ਅਤੇ ਏਕਤਾ ਨਾਲ ਰਹਿਣ ਲੱਗ ਜਾਈਏ। ਸਾਰੇ ਪੰਛੀ ਮਨੋ ਮਨ ਉਸ ਦੀਆਂ ਗੱਲਾਂ 'ਤੇ ਵਿਚਾਰ ਕਰਨ ਲੱਗ ਪਏ।

## ਸੋਹਣਾ ਮਾਡਲ

*—ਪ੍ਰਿੰ. ਵਿਜੈ ਕੁਮਾਰ*

ਕੁਲਵੰਤ ਨੂੰ ਆਪਣੇ ਵਿਗਿਆਨ ਦੇ ਅਧਿਆਪਕ ਤੋਂ ਬਹੁਤ ਡਰ ਲੱਗਦਾ ਸੀ, ਕਿਉਂਕਿ ਉਨ੍ਹਾਂ ਨੂੰ ਵਿਦਿਆਰਥੀਆਂ ਦੀ ਥੋੜ੍ਹੀ ਜਿਹੀ ਲਾਪ੍ਰਵਾਹੀ ਵੀ ਪਸੰਦ ਨਹੀਂ ਹੁੰਦੀ ਸੀ। ਉਹ ਘਰ ਤੋਂ ਸਕੂਲ ਦਾ ਕੰਮ ਨਾ ਕਰਕੇ ਲਿਆਉਣ ਵਾਲੇ ਨੂੰ, ਟੈਸਟ ਨਾ

ਯਾਦ ਕਰਨ ਵਾਲੇ ਨੂੰ ਅਤੇ ਉਨ੍ਹਾਂ ਦੀ ਜਮਾਤ ਵਿਚ ਪੜ੍ਹਾਈ ਵੱਲ ਧਿਆਨ ਨਾ ਦੇਣ ਵਾਲੇ ਬੱਚਿਆਂ ਨੂੰ ਸਖਤ ਸਜ਼ਾ ਦਿੰਦੇ ਸਨ। ਝੂਠ ਬੋਲਣ ਵਾਲੇ ਬੱਚੇ ਨੂੰ ਤਾਂ ਉਹ ਹੋਰ ਵੀ ਜ਼ਿਆਦਾ ਗੁੱਸੇ ਹੁੰਦੇ ਸਨ। ਗਰਮੀਆਂ ਦੀਆਂ ਛੁੱਟੀਆਂ ਹੋ ਰਹੀਆਂ ਸਨ। ਸਾਰੇ ਅਧਿਆਪਕਾਂ ਨੇ ਬੱਚਿਆਂ ਨੂੰ ਆਪਣੇ-ਆਪਣੇ ਵਿਸ਼ੇ ਦਾ ਕੰਮ ਛੁੱਟੀਆਂ ਵਿਚ ਘਰ ਤੋਂ ਕਰਕੇ ਲਿਆਉਣ ਲਈ ਦੇ ਦਿੱਤਾ ਸੀ। ਵਿਗਿਆਨ ਦੇ ਅਧਿਆਪਕ ਨੇ ਕੁਲਵੰਤ ਦੀ ਜਮਾਤ ਨੂੰ ਲਿਖਤੀ ਅਤੇ ਯਾਦ ਕਰਨ ਵਾਲੇ ਕੰਮ ਦੇ ਨਾਲ ਇਕ ਮਾਡਲ ਵੀ ਤਿਆਰ ਕਰਨ ਲਈ ਦਿੱਤਾ ਸੀ। ਵਿਗਿਆਨ ਦੇ ਅਧਿਆਪਕ ਨੇ ਬੱਚਿਆਂ ਨੂੰ ਮਾਡਲ ਤਿਆਰ ਕਰਨ ਬਾਰੇ ਹਦਾਇਤਾਂ ਦਿੰਦੇ ਹੋਏ ਕਿਹਾ ਸੀ ਕਿ ਵਿਦਿਆਰਥੀ ਆਪਣਾ ਮਾਡਲ ਆਪਣੇ ਹੱਥਾਂ ਨਾਲ ਤਿਆਰ ਕਰੇਗਾ। ਜਿਹੜਾ ਵਿਦਿਆਰਥੀ ਸਭ ਤੋਂ ਚੰਗਾ ਮਾਡਲ ਬਣਾ ਕੇ ਲਿਆਏਗਾ, ਉਸ ਦਾ ਮਾਡਲ ਸਕੂਲ ਦੀ ਪ੍ਰਯੋਗਸ਼ਾਲਾ ਵਿਚ ਰੱਖਿਆ ਜਾਵੇਗਾ ਅਤੇ ਉਸ ਨੂੰ ਇਨਾਮ ਵੀ ਦਿੱਤਾ ਜਾਵੇਗਾ। ਕੁਲਵੰਤ ਨੇ ਕਾਪੀਆਂ ਦਾ ਸਾਰਾ ਕੰਮ ਖਤਮ ਕਰ ਲਿਆ, ਪਰ ਉਸ ਤੋਂ ਮਾਡਲ ਤਿਆਰ ਨਹੀਂ ਹੋ ਰਿਹਾ ਸੀ। ਉਸ ਨੂੰ ਮਾਡਲ ਤਿਆਰ ਕਰਨ ਦਾ ਬਹੁਤ ਫਿਕਰ ਸੀ, ਕਿਉਂਕਿ ਉਹ ਜਮਾਤ ਦੇ ਹੁਸ਼ਿਆਰ ਵਿਦਿਆਰਥੀਆਂ ਵਿਚੋਂ ਇਕ ਸੀ। ਉਸ ਦੇ ਅਧਿਆਪਕ ਨੇ ਉਸ ਦਾ ਮਾਡਲ ਦੇਖਣਾ ਵੀ ਜ਼ਰੂਰ ਸੀ। ਉਸ ਨੇ ਆਪਣੀ ਜਮਾਤ ਦੇ ਬਹੁਤ ਸਾਰੇ ਵਿਦਿਆਰਥੀਆਂ ਤੋਂ ਮਾਡਲ ਤਿਆਰ ਕਰਨ ਬਾਰੇ ਪੁੱਛਿਆ। ਉਨ੍ਹਾਂ ਸਾਰਿਆਂ ਨੇ ਉਸ ਨੂੰ ਇਕੋ ਜਵਾਬ ਦਿੱਤਾ—'ਇਹ ਮਾਡਲ ਤਿਆਰ ਕਰਨਾ ਬਹੁਤ ਔਖਾ ਹੈ, ਅਸੀਂ ਮਾਡਲ ਤਿਆਰ ਕਰਨ ਲਈ ਬਹੁਤ ਕੋਸ਼ਿਸ਼ ਕੀਤੀ ਪਰ ਸਾਡੇ ਕੋਲੋਂ ਤਿਆਰ ਨਹੀਂ ਹੋਇਆ। ਅਸੀਂ ਤਾਂ ਕਿਸੇ ਦੁਕਾਨਦਾਰ ਕੋਲੋਂ ਤਿਆਰ ਕਰਵਾ ਲਵਾਂਗੇ।'

ਕੁਲਵੰਤ ਨੇ ਵੀ ਮਾਡਲ ਤਿਆਰ ਕਰਨ ਲਈ ਕਾਫੀ ਯਤਨ ਕੀਤਾ ਪਰ ਉਹ ਸਫਲ ਨਾ ਹੋਇਆ। ਉਸ ਨੇ ਵੀ ਦੂਜੇ ਬੱਚਿਆਂ ਵਾਂਗ ਦੁਕਾਨਦਾਰ ਤੋਂ ਮਾਡਲ ਤਿਆਰ ਕਰਵਾਉਣ ਦਾ ਮਨ ਬਣਾ ਲਿਆ। ਇਕ ਦਿਨ ਉਹ ਆਪਣੇ ਪਿਤਾ ਜੀ ਨੂੰ ਦੁਕਾਨਦਾਰ ਤੋਂ ਮਾਡਲ ਤਿਆਰ ਕਰਵਾਉਣ ਲਈ ਕਹਿ ਰਿਹਾ ਸੀ। ਉਸ ਦੀ ਵੱਡੀ ਭੈਣ ਨੇ ਉਸ ਨੂੰ ਇਹ ਕਹਿੰਦਿਆਂ ਸੁਣ ਲਿਆ। ਉਹ ਵਿਗਿਆਨ ਵਿਸ਼ੇ ਦੀ ਵਿਦਿਆਰਥਣ ਸੀ। ਉਸ ਨੇ ਕੁਲਵੰਤ ਨੂੰ ਕਿਹਾ, 'ਅਧਿਆਪਕ ਨੇ ਮਾਡਲ ਤਿਆਰ ਕਰਨ ਲਈ ਤੈਨੂੰ ਕਿਹਾ ਹੈ, ਦੁਕਾਨਦਾਰ ਨੂੰ ਨਹੀਂ। ਬਾਜ਼ਾਰ ਤੋਂ ਸਾਮਾਨ ਲੈ ਕੇ ਆ, ਤੇਰਾ ਮਾਡਲ ਮੈਂ ਤਿਆਰ ਕਰਵਾਵਾਂਗੀ।' ਕੁਲਵੰਤ ਮਾਡਲ ਤਿਆਰ ਕਰਨਾ ਨਹੀਂ ਚਾਹੁੰਦਾ ਸੀ, ਕਿਉਂਕਿ ਉਹ ਸੋਚਦਾ ਸੀ ਕਿ ਉਸ ਤੋਂ ਮਾਡਲ ਤਿਆਰ ਨਹੀਂ ਹੋ ਸਕੇਗਾ। ਅਧਿਆਪਕ ਉਸ ਦੇ ਮਾਡਲ ਨੂੰ ਪਸੰਦ ਨਹੀਂ ਕਰੇਗਾ, ਪਰ ਉਹ ਆਪਣੀ ਵੱਡੀ ਭੈਣ ਅੱਗੇ ਬੋਲ ਨਹੀਂ ਸਕਿਆ। ਉਸ ਨੇ ਬਾਜ਼ਾਰੋਂ ਸਾਮਾਨ ਲਿਆ ਕੇ ਆਪਣੀ

ਭੈਣ ਦੀ ਸਹਾਇਤਾ ਨਾਲ ਮਾਡਲ ਤਿਆਰ ਕਰ ਲਿਆ। ਉਸ ਨੂੰ ਆਪਣਾ ਮਾਡਲ ਪਸੰਦ ਨਹੀਂ ਸੀ, ਕਿਉਂਕਿ ਉਸ ਦੇ ਦੋਸਤਾਂ ਨੇ ਦੁਕਾਨਦਾਰ ਤੋਂ ਬਹੁਤ ਵਧੀਆ ਮਾਡਲ ਤਿਆਰ ਕਰਵਾਏ ਹੋਏ ਸਨ। ਛੁੱਟੀਆਂ ਖਤਮ ਹੋਣ ਤੋਂ ਬਾਅਦ ਉਹ ਆਪਣਾ ਮਾਡਲ ਸਕੂਲ ਲੈ ਗਿਆ।

ਆਪਣੀ ਜਮਾਤ ਦੇ ਬਹੁਤ ਸਾਰੇ ਵਿਦਿਆਰਥੀਆਂ ਦੇ ਸੋਹਣੇ-ਸੋਹਣੇ ਮਾਡਲ ਦੇਖ ਕੇ ਉਹ ਆਪਣੇ ਮਨ ਵਿਚ ਸੋਚਣ ਲੱਗ ਪਿਆ ਕਿ ਅਧਿਆਪਕ ਉਸ ਦੇ ਮਾਡਲ ਵੱਲ ਦੇਖੇਗਾ ਵੀ ਨਹੀਂ। ਉਸ ਦਾ ਵਿਗਿਆਨ ਦਾ ਪੀਰੀਅਡ ਆਇਆ। ਅਧਿਆਪਕ ਨੇ ਕਾਪੀਆਂ ਵੇਖਣ ਤੋਂ ਪਿੱਛੋਂ ਮਾਡਲ ਦੇਖਣੇ ਆਰੰਭ ਕੀਤੇ। ਉਹ ਮਾਡਲ ਦੇਖਦਾ ਗਿਆ ਅਤੇ ਬੱਚਿਆਂ ਨੂੰ ਸ਼ਾਬਾਸ਼ ਦਿੰਦਾ ਗਿਆ। ਸਭ ਦੇ ਮਾਡਲ ਦੇਖਣ ਤੋਂ ਬਾਅਦ ਅਧਿਆਪਕ ਨੇ ਕਿਹਾ, 'ਬੱਚਿਓ, ਤੁਹਾਡੇ ਵਿਚੋਂ ਸਭ ਤੋਂ ਸੋਹਣਾ ਮਾਡਲ ਕੁਲਵੰਤ ਦਾ ਹੈ।' ਅਧਿਆਪਕ ਦਾ ਫੈਸਲਾ ਸੁਣ ਕੇ ਸਾਰੇ ਬੱਚੇ ਹੈਰਾਨ ਹੋ ਗਏ। ਕਿਸੇ ਬੱਚੇ ਨੇ ਵੀ ਸੋਚਿਆ ਨਹੀਂ ਸੀ ਕਿ ਕੁਲਵੰਤ ਦਾ ਮਾਡਲ ਸੋਹਣਾ ਹੋ ਸਕਦਾ ਹੈ। ਅਧਿਆਪਕ ਨੇ ਬੱਚਿਆਂ ਨੂੰ ਫਿਰ ਕਿਹਾ—'ਬੇਟਾ, ਕੁਲਵੰਤ ਦਾ ਮਾਡਲ ਇਸ ਲਈ ਸੋਹਣਾ ਹੈ, ਕਿਉਂਕਿ ਉਸ ਨੇ ਖ਼ੁਦ ਹੱਥੀਂ ਮਿਹਨਤ ਕਰਕੇ ਮਾਡਲ ਤਿਆਰ ਕੀਤਾ ਹੈ। ਜਮਾਤ ਦੇ ਬਹੁਤ ਸਾਰੇ ਬੱਚਿਆਂ ਨੇ ਦੁਕਾਨਾਂ ਤੋਂ ਤਿਆਰ ਕਰਵਾਏ ਹਨ। ਤੁਸੀਂ ਮਾਡਲ ਕੁਝ ਸਿੱਖਣ ਲਈ ਤਿਆਰ ਨਹੀਂ ਕੀਤਾ, ਸਗੋਂ ਇਨਾਮ ਲੈਣ ਲਈ ਤਿਆਰ ਕੀਤਾ ਹੈ।' ਅਧਿਆਪਕ ਦਾ ਫੈਸਲਾ ਵਿੱਦਿਆਰਥੀਆਂ ਨੂੰ ਠੀਕ ਲੱਗ ਰਿਹਾ ਸੀ।

## ਨਿੱਕੂ ਟੀਚਰ

*—ਹਰਦੇਵ ਚੌਹਾਨ*

ਚੌਥੀ 'ਚ ਪੜ੍ਹਦਾ ਨਿੱਕਾ ਛੁੱਟੀ ਹੋਣ 'ਤੇ ਘਰ ਆ ਗਿਆ ਸੀ। ਮਗਰੇ-ਮਗਰ ਪੰਜਵੀਂ 'ਚ ਪੜ੍ਹਦੀ ਉਸਦੀ ਭੈਣ ਬੀਰੀ ਦੀ ਬੱਸ ਵੀ ਆ ਗਈ ਸੀ।

ਘਰ ਆ ਦੋਵੇਂ ਭੈਣ-ਭਰਾਵਾਂ ਨੇ ਬਸਤੇ ਥਾਉਂ-ਥਾਈਂ ਟਿਕਾਏ। ਸਕੂਲ ਵਾਲੀ ਵਰਦੀ ਬਦਲੀ। ਮੂੰਹ-ਹੱਥ ਧੋਤੇ ਤੇ ਖਾਣੇ ਵਾਲੀ ਮੇਜ਼ ਦੁਆਲੇ ਜਾ ਬੈਠੇ। ਤੀਜੀ ਅੰਮੀ, ਪਹਿਲਾਂ ਹੀ ਮੇਜ਼ 'ਤੇ ਖਾਣਾ ਪਰੋਸੀ ਬੈਠੀ ਸੀ।

ਅੰਮੀ ਨੇ ਵਾਰੀ-ਵਾਰੀ ਨਿੱਕੇ ਤੇ ਬੀਰੀ ਦੀਆਂ ਪਲੇਟਾਂ 'ਚ ਦਹੀਂ-ਚਾਵਲ ਤੇ ਦਾਲ-ਰੋਟੀ ਪਾਈ। ਫਿਰ ਉਸਨੇ ਆਪਣੀ ਪਲੇਟ ਵਿਚ ਸਲਾਦ ਤੇ ਖਾਣਾ ਪਾਇਆ। ਉਹ ਗਰਾਹੀ ਤੋੜ ਕੇ ਮੂੰਹ 'ਚ ਪਾਉਣ ਹੀ ਲੱਗੀ ਸੀ ਕਿ ਨਿਕੜਾ ਬੋਲਿਆ, 'ਰੋਟੀ ਖਾਣ ਤੋਂ ਪਹਿਲਾਂ ਤੁਹਾਨੂੰ ਇਕ ਪ੍ਰੀਖਿਆ ਪਾਸ ਕਰਨੀ ਪਵੇਗੀ...।'

'ਨਿੱਕੂ, ਟਿੱਕੂ, ਕਿਹੜੀ ਪ੍ਰੀਖਿਆ 'ਚ ਪਾਉਣ ਲੱਗੈਂ ?' ਹੱਸਦਿਆਂ-ਹੱਸਦਿਆਂ ਅੰਮੀ ਨੇ ਪੁੱਛਿਆ।

'ਮੈਂ ਗਿਣਤੀ ਦੇ ਪੂਰੇ ਦਸ ਸ਼ਬਦ ਬੋਲਾਂਗਾ। ਜਿਹੜਾ ਬੱਚਾ ਵੱਧ ਤੋਂ ਵੱਧ ਸ਼ਬਦ ਦੁਹਰਾਏਗਾ, ਉਹੀਓ ਫਸਟ ਆਵੇਗਾ...।'

'ਇਹ ਭਲਾ ਕਿਹੜੀ ਪ੍ਰੀਖਿਆ ਹੋਈ ?... ਲੱਲੂ ਲਾਲ ਜੀ! ਤੁਸੀਂ ਭਾਵੇਂ ਪੰਦਰਾਂ ਸ਼ਬਦ ਬੋਲੋ... ਮੈਂ ਸਾਰੇ ਸ਼ਬਦ ਦੁਹਰਾਵਾਂਗੀ...', ਨਿੱਕੇ ਦੀ ਸੁਣ, ਤਾੜੀ ਮਾਰ ਕੇ ਹੱਸਦੀ ਹੋਈ ਬੀਰੀ ਨੇ ਕਿਹਾ।

'ਨਿਕੜੂ, ਖਾਣਾ ਠੰਢਾ ਹੋ ਰਿਹੈ... ਛੇਤੀ ਬੋਲ ਆਪਣੇ ਸ਼ਬਦ... ਮੈਂ ਫਸਟ ਆਵਾਂਗੀ ਵੇਖੀਂ...', ਹੁਣ ਨਿੱਕੇ ਦੀ ਅੰਮੀ ਬੋਲੀ।

'ਸੁਣੋ ਜੀ, ਪਹਿਲਾ ਕਾਂ, ਦੂਜਾ ਬੋਹੜ, ਤੀਜਾ ਹਲਵਾਈ, ਚੌਥਾ ਦੁਕਾਨ, ਪੰਜਵਾਂ ਮੇਜ਼, ਛੇਵਾਂ ਬੋਤਲ, ਸੱਤਵਾਂ ਚੁੰਝ, ਅੱਠਵਾਂ ਨਲੀ, ਨੌਵਾਂ ਸੋਢਾ ਅਤੇ ਦਸਵਾਂ ਸ਼ਬਦ ਜੇ ਆਲ੍ਹਣਾ... ਤੇ ਬੋਲੋ ਬੀਰੀ-ਭੰਬੀਰੀ ਜੀ ਮੇਰੇ ਵਾਲੇ ਸ਼ਬਦ...', ਕੁਰਸੀ ਵਿਚ ਤਣ ਕੇ ਬੈਠਦਿਆਂ ਨਿੱਕਾ ਬੋਲਿਆ।

'ਇਕ ਕਾਂ, ਦੋ ਟਾਹਲੀ ਨਹੀਂ ਬੋਹੜ, ਤਿੰਨ ਹਲਵਾਈ ਤੇ ਚਾਰ ਨਲੀ... ਨਹੀਂ, ਨਹੀਂ... ਨਲੀ ਨਹੀਂ ਬੋਤਲ... ਆਏ, ਹਾਏ, ਹੋਰ ਨਹੀਂ ਯਾਦ ਆਉਂਦਾ...', ਹੱਥਾਂ 'ਚ ਮੂੰਹ ਲੁਕਾਉਂਦੀ ਬੀਰੀ ਬੋਲੀ।

'ਸੁਣ ਮੈਥੋਂ... ਪਹਿਲਾਂ ਕਾਂ, ਦੂਜਾ ਹਲਵਾਈ, ਤੀਜਾ ਬੋਤਲ, ਚੌਥਾ ਸੋਡਾ, ਪੰਜਵਾਂ ਚੁੰਝ ਤੇ ਛੇਵਾਂ... ਉਫ ਹੁਣ ਨਹੀਂ ਯਾਦ ਰਹਿੰਦਾ... ਬੜਾ ਔਖਾ ਸਵਾਲ ਏ...।'

ਚਲੋ ਛੱਡੋ ਗਿਣਤੀਆਂ-ਮਿਣਤੀਆਂ ਮੈਨੂੰ ਪਤਾ ਲੱਗ ਗਿਐ ਕਿ ਮੇਰੀ ਅੰਮੜੀ ਤੇ ਭੈਣ ਦੀ ਯਾਦਦਾਸ਼ਤ ਬੜੀ ਤੇਜ਼ ਏ... ਦਸਾਂ ਵਿਚੋਂ ਸਿਰਫ ਚਾਰ-ਪੰਜ ਸ਼ਬਦ ਹੀ ਯਾਦ ਰੱਖ ਸਕਦੇ ਨੇ, ਤੁਸੀਂ ਕਦੀ ਵੀ ਫਸਟ ਡਵੀਜ਼ਨ ਨਹੀਂ ਲੈ ਸਕਦੇ... ਹੁਣ ਤੁਸੀਂ ਖਾਣਾ ਖਾਓ... ਮੈਂ ਤੁਹਾਨੂੰ ਇਕ ਮਜ਼ੇਦਾਰ ਕਹਾਣੀ ਸੁਣਾਉਂਦਾ ਹਾਂ...', ਨਿੱਕਾ ਮੰਮੀ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਬੋਲ ਪਿਆ।

'ਸੁਣਾ ਵੀਰੇ ਕਹਾਣੀ ਜਿਹੜੀ ਕਹਾਣੀ ਸੁਣਾਏਂਗਾ... ਅੱਖਰ-ਅੱਖਰ ਦੁਹਰਾਵਾਂਗੀ ਦੇਖੀਂ...', ਪਰੌਂਠੀ ਦੀ ਗਰਾਹੀ ਤੋੜਦਿਆਂ ਬੀਰੀ ਨੇ ਕਿਹਾ।

'ਸੁਣੋ ਜੀ! ਇਕ ਸੀ ਕਾਂ... ਉਸ ਨੂੰ ਬੜੀ ਪਿਆਸ ਲੱਗੀ ਸੀ... ਸਾਡੀ ਕਿਤਾਬ ਵਿਚਲੀ 'ਪਿਆਸੇ ਕਾਂ' ਦੀ ਕਹਾਣੀ ਏ... ਪਾਣੀ ਦੀ ਭਾਲ ਵਿਚ ਕਾਂ ਉਡਦਾ ਜਾਂਦਾ ਏ... ਉਸ ਨੂੰ ਇਕ ਘੜਾ ਮਿਲਦਾ ਏ ਤੇ ਘੜੇ ਵਿਚ ਪੱਥਰ-ਗੀਟੇ ਪਾ ਕੇ ਉਹ ਆਪਣੀ ਪਿਆਸ ਬੁਝਾਉਂਦਾ ਏ... ਹੋਰ ਦੱਸ ?' ਬੀਰੀ, ਨਿੱਕੇ ਨੂੰ ਵਿਚੋਂ ਟੋਕ ਕੇ ਬੋਲੀ।

'ਨਹੀਂ ਜੀ... ਨਹੀਂ... ਟਰੈਂ... ਟਰੈਂ... ਕਰਨ ਤੋਂ ਪਹਿਲਾਂ, ਸਿਆਣੇ ਬੰਦੇ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਏ...', ਬੀਰੀ ਨੂੰ ਘੂਰੀ ਵੱਟਦਿਆਂ ਨਿੱਕਾ ਬੋਲਿਆ।

'ਛੱਡ ਅੜਿਆ ਸੁਣਾ ਤੂੰ ਆਪਣੀ ਕਹਾਣੀ ਸੁਣਾ...' ਅੰਮੀ ਨੇ ਨਿੱਕੇ ਦਾ ਸਿਰ ਪਲੋਸਦਿਆਂ ਕਿਹਾ।

'ਸੁਣੋ ਫਿਰ... ਇਕ ਸੀ ਕਾਂ। ਉਸ ਨੂੰ ਬੜੀ ਪਿਆਸ ਲੱਗੀ ਸੀ। ਬੋਹੜ ਵਾਲੇ ਆਪਣੇ ਆਲ੍ਹਣੇ 'ਚੋਂ ਉਡਾਰੀ ਮਾਰ ਉਹ ਹਲਵਾਈ ਦੀ ਦੁਕਾਨ 'ਤੇ ਪੁੱਜ ਗਿਆ। ਮੇਜ਼ 'ਤੇ ਸੋਢੇ ਵਾਲੀ ਬੋਤਲ ਪਈ ਸੀ। ਸੋਢਾ ਦੇਖ ਕੇ ਕਾਂ ਦੇ ਮੂੰਹ ਵਿਚ ਪਾਣੀ ਆ ਗਿਆ। ਮਾੜੀ ਕਿਸਮਤ, ਕਾਂ ਦੀ ਚੁੰਝ ਬੋਤਲ ਵਿਚਲੇ ਸੋਢੇ ਤੱਕ ਨਾ ਪੁੱਜੀ। ਲਾਗੇ ਪਈ ਨਲੀ ਦੇਖ ਕਾਂ ਨੂੰ ਜਿਵੇਂ ਚਾਅ ਚੜ੍ਹ ਗਿਆ। ਨਲੀ, ਬੋਤਲ ਵਿਚ ਪਾ ਉਸ ਨੇ ਸੋਢਾ ਪੀਤਾ। ਡਕਾਰ ਮਾਰਿਆ ਤੇ ਆਪਣੇ ਆਲ੍ਹਣੇ 'ਚ ਮੁੜ ਆਇਆ...।'

'ਨਿੱਕੂ, ਪਿੱਕੂ! ਸੁਣਾਵਾਂ ਸਾਰੀ ਦੀ ਸਾਰੀ ਕਹਾਣੀ ? ਦੱਸ ਕੀ ਦਏਂਗਾ ਇਨਾਮ ਵਿਚ ?' ਨੈਪਕਿਨ ਨਾਲ ਹੱਥ ਪੂੰਝਦੀ ਬੀਰੀ ਨੇ ਕਿਹਾ।

'ਝੱਲੀਏ! ਏਸ ਚਲਾਕੂ-ਪੜਾਕੂ ਨੇ ਆਪਣੇ ਦਸ ਸ਼ਬਦ ਵੀ ਇਸੇ ਕਹਾਣੀ 'ਚੋਂ ਬੋਲੇ ਸੀ... ਸੁਣ-ਕਾਂ, ਬੋਹੜ, ਹਲਵਾਈ, ਦੁਕਾਨ , ਮੇਜ਼, ਬੋਤਲ, ਚੁੰਝ, ਨਲੀ, ਸੋਢਾ ਤੇ ਆਲ੍ਹਣਾ...' ਅੰਮੀ ਨੇ ਪੋਟਿਆਂ 'ਤੇ ਗਿਣਤੀ ਕਰਦਿਆਂ ਨਿੱਕੇ ਦੀ ਪ੍ਰੀਖਿਆ ਵਾਲੇ ਪੂਰੇ ਦਸ ਸ਼ਬਦ ਗਿਣਾ ਦਿੱਤੇ।

'ਵੈਰੀ ਗੁੱਡ... ਚੂਹੇ ਦੀ ਖੁੱਡ... ਖੁੱਡ ਵਿਚ ਪਾਣੀ... ਅੰਮੜੀ ਸਿਆਣੀ...', ਆਪਣੀ ਕੁਰਸੀ 'ਚੋਂ ਉੱਠਦਿਆਂ ਨਿੱਕਾ ਬੋਲਿਆ।

'ਅੰਮੀ! ਅੰਮੀ! ਪਰ ਤੁਹਾਨੂੰ ਕਿਵੇਂ ਯਾਦ ਹੋਏ ਸਾਰੇ ਦੇ ਸਾਰੇ ਸ਼ਬਦ ?' ਸਿਰ ਖੁਰਕਦਿਆਂ ਬੀਰੀ ਨੇ ਅੰਮੀ ਨੂੰ ਪੁੱਛਿਆ।

ਬੁੱਧੂ ਰਾਮ ਜੀ! ਕੋਈ ਗੱਲ ਸੁਣੀਏ ਤਾਂ ਉਸ ਨੂੰ ਤਸਵੀਰਾਂ ਵਾਂਗ ਆਪਣੇ ਦਿਮਾਗ 'ਚ ਵਸਾ ਲੈਣਾ ਚਾਹੀਦੈ... ਇੰਜ ਸਾਰਾ ਕੁਝ ਚੰਗੀ ਤਰ੍ਹਾਂ ਯਾਦ ਹੋ ਜਾਂਦੈ... ਇਹ ਸਾਡੀ ਮੈਡਮ ਦਾ ਫਾਰਮੂਲਾ ਏ ਸਮਝੇ ?... ਹੁਣ ਨਿੱਕੂ ਟੀਚਰ ਰੈਸਟ ਕਰਨ ਜਾ ਰਹੇ ਨੇ...', ਨਿੱਕਾ ਬੋਲਿਆ ਤੇ ਇਥੇ ਸੀ ਤੇ ਓਹ ਗਿਆ।

# ਪਾਣੀ

*—ਹਰਦੇਵ ਚੌਹਾਨ*

ਬੀਜੀ ਰਸੋਈ ਵਿਚ ਖਾਣਾ ਬਣਾ ਰਹੇ ਨੇ। ਖੁਸ਼ਬੂ ਸੁੰਘਦਿਆਂ ਹੀ, ਢਿੱਡ ਵਿਚ ਚੂਹੇ ਭੁੜਕਣ ਲੱਗ ਪਏ ਨੇ। ਜੀਅ ਕਰਦਾ ਏ ਕਿ ਸਕੂਲ ਦਾ ਕੰਮ ਛੱਡ ਰਸੋਈ 'ਚ ਜਾ ਵੜਾਂ ਤੇ ਸਾਰਾ ਕੁਝ ਚਟਮ ਕਰ ਜਾਵਾਂ...

ਦਾਰਜੀ ਵੀ ਛੇਤੀ ਘਰ ਆ ਗਏ ਨੇ। ਉਹ ਢੇਰ ਸਾਰੇ ਅੰਬ ਖਰਬੂਜ਼ੇ ਲੀਚੀਆਂ ਲਿਆਏ ਨੇ। ਲਗਦਾ ਹੈ—ਅੱਜ ਕੋਈ ਪ੍ਰਾਹੁਣਾ ਆਏਗਾ।

"ਜੀਤੇ! ਪੀਤੇ! ਛੇਤੀ ਛੇਤੀ ਕੰਮ ਮੁਕਾ ਲੈ। ਮਾਮਾ ਜੀ ਆ ਰਹੇ ਨੇ, ਅੱਜ ਰਾਤੀਂ।" ਫਰਿੱਜ ਤੇ ਗੁਲਦਸਤਾ ਸਜਾਉਂਦੀ ਬਿੰਨੀ ਦੱਸਦੀ ਹੈ।

"ਤੈਨੂੰ ਕਿਵੇਂ ਪਤਾ ਏ ?" ਮੈਂ ਪੁੱਛਦਾ ਹਾਂ। "ਮੈਨੂੰ ਬੀਜੀ ਨੇ ਦੱਸਿਆ ਸੀ" ਬਿੰਨੀ ਦੱਸਦੀ ਹੈ। ਤੇ ਬੀਜੀ ਨੂੰ ਕਿਵੇਂ ਪਤਾ ਲੱਗਾ ? ਮੈਂ ਫਿਰ ਪੁੱਛਦਾ ਹਾਂ।

"ਬੁੱਧੂ ਰਾਮ ਜੀ! ਕੱਲ੍ਹ ਮਾਮਾ ਜੀ ਦਾ ਫ਼ੂਨ ਆਇਆ ਸੀ–" ਬਿੰਨੀ ਤਾੜੀ ਮਾਰ ਕੇ ਹੱਸਦੀ ਹੈ।

"ਬਿੰਨੀ। ਪਿੰਨੀ। ਤੈਨੂੰ ਚੰਗੇ ਲੱਗਦੇ ਨੇ ਮਾਮਾ ਜੀ ?"

"ਹਾਂ! ਹਾਂ!"

"ਭਲਾ ਕਿਉਂ ?"

"ਉਹ ਮੇਰੇ ਲਈ ਗਿਰੀ-ਸੌਂਫ ਵਾਲਾ ਗੁੜ ਤੇ ਦਾਨਿਆਂ ਦੀਆਂ ਪਿੰਨੀਆਂ ਲਿਆਉਂਦੇ ਨੇ ਨਾ ਇਸ ਲਈ..." ਬਿੰਨੀ ਦੱਸਦੀ ਹੈ।

"ਜੀਤੇ! ਪੀਤੇ! ਤੈਨੂੰ ਵੀ ਚੰਗੇ ਲੱਗਦੇ ਨੇ ਨਾ ਮਾਮਾ ਜੀ ?"

"ਬਿਲਕੁਲ ਨਹੀਂ"

"ਕਿਉਂ ਨਹੀਂ ?"

"ਜਦੋਂ ਵੀ ਮਾਮਾ ਜੀ ਆਉਂਦੇ ਨੇ, ਤਿਆਰੀ ਲਈ ਮੈਨੂੰ ਗੁਆਂਢੀਆਂ ਕੋਲੋਂ ਪਾਣੀ ਮੰਗਣਾ ਪੈਂਦਾ ਏ।"

"ਜੀਤੇ! ਪੀਤੇ! ਇੰਝ ਨਹੀਂ ਸੋਚੀਦਾ। ਵੱਡਿਆਂ ਦਾ ਸਤਿਕਾਰ ਕਰਨਾ ਚਾਹੀਦਾ ਏ ਸਾਨੂੰ...।"

"ਮਾਮਾ ਜੀ ਵੱਡੇ ਨੇ ਨਾ ?"

"ਹਾਂ! ਹਾਂ"

"ਤੇ ਉਹ ਭਲਾ ਛੋਟਿਆਂ ਬਾਰੇ ਕਿਉਂ ਨਹੀਂ ਸੋਚਦੇ ?"

"ਸੋਚਦੇ ਤਾਂ ਨੇ-ਖਾਣ ਲਈ, ਕਿੰਨਾ ਕੁਝ ਲੈ ਕੇ ਆਉਂਦੇ ਨੇ।"

"ਪਰ ਸਵੇਰੇ ਸਵੇਰੇ ਨਹਾਉਣ-ਧੋਣ ਲਈ ਪਾਣੀ ਵੀ ਤਾਂ ਮੁਕਾ ਦਿੰਦੇ ਨੇ ਨਾ।"

"ਜੀਤੇ! ਪੀਤੇ! ਨਿੱਕੀਆਂ ਨਿੱਕੀਆਂ ਗੱਲਾਂ ਬਾਰੇ ਨਹੀਂ ਸੋਚੀਦਾ। ਛੇਤੀ ਛੇਤੀ ਹੋਮ-ਵਰਕ ਮੁਕਾ ਲੈ। ਮਾਮਾ ਜੀ ਆਉਣ ਵਾਲੇ ਨੇ।" ਬਿੰਨੀ ਕਹਿੰਦੀ ਹੈ ਤੇ ਰਸੋਈ 'ਚ ਚਲੀ ਜਾਂਦੀ ਹੈ।

ਮਾਮਾ ਜੀ ਦੇ ਆਉਣ ਦੀ ਖਬਰ ਨੇ ਸਾਰੀ ਭੁੱਖ ਮਾਰ ਦਿੱਤੀ ਹੈ। ਦੋ-ਚਾਰ ਦਿਨ, ਹੁਣ ਸੁਆਦ ਨਾਲ ਨਹਾਉਣ ਤੋਂ ਬਗੈਰ ਹੀ ਸਕੂਲ ਜਾਣਾ ਪਏਗਾ। ਮਾਮਾ ਸਾਹਿਬ ਸਵੇਰੇ ਸਵੇਰੇ ਉਠਿਆ ਕਰਨਗੇ। ਗੁਸਲਖਾਨੇ ਵਿਚ ਜਾਇਆ ਕਰਨਗੇ। ਘੰਟੇ ਘੰਟੇ ਬਾਅਦ ਉਹ ਸਾਰਾ ਪਾਣੀ ਮੁਕਾ ਕੇ ਅੰਦਰੋਂ ਬਾਹਰ ਨਿਕਲਿਆ ਕਰਨਗੇ। ਸਾਰਾ ਟਾਈਮ ਟੇਬਲ ਗਲਤ-ਮਲਤ ਹੋਇਆ ਸਮਝੋ...

ਜ਼ਰੂਰ ਮਾਮਾ ਜੀ ਗੁਸਲਖਾਨੇ 'ਚ ਜਾ ਕੇ ਪਾਣੀ ਨਾਲ ਖੇਡਦੇ ਨੇ। ਮੈਂ ਵੀ ਨਹਾਉਣ ਲੱਗਾ ਪਾਣੀ ਨਾਲ ਖੇਡਿਆ ਕਰਦਾ ਸਾਂ। ਪਾਣੀ ਦੇ ਭਰੇ ਟੱਬ ਵਿਚ ਕਾਂ-ਠੂੰਗੇ ਮਾਰਨੇ। ਪਾਣੀ ਦੀਆਂ ਬੂੰਦਾਂ ਨੰਗੇ ਪਿੰਡੇ 'ਤੇ ਪੈਣੀਆਂ, ਝੁਣਝੁਣੀ ਜਿਹੀ ਛਿੜਨੀ ਤੇ ਬੜਾ ਮਜ਼ਾ ਆਉਣਾ..."

ਹਾਂ ਸੱਚ! ਜਿਸ ਦਿਨ ਦਾਰਜੀ ਨੇ ਮੱਝ ਵਾਲੀ ਗੱਲ ਦੱਸੀ ਉਸ ਦਿਨ ਤੋਂ ਆਪਾਂ ਪਾਣੀ ਨਾਲ ਖੇਡਣਾ ਛੱਡ ਦਿੱਤਾ। ਉਹ ਦਿਨ ਗਏ ਤੇ ਆਹ ਦਿਨ ਆਏ। ਪਾਣੀ ਨੂੰ ਬੜੇ ਧਿਆਨ ਨਾਲ ਬਚਾ ਬਚਾ ਕੇ ਵਰਤਦਾ ਹਾਂ। ਇਕ ਮੱਗ ਪਾਣੀ ਨਾਲ ਪਿੰਡਾ ਗਿੱਲਾ ਕਰਦਾ ਹਾਂ। ਪਾਣੀ ਦੇ ਦੂਜੇ ਮੱਗ ਨਾਲ ਸਾਬਣ ਮਲਦਾ ਹਾਂ। ਤੀਜੇ ਮੱਗ ਦਾ ਪਾਣੀ ਸਾਬਣ ਤੇ ਮੈਲ ਲਾਹੁੰਦਾ ਹੈ। ਜਦੋਂ ਪਿੰਡੇ 'ਤੇ ਪਾਣੀ ਦਾ ਚੌਥਾ ਮੱਗ ਪਾਉਂਦਾ ਤਾਂ ਸਾਬਣ ਦੀ ਝੱਗ, ਗੁਸਲਖਾਨੇ ਦੇ ਫਰਸ਼ 'ਤੇ ਇੱਲ-ਬਤੌਰੇ ਬਣਾਉਂਦੀ ਹੋਈ ਵਹਿ ਜਾਂਦੀ ਹੈ। ਪਾਣੀ ਦੇ ਪੰਜਵੇਂ ਮੱਗ ਨਾਲ ਪਿੰਡਾ ਫੁੱਲਾਂ ਵਾਂਗ ਮਹਿਕਣ ਲੱਗ ਪੈਂਦਾ ਹੈ।

ਦਾਰ ਜੀ ਨੇ ਜਿਹੜੀ ਮੱਝ ਵਾਲੀ ਗੱਲ ਦੱਸੀ ਸੀ ਉਸ ਵਿਚ ਬਾਬਾ ਜੀ, ਮੱਝ ਨੂੰ ਪੰਜ ਬਾਲਟੀਆਂ ਨਾਲ ਨੁਹਾਉਂਦੇ ਸਨ। ਬਾਬਾ ਜੀ ਕੋਲੋਂ ਮੱਝ ਨੂੰ ਨੁਹਾਉਣ ਦੀ ਜਾਚ ਸਿੱਖਣ ਤੋਂ ਪਹਿਲਾਂ ਦਾਰਜੀ ਵੀ ਮੱਝ ਨੂੰ ਪੰਦਰਾਂ-ਵੀਹ ਬਾਲਟੀਆਂ ਪਾਣੀ ਨਾਲ ਨੁਹਾਉਂਦੇ ਸਨ। ਇੰਨ-ਬਿੰਨ ਮੇਰੇ ਵਾਂਗ ਜਿਵੇਂ ਮੈਂ ਨਹਾਉਣ ਲੱਗਾ ਪੰਦਰਾਂ-ਵੀਹ ਮੱਗ ਪਾਣੀ ਰੋੜ੍ਹਦਾ ਹੁੰਦਾ ਸੀ।

ਬੜੇ ਜੁਗਤੀ ਸਨ ਸਾਡੇ ਬਾਬਾ ਜੀ। ਮੈਂ ਉਨ੍ਹਾਂ ਨੂੰ ਵੇਖਿਆ ਤਾਂ ਨਹੀਂ ਪਰ ਉਨ੍ਹਾਂ ਦੀਆਂ ਗੱਲਾਂ ਸੁਣਨ 'ਤੇ ਲੱਗਦਾ ਹੈ ਕਿ ਉਹ ਬੜੇ ਸਿਆਣੇ ਸਨ—ਪਾਣੀ ਦੀ ਪਹਿਲੀ ਬਾਲਟੀ ਨਾਲ ਮੱਝ ਦਾ ਪਿੰਡਾ ਗਿੱਲਾ ਕਰਦੇ ਸਨ। ਸਿੰਙਾਂ ਤੋਂ ਖੁਰਾਂ ਖੁਰਾਂ ਤੱਕ। ਦੂਜੀ ਬਾਲਟੀ ਦਾ ਪਾਣੀ ਆਪਣੇ-ਆਪ ਮੱਝ ਦੇ ਸਾਰੇ ਅੰਗਾਂ 'ਤੇ ਵਹਿ ਜਾਂਦਾ ਸੀ। ਫਿਰ ਉਹ ਮੱਝ ਦੇ ਸਿੰਙਾਂ ਅਤੇ ਖੁਰਾਂ ਵਿਚ ਲੱਗਾ ਮਿੱਟੀ-ਗੋਹਾ ਮਲ ਮਲ ਲਾਹੁੰਦੇ। ਪਾਣੀ ਦੀ ਤੀਜੀ ਬਾਲਟੀ ਨਾਲ ਮੱਝ ਸਾਫ-ਸੁਥਰੀ ਲੱਗਣ ਲੱਗ ਪੈਂਦੀ। ਚੌਥੀ ਬਾਲਟੀ ਪਾਣੀ ਪਾਉਣ ਨਾਲ ਮੱਝ ਸ਼ੀਸ਼ੇ ਵਾਂਗ ਚਮਕਣ ਲੱਗਦੀ। ਪੰਜਵੀਂ ਬਾਲਟੀ ਦੇ ਪਾਣੀ ਨਾਲ ਪੰਜ ਕਲਿਆਣੀ ਮੱਝ ਦਾ ਪਿੰਡਾ ਇੰਝ ਲੱਗਦਾ ਜਿਵੇਂ ਅਸਮਾਨ 'ਚ ਚੰਦ-ਤਾਰੇ ਚਮਕਦੇ ਹੋਣ।

ਮੈਂ ਵੀ ਹੁਣ ਇਸੇ ਜੁਗਤ ਨਾਲ ਨਹਾਉਂਦਾ ਹਾਂ। ਪਹਿਲਾਂ ਸਿਰ ਉੱਤੇ ਪਾਣੀ ਪਾਉਂਦਾ ਹਾਂ। ਸਿਰ ਤੋਂ ਹੇਠਾਂ ਵਹਿੰਦੇ ਪਾਣੀ ਨਾਲ ਪਿੰਡਾ ਗਿੱਲਾ ਕਰਦਾ ਹਾਂ। ਪਾਣੀ ਨੂੰ ਫਜ਼ੂਲ ਨਹੀਂ ਰੁੜ੍ਹਨ ਦਿੰਦਾ।

ਜੀਅ ਕਰਦਾ ਹੈ ਕਿ ਮਾਮਾ ਜੀ ਨੂੰ ਆਉਂਦਿਆਂ ਸਾਰ ਹੀ ਬਾਬਾ ਜੀ ਦੀ ਮੱਝ ਨੁਹਾਉਣ ਵਾਲੀ ਕਹਾਣੀ ਸੁਣਾ ਦਿਆਂ—ਹੋ ਸਕਦਾ ਹੈ ਕਿ ਮਾਮਾ ਜੀ ਨੂੰ ਕਹਾਣੀ ਸੁਣ ਕੇ ਪਾਣੀ ਵਰਤਣ ਦੀ ਜਾਚ ਆ ਜਾਏ।

"ਜੀਤੇ! ਪੀਤੇ!! ਸੌਂ ਗਿਆ ਏਂ ?" ਮਾਮਾ ਜੀ ਦੇ ਆਉਣ ਦੇ ਚਾਅ 'ਚ ਉੱਡਦੀ-ਫਿਰਦੀ ਬਿੰਨੀ ਪੁੱਛਦੀ ਹੈ।

"ਨਹੀਂ..."

"ਭੁੱਖ ਲੱਗ ਰਹੀ ਏ ?"

"ਨਹੀਂ..."

"ਜੀਤੇ! ਪੀਤੂ! ਤਾਂ ਫਿਰ ਕੀ ਸੋਚਦਾ ਪਿਆ ਏਂ ?" ਮੈਨੂੰ ਮੋਢੇ ਤੋਂ ਹਲੂਣਦੀ ਹੋਈ ਬਿੰਨੀ ਪੁੱਛਦੀ ਹੈ-

"ਮੈਂ ਕੱਲ੍ਹ ਸਵੇਰੇ ਨਹਾਉਣ ਬਾਰੇ ਸੋਚ ਰਿਹਾਂ।"

"ਕਿਉਂ ਭਲਾ ?"

"ਮਾਮਾ ਜੀ! ਨਹਾਉਣ ਲੱਗੇ ਸਾਰਾ ਪਾਣੀ ਨਹੀਂ ਮੁਕਾ ਦੇਣਗੇ ?"

"ਜੀਤੂ! ਪੀਤੂ! ਤੂੰ ਮਾਮਾ ਜੀ ਤੋਂ ਪਹਿਲਾਂ ਨਹਾ ਲਈਂ, ਸਵਖਤੇ ਉੱਠ ਕੇ" ਬਿੰਨੀ ਕਹਿੰਦੀ ਹੈ।

"ਪਰ ਮੈਨੂੰ ਜਾਗ ਨਹੀਂ ਆਏਗੀ ਸਵੇਰੇ ਸਵੇਰੇ..."

"ਤੂੰ ਐਨ ਸੌਣ ਵੇਲੇ ਆਪਣੇ ਸਿਰਹਾਣੇ ਉੱਤੇ ਪੰਜ ਮੁੱਕੇ ਮਾਰ ਲਈਂ। ਤੈਨੂੰ ਸਵੇਰੇ ਪੰਜ ਵਜੇ ਆਪਣੇ-ਆਪ ਜਾਗ ਆ ਜਾਏਗੀ।" ਹੱਸਦੀ ਹੱਸਦੀ ਬਿੰਨੀ ਦੱਸਦੀ ਹੈ।

ਵੈਰੀ ਗੁੱਡ! ਬਿੰਨੀ ਦੀ ਸਿਆਣਪ ਨੇ ਮੇਰੇ ਸਾਰੇ ਫਿਕਰ ਮਿਟਾ ਦਿੱਤੇ ਹਨ। ਹੁਣ ਮੈਂ ਆਪਣਾ ਹੋਮ ਵਰਕ ਕਰਾਂਗਾ। ਹੋਮ ਵਰਕ ਤੋਂ ਬਾਅਦ ਮਾਮਾ ਜੀ ਦੇ ਨਾਲ ਰੱਜਵੀਂ ਰੋਟੀ ਖਾਵਾਂਗਾ। ਤੇ ਫਿਰ ਪਤਾ ਜੇ ਕੀ ਕਰਾਂਗੇ ? ਆਪਣੇ ਸਿਰਹਾਣੇ 'ਤੇ ਪੰਜ ਮੁੱਕੇ ਮਾਰ ਕੇ, ਮਾਮਾ ਜੀ ਤੋਂ ਪਹਿਲਾਂ ਆਰਾਮ ਨਾਲ ਸੌਂ ਜਾਵਾਂਗਾ।

## ਲਾਡੋ

*—ਡਾ. ਹਰਨੇਕ ਸਿੰਘ ਕਲੇਰ*

ਲਾਡੋ ਦਾ ਪੜ੍ਹਨ ਨੂੰ ਬਹੁਤ ਦਿਲ ਕਰਦਾ ਸੀ। ਜਦੋਂ ਉਹ ਆਪਣਾ ਬਸਤਾ ਖੋਲ੍ਹ ਕੇ ਕਿਤਾਬ ਕੱਢਦੀ ਉਸ ਦੀ ਮਾਂ ਪਾਲੋ ਉਸ ਨੂੰ ਝਿੜਕ ਦਿੰਦੀ।

"ਨੀ ਲਾਡਲੀਏ ਪੜ੍ਹਾਈ 'ਚ ਕੀ ਰੱਖਿਆ ਤੂੰ ਕਪਾਹ ਚੁੱਗਣ ਜਾਇਆ ਕਰ। ਕੱਤਾਂਗੇ। ਤੂੰਬਾਂਗੇ। ਘਰ ਲਈ ਦਰੀਆਂ, ਖੇਸ ਬਣਾਵਾਂਗੇ।" ਫਿਰ ਇਕ ਦਿਨ ਪਾਲੋ ਨੇ ਉਸ ਦੀਆਂ ਕਿਤਾਬਾਂ ਵਾਲਾ ਬਸਤਾ ਤੇ ਫੱਟੀ ਚੱਕੀ ਦੇ ਪਿੱਛੇ ਸੁੱਟ ਦਿੱਤਾ। ਪਾਲੋ ਚਾਹੁੰਦੀ ਸੀ ਲਾਡੋ ਸਕੂਲੋਂ ਹਟ ਕੇ ਉਸ ਦੇ ਨਾਲ ਘਰ-ਬਾਹਰ ਦਾ ਕੰਮ ਕਰਵਾਇਆ ਕਰੇ।

ਲਾਡੋ ਪੜ੍ਹਨਾ ਚਾਹੁੰਦੀ ਸੀ। ਉਹ ਰਾਜਿੰਦਰ ਭੈਣ ਜੀ ਵਾਂਗ ਮਾਸਟਰਨੀ ਬਣ ਕੇ ਬੱਚਿਆਂ ਨੂੰ ਪੜ੍ਹਾਉਣਾ ਚਾਹੁੰਦਾ ਸੀ। ਲਾਡੋ ਖੇਡਾਂ ਵੀ ਪੜ੍ਹਾਈ ਵਾਲੀਆਂ ਹੀ

ਖੇਡਦੀ ਸੀ। ਕਈ ਵਾਰ ਉਹ ਆਥਣ ਵੇਲੇ ਘਰ ਦੇ ਬਾਹਰ ਚਬੂਤਰੇ 'ਤੇ ਆਪਣੀ ਹਾਣੀ ਮੁੰਡੇ ਤੇ ਕੁੜੀਆਂ ਨੂੰ ਇਕੱਠੇ ਕਰ ਲੈਂਦੀ। ਆਪਣੇ ਹੱਥ ਵਿਚ ਇਕ ਕਿਤਾਬ ਫੜ ਕੇ ਕੰਧ ਦੇ ਕੋਲੋਂ ਮਾਸਟਰਾਂ ਵਾਂਗ ਤੁਰ ਕੇ ਆਉਂਦੀ। ਉਸ ਦੀ ਇਕ ਸਹੇਲੀ ਮੀਤੋ ਉੱਠ ਕੇ ਕਲਾਸ ਸਟੈਂਡ ਕਰਵਾਉਂਦੀ। ਲਾਡੋ ਉੱਚੀ ਆਵਾਜ਼ ਵਿਚ ਹੱਥ ਦਾ ਇਸ਼ਾਰਾ ਕਰਕੇ "ਬੈਠੋ, ਬੈਠੋ! ਰੌਲਾ ਨਾ ਪਾਓ। ਸਾਰੇ ਬੱਚੇ ਕਿਤਾਬਾਂ ਕੱਢੋ", ਆਖਦੀ ਹੀ ਸੀ ਕਿ ਅੰਦਰੋਂ ਉਸ ਦੀ ਮੰਮੀ ਦੀ ਆਵਾਜ਼ ਆ ਜਾਂਦੀ, "ਨੀ ਲਾਡਲੀਏ ਤੂੰ ਕਿੱਧਰ ਮਰਗੀ, ਨੀ ਏਧਰ ਆ।" ਆਪਣੀ ਮੰਮੀ ਦੀ ਆਵਾਜ਼ ਸੁਣ ਕੇ ਝਟ ਹੀ ਲਾਡੋ ਆਪਣੇ ਮੂੰਹ 'ਚੋਂ ਘੰਟੀ ਦੀ ਆਵਾਜ਼ ਕੱਢ ਕੇ 'ਟੰਨ... ਟੰਨ... ਟੰਨ' ਆਖਦੀ 'ਛੁੱਟੀ' ਕਹਿ ਕੇ ਅੰਦਰ ਨੂੰ ਭੱਜ ਜਾਂਦੀ। ਭੱਜੀ ਜਾਂਦੀ ਉਹ ਸੱਜੀ ਬਾਂਹ ਘੁਮਾਉਂਦੀ 'ਸੂਰਜਾ, ਸੂਰਜਾ, ਫੱਟੀ ਸੁਕਾ' ਵਾਲਾ ਗੀਤ ਉੱਚੀ-ਉੱਚੀ ਗਾਉਂਦੀ ਜਾਂਦੀ।

ਘਰ ਦੀ ਦੇਹਲੀ ਅੰਦਰ ਪੈਰ ਧਰਦਿਆਂ ਹੀ ਲਾਡੋ ਚੁੱਪ ਹੋ ਜਾਂਦੀ। ਫਿਰ ਧੋਲੇ ਪੈਰੀਂ ਉਹ ਪੱਪੂ ਦੇ ਮੰਜੇ ਕੋਲ ਪਹੁੰਚ ਜਾਂਦੀ। ਮਲਕੜੇ ਜਿਹੇ ਮੰਜੇ ਦੀ ਬਾਹੀ 'ਤੇ ਬੈਠਦੀ ਤੇ ਉਸ ਦੇ ਰੂੰ ਵਰਗੇ ਨਰਮ-ਮੁਲਾਇਮ ਬੁੱਲ੍ਹਾਂ 'ਤੇ ਆਪਣੀ ਨਿੱਕੀ ਜਿਹੀ ਉਂਗਲ ਰੱਖ ਕੇ ਪੱਪੂ ਨੂੰ ਝਾਤ-ਮਾਤ ਕਰਦੀ। ਪੱਪੂ ਮੂੰਹ ਖੋਲ੍ਹਦਾ, 'ਉਆਂਹ, ਉਆਂਹ' ਕਰਦਾ, ਤਾਂ ਉਹ ਖਿੜਖਿੜ ਹੱਸਦੀ।

"ਦੇਖੀਂ ਮੰਮੀ ਪੱਪੂ ਮੇਰੇ ਨਾਲ ਗੱਲਾਂ ਕਰਦਾ।"

"ਨੀ ਤੂੰ ਕਿਧਰ ਮਰ ਜਾਨੀ ਆਂ। ਇੱਥੇ ਆਪਣੇ ਭਾਈ ਕੋਲ ਬੈਠ। ਵੱਡੀ ਮਾਸਟਰਨੀ ਬਣਦੀ ਫਿਰਦੀ ਆਂ।"

ਲਾਡੋ ਮੰਜੇ ਦੀ ਬਾਹੀ 'ਤੇ ਬੈਠੀ-ਬੈਠੀ ਹੀ ਸੋਚਾਂ ਵਿਚ ਡੁੱਬ ਜਾਂਦੀ। ਉਸ ਨੂੰ ਰਾਜਿੰਦਰ ਭੈਣ ਜੀ ਯਾਦ ਆਉਂਦੇ। ਉਸ ਦੀਆਂ ਸਹੇਲੀਆਂ ਪ੍ਰੀਤੋ ਤੇ ਸੀਤੋ ਯਾਦ ਆਉਂਦੀਆਂ। ਸ਼ਨੀਵਾਰ ਵਾਲੇ ਦਿਨ ਤਾਂ ਉਹ ਘਰ ਬੈਠੀ-ਬੈਠੀ ਹੀ ਕੋਈ ਨਾ ਕੋਈ ਕਵਿਤਾ ਗਾਉਂਦੀ ਰਹਿੰਦੀ। ਉਸ ਨੂੰ ਪਤਾ ਸੀ ਕਿ ਅੱਜ ਦੇ ਦਿਨ ਅੱਧੀ ਛੁੱਟੀ ਤੋਂ ਬਾਅਦ ਸਕੂਲ ਵਿਚ ਬਾਲ-ਦਰਬਾਰ ਲੱਗਦਾ ਹੈ। ਸਕੂਲ ਦੀਆਂ ਗੱਲਾਂ ਯਾਦ ਕਰ ਕੇ ਲਾਡੋ ਦੀਆਂ ਅੱਖਾਂ ਭਰ ਆਉਂਦੀਆਂ। ਉਹ ਉਦਾਸ ਜਿਹੀ ਹੋ ਕੇ ਘਰ ਦੇ ਬੂਹੇ ਵਿਚ ਆ ਖੜ੍ਹਦੀ।

ਇਸ ਸਾਲ ਲਾਡੋ ਨੇ ਚੌਥੀ ਜਮਾਤ ਪਾਸ ਕੀਤੀ ਸੀ। ਪੰਜਵੀਂ ਵਿਚ ਵੀ ਉਸ ਦਾ ਦਾਖ਼ਲਾ ਹੋ ਗਿਆ ਸੀ। ਰਾਜਿੰਦਰ ਕੌਰ ਭੈਣ ਜੀ ਨੇ ਲਾਡੋ ਦਾ ਨਾਂ ਪੰਜਵੀਂ ਜਮਾਤ ਦੇ ਰਜਿਸਟਰ ਵਿਚ ਚੜ੍ਹਾ ਦਿੱਤਾ ਸੀ। ਰਾਜਿੰਦਰ ਕੌਰ ਪਿੰਡ ਦੇ ਸਰਪੰਚ ਜੋਗਿੰਦਰ ਸਿੰਘ ਦੀ ਧੀ ਸੀ। ਉਹ ਪਿੰਡ ਦੇ ਸਕੂਲ ਵਿਚ ਹੀ ਅਧਿਆਪਕ ਲੱਗੀ ਹੋਈ ਸੀ। ਲਾਡੋ ਦਾ ਪਾਪਾ ਦਰਸ਼ਨ ਸਿੰਘ ਸਕੂਲ ਦਾ ਚੌਕੀਦਾਰ ਸੀ। ਦਰਸ਼ਨ ਸਿੰਘ ਰਾਤ ਨੂੰ ਸਕੂਲ ਵਿਚ ਡਿਊਟੀ ਕਰਦਾ ਤੇ ਦਿਨ ਵੇਲੇ ਸਰਪੰਚ ਦੇ ਖੇਤਾਂ ਵਿਚ ਕੰਮ

ਕਰਦਾ। ਲਾਡੋ ਦੀ ਮੰਮੀ ਪਾਲੋ ਵੀ ਉਸ ਦੇ ਨਾਲ ਹੀ ਖੇਤਾਂ ਵਿਚ ਮਟਰ, ਟਮਾਟਰ ਤੇ ਮਿਰਚਾਂ ਤੋੜਨ ਦੇ ਨਿੱਕੇ-ਮੋਟੇ ਕੰਮ ਕਰਦੀ ਸੀ। ਪਰ ਜਦੋਂ ਦਾ ਉਸ ਦੀ ਗੋਦ ਵਿਚ ਪੱਪੂ ਆਇਆ ਸੀ, ਪਾਲੋ ਘਰ ਹੀ ਰਹਿੰਦੀ ਸੀ। ਅੱਜਕਲ੍ਹ ਤਾਂ ਮੱਝ ਨੂੰ ਪੱਠੇ ਵੀ ਦਰਸ਼ਨ ਹੀ ਲਿਆਉਂਦਾ ਸੀ।

ਪੱਪੂ ਘਰ ਆਇਆ ਤਾਂ ਲਾਡੋ ਦਾ ਸਕੂਲ ਹੀ ਛੁੱਟ ਗਿਆ। ਪੰਜਵੀਂ ਜਮਾਤ ਵਿਚ ਦਾਖ਼ਲੇ ਤੋਂ ਬਾਅਦ ਲਾਡੋ ਪੰਜ-ਛੇ ਮਹੀਨੇ ਹੀ ਸਕੂਲ ਗਈ ਸੀ। ਲਾਡੋ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ। ਹਿਸਾਬ ਦੇ ਸਵਾਲ ਉਹ ਸਭ ਤੋਂ ਪਹਿਲਾਂ ਹੱਲ ਕਰ ਕੇ ਦਿਖਾਉਂਦੀ ਸੀ। ਪਹਾੜੇ ਉਸ ਨੂੰ ਸਭ ਬੱਚਿਆਂ ਨਾਲੋਂ ਵੱਧ ਯਾਦ ਸਨ। ਸੋਲਾਂ ਤੱਕ ਦੂਹਰੇ ਪਹਾੜੇ ਜਮਾਤ ਨੂੰ ਉਹ ਵੀ ਕਹਾਉਂਦੀ ਸੀ। ਲਾਡੋ ਫੱਟੀ ਲਿਖਦੀ ਤਾਂ ਰਾਜਿੰਦਰ ਭੈਣ ਜੀ ਉਸ ਦੀ ਲਿਖਾਈ ਵੱਲ ਦੇਖਦੀ ਹੀ ਰਹਿ ਜਾਂਦੀ।

"ਲਾਡੋ ਤੂੰ ਏਨੀ ਵਧੀਆ ਲਿਖਾਈ ਲਿਖਣੀ ਕਿਸ ਤੋਂ ਸਿੱਖੀ ਆ ? ਇਕ ਦਿਨ ਸਾਰੀ ਜਮਾਤ ਤੋਂ ਪਹਿਲਾਂ ਫੱਟੀ ਲਿਖ ਕੇ ਦਿਖਾਉਣ ਆਈ ਲਾਡੋ ਨੂੰ ਰਾਜਿੰਦਰ ਨੇ ਪੁੱਛ ਹੀ ਲਿਆ।"

"ਭੈਣ ਜੀ ਪਹਿਲੀ ਜਮਾਤ ਤੋਂ ਹੀ ਮੇਰਾ ਪਾਪਾ ਮੈਨੂੰ ਫੱਟੀ 'ਤੇ ਪੂਰਨੇ ਪਾ ਕੇ ਦਿੰਦਾ ਹੁੰਦਾ ਸੀ। ਮੇਰੇ ਪਾਪਾ ਜੀ ਦੀ ਲਿਖਾਈ ਬਹੁਤ ਸੁਹਣੀ ਆ। ਭੈਣ ਜੀ ਮੇਰੇ ਪਾਪਾ ਕਹਿੰਦੇ ਹੁੰਦੇ ਆ "ਲਾਡੋ ਤੂੰ ਪੜ੍ਹੀ ਜਾ... ਪੜ੍ਹੀ ਜਾ। ਫੇਰ ਤੂੰ ਮਾਸਟਰਨੀ ਬਣਜੇਂਗੀ। ... ਭੈਣ ਜੀ ਮੈਂ ਮਾਟਰਨੀ ਬਣਜੂੰਗੀ ?"

"ਹਾਂ... ਹਾਂ... ਲਾਡੋ ਤੂੰ ਜ਼ਰੂਰ ਬਣੇਂਗੀ ਮਾਸਟਰਨੀ। ਪਰ ਤੂੰ ਘਰ ਜਾ ਕੇ ਵੀ ਪੜ੍ਹਿਆ ਕਰ।" ਰਾਜਿੰਦਰ, ਲਾਡੋ ਦੀ ਫੱਟੀ ਦੇਖਦੀ-ਦੇਖਦੀ ਉਸ ਨਾਲ ਗੱਲਾਂ ਕਰਨ ਲੱਗ ਪਈ।

"ਭੈਣ ਜੀ, ਫੱਟੀਆਂ ਦਿਖਾਉਣ ਤੋਂ ਬਾਅਦ ਪਹਾੜੇ ਕਹਾਈਏ ਜੀ।" ਰਾਜਿੰਦਰ ਨੇ ਆਪਦੀ ਘੜੀ 'ਤੇ ਨਜ਼ਰ ਮਾਰੀ। ਪਰ ਉਸ ਦੇ ਬੋਲਣ ਤੋਂ ਪਹਿਲਾਂ ਹੀ ਲਾਡੋ ਨੇ ਉੱਚੀ ਆਵਾਜ਼ ਵਿਚ ਕਿਹਾ, "ਸਾਰੇ ਜਣੇ ਜਲਦੀ-ਜਲਦੀ ਫੱਟੀਆਂ ਦਿਖਾਓ ਫਿਰ ਪਹਾੜੇ ਕਹਾਉਣੇ ਨੇ।"

ਰਾਜਿੰਦਰ ਨੇ ਲਾਡੋ ਨੂੰ ਹੀ ਜਮਾਤ ਦੀ ਮਨੀਟਰ ਬਣਾਇਆ ਹੋਇਆ ਸੀ। ਲਾਡੋ, ਰਾਜਿੰਦਰ ਦੀ ਕੁਰਸੀ ਦੇ ਕੋਲ ਪਹਿਲੇ ਨੰਬਰ 'ਤੇ ਬੈਠਦੀ ਸੀ। ਜਮਾਤ ਨੂੰ ਪਹਾੜੇ ਕਹਾਉਣੇ ਹੋਣ, ਪੰਜਾਬੀ-ਹਿੰਦੀ ਦੇ ਪਾਠ ਦੀ ਦੁਹਰਾਈ ਕਰਾਉਣੀ ਹੋਵੇ, ਲਾਡੋ ਅੱਗੇ ਬੋਲਦੀ ਤੇ ਸਾਰੀ ਜਮਾਤ ਬੋਲ ਦੁਹਰਾਉਂਦੀ। ਰਜਿੰਦਰ ਭੈਣ ਜੀ ਕੁਰਸੀ 'ਤੇ ਬੈਠ ਕੇ ਨਿਗਰਾਨੀ ਕਰਦੀ। ਜੇਕਰ ਕੋਈ ਬੱਚਾ ਸ਼ਰਾਰਤ ਕਰਦਾ ਤਾਂ ਉਹ ਉਸ ਬੱਚੇ ਨੂੰ ਆਵਾਜ਼ ਦੇ ਕੇ ਡਾਂਟ ਦਿੰਦੇ। ਛੁੱਟੀ ਹੋਣ ਤੋਂ ਬਾਅਦ ਲਾਡੋ, ਪ੍ਰੀਤੋ ਤੇ ਮੀਤੋ ਨੂੰ ਨਾਲ ਲਾ ਕੇ ਟਾਟ ਝਾੜ ਕੇ ਅੰਦਰ ਰੱਖਦੀ। ਰਾਜਿੰਦਰ ਭੈਣ ਜੀ ਦੀ ਕੁਰਸੀ ਕਮਰੇ

ਵਿਚ ਰੱਖ ਕੇ ਜਿੰਦਾ ਲਗਾਉਂਦੀ ਤੇ ਰਾਜਿੰਦਰ ਨੂੰ ਕੁੰਜੀ ਫੜਾ ਕੇ ਪੁੱਛਦੀ 'ਭੈਣ ਜੀ ਜਾਈਏ ਜੀ', ਫਿਰ ਉਹ ਘਰ ਨੂੰ ਚਲੀ ਜਾਂਦੀ।

ਉਸ ਦਿਨ ਤਾਂ ਰਾਜਿੰਦਰ ਹੈਰਾਨ ਹੀ ਹੋ ਗਈ ਜਦੋਂ ਲਾਡੋ ਨੇ ਬਾਲ-ਦਰਬਾਰ ਵਿਚ ਇਕ ਗੀਤ ਗਾਇਆ। ਲਾਡੋ ਦੀ ਆਵਾਜ਼ ਸੁਰੀਲੀ ਸੀ। ਗੀਤ ਦੇ ਬੋਲਾਂ ਨੇ ਰਾਜਿੰਦਰ ਨੂੰ ਇਹ ਕਹਿਣ ਲਈ ਮਜਬੂਰ ਕਰ ਦਿੱਤਾ ਕਿ ਉਸ ਨੇ ਗੀਤ ਗਾਉਣਾ ਕਿੱਥੋਂ ਸਿੱਖਿਆ ? ਲਾਡੋ ਨੇ ਝਟ-ਪਟ ਬਸਤੇ 'ਚੋਂ ਇਕ ਪੁਰਾਣੇ ਰਸਾਲੇ ਦੀ ਕਾਪੀ ਰਾਜਿੰਦਰ ਨੂੰ ਫੜਾਉਂਦਿਆਂ ਕਿਹਾ, "ਭੈਣ ਜੀ, ਗੀਤ ਮੈਨੂੰ ਮੇਰੇ ਪਾਪਾ ਨੇ ਗਾਉਣਾ ਸਿਖਾਇਆ ਇਸ ਰਸਾਲੇ 'ਚ ਹੋਰ ਵੀ ਕਵਿਤਾਵਾਂ ਨੇ। ਅਗਲੇ ਬਾਲ-ਦਰਬਾਰ ਵਿਚ ਗਾਊਂਗੀ।" ਲਾਡੋ ਤੂੰ ਤਾਂ ਵਧੀਆ ਗਾਉਂਨੀ ਏਂ। ਰਾਜਿੰਦਰ ਰਸਾਲੇ ਦੇ ਪੰਨੇ ਪਰਤ ਰਹੀ ਸੀ ਕਿ ਏਨੇ ਨੂੰ ਛੁੱਟੀ ਦੀ ਘੰਟੀ ਵੱਜ ਗਈ।

ਸਕੂਲ ਵਿਚ ਨਿਮਾਹੀ ਇਮਤਿਹਾਨ ਹੋਇਆ। ਲਾਡੋ ਜਮਾਤ ਵਿਚੋਂ ਫ਼ਸਟ ਆਈ। ਉਸਨੇ ਜਮਾਤ ਦੇ ਸਾਹਮਣੇ ਖੜ੍ਹ ਕੇ ਉਸ ਨੂੰ ਸ਼ਾਬਾਸ਼ ਦਿੱਤੀ।

ਦੁਸਹਿਰੇ ਤੋਂ ਬਾਅਦ ਲਾਡੋ ਸਕੂਲ ਨਾ ਆਈ। ਰਾਜਿੰਦਰ ਸੋਚਦੀ ਸੀ ਕਿਸੇ ਬੱਚੇ ਨੂੰ ਭੇਜ ਕੇ ਉਸ ਨੂੰ ਘਰ ਤੋਂ ਬੁਲਾਇਆ ਜਾਵੇ। ਫਿਰ ਉਸ ਨੂੰ ਲਾਡੋ ਦੇ ਪਾਪਾ ਦਰਸ਼ਨ ਸਿੰਘ ਤੋਂ ਲਾਡੋ ਦੇ ਪੁੱਛਣ ਦਾ ਖ਼ਿਆਲ ਆਇਆ ਪਰ ਇਹਨਾਂ ਹੀ ਦਿਨਾਂ ਵਿਚ ਰਾਜਿੰਦਰ ਦੀ ਡਿਊਟੀ ਵੋਟਾਂ 'ਤੇ ਲੱਗ ਗਈ। ਇਸ ਲਈ ਉਹ ਅਜਿਹਾ ਨਾ ਕਰ ਸਕੀ ਪਰੰਤੂ ਉਹ ਲਾਡੋ ਨੂੰ ਮਨ ਤੋਂ ਵਿਸਾਰ ਨਾ ਸਕੀ।

ਫਿਰ ਇਕ ਦਿਨ ਉਸ ਨੇ ਆਪਣੇ ਘਰ ਵਿਚ ਖਿੜ-ਖਿੜ ਹੱਸਦੀ ਹੋਈ ਲਾਡੋ ਦੀ ਆਵਾਜ਼ ਸੁਣੀ। ਉਹ ਹੈਰਾਨ ਰਹਿ ਗਈ। ਲਾਡੋ ਸਬਾਤ ਦੇ ਇਕ ਬੰਨੇ ਬੈਠੀ ਕਪਾਹ ਚੁਗਣ ਵਾਲੀਆਂ ਚੋਗੀਆਂ ਨਾਲ ਗੱਲਾਂ ਕਰ ਰਹੀ ਸੀ। ਲਾਡੋ ਦੀ ਆਵਾਜ਼ ਸੁਣ ਕੇ ਰਾਜਿੰਦਰ ਬੈਠਕ 'ਚੋਂ ਬਾਹਰ ਆ ਗਈ।

"ਤੂੰ ਏਥੇ ਕੀ ਕਰਦੀ ਏਂ ਲਾਡੋ, ਸਕੂਲ ਕਿਉਂ ਨਹੀਂ ਆਉਂਦੀ ?" ਭੈਣ ਜੀ ਮੈਂ ਤਾਂ ਜੀ, ਕਪਾਹ ਚੁਗਣ ਜਾਨੀ ਹੁੰਨੀ ਆਂ। ਮੇਰੀ ਮੰਮੀ ਕਹਿੰਦੀ, ਜਿੰਨਾ ਚਿਰ 'ਮੈਂ ਰਾਜੀ ਨੀ ਹੁੰਦੀ ਤੂੰ ਕਪਾਹ ਚੁਗਣ ਜਾਇਆ ਕਰ।' ਲਾਡੋ, ਰਾਜਿੰਦਰ ਨੂੰ ਦੇਖ ਕੇ ਇਕ ਦਮ ਖੜ੍ਹੀ ਹੋ ਗਈ।

"ਤੇਰੀ ਮੰਮੀ ਬਿਮਾਰ ਆ।"

"ਨਹੀਂ ਭੈਣ ਜੀ, ਸਾਡੇ ਘਰ ਨਿੱਕਾ ਪੱਪੂ ਆਇਆ। ਮੰਮੀ ਕਹਿੰਦੀ ਤੂੰ ਸਕੂਲ ਜਾਣ ਨੂੰ ਰਹਿਣ ਦੇ, ਹੁਣ ਪੱਪੂ ਨੂੰ ਖਿਡਾਇਆ ਕਰ।" ਏਨੀ ਗੱਲ ਆਖਦੀ ਲਾਡੋ ਡਸਕੋਰੇ ਭਰਨ ਲੱਗ ਪਈ।

"ਭੈਣ ਜੀ ਮੈਂ ਤਾਂ ਜੀ ਸਕੂਲ ਪੜ੍ਹਨ ਲੱਗਣਾ। ਮੇਰੀ ਮੰਮੀ ਪਾਪਾ ਨੂੰ ਕਹੋ।" ਊਂ... ਊਂ... ਕਰਦੀ ਉੱਚੀ-ਉੱਚੀ ਰੋਣ ਲੱਗ ਪਈ।

ਏਨੇ ਨੂੰ ਦਰਸ਼ਨ ਸਿੰਘ ਆ ਗਿਆ। ਸ਼ਾਇਦ ਉਸ ਨੇ ਰੋਂਦੀ ਹੋਈ ਲਾਡੋ ਨੂੰ ਸੁਣ ਲਿਆ ਸੀ। ਉਹ ਆਉਂਦਾ ਹੀ ਬੋਲਿਆ, "ਰਾਜਿੰਦਰ ਭੈਣ-ਲਾਡੋ ਕੱਲ੍ਹ ਤੋਂ ਸਕੂਲ ਆਇਆ ਕਰੂਗੀ। ਹੁਣ ਏਹਦੀ ਮੰਮੀ ਵੀ ਕਹਿੰਦੀ ਆ, ਲਾਡੋ ਨੂੰ ਸਕੂਲ ਭੇਜਿਆ ਕਰੋ। ਲਾਡੋ ਤਾਂ ਹਰ ਰੋਜ਼ 'ਮੈਂ ਤਾਂ ਸਕੂਲ ਜਾਣਾ... ਮੈਂ ਤਾਂ ਸਕੂਲ ਜਾਣਾ' ਕਹਿੰਦੀ ਮੇਰੇ ਕੋਲ ਬੈਠ ਕੇ ਰੋਂਦੀ ਰਹਿੰਦੀ ਆ। ਇਹ ਪੜ੍ਹਨਾ ਚਾਹੁੰਦੀ ਆ ਮਰ ਜਾਣੀ ਲਾਡੜੀ ਜਿਹੀ।"

"ਸੱਚ ਪਾਪਾ... ਕੱਲ੍ਹ ਨੂੰ ਮੈਂ ਸਕੂਲ ਜਾਊਂਗੀ। ਲਾਡੋ ਦੀਆਂ ਅੱਖਾਂ 'ਚ ਇਕ ਦਮ ਚਮਕ ਆ ਗਈ ਤੇ ਉਹ ਭੱਜ ਕੇ ਆਪਣੇ ਪਾਪਾ ਦੇ ਗੱਲ ਨੂੰ ਚੁੰਬੜ ਗਈ।

## ਫੁੱਲ ਤੇ ਤਿਤਲੀ

*—ਰਮਾ ਰਤਨ*

ਫੁੱਲਾਂ ਦੇ ਬੂਟੇ ਕੋਲ ਨਿੰਮੀ ਉਦਾਸ ਬੈਠੀ ਸੀ। ਘਰ ਦੇ ਅੰਦਰੋਂ ਉੱਚੀ-ਉੱਚੀ ਆਵਾਜ਼ਾਂ ਆ ਰਹੀਆਂ ਸਨ। ਕਦੇ ਮਾਂ ਦੇ ਰੋਣ ਦੀਆਂ, ਕਦੇ ਪਾਪਾ ਦੀਆਂ ਉੱਚੀਆਂ-ਉੱਚੀਆਂ। ਕਦੇ ਠਾਹ-ਠਾਹ, ਕਦੇ ਬਊ-ਬਊ ਡਰੀ-ਡਰੀ ਨਿੰਮੀ ਵਿਚ-ਵਿਚ ਸਿਰ ਚੁੱਕ ਕੇ ਘਰ ਦੇ ਅੰਦਰ ਵੱਲ ਤੱਕਦੀ ਤੇ ਫਿਰ ਡਰ ਕੇ, ਤ੍ਰਭਕ ਕੇ, ਫੁੱਲਾਂ ਦੀ ਕਿਆਰੀ ਵਿਚ ਘੁਸੜ ਜਾਂਦੀ। ਘਰ ਦੇ ਅੰਦਰੋਂ ਰੋਂਦੀ ਰੋਂਦੀ ਮਾਂ ਨੇ ਉਸਨੂੰ ਧੱਕਾ ਮਾਰ ਕੇ ਬਾਹਰ ਭੇਜ ਦਿੱਤਾ ਸੀ ਤੇ ਕਿਹਾ ਸੀ ਕਿ ਜਾ ਆਪਣੀਆਂ ਤਿਤਲੀਆਂ ਕੋਲ।

ਨਿੰਮੀ ਫੁੱਲਾਂ ਕੋਲ ਬੈਠੀ ਡੁਸਕ ਰਹੀ ਸੀ ਕਿ ਫੁਟਕਦੀ ਹੋਈ ਚਿੜੀ ਉਸਦੇ ਕੋਲ ਆ ਗਈ, "ਚੀਂ-ਚੀਂ-ਚੀਂ।

ਨਿੰਮੀ, ਨਿੰਮੀ ਤੂੰ ਕਿਉਂ ਉਦਾਸ ?"

ਨਿੰਮੀ ਰੋ ਪਈ ਸੀ, ਚਿੜੀ ਹੋਰ ਕੋਲ ਆ ਗਈ।

"ਚੀਂ-ਚੀਂ-ਚੀਂ<br>ਬੋਲ ਨਿੰਮੀ ਤੂੰ ਕਿਉਂ ਉਦਾਸ ?<br>ਕੀ ਹੈ ਤੇਰੀ ਇੱਛਾ ਖਾਸ ?" ਚਿੜੀ ਨੇ ਪੁਚਕਾਰਿਆ।

"ਚਿੜੀਏ! ਚਿੜੀਏ!<br>ਪਾਪਾ ਮੇਰੇ ਨੂੰ ਫੁੱਲ ਬਣਾ ਦੇ ਮੰਮੀ ਮੇਰੀ ਨੂੰ ਤਿਤਲੀ",

ਇਹ ਕਹਿ ਕੇ ਨਿੰਮੀ ਨੇ ਹੱਥ ਜੋੜ ਕੇ, "ਹਾੜੇ ਹਾੜੇ ਚਿੜੀਏ, ਹਾੜੇ ਹਾੜੇ! ਚਿੜੀਏ" ਦਾ ਤਰਲਾ ਕੀਤਾ।

"ਪਰ... ਕਿਉਂ ਨਿੰਮੀ ਕਿਉਂ ?" ਚਿੜੀ ਨੇ ਨਿੰਮੀ ਨੂੰ ਪੁੱਛਿਆ।

ਨਿੰਮੀ ਫੇਰ ਰੋ ਪਈ। ਫੁੱਲਾਂ ਦੀ ਟਹਿਣੀ ਨੇ ਨੇੜੇ ਆ ਕੇ ਫੁੱਲਾਂ ਨਾਲ ਉਸਦੇ ਅੱਥਰੂ ਪੂੰਝੇ।

"ਚਿੜੀਏ! ਚਿੜੀਏ!
ਫੁੱਲ ਤੇ ਤਿਤਲੀ ਕਦੇ ਨਹੀਂ ਲੜਦੇ।
ਦੋਨੋ ਕਿੰਨੇ ਸੋਹਣੇ ਲੱਗਦੇ।
ਪਾਪਾ ਉਂਝ ਤਾਂ ਸੋਹਣੇ ਨੇ
ਸੋਹਣੇ ਤੇ ਮਨਮੋਹਣੇ ਨੇ
ਪਰ ਮੰਮੀ ਨੂੰ ਕੁੱਟਦੇ ਨੇ
ਹੁੰਦੇ ਬੜੇ ਡਰਾਉਣੇ ਨੇ।"

ਕਹਿ ਕੇ ਨਿੰਮੀ ਫੇਰ ਰੋਣ ਲੱਗ ਪਈ। ਫੁੱਲ ਤੇ ਬੈਠੀ ਤਿਤਲੀ ਉੱਡ ਕੇ ਨਿੰਮੀ ਦੇ ਮੋਢੇ ਤੇ ਆ ਬੈਠੀ ਤੇ ਉਸਦੇ ਕੰਨ ਕੋਲ ਗਾਉਣ ਲੱਗ ਗਈ :

"ਨਿੰਮੀ ਸਾਡੀ ਪਿਆਰੀ ਹੈ
ਮੰਮੀ ਪਾਪਾ ਦੀ ਦੁਲਾਰੀ ਹੈ।"

ਟਹਿਣੀ ਤੇ ਬੈਠੀ ਚਿੜੀ ਨੇ ਇਕ ਫੁੱਲ ਤੋੜਿਆ ਤੇ ਆ ਕੇ ਨਿੰਮੀ ਨੂੰ ਦੇ ਦਿੱਤਾ ਤੇ ਨਾਲੇ ਕਿਹਾ, "ਜਾ ਨਿੰਮੀ ਇਹ ਫੁੱਲ ਆਪਣੇ ਪਾਪਾ ਨੂੰ ਦੇ ਦੇ। ਮੈਂ ਵੀ ਤੇਰੇ ਨਾਲ ਚਲਾਂਗੀ। ਜੋ-ਜੋ ਮੈਂ ਤੈਨੂੰ ਕਹਾਂਗੀ ਤੂੰ ਉਹੀਓ ਬੋਲੀ ਜਾਂਈਂ।"

ਨਿੰਮੀ ਫੁੱਲ ਲੈ ਕੇ ਘਰ ਨੂੰ ਤੁਰ ਪਈ। ਤਿਤਲੀ ਵੀ ਨਾਲ-ਨਾਲ ਉੱਡਦੀ ਰਹੀ, ਚਿੜੀ ਵੀ ਨਾਲ-ਨਾਲ ਫੁਦਕਦੀ ਗਈ।

ਪਾਪਾ ਦੇ ਕੋਲ ਪਹੁੰਚ ਕੇ ਚਿੜੀ ਨੇ ਨਿੰਮੀ ਦੇ ਕੰਨ ਵਿਚ ਕੁਝ ਕਿਹਾ ਤੇ ਨਿੰਮੀ ਬੋਲ ਪਈ :

"ਪਾਪਾ ਤੁਸੀਂ ਸੋਹਣੇ ਹੋ
ਬੜੇ ਮਨਮੋਹਣੇ ਹੋ
ਪਾਪਾ ਤੁਸੀਂ ਫੁੱਲ ਬਣ ਜਾਉ।"

ਨਿੰਮੀ ਨੇ ਹੱਥ ਵਿਚ ਫੜਿਆ ਫੁੱਲ ਪਾਪਾ ਵੱਲ ਕੀਤਾ, ਪਾਪਾ ਨੇ ਮੁਸਕਰਾ ਕੇ ਫੁੱਲ ਲੈ ਲਿਆ।

ਫੁ-ਰ-ਰ ਕਰਕੇ ਝੱਟ ਦੇਣੇ ਤਿਤਲੀ ਫੁੱਲ ਉੱਤੇ ਜਾ ਬੈਠੀ।

ਚਿੜੀ ਨੇ ਨਿੰਮੀ ਦੇ ਕੰਨ ਵਿਚ ਕੁਝ ਕਿਹਾ,

ਨਿੰਮੀ ਬੋਲੀ :

"ਮੰਮੀ ਤੁਸੀਂ ਸੋਹਣੇ ਹੋ
ਸੋਹਣੇ ਤੇ ਮਨਮੋਹਣੇ ਹੋ
ਮੰਮੀ ਤੁਸੀਂ ਤਿਤਲੀ ਬਣ ਜਾਉ।"

ਮੰਮੀ ਨੇ ਨਿੰਮੀ ਦਾ ਮੱਥਾ ਚੁੰਮਿਆ।

ਚਿੜੀ ਨੇ ਫੇਰ ਨਿੰਮੀ ਦੇ ਕੰਨ ਵਿਚ ਕੁਝ ਕਿਹਾ ਤੇ ਨਿੰਮੀ ਚਿੜੀ ਵਾਂਗ ਫੁਦਕਦੀ ਹੋਈ ਗਾਣ ਲੱਗ ਪਈ :

ਫੁੱਲ ਮੇਰੇ ਪਾਪਾ ਮੰਮੀ ਮੇਰੀ ਤਿਤਲੀ
ਆਪਾਂ ਰਲ ਕੇ ਪਾਈਏ ਕਿੱਕਲੀ।

ਤਿੰਨੇ ਜਣੇ ਇਕ ਦੂਜੇ ਦਾ ਹੱਥ ਫੜ ਕੇ ਕਿੱਕਲੀ ਪਾਉਂਦੇ-ਪਾਉਂਦੇ ਬਾਹਰ ਫੁੱਲਾਂ ਕੋਲ ਪਹੁੰਚ ਗਏ।

ਚਿੜੀ ਵੀ ਫੁੱਲਾਂ ਦੀ ਟਹਿਣੀ ਤੇ ਬੈਠ ਕੇ ਗਾ ਰਹੀ ਸੀ।

ਚੀਂ-ਚੀਂ-ਚੀਂ।
ਨਿੰਮੀ ਸਾਡੀ ਪਿਆਰੀ।
ਮੰਮੀ ਪਾਪਾ ਦੀ ਦੁਲਾਰੀ।

## ਗੇਂਦਾ

*—ਦਲੀਪ ਕੌਰ ਟਿਵਾਣਾ*

ਪੁਰਾਣਿਆਂ ਸਮਿਆਂ ਵਿਚ ਇਕ ਪੰਡਿਤ ਹੁੰਦਾ ਸੀ ਜੋ ਬੜਾ ਵਿਦਵਾਨ ਸੀ। ਦੂਰ ਦੂਰ ਤੱਕ ਉਸਦੀ ਵਿਦਵਤਾ ਦੀਆਂ ਧੁੰਮਾਂ ਪਈਆਂ ਹੋਈਆਂ ਸਨ। ਦੂਰ ਦੂਰ ਤੋਂ ਲੋਕੀਂ ਵੇਦਾਂ ਸ਼ਾਸਤਰਾਂ ਦੇ ਅਰਥ ਸਮਝਣ ਉਸ ਕੋਲ ਆਉਂਦੇ ਹੁੰਦੇ ਸਨ। ਵੱਡੇ ਵੱਡੇ ਜਲਸਿਆਂ ਦੀ ਪ੍ਰਧਾਨਗੀ ਕਰਨ ਲਈ ਉਸਨੂੰ ਸੱਦਿਆ ਜਾਂਦਾ ਸੀ।

ਇਕ ਵਾਰੀ ਇਕ ਛੋਟੇ ਜਿਹੇ ਪਿੰਡ ਦੇ ਛੋਟੇ ਜਿਹੇ ਸਕੂਲ ਦੇ ਨਿੱਕੇ ਨਿੱਕੇ ਵਿਦਿਆਰਥੀਆਂ ਨੇ ਵੀ ਸਲਾਹ ਕੀਤੀ ਕਿ ਪੰਡਿਤ ਜੀ ਨੂੰ ਆਪਣੇ ਸਕੂਲ ਦੇ ਜਨਮ ਦਿਨ ਤੇ ਸੱਦਿਆ ਜਾਵੇ।

ਉਸ ਦਿਨ ਤੋਂ ਕੁਝ ਦਿਨ ਪਹਿਲਾਂ ਉਨ੍ਹਾਂ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਸਕੂਲ ਦੇ ਕੱਚੇ ਫਰਸ਼ ਲਿੱਪੇ। ਫੁੱਲਾਂ ਦੀਆਂ ਕਿਆਰੀਆਂ ਦੀ ਗੋਡੀ ਕੀਤੀ।

ਸਕੂਲ ਦੇ ਦਰਵਾਜ਼ੇ ਅੱਗੇ "ਜੀ ਆਇਆਂ ਨੂੰ" ਲਿਖ ਕੇ ਲਾਇਆ।

ਨਿੱਕੇ ਨਿੱਕੇ ਬੱਚੇ ਫੁੱਲਾਂ ਦੇ ਹਾਰ ਤੇ ਗੁਲਦਸਤੇ ਫੜੀ ਸਵੇਰ ਤੋਂ ਹੀ ਪੰਡਿਤ ਜੀ ਨੂੰ ਉਡੀਕਣ ਲੱਗ ਪਏ।

ਉਨ੍ਹਾਂ ਦੇ ਗ਼ਰੀਬ ਜਿਹੇ ਮਾਸਟਰ ਨੇ ਪੰਡਿਤ ਜੀ ਨੂੰ ਜਾ ਕੇ ਅਰਜ਼ ਕੀਤੀ ਕਿ ਅੱਜ ਸਾਡੇ ਸਕੂਲ ਦਾ ਜਨਮ ਦਿਨ ਹੈ ਤੇ ਤੁਸੀਂ ਆਉਣ ਦਾ ਵਾਇਦਾ ਕੀਤਾ ਸੀ।

ਪੰਡਿਤ ਜੀ ਨੂੰ ਖ਼ਿਆਲ ਆਇਆ। ਮੈਂ ਏਡਾ ਵੱਡਾ ਪੰਡਿਤ, ਮੇਰੇ ਕੋਲ ਏਡੀ ਏਡੀ ਦੂਰੋਂ ਲੋਕੀਂ ਆਉਣ, ਮੈਂ ਏਡੇ ਏਡੇ ਜਲਸਿਆਂ ਦੀ ਪ੍ਰਧਾਨਗੀ ਕਰਾਂ ਤੇ ਇਹ ਟੁੱਟਿਆ ਜਿਹਾ ਮਾਸਟਰ ਆਖਦਾ ਹੈ ਕਿ ਇਸਦੇ ਨਾਲ ਚੱਲਾਂ। ਆਖਣ ਲੱਗਿਆ, "ਮਾਸਟਰ ਜੀ ਮੈਨੂੰ ਕਿਵੇਂ ਲੈਕੇ ਜਾਓਗੇ ?"

'ਮਾਸਟਰ ਨੇ ਹੱਥ ਜੋੜਕੇ ਆਖਿਆ ਜੀ ਸਕੂਲ ਮੀਲ ਕੁ ਹੀ ਐ। ਆਹ ਨਾਲ ਹੀ ਪਿੰਡ ਐ ਤੇ...'

"ਮੈਂ ਪੈਦਲ ਨਹੀਂ ਜਾ ਸਕਦਾ" ਪੰਡਿਤ ਜੀ ਨੇ ਰੋਅਬ ਨਾਲ ਆਖਿਆ।

"ਜੀ ਮੈਂ ਕਿਸੇ ਦੀ ਗੱਡੀ ਜੁੜਵਾ ਲਿਆਉਂਦਾ ਹਾਂ" ਮਾਸਟਰ ਨੇ ਫਿਰ ਅਧੀਨਗੀ ਨਾਲ ਆਖਿਆ।

ਕਦੋਂ ਤੁਸੀਂ ਗਏ ਕਦੋਂ ਆਏ ਮੈਂ ਸਾਰਾ ਦਿਨ ਵਿਹਲਾ ਤਾਂ ਨਹੀਂ। ਹੋਰ ਵੀ ਕੰਮ ਕਰਨੇ ਹਨ। ਅੱਜ ਪਟਨੇ ਦੇ ਰਾਜ ਪੰਡਿਤ ਮੈਨੂੰ ਮਿਲਣ ਆ ਰਹੇ ਹਨ। ਉਸ ਤੋਂ ਪਿੱਛੋਂ ਜ਼ੈਲਦਾਰ ਦੇ ਘਰ ਰੋਟੀ ਹੈ।

ਮਾਸਟਰ ਨੇ ਉਡੀਕ ਰਹੇ ਨਿੱਕੇ ਨਿੱਕੇ ਬੱਚਿਆਂ ਨੂੰ ਦੱਸਿਆ ਕਿ ਪੰਡਿਤ ਜੀ ਨਹੀਂ ਆ ਰਹੇ। ਪਹਿਲੇ ਤਾਂ ਉਹ ਬੜੇ ਉਦਾਸ ਹੋਏ ਪਰ ਫਿਰ ਉਨ੍ਹਾਂ ਉਹ ਸਭ ਹਾਰ ਆਪਣੇ ਗ਼ਰੀਬੜੇ ਜਿਹੇ ਮਾਸਟਰ ਦੇ ਗਲ ਹੀ ਪਾ ਦਿੱਤੇ ਤੇ ਉਸੇ ਨੂੰ ਪ੍ਰਧਾਨ ਬਣਾਕੇ ਦਿਨ ਮਨਾ ਲਿਆ।

ਮਾਸਟਰ ਕਹਿਣਾ ਤਾਂ ਨਹੀਂ ਸੀ ਚਾਹੁੰਦਾ ਪਰ ਉਸਤੋਂ ਮਨ ਵਿਚ ਆਖਿਆ ਹੀ ਗਿਆ ਕਿ "ਹੇ ਪੰਡਿਤ ਅੱਜ ਤੂੰ ਇਥੇ ਆਉਣੋਂ ਨਾਂਹ ਕਰ ਦਿੱਤੀ ਹੈ ਕਲਜੁਗ ਵਿਚ ਤੂੰ ਦਰ-ਦਰ ਰੁਲਦਾ ਫਿਰੇਂਗਾ ਤੈਨੂੰ ਕਿਸੇ ਨੇ ਸਿਆਨਣਾ ਨਹੀਂ।"

ਇਕ ਮਾਸਟਰ ਦੀ ਆਖੀ ਗੱਲ ਆਹਲੀ ਕਿਵੇਂ ਜਾ ਸਕਦੀ ਸੀ।

ਰੱਬ ਪੰਡਿਤ ਨੂੰ ਜਦੋਂ ਅਗਲਾ ਜਨਮ ਦੇਣ ਲੱਗਿਆ ਉਸਨੂੰ ਵੇਦਾਂ ਸ਼ਾਸਤਰਾਂ ਦਾ ਗਿਆਤਾ ਹੋਣ ਕਰਕੇ ਕਿਸੇ ਗ਼ਰੀਬ ਜਾਤੀ ਵਿਚ ਤਾਂ ਭੇਜ ਨਹੀਂ ਸੀ ਸਕਦਾ ਇਸ ਲਈ ਉਸਨੂੰ ਫੁੱਲ ਬਣਾ ਦਿੱਤਾ ਪਰ ਫੁੱਲ ਬਣਾਇਆ ਉਸਨੂੰ ਗੇਂਦੇ ਦਾ। ਜਿਸਦਾ ਨਾ ਰੰਗ ਵਧੀਆ ਨਾ ਖ਼ੁਸ਼ਬੋ ਵਧੀਆ। ਜਿਸਦੀ ਕਿਸੇ ਨੂੰ ਪ੍ਰਵਾਹ ਨਹੀਂ ਹੁੰਦੀ। ਮਾਸਟਰ ਦੇ ਕਹਿਣ ਅਨੁਸਾਰ ਉਹੀ ਪੰਡਿਤ ਜਿਸਨੂੰ ਆਪਣੀ ਵਿਦਵਤਾ ਦਾ ਅਭਿਮਾਨ ਹੋ ਗਿਆ ਸੀ ਅੱਜ ਗੇਂਦਾ ਬਣਿਆ ਦਰ ਦਰ ਰੁਲਦਾ ਹੈ।

## ਇਕ ਰੁੱਖ ਦੀ ਮੌਤ

*—ਅਸ਼ਰਫ ਸੁਹੇਲ*

ਰਾਸ਼ਦ ਨੇ ਆਪਣੇ ਮਾਂ ਜੀ ਨੂੰ ਪੁੱਛਿਆ ਕਿ ਸਰਕਾਰੀ ਨਕਸ਼ੇ ਮੁਤਾਬਕ ਧ੍ਰੇਕ ਦਾ ਰੁੱਖ ਵੱਢਣਾ ਲਾਜ਼ਮੀ ਸੀ ? ਉਸ ਦੇ ਮਾਂ ਜੀ ਨੇ ਦੱਸਿਆ ਕਿ ਇਸ ਇਲਾਕੇ ਦੇ ਸਾਰੇ ਮਕਾਨ ਦੋ ਮੰਜ਼ਲੇ ਬਣਾਏ ਗਏ ਨੇ ਤੇ ਸਰਕਾਰੀ ਨਕਸ਼ੇ ਮੁਤਾਬਕ ਮਕਾਨ ਬਣਾਉਣ ਲਈ ਧ੍ਰੇਕ ਦੇ ਰੁੱਖ ਦਾ ਵੱਡਿਆ ਜਾਣਾ ਲਾਜ਼ਮੀ ਸੀ। ਰਾਸ਼ਦ ਨੇ ਅੱਗੋਂ ਪੁੱਛਿਆ ਕਿ ਬੁਲਬੁਲ ਤੇ ਤੋਤਿਆਂ ਨੂੰ ਹੁਣ ਕੌਣ ਘਰ ਬਣਾ ਕੇ ਦੇਵੇਗਾ ? ਇਸ ਗੱਲ ਦਾ ਜਵਾਬ ਰਾਸ਼ਦ ਦੇ ਮਾਂ ਜੀ ਕੋਲ ਵੀ ਨਹੀਂ ਸੀ।

ਰਾਸ਼ਦ ਬਹੁਤ ਅਵਾਰਾ ਰਹਿਣ ਲੱਗ ਪਿਆ ਸੀ। ਉਸ ਨੇ ਅੱਜ ਸਕੂਲੋਂ ਆ ਕੇ ਮਾਂ ਜੀ ਦੇ ਵਾਰ-ਵਾਰ ਕਹਿਣ ਤੇ ਵੀ ਰੋਟੀ ਨਹੀਂ ਸੀ ਖਾਧੀ। ਉਹ ਨਵੇਂ ਬਣ ਰਹੇ

ਮਕਾਨਾਂ ਦੇ ਕਈ ਚੱਕਰ ਲਾ ਚੁੱਕਾ ਸੀ। ਬੁਲਬੁਲ ਅਤੇ ਤੋਤਿਆਂ ਦਾ ਜੋੜਾ ਉਦਾਸ ਉਸੇ ਜਗ੍ਹਾ ਸ਼ਾਮ ਤੀਕਰ ਬੈਠਾ ਰਿਹਾ।

ਅਗਲੇ ਦਿਨ ਰਾਸ਼ਦ ਸੁਬ੍ਹਾ-ਸਵੇਰੇ ਆਪਣੇ ਨਵੇਂ ਬਣ ਰਹੇ ਮਕਾਨ ਵੱਲ ਗਿਆ ਤਾਂ ਉਸਨੇ ਵੇਖਿਆ ਕਿ ਬੁਲਬੁਲ ਦਾ ਜੋੜਾ ਉੱਥੇ ਨਹੀਂ ਸੀ ਪਰ ਤੋਤਿਆਂ ਦਾ ਜੋੜਾ ਆਪਣੇ ਬਾਲਾਂ ਸਮੇਤ ਸਾਰੀ ਰਾਤ ਉਸੇ ਛੱਤ ਤੇ ਬੈਠਾ ਰਿਹਾ ਸੀ। ਉਸਦੇ ਸਬਜ ਖੰਭ ਤ੍ਰੇਲ ਨਾਲ ਭਿੱਜੇ ਹੋਏ ਸਨ। ਉਸ ਦਿਨ ਉਹਨਾਂ ਨੇ ਰਾਸ਼ਦ ਨਾਲ ਰਲ ਕੇ ਨਾਸ਼ਤਾ ਵੀ ਨਹੀਂ ਕੀਤਾ ਸੀ। ਉਹ ਚੁਪ-ਚੁਪੀਤੇ ਛੱਤ ਤੇ ਬੈਠੇ ਰਾਸ਼ਦ ਵੱਲ ਵੇਖ ਰਹੇ ਸਨ।

ਰਾਸ਼ਦ ਉਹਨਾਂ ਵਾਸਤੇ ਘਰੋਂ ਚੂਰੀ ਲੈ ਕੇ ਆਇਆ ਸੀ। ਉਸ ਨੇ ਤੋਤਿਆਂ ਨੂੰ ਚੂਰੀ ਪਾਈ ਪਰ ਤੋਤਿਆਂ ਨੇ ਅੱਜ ਚੂਰੀ ਖਾਣ ਤੋਂ ਇਨਕਾਰ ਕਰ ਦਿੱਤਾ ਸੀ। ਰਾਸ਼ਦ ਤੋਤਿਆਂ ਬਾਰੇ ਸੋਚਦਾ ਸਕੂਲ ਚਲਾ ਗਿਆ ਸੀ।

ਤੋਤੇ ਰੋਜ਼ਾਨਾ ਸ਼ਾਮੀਂ ਉੱਥੇ ਬੈਠੇ ਨਜ਼ਰ ਆਉਂਦੇ ਸਨ। ਭਾਵੇਂ ਉਹ ਅਮਰੂਦਾਂ ਦੇ ਬਾਗ ਵਿਚ ਜਾਂਦੇ ਸਨ ਪਰ ਰਾਤ ਉਹ ਨਵੇਂ ਬਣ ਰਹੇ ਮਕਾਨ ਵਿਚ ਈ ਗੁਜ਼ਾਰਦੇ ਸਨ।

ਹੁਣ ਰਾਸ਼ਦ ਤੇ ਉਸ ਦੇ ਅੰਮੀ-ਅੱਬੂ ਨਵੇਂ ਘਰ ਵਿਚ ਦੁਬਾਰਾ ਆ ਗਏ ਸਨ ਪਰ ਰਾਸ਼ਦ ਸੁਬ੍ਹਾ-ਸ਼ਾਮ ਇਹ ਹੀ ਅਰਦਾਸ ਕਰਦਾ ਸੀ ਕਿ ਧ੍ਰੇਕ ਦਾ ਰੁੱਖ ਮੁੜ ਉਸੇ ਈ ਜਗ੍ਹਾ ਲਾਇਆ ਜਾਵੇ। ਰਾਸ਼ਦ ਨੂੰ ਇਸ ਗੱਲ ਦਾ ਉਕਾ ਪਤਾ ਨਹੀਂ ਸੀ ਕਿ ਰੁੱਖ ਇਕ ਵਾਰੀ ਜੜ੍ਹੋਂ ਪੁੱਟ ਦਿੱਤਾ ਜਾਵੇ ਤਾਂ ਉਹ ਦੁਬਾਰਾ ਨਹੀਂ ਉੱਗਦਾ। ਨਾਲੇ ਪੱਕੇ ਚਿਪਸ ਲੱਗੇ ਫਰਸ਼ ਤੇ ਰੁੱਖ ਨਹੀਂ ਉੱਗਦੇ। ਰੁੱਖਾਂ ਦੇ ਉੱਗਣ ਲਈ ਧਰਤੀ ਚਾਹੀਦੀ ਹੁੰਦੀ ਏ। ਮਿੱਟੀ ਚਾਹੀਦੀ ਹੁੰਦੀ ਏ। ਰਾਸ਼ਦ ਬਹੁਤ ਕਮਜ਼ੋਰ ਹੋ ਗਿਆ ਸੀ ਤੇ ਇਸ ਸਾਲ ਉਹ ਆਪਣੀ ਕਲਾਸ ਵਿਚੋਂ ਫੇਲ੍ਹ ਵੀ ਹੋ ਗਿਆ ਸੀ।

ਇਕ ਦਿਨ ਉਸਦੇ ਅੱਬੂ ਗਮਲੇ ਵਿਚ ਲੱਗਾ ਇਕ ਵੱਡਾ ਧ੍ਰੇਕ ਦਾ ਰੁੱਖ ਲੈ ਕੇ ਆਏ ਸਨ ਤੇ ਉਸ ਨੂੰ ਧ੍ਰੇਕ ਵਾਲੀ ਥਾਂ ਤੇ ਰੱਖ ਦਿੱਤਾ ਸੀ। ਰਾਸ਼ਦ ਨੇ ਜਦੋਂ ਆਪਣੇ ਅੱਬੂ ਨੂੰ ਦੱਸਿਆ ਕਿ ਧ੍ਰੇਕ ਦਾ ਰੁੱਖ ਤੇ ਆ ਗਿਆ ਏ ਪਰ ਤੋਤਾ ਤੇ ਬੁਲਬੁਲ ਆਪਣੀ ਧ੍ਰੇਕ ਤੇ ਆਪਣਾ ਘਰ ਕਦੀ ਨਹੀਂ ਬਣਾਉਣਗੇ। ਉਸ ਨੇ ਆਪਣੇ ਅੱਬੂ ਨੂੰ ਤਫ਼ਸੀਲ ਨਾਲ ਦਸਦਿਆਂ ਆਖਿਆ ਕਿ ਸਾਡੇ ਉਸਤਾਦ ਹੋਰਾਂ ਨੇ ਸਾਨੂੰ ਦੱਸਿਆ ਕਿ ਗਮਲੇ ਵਿਚ ਉੱਗੇ ਰੁੱਖਾਂ ਉੱਤੇ ਪੰਛੀ ਆਪਣਾ ਆਲ੍ਹਣਾ ਨਹੀਂ ਬਣਾਉਂਦੇ। ਪੰਛੀਆਂ ਨੂੰ ਇਸ ਗੱਲ ਦਾ ਪਤਾ ਹੁੰਦਾ ਏ ਕਿ ਇਸ ਰੁੱਖ ਦੀਆਂ ਜੜ੍ਹਾਂ ਧਰਤੀ ਵਿਚ ਨਹੀਂ ਹਨ।

ਰਾਸ਼ਦ ਦੇ ਅੱਬੂ ਰਾਸ਼ਦ ਦੀਆਂ ਇਹ ਸਿਆਣੀਆਂ ਗੱਲਾਂ ਸੁਣ ਕੇ ਹੈਰਾਨ ਰਹਿ ਗਏ ਸਨ। ਅਗਲੇ ਦਿਨ ਉਹ ਦੋ ਪਿੰਜਰੇ ਲੈ ਕੇ ਆਏ ਸਨ। ਇਕ ਵਿਚ ਦੋ ਤੋਤੇ ਸਨ। ਇਕ ਵਿਚ ਬੁਲਬੁਲ ਦਾ ਜੋੜਾ ਸੀ। ਰਾਸ਼ਦ ਨੇ ਦੋਵਾਂ ਪਿੰਜਰਿਆਂ ਦੇ ਦਰਵਾਜ਼ੇ ਖੋਲ੍ਹ ਦਿੱਤੇ। ਪੰਛੀ ਧ੍ਰੇਕ ਦੇ ਰੁੱਖ ਤੇ ਬੈਠਣ ਦੀ ਬਜਾਏ ਰਾਸ਼ਦ ਨੂੰ ਦੁਆਵਾਂ ਦਿੰਦੇ ਖੁੱਲ੍ਹੀ ਫਿਜ਼ਾ ਵਿਚ ਉੱਡ ਗਏ ਸਨ। ਰਾਸ਼ਦ ਬਿਮਾਰ ਰਹਿਣ ਲੱਗ ਪਿਆ ਸੀ। ਉਹ ਤੋਤਿਆਂ

ਤੇ ਬੁਲਬੁਲਾਂ ਨੂੰ ਵੇਖਣ ਲਈ ਤਰਸ ਗਿਆ ਸੀ। ਉਹ ਆਪਣੇ ਅੱਬੂ ਨੂੰ ਅਕਸਰ ਕਹਿੰਦਾ ਸੀ ਕਿ ਘਰ ਵਿਚ ਧ੍ਰੇਕ ਦਾ ਇਕ ਇਹੋ ਜਿਹਾ ਰੁੱਖ ਲਾਉ ਜਿਸ ਉੱਤੇ ਤੋਤਿਆਂ ਤੇ ਬੁਲਬੁਲਾਂ ਦਾ ਘਰ ਹੋਵੇ ਪਰ ਇਹ ਹੁਣ ਮੁਮਕਿਨ ਨਹੀਂ ਸੀ।

ਅਮਰੂਦਾਂ ਦੇ ਬਾਗ ਵਿਚ ਜਿੱਥੇ ਬਹੁਤ ਸਾਰੇ ਪੰਛੀ ਰਹਿੰਦੇ ਸਨ ਉੱਥੇ ਇਕ-ਦੋ ਸੱਪ ਵੀ ਰਹਿੰਦੇ ਸਨ ਜੋ ਪੰਛੀਆਂ ਦੇ ਆਂਡੇ ਤੇ ਨਿੱਕੇ ਬਾਲਾਂ ਨੂੰ ਖਾ ਜਾਂਦੇ ਸਨ। ਸੱਪ ਭਾਵੇਂ ਵੇਖਣ ਨੂੰ ਵੱਡਾ ਲੱਗਦਾ ਸੀ ਪਰ ਉਹ ਅਕਸਰ ਆਪਣਾ ਸ਼ਿਕਾਰ ਬੜੀ ਤੇਜ਼ੀ ਨਾਲ ਕਰਦਾ ਸੀ। ਉਹ ਅਕਸਰ ਮਾੜੇ ਪੰਖੇਰੂਆਂ ਤੇ ਹੀ ਹਮਲਾ ਕਰਦਾ ਸੀ। ਬਾਗ ਦੇ ਪੰਛੀ ਅਕਸਰ ਉਨ੍ਹਾਂ ਸੱਪਾਂ ਦੇ ਸ਼ਿਕਾਰ ਬਣ ਜਾਂਦੇ ਸਨ।

ਜਿਸ ਦਿਨ ਦਾ ਧ੍ਰੇਕ ਦਾ ਰੁੱਖ ਵੱਢਿਆ ਗਿਆ ਸੀ ਰਾਸ਼ਦ ਉਦਾਸ ਰਹਿਣ ਲੱਗ ਪਿਆ ਸੀ। ਉਸ ਦਾ ਮਨ ਹੁਣ ਕਿਧਰੇ ਵੀ ਨਹੀਂ ਲੱਗਦਾ ਸੀ। ਉਹ ਹੁਣ ਆਪਣਾ ਹੋਮ-ਵਰਕ ਪੱਕੇ ਬਣੇ ਘਰ ਦੀ ਪੱਕੀ ਫਰਸ਼ ਉੱਤੇ ਬੋਰੀ ਵਿਛਾ ਕੇ ਕਰਦਾ ਹੁੰਦਾ ਸੀ। ਭਾਵੇਂ ਛੱਤ ਉੱਤੇ ਠੰਢੀ-ਠੰਢੀ ਵਾਅ ਵੱਗਦੀ ਸੀ ਪਰ ਰਾਸ਼ਦ ਦੇ ਮਨ ਨੂੰ ਇਹ ਪਿਆਰੀ ਲੱਗਣ ਵਾਲੀ ਵੀ ਚੰਗੀ ਨਹੀਂ ਲੱਗਦੀ ਸੀ।

ਉਹ ਅਕਸਰ ਆਪਣਾ ਮਨ ਪਰਚਾਉਣ ਲਈ ਬਾਗ ਵਿਚ ਚਲਿਆ ਜਾਂਦਾ ਸੀ। ਅੱਜ ਜਦੋਂ ਉਹ ਬਾਗ ਵਿਚ ਗਿਆ ਤਾਂ ਉਸ ਦੇ ਹਾਣੀ ਮੁੰਡੇ ਖੇਡ ਰਹੇ ਸਨ। ਰਾਸ਼ਦ ਹਮੇਸ਼ਾ ਵਾਂਗ ਇਕ ਰੁੱਖ ਦੀ ਛਾਵੇਂ ਬੈਠ ਗਿਆ। ਉਸ ਦੇ ਲਾਗੇ ਹੀ ਇਕ ਬੁਲਬੁਲ ਦੇ ਖੰਭ ਪਏ ਸਨ। ਇਹ ਉਸੇ ਬੁਲਬੁਲ ਦੇ ਖੰਭ ਸਨ ਜੋ ਪਿਆਰੇ ਗੀਤ ਗਾਉਂਦੀ ਸੀ। ਉਸ ਦੀ ਸੁਰੀਲੀ ਆਵਾਜ਼ ਹਮੇਸ਼ਾ ਲਈ ਮੁੱਕ ਗਈ ਸੀ। ਘਰ ਨੂੰ ਆਉਂਦਾ ਰਾਸ਼ਦ ਸੋਚ ਰਿਹਾ ਸੀ ਕਿ ਜੇ ਧ੍ਰੇਕ ਦਾ ਰੁੱਖ ਆਪਣੀ ਜਗ੍ਹਾ ਉੱਤੇ ਕਾਇਮ ਰਹਿੰਦਾ ਤਾਂ ਸ਼ਾਇਦ ਇਹ ਬੁਲਬੁਲ ਸੱਪ ਦਾ ਸ਼ਿਕਾਰ ਨਾ ਹੁੰਦੀ।

ਹੁਣ ਉਸ ਇਲਾਕੇ ਵਿਚ ਉਚੇ-ਉਚੇ ਮਕਾਨ ਸਾਫ਼-ਸੁਥਰੀਆਂ ਸੜਕਾਂ ਨਜ਼ਰ ਆਉਂਦੀਆਂ ਸਨ। ਇਹ ਇਲਾਕਾ ਵੀ ਹੁਣ ਸ਼ਹਿਰ ਨਾਲ ਈ ਮਿਲ ਗਿਆ ਸੀ। ਪਰ ਇਸ ਇਲਾਕੇ ਵਿਚ ਬਹੁਤ ਸਾਰੇ ਰੁੱਖਾਂ ਨੂੰ ਜੜ੍ਹੋਂ ਈ ਪੁੱਟ ਦਿੱਤਾ ਗਿਆ ਸੀ।

ਇਹ ਦਸੰਬਰ ਮਹੀਨੇ ਦੀ ਇਕ ਠੰਢੀ ਸਵੇਰ ਦੀ ਗੱਲ ਏ ਜਦੋਂ ਰਾਸ਼ਦ ਰੋਜ਼ ਵਾਂਗ ਤੱਤੀ-ਤੱਤੀ ਧੁੱਪ ਸੇਕਣ ਲਈ ਛੱਤ ਤੇ ਚੜ੍ਹਿਆ ਤਾਂ ਉਸ ਨੇ ਦੇਖਿਆ ਕਿ ਛੱਤ ਦੀ ਇਕ ਨੁੱਕਰ ਤੇ ਤੋਤਿਆਂ ਦਾ ਜੋੜਾ ਮੋਇਆ ਪਿਆ ਸੀ। ਉਹਨਾਂ ਦੀਆਂ ਲਾਲ ਸੁਰਖ਼ ਚੁੰਝਾਂ ਪਹਿਲਾਂ ਵਾਂਗ ਲਾਲ ਨਹੀਂ ਸਨ। ਉਹਨਾਂ ਦੇ ਸਬਜ਼ ਪਰ ਇੰਝ ਲੱਗਦੇ ਸਨ ਜਿਵੇਂ ਇਹ ਹੁਣੇ ਈ ਫਿਜ਼ਾ ਵਿਚ ਉਡਾਰੀ ਮਾਰ ਜਾਣਗੇ। ਰਾਸ਼ਦ ਨੇ ਇਕ-ਇਕ ਕਰਕੇ ਦੋਹਾਂ ਤੋਤਿਆਂ ਨੂੰ ਆਪਣੇ ਨਿੱਕੇ-ਨਿੱਕੇ ਹੱਥਾਂ ਨਾਲ ਚੁੱਕ ਕੇ ਚੁੰਮਿਆ। ਅੱਥਰੂ ਰਾਸ਼ਦ ਦੀਆਂ ਅੱਖਾਂ ਵਿਚੋਂ ਆਪ-ਮੁਹਾਰੇ ਨਿਕਲ ਆਏ ਸਨ। ਉਹ ਸੋਚ ਰਿਹਾ ਸੀ ਉਹਨਾਂ ਮਾਸੂਮ ਜਾਨਾਂ ਦਾ ਕਾਤਲ ਕੌਣ ਏ। ਧ੍ਰੇਕ ਦੇ ਰੁੱਖ ਵਿਚ ਉਹਨਾਂ ਮਾਸੂਮ ਪੰਛੀਆਂ ਦੀ ਜਾਨ ਸੀ। ਜਦੋਂ ਉਹਨਾਂ ਕੋਲੋਂ ਉਹਨਾਂ ਦਾ ਘਰ ਖੋਹ ਲਿਆ ਗਿਆ ਤਾਂ

ਉਹ ਕਿਸ ਤਰ੍ਹਾਂ ਜਿੰਦਾ ਰਹਿ ਸਕਦੇ ਸਨ। ਉਹਨਾਂ ਨੂੰ ਸ਼ਾਇਦ ਅਮਰੂਦਾਂ ਵਾਲੇ ਬਾਗ ਵਿਚ ਵੀ ਤੇ ਹੋਰ ਕਿਧਰੇ ਵੀ ਰਾਸ਼ਿਦ ਦੇ ਘਰ ਵਾਂਗ ਪਿਆਰ ਨਹੀਂ ਮਿਲ ਸਕਿਆ ਸੀ। ਉਹ ਤ੍ਰੇਲ ਨਾਲ ਭਿੱਜੇ-ਮਰੇ ਹੋਏ ਤੋਤਿਆਂ ਨੂੰ ਆਪਣੇ ਹੱਥਾਂ ਵਿਚ ਲਈ ਚਿਪਸ ਲੱਗੇ ਮਕਾਨ ਦੀਆਂ ਪੌੜੀਆਂ ਉਤਰ ਰਿਹਾ ਸੀ। ਜਿਸ ਚਿਪਸ ਲੱਗੇ ਮਕਾਨ ਵਿਚ ਹੁਣ ਕਦੇ ਵੀ ਕੋਈ ਰੁੱਖ ਨਹੀਂ ਉੱਗ ਸਕੇਗਾ।

## ਰਾਜੂ ਦਾ ਵਹਿਮ

*—ਸੁਰਜੀਤ 'ਦੇਵਲ'*

ਰਾਜੂ ਨੂੰ ਜਨਮ ਤੋਂ ਹੀ ਪਿਤਾ ਦਾ ਪਿਆਰ ਤੇ ਦੀਦਾਰ ਨਸੀਬ ਨਾ ਹੋਇਆ। ਉਸ ਦੀ ਮਾਂ ਕਮਲ ਤੇ ਦੁੱਖਾਂ ਦੇ ਪਹਾੜ ਟੁੱਟ ਪਏ। ਖੁਸ਼ੀ ਦੇ ਪਲ ਦੁੱਖਾਂ ਦੀ ਬੁੱਕਲ ਵਿਚ ਸਮੋ ਗਏ। ਕਦੇ ਕਦੇ ਉਹ ਆਪਣੇ ਪੁੱਤਰ ਰਾਜੂ ਨੂੰ ਹਿੱਕ ਨਾਲ ਲਾ ਕੇ ਦਿਲ ਦਾ ਦੁੱਖ ਨੈਣਾਂ ਰਾਹੀਂ ਡੋਲ੍ਹ ਲੈਂਦੀ। ਸੁੱਖ ਦਾ ਸਾਹ ਲੈਂਦੇ ਕਮਲ ਦੇ ਮਾਪਿਆਂ ਨੂੰ ਆ ਮਾੜੇ ਵਕਤ ਨੇ ਘੇਰਿਆ। ਦੁਨੀਆਂ ਦੋ ਮੂੰਹੀ ਦਾ ਮੂੰਹ ਰੱਖਣ ਲਈ ਹੋਰ ਵਰ ਢੂੰਡਣ ਲੱਗੇ। ਹਿੰਮਤ ਕਰਿਆਂ ਕਮਲ ਦੇ ਸੰਯੋਗ ਸੁਹਣੇ ਸੁਨੱਖੇ ਮਿੱਠ ਬੋਲੜੇ ਤੇ ਸ਼ਰੀਫ ਇਨਸਾਨ ਅੰਗਰੇਜ਼ ਨਾਲ ਘਿਉ ਖੰਡ ਹੋ ਗਏ।

ਅੰਗਰੇਜ ਗਲੀ ਮੁਹੱਲੇ ਵਿਚ ਹਰ ਕਿਸੇ ਦੇ ਦੁੱਖ ਸੁੱਖ ਵਿਚ ਸ਼ਰੀਕ ਹੁੰਦਾ। ਹਰ ਨਿੱਕੇ ਵੱਡੇ ਨਾਲ ਪਿਆਰ ਸਤਿਕਾਰ ਤੇ ਸਲੀਕੇ ਨਾਲ ਪੇਸ਼ ਆਉਣਾ ਉਸ ਦੀ ਵਿਲੱਖਣਤਾ ਸੀ।

ਕਮਲ ਤੇ ਅੰਗਰੇਜ ਠੁੱਕ ਦੀ ਜ਼ਿੰਦਗੀ ਗੁਜ਼ਾਰਦੇ ਪ੍ਰਭੂ ਦਾ ਸਿਮਰਨ ਤੇ ਸ਼ੁਕਰਾਨਾ ਕਰਦੇ। ਹੱਸਦੇ ਖਿੜ੍ਹਦੇ ਇਕ ਦੂਜੇ ਦੇ ਬੋਲਾਂ ਨੂੰ ਸਿਰ ਮੱਥੇ ਕਬੂਲਦੇ। ਕਮਲ ਗਲੀ ਮੁਹੱਲੇ ਦੀਆਂ ਔਰਤਾਂ ਵਿਚ ਹਮੇਸ਼ਾ ਟਹਿਕਦੀ ਰਹਿੰਦੀ ਜਿਵੇਂ ਸਵਰਗ ਦੇ ਸੱਭੇ ਸੁੱਖ ਉਸ ਦੀ ਝੋਲੀ ਪੈ ਗਏ ਹੋਣ।

ਸਮਾਂ ਦੁੜੰਗੇ ਮਾਰਦਾ ਦਿਹੁੰ ਰਾਤਾਂ ਨੂੰ ਦਰੜਦਾ ਜਾ ਰਿਹਾ ਸੀ। ਰਾਜੂ ਅਜੇ ਗਡੀਰਾ ਫੜ ਕੇ ਮਲਕੜੇ ਮਲਕੜੇ ਤੁਰਨ ਹੀ ਲੱਗਾ ਕਿ ਕਮਲ ਨੇ ਬੇਟੀ ਨੂੰ ਜਨਮ ਦੇ ਦਿੱਤਾ। ਰਾਜੂ ਆਪਣੀ ਨਿੱਕੀ ਭੈਣ ਨਾਲ ਪ੍ਰਚਿਆ ਰਹਿੰਦਾ। ਉਸ ਨਾਲ ਲਾਡ ਕਰਦਾ। ਕਦੇ ਤਾੜੀਆਂ ਮਾਰ ਹਸਾਉਂਦਾ। ਕਦੇ ਚੂੰਘਨੀ ਉਸ ਦੇ ਮੂੰਹ ਨੂੰ ਲਾਉਂਦਾ ਤੇ ਕਦੇ ਛਣਕਣਾ ਛਣਕਾਉਂਦਾ। ਆਪਣੀ ਭੈਣ ਆਸ਼ੂ ਨਾਲ ਅਠਖੇਲੀਆਂ ਕਰਦਾ ਰਾਜੂ ਉਡਾਰੂ ਹੋ ਗਿਆ। ਅੰਗਰੇਜ਼ ਨੇ ਉਸ ਨੂੰ ਸਕੂਲ ਪੜ੍ਹਨੇ ਪਾ ਦਿੱਤਾ। ਕਮਲ ਉਸ ਦੀ ਪਰੌਂਠੀ ਡੱਬੇ ਵਿਚ ਪਾਉਂਦੀ। ਉਸ ਨੂੰ ਖੁਸ਼ ਰੱਖਣ ਲਈ ਉਸ ਦੀ ਜੇਬ ਵਿਚ ਕੁਝ ਖਾਣ ਨੂੰ ਪਾ ਦਿੰਦੀ। ਉਹ ਹੱਸਦਾ ਹੱਸਦਾ ਬੈਨ ਵਿਚ ਸਕੂਲ ਜਾਂਦਾ। ਘਰ ਆ ਕੇ

ਖੇਡ ਵਿਚ ਮਸਤ ਹੋ ਜਾਂਦਾ। ਜਿਉਂ ਹੀ ਉਸ ਨੇ ਚੌਥੀ ਜਮਾਤ ਪਾਸ ਕੀਤੀ ਉਸੇ ਸਕੂਲ ਵਿਚ ਆਸ਼ੂ ਬੇਟੀ ਨੂੰ ਵੀ ਪੜ੍ਹਨੇ ਪਾ ਦਿੱਤਾ। ਆਸ਼ੂ ਸਕੂਲੋਂ ਆ ਕੇ ਚਾਈਂ ਚਾਈਂ ਆਪਣਾ ਹੋਮ ਵਰਕ ਕਰਦੀ। ਪਾਠ ਯਾਦ ਕਰਦੀ। ਆਸ਼ੂ ਦੀ ਪੜ੍ਹਾਈ ਵਿਚ ਦਿਲਚਸਪੀ ਵੇਖ ਕੇ ਮਾਪੇ ਬਹੁਤ ਖ਼ੁਸ਼ ਹੁੰਦੇ। ਪਰ ਰਾਜੂ, ਹਾਣੀਆਂ ਨਾਲ ਗਲੀ ਵਿਚ ਸਾਈਕਲ ਭਜਾਉਂਦਾ ਫਿਰੀ ਜਾਂਦਾ। ਬਹੁਤੇ ਲਾਡ ਵਿਚ ਉਸਨੇ ਪੜ੍ਹਾਈ ਤੋਂ ਉੱਕਾ ਮਨ ਮੋੜ ਲਿਆ। ਪੜ੍ਹਾਈ ਵਿਚ ਨਲਾਇਕ ਹੋਣ ਕਰਕੇ ਉਸ ਦੀ ਸਕੂਲ ਵਿਚ ਬਹੁਤ ਝੰਡ ਲਹਿੰਦੀ। ਮਾਪਿਆਂ ਦੀ ਸਕੂਲ ਪੇਸ਼ੀ ਪੈਂਦੀ। ਅੰਗਰੇਜ਼ ਜਦੋਂ ਜਾ ਕੇ ਇੰਚਾਰਜ ਦੇ ਮੱਥੇ ਲੱਗਦਾ ਤਾਂ ਰਾਜੂ ਦੀ ਕਮਜ਼ੋਰੀ ਕਰਕੇ ਉਸ ਨੂੰ ਸ਼ਰਮਿੰਦਗੀ ਦੀਆਂ ਕੱਚੀਆਂ ਤ੍ਰੇਲੀਆਂ ਆਉਂਦੀਆਂ। ਘਰ ਆ ਕੇ ਉਹ ਕਮਲ ਤੇ ਗੁੱਸਾ ਝਾੜਦਾ। ਪਰ ਉਹ ਵਿਚਾਰੀ ਚੁੱਪ ਰਹਿੰਦੀ।

ਜਦੋਂ ਉਹ ਕੱਲੀ ਬੈਠੀ ਕੋਈ ਸਵੈਟਰ ਕੋਟੀ ਉਣਦੀ ਤਾਂ ਆਪਣੇ ਪੁੱਤਰ ਦੇ ਭਵਿੱਖ ਬਾਰੇ ਹੀ ਸੋਚਾਂ ਵਿਚ ਡੁੱਬੀ ਰਹਿੰਦੀ। ਉਹ ਦਿਲੋਂ ਵਾਰ-ਵਾਰ ਪ੍ਰਮਾਤਮਾ ਅੱਗੇ ਜੋਦੜੀ ਕਰਦੀ, "ਹੇ ਸੱਚੇ ਸਤਿਗੁਰ ਜੀ, ਜੇ ਇਹ ਪੁੱਤਰ ਦੀ ਦਾਤ ਬਖਸ਼ੀ ਐ ਤਾਂ ਹੁਣ ਇਹਨੂੰ ਸੁਮੱਤ ਵੀ ਬਖਸ਼ੋ। ਇਸ ਨੂੰ ਵਿੱਦਿਆ ਪੜ੍ਹਨ ਦਾ ਬਲ ਬਖਸ਼ੋ ਤਾਂ ਜੋ ਇਹ ਘਰ ਦਾ ਚਿਰਾਗ ਜੀਵਨ ਵਿਚ ਘਰ ਨੂੰ ਰੌਸ਼ਨ ਕਰੇ ਤੇ ਸਭ ਦਾ ਮਾਣ ਵਧਾਵੇ।"

ਸਹਿਜੇ ਸਹਿਜੇ ਖਿੱਚ ਧੂਹ ਕੇ ਅੰਗਰੇਜ਼ ਨੇ ਉਸ ਨੂੰ ਪ੍ਰਾਇਮਰੀ ਜਮਾਤ ਪਾਸ ਕਰਵਾ ਕੇ ਹਾਈ ਸਕੂਲ ਵਿਚ ਦਾਖਲ ਕਰਵਾ ਦਿੱਤਾ।

ਰਾਜੂ ਘਰੋਂ ਨਾਸ਼ਤਾ ਕਰਕੇ ਬਸਤਾ ਸਾਈਕਲ ਤੇ ਟੰਗ ਕੇ ਚਲਾ ਜਾਂਦਾ ਪਰ ਸਕੂਲ ਦੇ ਦਰਸ਼ਨ ਨਾ ਕਰਦਾ। ਗਲੀਆਂ ਵਿਚ ਘੁੰਮ ਫਿਰ ਕੇ ਸਕੂਲ ਦੀ ਛੁੱਟੀ ਵੇਲੇ ਆ ਘਰ ਟਪਕਦਾ। ਸਕੂਲੋਂ ਸ਼ਿਕਾਇਤ ਮਿਲਣ ਤੇ ਬਥੇਰੀ ਗਿੱਦੜ ਕੁੱਟ ਹੁੰਦੀ ਪਰ ਉਹ ਟਸ ਤੋਂ ਮਸ ਨਾ ਹੁੰਦਾ। ਮਾਰ ਖਾ ਖਾ ਕੇ ਉਹ ਢੀਠ ਹੋ ਗਿਆ। ਕਈ ਵਾਰ ਤਾਂ ਪੈਂਦੀ ਮਾਰ ਤੋਂ ਰਾਜੂ ਨੂੰ ਛੁਡਾਉਂਦਿਆਂ ਕਮਲ ਦਾ ਵੀ ਹੱਥ ਥੋਲਾ ਹੋ ਜਾਂਦਾ। ਪਰ ਮਾਂ ਤਾਂ ਮਾਂ ਹੀ ਹੁੰਦੀ ਐ। ਉਹ ਫੇਰ ਮੂਹਰੇ ਹੋ ਕੇ ਪੁੱਤ ਨੂੰ ਛਡਾਉਂਦੀ ਕਲਪਦੀ—

"ਵੇ ਪੁੱਤ, ਤੇਰੇ ਭਲੇ ਲਈ ਅਸੀਂ ਤੇਰੇ ਤੇ ਬੁੱਕ ਨੋਟਾਂ ਦਾ ਲਾਉਣੇ ਆਂ। ਤਾਂ ਜੋ ਤੇਰੀ ਜ਼ਿੰਦਗੀ ਬਣਜੇ। ਅਨਪੜ੍ਹ ਰਹਿ ਕੇ ਤਾਂ ਤੂੰ ਲੋਕਾਂ ਦੇ ਦਰ ਦਰ ਦੀਆਂ ਠੋਕਰਾਂ ਖਾਏਂਗਾ। ਵੇਖ, ਕਿਹੜੇ ਹੀਲੇ ਤੇਰਾ ਡੈਡੀ ਮੁਸ਼ੱਕਤ ਕਰਕੇ ਚਾਰ ਛਿੱਲੜਾਂ ਕਮਾ ਕੇ ਲਿਆਉਂਦੈ। ਪਰ ਤੂੰ ਉਹ ਦੀ ਮਿਹਨਤ ਦੀ ਕਮਾਈ ਦੀ ਕੋਈ ਕਦਰ ਨਹੀਂ ਪਾਉਂਦਾ। ਇਨ੍ਹਾਂ ਦਾ ਕਿਹੜਾ ਜੀਅ ਕਰਦੈ ਬਈ ਤੇਰੇ ਤੇ ਹੱਥ ਚੱਕਣ। ਇਹ ਵੀ ਅੱਕੇ ਹੋਏ ਤੇਰੀ ਖੜਕੈਂਤੀ ਕਰਦੇ ਨੇ। ਹੁਣ ਤੂੰ ਹੋਸ਼ ਕਰ।"

ਰਾਜੂ ਹੁਣ ਕਦੇ ਕਦੇ ਸਕੂਲੋਂ ਭਗੌੜਾ ਹੋਇਆ ਧੌਂਸੜਿਆਂ ਤੋਂ ਡਰਦਾ ਨਾਨਕੇ ਜਾ ਵੜ੍ਹਦਾ। ਰਾਤੀਂ ਨਾਨਕਾ ਪਰਿਵਾਰ 'ਕੱਠਾ ਬਹਿੰਦਾ। ਘਰੇਲੂ ਗੱਲਾਂ ਤੁਰਦੀਆਂ ਨੂੰ

ਉਹ ਗਹੁ ਨਾਲ ਸੁਣਦਾ। ਨਾਨਕੇ ਘਰ ਗੱਲਾਂ ਹੁੰਦੀਆਂ ਤੋਂ ਉਸ ਨੂੰ ਮਾਲੂਮ ਹੋਇਆ ਕਿ ਉਸ ਦਾ ਤਾਂ ਡੈਡੀ ਹੋਰ ਐ। ਹੁਣ ਉਸ ਦਾ ਅੰਗਰੇਜ਼ ਤੋਂ ਮੋਹ ਭੰਗ ਹੋ ਗਿਆ।

ਉਧਰ ਸਕੂਲ ਨਾ ਜਾਣ ਕਰਕੇ ਉਸ ਦਾ ਨਾਂ ਕੱਟ ਦਿੱਤਾ ਗਿਆ। ਅੰਗਰੇਜ਼ ਦੇ ਕੰਨੀਂ ਕਨਸੋਅ ਪਈ। ਉਹ ਉਸ ਨੂੰ ਨਾਨਕਿਉਂ ਲਿਆ ਕੇ ਅਗਲੀ ਸਵੇਰ ਫੇਰ ਸਕੂਲ ਲੈ ਕੇ ਗਿਆ। ਇੰਚਾਰਜ ਦੇ ਮਿੰਨਤਾਂ ਤਰਲੇ ਕਰਕੇ ਉਸ ਨੂੰ ਦੁਬਾਰੇ ਸਕੂਲ ਦਾਖਲ ਕਰਵਾਇਆ। ਅੰਗਰੇਜ਼ ਉਹਨੂੰ ਸਕੂਲ ਛੱਡ ਕੇ ਕੰਮ ਤੇ ਪੁੱਜਾ ਹੀ ਸੀ ਕਿ ਰਾਜੂ ਵੀ ਮਗਰੋਂ ਸਕੂਲੋਂ ਤਿੱਤਰ ਹੋ ਗਿਆ। ਰਾਜੂ ਨੂੰ ਬਾਜ਼ਾਰ ਵਿਚ ਭੌਂਦਿਆਂ ਵੇਖ ਕੇ ਉਸ ਦਾ ਪਾਰਾ ਹੋਰ ਚੜ੍ਹ ਗਿਆ। ਉਹ ਉੱਥੋਂ ਹੀ ਉਸਦੀ ਖੁੰਭ ਠੱਪਦਾ ਘਰ ਲਿਆਇਆ। ਘਰ ਵੜਦਿਆਂ ਹੀ ਰਾਜੂ ਕੁੱਟ ਖਾਂਦਾ ਅੱਜ ਆਪਣੇ ਡੈਡੀ ਅੱਗੇ ਬਾਗੀਆਂ ਤਰ੍ਹਾਂ ਬੋਲ ਪਿਆ—

"ਮੈਨੂੰ ਵੀ ਪਤੈ ਮੇਰਾ ਡੈਡੀ ਹੋਰ ਐ। ਮੇਰਾ ਡੈਡੀ ਤੂੰ ਨਈਂ, ਤੂੰ ਤਾਂ ਹੀ ਕਸਾਈਆਂ ਵਾਂਗੂੰ ਵੱਢੀ ਜਾਨੈ।"

ਰਾਜੂ ਦੇ ਮਨ ਦਾ ਕਸਾਈਆਂ ਵਾਂਗੂੰ ਵੱਢਣ ਦਾ ਵਹਿਮ ਸੁਣ ਕੇ ਉਸ ਦਾ ਮਨ ਭਰ ਆਇਆ। ਅੰਗਰੇਜ਼ ਨੇ ਤਾਂ ਕਦੇ ਸੁਪਨੇ ਵਿਚ ਨਹੀਂ ਸੀ ਅਜਿਹਾ ਸੋਚਿਆ। ਰਾਜੂ ਦਾ ਮੂੰਹ ਖੁਲ੍ਹਦਾ ਵੇਖ ਕੇ ਉਸ ਨੇ ਹੁਣ ਉਸ ਤੇ ਹੱਥ ਚੁੱਕਣਾ ਮੁਨਾਸਬ ਨਾ ਸਮਝਿਆ। ਉਸਦੀ ਬਾਗੀ ਹੁੰਦੀ ਸੋਚ ਨੂੰ ਬਦਲਣ ਲਈ ਅਨੇਕਾਂ ਪਾਪੜ ਵੇਲੇ। ਉਸ ਦੇ ਨਜ਼ਦੀਕੀ ਦੋਸਤਾਂ ਨਾਲ ਸੰਪਰਕ ਕਰਕੇ ਉਸ ਦੇ ਸੁਧਾਰ ਲਈ ਉਨ੍ਹਾਂ ਤੋਂ ਸਹਿਯੋਗ ਮੰਗਿਆ। ਰਾਜੂ ਦੇ ਇੰਚਾਰਜ ਦੀ ਕੋਠੀ ਜਾ ਕੇ ਰਾਜੂ ਦੀ ਸੋਚ ਬਦਲਣ ਲਈ ਉਨ੍ਹਾਂ ਦੇ ਚਰਨ ਜਾ ਫੜੇ। ਇੰਚਾਰਜ ਨੇ ਅੰਗਰੇਜ਼ ਦੀ ਵਿਥਿਆ ਸੁਣ ਕੇ ਰਾਜੂ ਵੱਲ ਵਿਸ਼ੇਸ਼ ਧਿਆਨ ਦੇਣ ਦਾ ਵਿਸ਼ਵਾਸ ਦਿੱਤਾ।

ਅਗਲੇ ਦਿਨ ਅੰਗਰੇਜ਼ ਫੇਰ ਰਾਜੂ ਨੂੰ ਸਕੂਲ ਲੈ ਗਿਆ। ਇੰਚਾਰਜ ਨੇ ਉਸ ਨੂੰ ਖਾਲੀ ਪੀਰਡ ਵਿਚ ਇਕਾਂਤ 'ਚ ਬੁਲਾ ਕੇ ਬੜੇ ਸਲੀਕੇ ਨਾ ਉਸਦੀ ਮਨੋਪ੍ਰਿਵਿਰਤੀ ਨੂੰ ਹਲੂਣਿਆ—

"ਰਾਜੂ, ਤੂੰ ਐਨਾ ਕਮਜ਼ੋਰ ਨਹੀਂ ਜਿੰਨਾ ਤੂੰ ਪੜ੍ਹਾਈ ਤੋਂ ਡਰ ਕੇ ਭਗੌੜਾ ਹੁੰਨੈ। ਇਹ ਤਾਂ ਡਰਪੋਕ ਤੇ ਨਲਾਇਕ ਬੱਚਿਆਂ ਨੂੰ ਹੋਰ ਡਰਾਉਂਦੀ ਐ। ਜਿਹੜਾ ਇਹਨੂੰ ਪਿਆਰ ਕਰੇ ਉਸ ਦੇ ਅੱਗੇ ਤਾਂ ਇਹ ਪਾਣੀ ਵਾਂਗੂੰ ਤੁਰਦੀ ਐ। ਤੂੰ ਨਿਤਨੇਮ ਸਕੂਲ ਆਇਆ ਕਰ ਤੇ ਮਨ ਵਿਚ ਪੜ੍ਹਨ ਦਾ ਮੋਹ ਜਗਾ। ਮੈਂ ਤੇਰੀ ਸਾਰੀ ਕਮਜ਼ੋਰੀ ਦਿਨਾਂ ਵਿਚ ਹੀ ਛੂੰ-ਮੰਤਰ ਕਰਦੂੰ। ਤੇਰੀ ਸਫਲਤਾ ਦੇ ਜਰੂਰ ਫੁੱਲ ਖਿੜ੍ਹਣਗੇ। ਵੇਖ, ਤੇਰਾ ਡੈਡੀ ਤੇਰੇ ਤੇ ਖ਼ੂਨ ਪਸੀਨੇ ਦੀ ਕਮਾਈ ਲਾ ਰਿਹੈ। ਸਿਰਫ ਤੈਨੂੰ, ਤੇਰੇ ਪੈਰਾਂ ਤੇ ਖੜ੍ਹਾ ਕਰਨ ਲਈ। ਤੇਰਾ ਡੈਡੀ ਤਾਂ ਦੇਵਤੈ ਦੇਵਤਾ, ਜਿਹੜਾ ਤੇਰੀ ਜ਼ਿੰਦਗੀ ਬਣਾਉਣ ਲਈ ਤੈਨੂੰ ਵਾਰ ਵਾਰ ਸਕੂਲੇ ਦਾਖਲ ਕਰਵਾਉਣ ਆਉਂਦੈ। ਉਹਦੇ ਪਿਆਰ ਦਾ ਤੂੰ ਜ਼ਿੰਦਗੀ ਭਰ ਨਈਂ ਮੁੱਲ ਮੋੜ ਸਕਦਾ। ਜੇ ਤੈਨੂੰ ਉਹ ਆਪਣੇ ਦਿਲ ਦਾ ਟੁੱਕੜਾ ਨਾ ਸਮਝਦਾ ਹੁੰਦਾ ਤਾਂ ਕਦੋਂ ਦਾ ਤੇਰੇ ਵਰਗੇ ਨੂੰ ਕਿਸੇ ਹੋਟਲ ਦੇ ਭਾਂਡੇ ਮਾਂਜਣ ਲਾ

ਦਿੰਦਾ। ਨਾਲੇ ਚਾਰ ਛਿੱਲੜਾਂ ਕਮਾਉਂਦਾ। ਤੇਰੇ ਰੋਜ ਰੋਜ ਦੇ ਝੰਜਟ ਤੋਂ ਸੁਰਖਰੂ ਹੋ ਜਾਂਦਾ। ਪੋਹ ਮਾਘ ਦੀ ਠੰਡ 'ਚ ਜਦ ਤੇਰੇ ਦੰਦੋੜਕੇ ਵੱਜਦੇ ਫੇਰ ਤੈਨੂੰ ਪਤਾ ਲੱਗਦਾ ਕਮਾਈ ਕਿਵੇਂ ਹੁੰਦੀ ਐ। ਹੁਣ ਤੂੰ ਬਹੁਤ ਕਉਲੇ ਕੱਛ ਲਏ ਹੁਣ ਤੂੰ ਸਿਆਣਾ ਬਣ। ਆਪਣੀ ਮਾਂ ਦੇ ਸੁਪਨਿਆਂ ਦਾ ਕਤਲ ਨਾ ਕਰ। ਆਪਣੇ ਮਾਤਾ ਪਿਤਾ ਤੋਂ ਅਸ਼ੀਰਵਾਦ ਲੈ ਕੇ ਰੋਜ਼ ਸਕੂਲੇ ਆ। ਕੁਝ ਬਣ ਕੇ ਵਿਖਾ।"

ਇੰਚਾਰਜ ਦੇ ਬੋਲ ਸੁਣ ਕੇ ਰਾਜੂ ਦਾ ਪੱਥਰ ਮਨ ਪਿਘਲ ਗਿਆ। ਮਨ ਨੂੰ ਠੋਕਰ ਲੱਗੀ। ਹੋਸ਼ ਆਈ—"ਸੱਚਮੁਚ ਮੇਰਾ ਡੈਡੀ ਤਾਂ ਮੇਰੇ ਲਈ ਬਹੁਤ ਵੱਡੀ ਕੁਰਬਾਨੀ ਕਰ ਰਿਹੈ। ਮੈਂ ਉਸ ਦੀ ਕਦਰ ਤਾਂ ਕੀ ਪਾਉਣੀ ਸੀ ਸਗੋਂ ਉਸ ਅੱਗੇ ਬੋਲ ਕੇ ਉਸ ਦੀ ਆਤਮਾ ਨੂੰ ਦੁੱਖ ਦਿੱਤਾ। ਬਹੁਤ ਦੁੱਖ ਦਿੱਤਾ।"

ਰਾਜੂ ਪੜ੍ਹ ਕੇ ਸਕੂਲੋਂ ਘਰ ਆਇਆ। ਸਕੂਲ ਦਾ ਹੋਮ ਵਰਕ ਕਰਕੇ ਪਾਠ ਯਾਦ ਕਰਨ ਬਹਿ ਗਿਆ। ਰਾਤੀਂ ਖਾਣਾ ਬਣਾ ਕੇ ਕਮਲ ਨੇ ਆਵਾਜ਼ ਮਾਰੀ—

"ਚਲੋ ਬਈ ਬੈਠੋ ਸਾਰੇ, ਖਾਣਾ ਤਿਆਰ ਹੈ।"

ਜਦੋਂ ਮੇਜ ਦੇ ਦੁਆਲੇ ਸਾਰੇ ਜੁੜ ਬੈਠੇ ਤਾਂ ਰਾਜੂ ਤੁਰੰਤ ਬੋਲਿਆ—

"ਮੰਮੀ ਜੀ, ਮੈਂ ਅੱਜ ਉਨਾਂ ਚਿਰ ਨਹੀਂ ਖਾਣਾ ਖਾਂਦਾ ਜਿੰਨਾ ਚਿਰ ਤੁਸੀਂ ਮੇਰੀ ਗੱਲ ਨਈਂ ਮੰਨੋਗੇ।"

"ਉਏ ਅਸੀਂ ਤਾਂ ਤੇਰੀਆਂ ਸਾਰੀਆਂ ਗੱਲਾਂ ਮੰਨਦੇ ਆਂ ਪਰ ਤੂੰ ਹੀ ਸਾਡੀ ਕੋਈ ਗੱਲ ਨਹੀਂ ਮੰਨਦਾ। ਹਾਂ ਦੱਸ, ਕੀ ਐ ਤੇਰੀ ਗੱਲ ?" ਅੰਗਰੇਜ਼ ਨੇ ਪੁੱਛਿਆ।

"ਮੰਮੀ ਡੈਡੀ ਜੀ, ਮੈਂ ਹੁਣ ਤੱਕ ਤੁਹਾਡਾ ਬਹੁਤ ਮਨ ਦੁਖਾਇਐ। ਮਾਤਾ ਪਿਤਾ ਦਾ ਦਿਲ ਦੁਖਾਉਣ ਵਾਲਾ ਕਦੇ ਸੁੱਖ ਨਹੀਂ ਪਾਉਂਦਾ। ਕਿਉਂਕਿ ਮਾਤਾ ਪਿਤਾ ਵੀ ਰੱਬ ਦਾ ਰੂਪ ਹੁੰਦੇ ਨੇ। ਉਨ੍ਹਾਂ ਦੀ ਆਤਮਾ ਨੂੰ ਦੁੱਖ ਦੇਣ ਨਾਲ ਬਹੁਤ ਪਾਪ ਲੱਗਦੈ। ਹੁਣ ਤੁਸੀਂ ਮੇਰੀਆਂ ਸਾਰੀਆਂ ਭੁੱਲਾਂ ਬਖਸ਼ਦੋਂ। ਮੈਨੂੰ ਦਿਲੋਂ ਬਖਸ਼ਦੋਂ। ਮੈਂ ਵਾਅਦਾ ਕਰਦਾਂ, ਹੁਣ ਮੈਂ ਕਦੇ ਵੀ ਸਕਲੋਂ ਨਈਂ ਭੱਜਾਂਗਾ। ਕੁਝ ਬਣ ਕੇ ਵਿਖਾਵਾਂਗਾ। ਤੁਹਾਡਾ ਤੇ ਆਪਣੇ ਅਧਿਆਪਕਾਂ ਦਾ ਨਾਂ ਚਮਕਾਵਾਂਗਾ।"

ਰਾਜੂ ਦੇ ਮੂੰਹੋਂ ਅਜੀਬ ਬੋਲ ਸੁਣ ਕੇ ਕਮਲ ਦੀਆਂ ਅੱਖਾਂ ਵਿਚ ਖੁਸ਼ੀ ਦੇ ਅੱਥਰੂ ਛਲਕ ਪਏ ਤੇ ਉਸ ਨੇ ਰਾਜੂ ਨੂੰ ਘੁੱਟ ਕੇ ਕਲੇਜੇ ਨਾਲ ਲਾ ਲਿਆ।

## ਸ਼ੈਲੂ

*—ਸੁਰਜੀਤ 'ਦੇਵਲ'*

ਸ਼ੈਲੂ ਆਪਣੀ ਮਾਂ ਮਮਤਾਜ ਅਖ਼ਤਰ ਨਾਲ ਨਾਨਕੇ ਘਰ ਰਹਿੰਦਾ ਆਪਣੇ ਨਾਨਾ ਨਾਨੀ ਦੇ ਬਹੁਤੇ ਲਾਡ ਪਿਆਰ ਵਿਚ ਬਿਗੜਦਾ, ਸ਼ਰਾਰਤਾਂ ਦੀ ਹੱਦ ਟੱਪਦਾ ਜਾ ਰਿਹਾ ਸੀ। ਸਕੂਲ ਜਾਂਦਾ ਵੀ ਇੱਲਤੋਂ ਬਾਝ ਨਾ ਆਉਂਦਾ। ਘਰ ਵਿਚ ਹੁੰਦਾ ਤਾਂ

ਖਾਣ ਪੀਣ ਦੀਆਂ ਚੀਜ਼ਾਂ ਨੂੰ ਹੱਥ ਪੱਲਾ ਮਾਰਦਾ ਰਹਿੰਦਾ। ਉਹੋ ਆਪਣੀ ਭੈਣ ਸ਼ਈਨਾ ਅਖ਼ਤਰ ਦਾ ਵੀ ਹਿੱਸਾ ਹੜੱਪ ਜਾਂਦਾ। ਸਾਰੇ ਉਸ ਨੂੰ ਮੂੰਹ ਦਾ ਚਸਕੋਰਾ ਕਹਿ ਕੇ ਗੁੱਸਾ ਢਾਲ ਲੈਂਦੇ।

ਛੁੱਟੀ ਵਾਲੇ ਦਿਨ ਸ਼ੈਲੂ ਆਪਣੇ ਨਾਨੂ ਹਮੀਦ ਨਾਲ ਮੱਝਾਂ ਚਾਰਨ ਤੁਰ ਜਾਂਦਾ। ਕਦੇ ਕਦੇ ਖੇਤ ਮੋਟਰ ਤੇ ਘੁੰਮਣ ਚਲਾ ਜਾਂਦਾ। ਉੱਥੋਂ ਮੁੜਦੇ ਹੋਏ ਚਾਰ ਭਰੀਆਂ ਛਿੱਟੀਆਂ ਰੇਹੜੇ ਤੇ ਧਰ ਲਿਆਉਂਦੇ। ਕਦੇ ਕਦੇ ਉਨ੍ਹਾਂ ਛਿੱਟੀਆਂ ਦੇ ਗਰੇ ਵਿਚੋਂ ਛੋਟੀ ਮੱਖੀ ਦਾ ਮਖਿਆਲ ਮਿਲ ਜਾਂਦਾ। ਉਹਦਾ ਨਾਨੂ ਮਖਿਆਲ ਵਾਲੀ ਛਿੱਟੀ ਫੜ ਕੇ ਦੂਰ ਤੱਕ ਹਿਲਾਉਂਦਾ ਦੌੜ ਜਾਂਦਾ। ਮੱਖੀਆਂ ਉੱਡ ਜਾਣ ਤੇ ਮਖਿਆਲ ਨਿਚੋੜਦਾ। ਸ਼ੈਲੂ ਤਲੀ ਤੇ ਧਰ ਕੇ ਪਟਾਕੇ ਲਾ ਲਾ ਚੱਟਦਾ।

ਸ਼ੈਲੂ ਨੂੰ ਅੱਜ ਵੀ ਸਕੂਲੋਂ ਛੁੱਟੀ ਸੀ। ਪਰ ਉਹਦੇ ਨਾਨੂ ਨੂੰ ਬੁਖਾਰ ਨੇ ਬੌਂਦਲਾ ਰੱਖਿਆ ਸੀ। ਹੁਣ ਮੱਝਾਂ ਨੂੰ ਚਾਰਨ ਕੌਣ ਲੈ ਕੇ ਜਾਊ ? ਘਰ ਵਿਚ ਹੁੰਦੀ ਗੱਲ ਨੂੰ ਸੁਣ ਕੇ ਸ਼ੈਲੂ ਨੇ ਦਿਲ ਕੱਢਿਆ।

"ਨਾਨੂ, ਅੱਜ ਮੱਝਾਂ ਚਰਾਉਣ ਮੈਂ ਜਾਊਂਗਾ।"

"ਕਿਉਂ, ਸਕੂਲ ਨ੍ਹੀ ਜਾਣਾ ?"

"ਨਾਨੂ, ਅੱਜ ਮੈਨੂੰ ਛੁੱਟੀ ਐ। ਨਾਲੇ ਘੁੰਮ ਫਿਰ ਆਊਂਗਾ। ਮੋੜੇ ਲਾਉਂਦਿਆਂ ਲੱਤਾਂ ਵੀ ਖੁੱਲ੍ਹ ਜਾਣਗੀਆਂ।"

"ਉਏ ਰਹਿਣ ਦੇ ਤੂੰ। ਅਜੇ ਕਹਿਰ ਦੀਆਂ ਧੁੱਪਾਂ ਪੈਂਦੀਆਂ ਨੇ। ਤੂੰ ਤਾਂ ਮੋੜੇ ਲਾਉਂਦਾ ਉਈਂ ਕਮਲਾ ਹੋਜੇਂਗਾ। ਤੂੰ ਤਾਂ ਘਰ ਬਹਿ ਕੇ ਚਾਰ ਅੱਖਰ ਪੜ੍ਹ ਲੈ। ਡੰਗਰ ਚਾਰਨ ਨੂੰ ਤਾਂ ਅਸੀਂ ਅਨਪੜ੍ਹ ਬਥੇਰੇ ਆਂ। ਪੜ੍ਹ ਲਿਖ ਕੇ ਤੂੰ ਤਾਂ ਆਪਣੀ ਜੂਨ ਸੁਆਰ ਲੈ। ਆਹੀ ਦਿਨ ਤਾਂ ਤੇਰੇ ਪੜ੍ਹਾਈ ਦੀ ਗੱਡੀ ਲੀਹ ਤੇ ਲਿਆਉਣਦੇ ਨੇ।"

"ਨਹੀਂ ਨਾਨੂ, ਮੈਨੂੰ ਐਨਾ ਕੂਲਾ ਸੋਹਲ ਨਾ ਜਾਣੋ।"

"ਉਏ ਐਵੇਂ ਕਿਸੇ ਦੇ ਖੇਤ 'ਚ ਵਾੜਦੇਂਗਾ ਡੰਗਰ। ਤੁਸੀਂ ਜਾ ਕੇ ਉਥੇ ਖੇਤ 'ਚ ਮਸਤ ਹੋ ਜਾਣੈ। ਸਾਡੀ ਜਾਨ ਨੂੰ ਆਥਣੇ ਕੋਈ ਕਜੀਆ ਖੜ੍ਹਾ ਕਰਦੇਂਗਾ।"

"ਨਹੀਂ ਨਾਨੂ ਨਹੀਂ। ਥੋਨੂੰ ਘਰੇ ਕੋਈ 'ਲਾਂਭਾ ਨਹੀਂ ਆਉਣ ਦਿੰਦਾ। ਜੇ ਥੋਨੂੰ ਕੋਈ 'ਲਾਂਭਾ ਆ ਗਿਆ ਮੁੜ ਕੇ ਨਾ ਤੋਰਿਓ ਕੱਲੇ ਨੂੰ।"

"ਚੰਗਾ ਜਾਹ, ਤੇਰੀ ਮਾਸੀ ਸਈਅਦ ਪਰਵੀਨ ਨੇ ਲੱਸੀ ਰਿੜਕੀਏ। ਉਹ ਤੋਂ ਲੱਸੀ ਨਾਲ ਖਾ ਲੈ ਮਿੱਸੀਆਂ ਰੋਟੀਆਂ ਰੱਜ ਕੇ। ਨਾਲ ਵੀ ਲੈਜੀਂ ਦੋ ਬੰਨ੍ਹ ਕੇ। ਪਾੜ੍ਹਿਆਂ ਨੂੰ ਤਾਂ ਭੁੱਖ ਵੀ ਛੇਤੀ ਲੱਗ ਆਉਂਦੀ ਐ।"

ਸ਼ੈਲੂ ਨੇ ਮਖਣੀ ਤੇ ਲੱਸੀ ਨਾਲ ਮਿੱਸੀਆਂ ਰੋਟੀਆਂ ਖਾ ਕੇ ਮੱਝਾਂ ਖੋਲ੍ਹੀਆਂ ਤੇ ਸੱਥ ਵਿਚ ਤੀਆਂ ਵਾਲੇ ਪਿੱਪਲਾਂ ਥੱਲੇ ਜਾ ਬੈਠਾਈਆਂ। ਇਨ੍ਹਾਂ ਪਿੱਪਲਾਂ ਤੇ ਸਾਉਣ ਮਹੀਨੇ ਕੁੜੀਆਂ ਪੀਂਘਾਂ ਪਾ ਕੇ ਝੂਟਦੀਆਂ। ਪਹਿਲਾ ਝੂਟਾ ਲੈਣ ਦੀ ਸ਼ਰਤ ਤੇ

ਕੁੜੀਆਂ ਦੀਆਂ ਪਿੱਪਲਾਂ ਤੇ ਪੀਂਘਾਂ ਪਾਉਣ ਦਾ ਸ਼ੈਲੂ ਮਾਹਰ ਸੀ। ਚੜ੍ਹਦੇ ਸੂਰਜ ਉਨ੍ਹਾਂ ਪਿੱਪਲਾਂ ਥੱਲੇ ਪਿੰਡ ਦਾ ਵੱਗ ਇਕੱਠਾ ਹੋਣ ਲੱਗਦਾ। ਪਾਲੀ ਵੀ ਆਪੋ ਆਪਣੇ ਸਰਦਾਰਾਂ ਦਿਉਂ ਮੱਝਾਂ ਨੂੰ ਲਿਆ ਕੇ ਉਨ੍ਹਾਂ ਪਿੱਪਲਾਂ ਥੱਲੇ ਖੜ੍ਹੀਆਂ ਕਰਦੇ ਤੇ ਫੇਰ 'ਕੱਠੇ ਹੋ ਕੇ ਚਰਾਂਦ ਵੱਲ ਚਾਰਨ ਤੁਰਦੇ। ਸ਼ੈਲੂ ਨੂੰ ਵੇਖ ਕੇ ਪਾਲੀਆਂ ਦੇ ਚਿਹਰਿਆਂ ਤੇ ਰੌਣਕ ਆ ਗਈ।

"ਕਿਉਂ ਸ਼ੈਲੂ, ਅੱਜ ਤੇਰੀ ਤਿਆਰੀ ਐ ?"

"ਹਾਂ, ਅੱਜ ਥੋਡੇ ਨਾਲ ਮੈਂ ਜਾਊਂਗਾ।"

ਸ਼ੈਲੂ ਆਪਣੇ ਹਾਣ ਦੇ ਪਾਲੀਆਂ ਨਾਲ ਗੱਲਾਂ ਵਿਚ ਮਸਤ ਹੋ ਗਿਆ। ਉਨ੍ਹਾਂ ਨਾਲ ਖ਼ਰਮਸਤੀਆਂ ਕਰਦੇ ਦਾ ਧਿਆਨ ਅਚਾਨਕ ਪਿੱਪਲ ਤੇ ਲੱਗੇ ਡੂੰਮਣੇ ਮਖ਼ਿਆਲ ਦੇ ਛੱਤੇ ਵੱਲ ਗਿਆ। ਉਹਦੇ ਮੂੰਹ ਵਿਚੋਂ ਰਾਲਾਂ ਟਪਕਣ ਲੱਗੀਆਂ। ਉਸ ਦੇ ਸ਼ਰਾਰਤੀ ਮਨ ਵਿਚ ਅਨੇਕਾਂ ਖ਼ਿਆਲ ਤੂਫ਼ਾਨ ਬਣ ਬਣ ਉੱਠੇ। ਆਖ਼ਰ ਉਸ ਤੋਂ ਦਿਲ ਦੀ ਗੱਲ ਕਹਿ ਹੋ ਗਈ—

"ਔਹ ਵੇਖੋ ਉਏ, ਪਿੱਪਲ ਤੇ ਕਿੱਡਾ ਮਖਿਆਲ ਲੱਗਿਆ ਹੋਇਐ ?"

"ਲੱਗਿਐ ਤਾਂ ਲੱਗਿਆ ਰਹਿਣ ਦੇ। ਕਿਤੋਂ ਉੱਡ ਕੇ ਆ ਗਿਆ ਹੋਣੈ।"

"ਉਏ ਇਹ ਤਾਂ ਹੈ ਵੀ ਵੱਡੇ ਛੱਤੇ ਵਾਲਾ। ਮੱਝਾਂ ਚਾਰਨ ਤਾਂ ਫੇਰ ਚਲਾਂਗੇ ਪਹਿਲਾਂ ਇਹਦਾ ਭੋਗ ਲਾ ਕੇ।"

"ਉਏ ਰਹਿਣ ਦੇ ਚਸਕੋਰਿਆ। ਜੀਭ ਦੇ ਸਵਾਦ ਨੇ ਤਾਂ ਲੋਕਾਂ ਦੇ ਘਰ ਪੱਟਤੇ। ਇਹ ਤਾਂ ਹੈ ਵੀ ਡੂੰਮਣਾ ਮਖਿਆਲ। ਖਹਿੜਾ ਨ੍ਹੀ ਛੱਡਣਾ ਤੇਰਾ।"

ਸ਼ੈਲੂ ਦੇ ਬੋਲ ਸੁਣ ਕੇ ਬਜ਼ੁਰਗ ਬਾਗੀ ਨੇ ਨਸੀਹਤ ਦਿੱਤੀ।

"ਉਏ ਸ਼ੈਲੂ, ਬਾਬਾ ਸਿਆਣੀ ਗੱਲ ਆਖਦੈ। ਔਲੇ ਦਾ ਖਾਧਾ ਤੇ ਸਿਆਣੇ ਦਾ ਕਿਹਾ ਮਗਰੋਂ ਯਾਦ ਆਉਂਦੈ।" ਕੋਲ ਖੜ੍ਹੇ ਪਾਲੀਆਂ ਨੇ ਕਿਹਾ।

"ਉਏ ਤੁਸੀਂ ਤਾਂ ਡਰਪੋਕ ਓਂ ਡਰਪੋਕ। ਐਵੇਂ ਡਰਦੇ ਮੋਕ ਮਾਰੀ ਜਾਨੇਓਂ। ਥੋਡੇ ਵਰਗੇ ਪਾਲੀਆਂ ਨੂੰ ਤਾਂ ਸ਼ੇਰ ਬਣ ਕੇ ਰਹਿਣਾ ਚਾਹੀਦੈ। ਕੀ ਪਤੈ ਕਦੋਂ ਕਿਸੇ ਖੇਤ ਬੰਨ੍ਹੇ ਚਰਾਂਦ ਵਿਚ ਕੋਈ ਜਾਨਲੇਵਾ ਜਾਨਵਰ ਚਿੱਤ ਕੌਡਾ ਕਰਨਾ ਪੈਜੇ। ਤੁਸੀਂ ਨ੍ਹੀ ਖਾ ਸਕਦੇ ਮਖਿਆਲ। ਜਾਓ ਭੱਜ ਜੋ। ਹੋਜੋ ਦੂਰ ਦੂਰ। ਕੋਈ ਨਾ ਖੜਿਓ ਨੇੜੇ। ਮੈਂ ਵਿਖਾਊਣਾ ਥੋਨੂੰ ਕਰਾਮਾਤ ਕਰਕੇ। ਵੇਖਿਉ, ਕਿਵੇਂ ਸਿਰਾਂ ਤੇ ਪੈਰ ਧਰ ਕੇ ਮੱਖੀਆਂ ਨੌਂ ਦੋ ਗਿਆਰਾਂ ਹੁੰਦੀਆਂ ਨੇ।"

"ਉਏ ਨਾ ਲੈ ਪੁੱਠੇ ਪੰਗੇ। ਬੂਥਾ ਸੁਜਾ ਕੇ ਬਹਿਜੇਂਗਾ। ਡੂੰਮਣੇ ਨੇ ਤੈਨੂੰ ਗੁਲਗਲੇ ਵਰਗਾ ਕਰ ਦੇਣਾ।"

"ਇਹ ਕੀ ਬਿਗਾੜ ਦੇਣਗੀਆਂ ਮੇਰਾ। ਇਹ ਨਿੱਕੀਆਂ ਨਿੱਕੀਆਂ ਤਾਂ ਮੱਖੀਆਂ ਨੇ ?"

"ਦੁਸ਼ਮਣ ਨੂੰ ਕਦੇ ਕਮਜ਼ੋਰ ਨ੍ਹੀ ਸਮਝਣਾ ਚਾਹੀਦਾ।"

ਐਨਾ ਕਹਿ ਕੇ ਪਾਲੀ, ਸ਼ੈਲੂ ਦਾ ਬੁਰਾ ਇਰਾਦਾ ਵੇਖ ਕੇ ਪਿੱਪਲਾਂ ਥੱਲਿਉਂ ਖਿਸਕ ਗਏ। ਸ਼ੈਲੂ ਨੇ ਜਦੋਂ ਮਖਿਆਲ ਦੇ ਛੱਤੇ ਵਿਚ ਜ਼ੋਰ ਦੀ ਵੱਟਾ ਮਾਰਿਆ, ਮੱਖੀਆਂ ਛੱਤੇ ਤੋਂ ਉੱਡ ਕੇ ਉਸ ਦੇ ਦੁਆਲੇ ਆ ਚਿੰਬੜੀਆਂ।

"ਖਾ ਲਿਆ ਉਏ, ਖਾ ਲਿਆ ਉਏ, ਡੂੰਮਣੇ ਨੇ ਖਾ ਲਿਆ।" ਸ਼ੈਲੂ ਬੋਲਦਾ ਕੂਕਾਂ ਮਾਰਦਾ ਧੋਬੀ ਘਾਟ ਵੱਲ ਭੱਜਿਆ। ਡੂੰਮਣਾ ਮਖਿਆਲ ਵੀ ਉਹਦੇ ਮਗਰ ਹੀ ਉੱਡਿਆ ਜਾ ਰਿਹਾ ਸੀ। ਸ਼ੈਲੂ ਨੇ ਜਾ ਕੇ ਧੋਬੀ ਘਾਟ ਦੇ ਪਾਣੀ ਦੇ ਭਰੇ ਹੌਦ ਵਿਚ ਛਾਲ ਮਾਰ ਦਿੱਤੀ। ਡੂੰਮਣਾ ਵੀ ਓਸੇ ਹੌਦ ਤੇ ਘੁੰਮਦਾ ਰਿਹਾ ਜਿੱਥੇ ਸ਼ੈਲੂ ਨੇ ਪਨਾਹ ਲਈ ਸੀ। ਸ਼ੈਲੂ ਸਾਹ ਲੈਣ ਲਈ ਜਦੋਂ ਮੂੰਹ ਸਿਰ ਬਾਹਰ ਕੱਢਦਾ ਡੂੰਮਣਾ ਉਸ ਤੇ ਧਾਵਾ ਬੋਲ ਦਿੰਦਾ। ਪਾਲੀਆਂ ਨੇ ਭੱਜ ਕੇ ਉਨ੍ਹਾਂ ਦੇ ਘਰ ਇਤਲਾਹ ਦਿੱਤੀ। ਉਸ ਦਾ ਨਾਨੂ ਮਖਿਆਲ ਚੋਣ ਵਾਲੇ ਚੁਆਵੇ ਨੂੰ ਨਾਲ ਲੈ ਕੇ ਧੋਬੀ ਘਾਟ ਤੇ ਆਇਆ। ਮਾਂਦਰੀ ਨੇ ਧੂੰਏਂ ਨਾਲ ਮੱਖੀਆਂ ਨੂੰ ਪਰੇ ਹਟਾਇਆ। ਸ਼ੈਲੂ ਨੂੰ ਪਾਣੀ 'ਚੋਂ ਬੇਹੋਸ਼ ਜਿਹੇ ਨੂੰ ਕੱਢ ਕੇ ਡਾਕਟਰ ਦੇ ਲੈ ਕੇ ਗਏ। ਡਾਕਟਰ ਨੇ ਦਵਾ ਦਾਰੂ ਦੇ ਕੇ ਹੋਸ਼ ਵਿਚ ਲਿਆਂਦਾ। ਸੁਰਤ ਵਿਚ ਆਏ ਸ਼ੈਲੂ ਨੂੰ ਵੇਖ ਕੇ ਉਸ ਦੇ ਨਾਨੂ ਨੇ ਹੱਸਦਿਆਂ ਕਿਹਾ—

"ਉਏ ਛੇਤੀ ਕਰ, ਉੱਠ ਖੜ੍ਹਾ ਹੋ ਬੱਬਰ ਸ਼ੇਰਾ। ਆਪਾਂ ਜਾ ਕੇ ਮਖਿਆਲ ਚੋ ਕੇ ਖਾਣੈ।" ਪਰ ਸ਼ੈਲੂ ਸ਼ਰਾਰਤਾਂ ਤੋਂ ਤੋਬਾ ਕਰਦਾ ਨਾਨੂ ਨੂੰ ਮੁਖ਼ਾਤਬ ਹੋਇਆ—

"ਨਾਨੂ, ਜੋ ਆਪਣੇ ਵੱਡਿਆਂ ਦੀ ਆਗਿਆ ਦਾ ਪਾਲਣ ਨਹੀਂ ਕਰਦੇ, ਉਨ੍ਹਾਂ ਦਾ ਮੇਰੇ ਵਰਗਾ ਹੀ ਹਾਲ ਹੁੰਦੈ।"

## ਨਸੀਹਤ

*—ਪਰਮਜੀਤ ਸਿੰਘ ਮਿੱਟੂ*

ਰਵੀ ਪੰਜਵੀਂ ਜਮਾਤ ਦਾ ਵਿਦਿਆਰਥੀ ਸੀ। ਉਹ ਪੜ੍ਹਨ ਵਿਚ ਕਾਫ਼ੀ ਹੁਸ਼ਿਆਰ ਸੀ। ਸਾਰੀਆਂ ਜਮਾਤਾਂ ਵਿਚੋਂ ਉਹ ਪਹਿਲੇ ਨੰਬਰ ਤੇ ਹੀ ਆਉਂਦਾ ਰਿਹਾ ਸੀ। ਸਕੂਲ ਤੋਂ ਜਾ ਕੇ ਉਹ ਥੋੜ੍ਹਾ ਚਿਰ ਖੇਡਦਾ ਅਤੇ ਫਿਰ ਪੜ੍ਹਦਾ ਰਹਿੰਦਾ। ਜੇਕਰ ਮੰਮੀ ਕਿਸੇ ਕੰਮ ਨੂੰ ਕਹਿੰਦੇ ਤਾਂ ਉਹ ਝੱਟ ਜੁਆਬ ਦੇ ਦਿੰਦਾ, "ਦੇਖੋ ਮੰਮੀ ਮੈਂ ਪੜ੍ਹ ਰਿਹਾ ਹਾਂ, ਪੜ੍ਹਨਾ ਹੀ ਮੇਰਾ ਕੰਮ ਹੈ। ਇਹ ਸਭ ਤੁਹਾਡੇ ਕੰਮ ਹਨ, ਤੁਸੀਂ ਆਪ ਦੇਖੋ।" ਮੰਮੀ ਕਈ ਵਾਰ ਇਹੀ ਸੋਚ ਕੇ ਚੁੱਪ ਕਰ ਜਾਂਦੇ ਕਿ ਚਲੋ ਪੜ੍ਹਦਾ ਹੀ ਹੈ। ਫਿਰ ਵੀ ਉਹ ਰਵੀ ਨੂੰ ਬਹੁਤ ਸਮਝਾਉਂਦੇ ਕਿ ਬੇਟੇ ਪੜ੍ਹਾਈ ਦੇ ਨਾਲ-ਨਾਲ ਆਪਣੇ ਕੰਮ ਆਪ ਕਰਨਾ ਵੀ ਜ਼ਰੂਰੀ ਹੈ। ਇਸ ਨਾਲ ਹੱਥੀਂ ਕੰਮ ਕਰਨ ਦੀ ਜਾਚ ਆਉਂਦੀ ਹੈ। ਇਸ ਨਾਲ ਬੰਦਾ ਕਦੇ ਵੀ ਔਖਾ ਨਹੀਂ ਹੁੰਦਾ। ਪਰੰਤੂ ਰਵੀ ਇਸ ਗੱਲ ਤੇ ਬਿਲਕੁਲ ਵੀ

ਧਿਆਨ ਨਾ ਦਿੰਦਾ। ਸਕੂਲੋਂ ਆ ਕੇ ਉਹ ਆਪਣੇ ਕੱਪੜੇ ਵਗਾਹ ਕੇ ਮਾਰਦਾ। ਬੂਟ ਕਿਤੇ ਹੋਰ ਹੁੰਦੇ ਤੇ ਜੁਰਾਬਾਂ ਕਿਤੇ ਹੋਰ। ਉਸਦਾ ਸਾਰਾ ਕਮਰਾ ਫਾਲਤੂ ਚੀਜ਼ਾਂ ਨਾਲ ਭਰਿਆ ਰਹਿੰਦਾ। ਉਸਦਾ ਸਾਰਾ ਸਮਾਨ ਮੰਮੀ ਹੀ ਸਮੇਟਦੇ। ਇਸ ਸਾਲ ਤਾਂ ਰਵੀ ਕੁਝ ਜ਼ਿਆਦਾ ਹੀ ਪੜ੍ਹਾਈ ਵਿਚ ਰੁੱਝਾ ਹੋਇਆ ਸੀ ਕਿਉਂਕਿ ਉਸਨੇ ਨਵੋਦਿਆ ਵਿਦਿਆਲਾ ਦੀ ਪ੍ਰੀਖਿਆ ਪਾਸ ਕਰਨੀ ਸੀ। ਉਸਦੀ ਮਿਹਨਤ ਰੰਗ ਲਿਆਈ ਤੇ ਉਸਦਾ ਦਾਖਲਾ ਨਵੋਦਿਆ ਵਿਦਿਆਲਾ ਵਿਚ ਹੋ ਗਿਆ। ਉਹ ਬੜੇ ਚਾਈਂ-ਚਾਈਂ ਹੋਸਟਲ ਜਾਣ ਲਈ ਤਿਆਰ ਹੋ ਗਿਆ। ਹੋਸਟਲ ਵਿਚ ਉਸਨੇ ਵਿੱਕੀ ਦੇ ਨਾਲ ਇਕ ਕਮਰੇ ਵਿਚ ਹੀ ਰਹਿਣਾ ਸੀ। ਉੱਥੇ ਜਾ ਕੇ ਵੀ ਰਵੀ ਦੀ ਖਿਲਾਰਾ ਪਾਉਣ ਦੀ ਆਦਤ ਨਾ ਗਈ। ਜਦੋਂ ਕਿ ਵਿੱਕੀ ਬਹੁਤ ਹੀ ਸਲੀਕੇ ਵਾਲਾ ਮੁੰਡਾ ਸੀ। ਉਹ ਆਪਣੇ ਕੱਪੜੇ ਹਮੇਸ਼ਾ ਥਾਂ ਸਿਰ ਰੱਖਦਾ ਅਤੇ ਕਮਰੇ ਨੂੰ ਸਾਫ ਰੱਖਦਾ ਪਰ ਕੁਝ ਸਮੇਂ ਮਗਰੋਂ ਉੱਥੇ ਫਿਰ ਖਿਲਾਰਾ ਪੈ ਜਾਂਦਾ। ਵਿੱਕੀ ਨੂੰ ਰਵੀ ਦੀ ਇਹ ਆਦਤ ਬਿਲਕੁਲ ਵੀ ਪਸੰਦ ਨਹੀਂ ਸੀ ਪਰੰਤੂ ਉਹ ਕਹਿੰਦਾ ਕੁਝ ਵੀ ਨਹੀਂ ਸੀ। ਥੋੜ੍ਹੇ ਦਿਨਾਂ ਵਿਚ ਹੀ ਰਵੀ ਨੂੰ ਨਾਨੀ ਚੇਤੇ ਆ ਗਈ ਸੀ। ਉੱਥੇ ਸਾਰਾ ਕੰਮ ਆਪ ਹੀ ਕਰਨਾ ਪੈਂਦਾ ਸੀ। ਆਪਣੇ ਕੱਪੜੇ ਧੋਣਾ, ਉਹਨਾਂ ਨੂੰ ਸਾਂਭਣਾ, ਬਰਤਨ ਸਾਫ਼ ਕਰਨਾ ਅਤੇ ਆਪਣੇ ਬੂਟ-ਚੱਪਲਾਂ ਆਦਿ ਸਾਂਭਣਾ। ਰਵੀ ਨੇ ਕਦੇ ਵੀ ਅਜਿਹੇ ਕੰਮ ਨਹੀਂ ਕੀਤੇ ਸਨ। ਦੋ-ਚਾਰ ਦਿਨ ਤਾਂ ਉਹ ਮੈਲੀ ਵਰਦੀ ਪਾ ਕੇ ਹੀ ਜਮਾਤ ਵਿਚ ਜਾਂਦਾ ਰਿਹਾ। ਇਕ ਦਿਨ ਅਧਿਆਪਕ ਨੇ ਉਸਨੂੰ ਕਹਿ ਹੀ ਦਿੱਤਾ, "ਰਵੀ ਤੇਰੀ ਵਰਦੀ ਬਹੁਤ ਗੰਦੀ ਹੈ, ਤੂੰ ਇਸਨੂੰ ਧੋਂਦਾ ਕਿਉਂ ਨਹੀਂ ?" ਰਵੀ ਬਹੁਤ ਸ਼ਰਮਿੰਦਾ ਹੋਇਆ। ਸ਼ਾਮ ਨੂੰ ਉਸਨੇ ਆਪਣੀ ਵਰਦੀ ਨੂੰ ਧੋਣਾ ਸ਼ੁਰੂ ਕਰ ਦਿੱਤਾ। ਉਸਨੂੰ ਕਿੰਨਾ ਹੀ ਟਾਈਮ ਇਸੇ ਕੰਮ ਤੇ ਲੱਗ ਗਿਆ। ਏਨੇ ਨੂੰ ਖੇਡਣ ਜਾਣ ਦਾ ਸਮਾਂ ਹੋ ਗਿਆ। ਜਦੋਂ ਉਹ ਖੇਡ ਕੇ ਆਏ ਤਾਂ ਰਾਤ ਦੇ ਖਾਣੇ ਦਾ ਵਕਤ ਹੋ ਚੁੱਕਾ ਸੀ। ਉਹ ਜਲਦੀ ਨਾਲ ਆਪਣੇ ਬਰਤਨ ਲੈਣ ਗਿਆ ਪਰ ਵੇਖਿਆ ਕਿ ਉਸਦੇ ਬਰਤਨ ਤਾਂ ਦੁਪਹਿਰ ਦੇ ਧੋਣ ਵਾਲੇ ਹੀ ਪਏ ਸਨ। ਉਸਨੇ ਜਲਦੀ ਨਾਲ ਆਪਣੇ ਬਰਤਨ ਸਾਫ਼ ਕੀਤੇ ਅਤੇ ਜਾ ਕੇ ਖਾਣਾ ਖਾਧਾ। ਸਵੇਰੇ ਰੋਜ਼ਾਨਾ ਦੀ ਤਰ੍ਹਾਂ ਉਸਨੇ ਉੱਠ ਕੇ ਤਿਆਰ ਹੋਣਾ ਸ਼ੁਰੂ ਕਰ ਦਿੱਤਾ। ਜਮਾਤ ਵਿਚ ਜਾਣ ਦਾ ਸਮਾਂ ਹੋ ਚੁੱਕਾ ਸੀ ਪਰ ਉਸਦਾ ਇਕ ਬੂਟ ਕਿਧਰੇ ਵੀ ਲੱਭ ਨਹੀਂ ਸੀ ਰਿਹਾ। ਫਿਰ ਵਿੱਕੀ ਨੇ ਉਸਨੂੰ ਆਪਣੇ ਵਾਧੂ ਬੂਟ ਦਿੱਤੇ ਤਾਂ ਕਿਤੇ ਜਾ ਕੇ ਉਹ ਸਮੇਂ ਸਿਰ ਜਮਾਤ ਵਿਚ ਪਹੁੰਚ ਸਕਿਆ ਪਰ ਅੱਜ ਸਾਰਾ ਦਿਨ ਉਸਦਾ ਧਿਆਨ ਪੜ੍ਹਾਈ ਵਿਚ ਨਾ ਲੱਗਾ। ਉਹ ਆਪਣੇ ਤੇ ਵਿੱਕੀ ਵਿਚਲੇ ਫਰਕ ਬਾਰੇ ਸੋਚ ਰਿਹਾ ਸੀ। ਉਸਨੂੰ ਮੰਮੀ ਦੀਆਂ ਗੱਲਾਂ ਵੀ ਚੇਤੇ ਆ ਗਈਆਂ ਸਨ ਜਿਹੜੇ ਹਮੇਸ਼ਾ ਆਪਣਾ ਕੰਮ ਆਪ ਕਰਨ ਦੀ ਨਸੀਹਤ ਦਿੰਦੇ ਸਨ। ਜੇਕਰ ਉਸਨੇ ਆਪਣੇ ਕੰਮ ਆਪ ਕਰਨ ਦੀ ਜਾਚ ਸਿੱਖੀ ਹੁੰਦੀ ਤਾਂ ਉਹ ਐਨਾ ਔਖਾ ਨਾ ਹੁੰਦਾ। ਅੱਜ ਉਸਨੇ ਆਪਣੇ ਆਪ ਨੂੰ ਸੁਧਾਰਨ ਦਾ ਨਿਸ਼ਚਾ ਕਰ ਲਿਆ ਸੀ।

# ਤਿਤਲੀਆਂ

*—ਪਰਮਜੀਤ ਸਿੰਘ ਮਿੱਟੂ*

ਅੰਮ੍ਰਿਤ ਚੌਥੀ ਜਮਾਤ ਦਾ ਵਿਦਿਆਰਥੀ ਸੀ। ਹੋਰ ਬੱਚਿਆਂ ਦੀ ਤਰ੍ਹਾਂ ਉਸਨੂੰ ਵੀ ਖੇਡਣਾ ਬਹੁਤ ਪਸੰਦ ਸੀ। ਅੱਧੀ ਛੁੱਟੀ ਜਾਂ ਹੋਰ ਵਿਹਲੇ ਸਮੇਂ ਵਿਚ ਉਹ ਵੀ ਆਪਣੇ ਹਾਣੀਆਂ ਨਾਲ ਮਸਤੀ ਕਰਦਾ। ਉਸਨੂੰ ਸਭ ਤੋਂ ਜ਼ਿਆਦਾ ਪਸੰਦ ਸੀ ਫੁੱਲਾਂ ਉੱਤੇ ਤਿਤਲੀਆਂ ਨੂੰ ਉੱਡਦੇ ਵੇਖਣਾ। ਉਹ ਬਹੁਤ ਵਾਰੀ ਅੱਧੀ ਛੁੱਟੀ ਨੂੰ ਆਪਣੇ ਸਾਥੀਆਂ ਨਾਲ ਮਿਲ ਕੇ ਸਕੂਲ ਦੇ ਗਰਾਊਂਡ ਵਿਚ ਚਲਾ ਜਾਂਦਾ ਜਿੱਥੇ ਕਿ ਫੁੱਲਾਂ ਦੀਆਂ ਕਿਆਰੀਆਂ ਉੱਤੇ ਤਿਤਲੀਆਂ ਮੰਡਰਾਉਂਦੀਆਂ ਸਨ। ਇਹ ਨਜ਼ਾਰਾ ਅੰਮ੍ਰਿਤ ਨੂੰ ਬਹੁਤ ਹੀ ਆਨੰਦ ਦਿੰਦਾ। ਉਸਨੂੰ ਲੱਗਦਾ ਕਿ ਜਿਵੇਂ ਤਿਤਲੀਆਂ ਉਸਦੀਆਂ ਦੋਸਤ ਹੋਣ ਤੇ ਉਹ ਉਸਨੂੰ ਹੀ ਮਿਲਣ ਇਹਨਾਂ ਫੁੱਲਾਂ ਉੱਤੇ ਆਉਂਦੀਆਂ ਹੋਣ। ਇਕ ਦਿਨ ਜਦੋਂ ਉਹ ਫੁੱਲਾਂ ਦੀਆਂ ਕਿਆਰੀਆਂ ਵੱਲ ਗਿਆ ਤਾਂ ਕੀ ਵੇਖਦਾ ਹੈ ਕਿ ਕਿਸੇ ਸ਼ਰਾਰਤੀ ਬੱਚੇ ਨੇ ਸਾਰੇ ਫੁੱਲ ਮਸਲ ਦਿੱਤੇ ਸਨ। ਸਾਰੀਆਂ ਕਿਆਰੀਆਂ ਰੁੰਡ-ਮਰੁੰਡ ਹੋਈਆਂ ਪਈਆਂ ਸਨ। ਉਸ ਦਿਨ ਵੀ ਤਿਤਲੀਆਂ ਆਈਆਂ ਪਰ ਉਹ ਉੱਥੇ ਰਤਾ ਵੀ ਨਾ ਠਹਿਰੀਆਂ ਅਤੇ ਚਲੀਆਂ ਗਈਆਂ। ਅੰਮ੍ਰਿਤ ਨੂੰ ਇਹ ਗੱਲ ਬਿਲਕੁਲ ਵੀ ਚੰਗੀ ਨਾ ਲੱਗੀ। ਉਹ ਸਾਰਾ ਦਿਨ ਹੀ ਉਦਾਸ ਰਿਹਾ। ਘਰ ਜਾ ਕੇ ਵੀ ਉਹ ਫੁੱਲਾਂ ਅਤੇ ਤਿਤਲੀਆਂ ਬਾਰੇ ਸੋਚਦਾ ਰਿਹਾ। ਜਦੋਂ ਮੰਮੀ ਨੇ ਉਸਦੀ ਉਦਾਸੀ ਦਾ ਕਾਰਣ ਪੁੱਛਿਆ ਤਾਂ ਉਸਨੇ ਸਾਰੀ ਗੱਲ ਦੱਸ ਦਿੱਤੀ। ਉਸਨੇ ਮੰਮੀ ਨੂੰ ਦੱਸਿਆ ਕਿ ਰੰਗ-ਬਿਰੰਗੀਆਂ ਤਿਤਲੀਆਂ ਅਤੇ ਉਹ ਫੁੱਲ ਜਿਵੇਂ ਸਕੂਲ ਦੀ ਰੌਣਕ ਸਨ। ਉਹਨਾਂ ਤੋਂ ਬਿਨਾਂ ਉਸ ਦਾ ਸਕੂਲ ਵਿਚ ਮਨ ਨਹੀਂ ਲੱਗੇਗਾ। ਮੰਮੀ ਨੇ ਉਸਨੂੰ ਸਮਝਾਇਆ ਕਿ ਬੇਟਾ ਫੁੱਲ-ਬੂਟੇ ਅਤੇ ਜੀਵ-ਜੰਤੂ ਸਭ ਕੁਦਰਤ ਦੀ ਦੇਣ ਹਨ। ਇਹ ਸਾਡੇ ਸੰਸਾਰ ਨੂੰ ਹੋਰ ਰੰਗਲਾ ਬਣਾਉਂਦੇ ਹਨ ਪਰ ਤੂੰ ਉਦਾਸ ਨਾ ਹੋ, ਉਹੀ ਰੌਣਕ ਸਕੂਲ ਵਿਚ ਦੁਬਾਰਾ ਵੀ ਤਾਂ ਲਿਆਂਦੀ ਜਾ ਸਕਦੀ ਹੈ। ਬਸ ਥੋੜ੍ਹੀ ਜਿਹੀ ਮਿਹਨਤ ਦੀ ਲੋੜ ਹੈ।

ਅੰਮ੍ਰਿਤ ਸਾਰੀ ਗੱਲ ਸਮਝ ਗਿਆ। ਉਸਨੇ ਕੋਸ਼ਿਸ਼ ਕਰਕੇ ਕਈ ਤਰ੍ਹਾਂ ਦੇ ਫੁੱਲਾਂ ਦੇ ਬੂਟਿਆਂ ਦਾ ਪ੍ਰਬੰਧ ਕਰ ਲਿਆ। ਸਕੂਲ ਪਹੁੰਚ ਕੇ ਸਾਥੀਆਂ ਨਾਲ ਮਿਲ ਕੇ ਉਸਨੇ ਗਰਾਊਂਡ ਦੇ ਇਕ ਪਾਸੇ ਕੁਝ ਕੁ ਜਗ੍ਹਾ ਗੁਡਾਈ ਕੀਤੀ ਅਤੇ ਬੂਟਿਆਂ ਨੂੰ ਤਰਤੀਬਵਾਰ ਲਗਾਇਆ। ਉਸ ਸਾਰੀ ਥਾਂ ਨੂੰ ਉਸਨੇ ਛੋਟੇ ਪਾਰਕ ਦਾ ਰੂਪ ਦੇ ਦਿੱਤਾ। ਉਹ ਅਤੇ ਉਸਦੇ ਸਾਥੀ ਹਰ ਰੋਜ਼ ਬੂਟਿਆਂ ਨੂੰ ਪਾਣੀ ਪਾਉਂਦੇ, ਗੁਡਾਈ ਕਰਦੇ ਅਤੇ ਕਦੇ-ਕਦੇ ਦੇਸੀ ਖਾਦ ਵੀ ਪਾਉਂਦੇ। ਥੋੜ੍ਹੇ ਦਿਨਾਂ ਵਿਚ ਹੀ ਪਾਰਕ ਵਿਚ ਰੰਗ-ਬਿਰੰਗੇ ਫੁੱਲਾਂ ਦੀ ਛਹਿਬਰ ਲੱਗ ਗਈ। ਐਨੀਆਂ ਜ਼ਿਆਦਾ ਕਿਸਮਾਂ ਦੇ ਫੁੱਲ ਇਕੋ ਥਾਂ ਜਿਵੇਂ ਕੋਈ ਅਲੌਕਿਕ ਨਜ਼ਾਰਾ ਪੇਸ਼ ਕਰ ਰਹੇ ਸਨ। ਉੱਥੇ ਫਿਰ ਤਿਤਲੀਆਂ

ਆਉਣੀਆਂ ਸ਼ੁਰੂ ਹੋ ਗਈਆਂ। ਸਕੂਲ ਵਿਚ ਤਾਂ ਜਿਵੇਂ ਬਹਾਰ ਹੀ ਆ ਗਈ ਸੀ। ਇਹ ਨਜ਼ਾਰਾ ਹਰ ਵੇਖਣ ਵਾਲੇ ਦਾ ਮਨ ਮੋਂਹਦਾ ਸੀ। ਇਕ ਦਿਨ ਅਚਨਚੇਤ ਹੀ ਸਕੂਲ ਵਿਚ ਜ਼ਿਲ੍ਹੇ ਤੋਂ ਕੁਝ ਅਫ਼ਸਰ ਸਾਹਿਬਾਨ ਆ ਪਹੁੰਚੇ। ਉਹ ਸਕੂਲ ਦਾ ਨਜ਼ਾਰਾ ਵੇਖ ਕੇ ਦੰਗ ਰਹਿ ਗਏ। ਉਹਨਾਂ ਨੇ ਮੁੱਖ ਅਧਿਆਪਕ ਕੋਲ ਸਕੂਲ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਛੋਟੇ ਬੱਚਿਆਂ ਦੇ ਸਕੂਲ ਵਿਚ ਅਜਿਹਾ ਸੁੰਦਰ ਬਗੀਚਾ ਉਹਨਾਂ ਨੇ ਪਹਿਲਾਂ ਕਦੇ ਨਹੀਂ ਵੇਖਿਆ। ਮੁੱਖ ਅਧਿਆਪਕ ਜੀ ਨੇ ਉਹਨਾਂ ਨੂੰ ਅੰਮ੍ਰਿਤ ਬਾਰੇ ਦੱਸਿਆ ਕਿ ਇਹ ਸਭ ਉਸੇ ਦੀ ਮਿਹਨਤ ਦਾ ਨਤੀਜਾ ਹੈ। ਅਫ਼ਸਰ ਸਾਹਿਬਾਨ ਨੇ ਅੰਮ੍ਰਿਤ ਨੂੰ ਕੋਲ ਬੁਲਾ ਕੇ ਸ਼ਾਬਾਸ਼ ਦਿੱਤੀ ਅਤੇ ਬਗੀਚੇ ਤੇ ਬੱਚਿਆਂ ਦੀ ਫੋਟੋ ਖਿੱਚ ਲਈ। ਦੂਸਰੇ ਦਿਨ ਅੰਮ੍ਰਿਤ ਨੇ ਆਪਣੇ ਸੁੰਦਰ ਬਗੀਚੇ ਅਤੇ ਤਿਤਲੀਆਂ ਦੀ ਫੋਟੋ ਅਖ਼ਬਾਰ ਵਿਚ ਵੇਖੀ। ਨਾਲ ਹੀ ਛਪਿਆ ਹੋਇਆ ਸੀ "ਛੋਟੇ ਹੱਥਾਂ ਦਾ ਵੱਡਾ ਕਮਾਲ"। ਇਹ ਪੜ੍ਹ ਕੇ ਅੱਜ ਅੰਮ੍ਰਿਤ ਵੀ ਆਪਣੇ ਆਪ ਨੂੰ ਤਿਤਲੀਆਂ ਵਾਂਗ ਉੱਡਦਾ ਮਹਿਸੂਸ ਕਰ ਰਿਹਾ ਸੀ।

## ਲੇਖਾ ਜੋਖਾ

***—ਬਲਵਿੰਦਰ ਸਿੰਘ ਮਕੋੜਨਾ***

ਹਰਜੀਤ ਦੇ ਦਾਦਾ ਜੀ ਅਖਬਾਰ ਪੜ੍ਹਨ ਵਿਚ ਮਗਨ ਸਨ। ਉਨ੍ਹਾਂ ਦੇ ਕੋਲ ਆਉਂਦੇ ਹੀ ਹਰਜੀਤ ਬੋਲਿਆ, 'ਦਾਦਾ ਜੀ ਕੀ ਗੱਲ ਅੱਜ ਅਖ਼ਬਾਰ ਬੜੇ ਗਹੁ ਨਾਲ ਤੇ ਕਾਫ਼ੀ ਸਮੇਂ ਤੋਂ ਪੜ੍ਹ ਰਹੇ ਹੋ, ਕੀ ਗੱਲ ਕੋਈ ਖਾਸ ਖ਼ਬਰ ਆਈ ਏ ?' ਦਾਦਾ ਜੀ ਅਖ਼ਬਾਰ ਤੋਂ ਧਿਆਨ ਹਟਾ ਕੇ ਉਸ ਵੱਲ ਤੱਕਦੇ ਬੋਲੇ, 'ਬੱਲਿਆ, ਖ਼ਬਰ ਤਾਂ ਹਰ ਰੋਜ਼ ਹੀ ਕੋਈ ਨਾ ਕੋਈ ਖਾਸ ਹੁੰਦੀ ਹੈ ਪਰ ਨਵੇਂ ਵਰ੍ਹੇ ਦੇ ਆਉਣ ਕਾਰਨ ਅਖ਼ਬਾਰ ਵਾਲੇ ਸਾਲ ਭਰ ਦੀਆਂ ਸੁਰਖੀਆਂ ਦਾ ਲੇਖਾ-ਜੋਖਾ ਕਰ ਰਹੇ ਹਨ ਤੇ ਨਾਲ ਹੀ ਸਬੰਧਤ ਤਸਵੀਰਾਂ ਵੀ ਛਾਪ ਰਹੇ ਹਨ ਜੋ ਕਿ ਮੈਂ ਚੰਗੀ ਤਰ੍ਹਾਂ ਦੇਖ ਰਿਹਾ ਸਾਂ।' 'ਦਾਦਾ ਜੀ ਇਹ ਅਖ਼ਬਾਰ ਵਾਲੇ ਅਤੇ ਟੈਲੀਵੀਜ਼ਨ ਵਾਲੇ ਭਲਾ ਹਰ ਸਾਲ ਹੀ ਤਾਂ ਅਜਿਹਾ ਕਰਦੇ ਨੇ ਪਰ ਕਿਉਂ ?' ਹਰਜੀਤ ਨੇ ਸਵਾਲੀਆ ਨਜ਼ਰਾਂ ਨਾਲ ਆਪਣੇ ਦਾਦਾ ਜੀ ਵੱਲ ਤੱਕਦੇ ਹੋਏ ਪੁੱਛਿਆ। ਦਾਦਾ ਜੀ ਮੁਸਕਰਾਉਂਦੇ ਹੋਏ ਬੋਲੇ, 'ਬੱਲਿਆ ਇਹ ਅਖ਼ਬਾਰ ਵਾਲੇ ਸਾਲ ਭਰ ਦੀਆਂ ਯਾਦਾਂ ਨੂੰ ਤਾਜ਼ਾ ਕਰਾਉਂਦੇ ਹਨ ਅਤੇ ਇਨ੍ਹਾਂ ਯਾਦਾਂ ਵਿਚ ਕੁਝ ਮਿੱਠੀਆਂ ਹੁੰਦੀਆਂ ਹਨ ਤੇ ਕੁਝ ਕੌੜੀਆਂ ਵੀ।'

'ਹੈਂਅ ਭਲਾ, ਉਹ ਕਿਵੇਂ ਮਿੱਠੀਆਂ ਤੇ ਕੌੜੀਆਂ, ਹਰਜੀਤ ਨੇ ਇਕ ਵਾਰ ਫਿਰ ਦਾਦਾ ਜੀ ਦੇ ਵੱਲ ਸਵਾਲੀਆ ਨਜ਼ਰਾਂ ਨਾਲ ਤੱਕਦਿਆਂ ਪੁੱਛਿਆ। ਦਾਦਾ ਜੀ ਨੂੰ ਪਤਾ ਸੀ ਕਿ ਅੱਜ ਐਤਵਾਰ ਹੋਣ ਕਾਰਨ ਹਰਜੀਤ ਉਸ ਦੇ ਕੋਲ ਬਹਿ ਕੇ ਸਵਾਲ

ਜਵਾਬ ਕਰੇਗਾ ਇਸ ਕਰਕੇ ਉਹ ਆਪਣੇ ਮੰਜੇ 'ਤੇ ਉਸ ਨੂੰ ਚੰਗੀ ਤਰ੍ਹਾਂ ਬੈਠਣ ਦਾ ਇਸ਼ਾਰਾ ਕਰਨ ਦੇ ਨਾਲ ਬੋਲੇ, 'ਬੱਲਿਆ ਆਹ ਦੇਖ ਕੁਝ ਤਸਵੀਰਾਂ 'ਤੇ ਖ਼ੁਸ਼ੀ ਦੇ ਪਲ ਦਿਖਾਏ ਗਏ ਨੇ ਜਿਵੇਂ ਕਿ ਆਪਣੇ ਦੇਸ਼ ਦੇ ਖਿਡਾਰੀਆਂ ਦੁਆਰਾ ਮਾਰੀਆਂ ਮੱਲ੍ਹਾਂ ਨੇ ਅਤੇ ਕੁਝ ਵਿਚ ਹਾਦਸਿਆਂ ਵਿਚ ਜਾਂ ਮਹਾਨ ਵਿਅਕਤੀਆਂ ਦੇ ਅਕਾਲ ਚਲਾਣੇ ਦੀਆਂ ਤਸਵੀਰਾਂ ਦੁਖਦਾਈ ਘਟਨਾਵਾਂ ਨੂੰ ਬਿਆਨ ਰਹੀਆਂ ਹਨ।' ਹਰਜੀਤ ਦੇ ਹੁਣ ਸਾਰੀ ਗੱਲ ਸਮਝ ਆ ਚੁੱਕੀ ਸੀ। ਉਹ ਬੋਲਿਆ, 'ਦਾਦਾ ਜੀ ਤਾਹੀਓਂ ਕਹਿੰਦੇ ਨੇ ਅਖ਼ਬਾਰ ਗਿਆਨ ਦਾ ਭੰਡਾਰ ਹੁੰਦੇ ਨੇ।' ਦਾਦਾ ਜੀ ਨੇ ਹਾਂ ਵਿਚ ਹਾਂ ਮਿਲਾਈ।

ਹਰਜੀਤ ਅਜੇ ਅਖ਼ਬਾਰ ਵਿਚ ਛਪੀਆਂ ਹੋਰ ਤਸਵੀਰਾਂ ਨੂੰ ਦੇਖ ਹੀ ਰਿਹਾ ਸੀ ਕਿ ਦਾਦਾ ਜੀ ਨੇ ਆਪਣਾ ਪ੍ਰਸ਼ਨ ਕਰਦੇ ਹੋਏ ਕਿਹਾ, 'ਬੱਲਿਆ ਐਂ ਦੱਸ ਬਈ ਅੱਜ ਤੇਰੇ ਪ੍ਰਸ਼ਨ ਮੁੱਕ ਗਏ ਜਾਂ ਹੋਰ ਵੀ ਨੇ ?' ਆਪਣੇ ਦਾਦਾ ਜੀ ਨੂੰ ਗਲਵਕੜੀ ਪਾ ਉਹ ਕਹਿਣ ਲੱਗਾ, 'ਕੀ ਗੱਲ ਦਾਦਾ ਜੀ, ਅੱਜ ਥੱਕ ਗਏ, ਅਖ਼ਬਾਰ ਦੀ ਤਰ੍ਹਾਂ ਤੁਸੀਂ ਵੀ ਤਾਂ ਗਿਆਨ ਦਾ ਭੰਡਾਰ ਹੋ, ਮੈਂ ਬਹੁਤ ਸਾਰੀਆਂ ਗਿਆਨ ਵਾਲੀਆਂ ਗੱਲਾਂ ਤੁਹਾਡੇ ਕੋਲੋਂ ਹੀ ਤਾਂ ਸਿੱਖੀਆਂ ਨੇ।' ਦਾਦਾ ਜੀ ਮੁਸਕਰਾ ਪਏ ਅਤੇ ਕਹਿਣ ਲੱਗੇ, 'ਬੱਲਿਆ ਉਹ ਤਾਂ ਤੇਰੀ ਗੱਲ ਠੀਕ ਏ, ਪਰ ਅੱਜ ਮੈਨੂੰ ਵੀ ਕੁਝ ਸਵਾਲ ਪੁੱਛਣ ਦੀ ਇਜਾਜ਼ਤ ਮਿਲੇਗੀ ਕਿ ਨਹੀਂ ?' ਹਰਜੀਤ ਜਾਣਦਾ ਸੀ ਕਿ ਦਾਦਾ ਜੀ ਜਦੋਂ ਵੀ ਕੋਈ ਕਹਾਣੀ ਜਾਂ ਹੋਰ ਮਹੱਤਵਪੂਰਨ ਗੱਲ ਦਸਦੇ ਹਨ ਤਾਂ ਬਾਅਦ ਵਿਚ ਕੁਝ ਪ੍ਰਸ਼ਨ ਵੀ ਕਰ ਲੈਂਦੇ ਸਨ ਤਾਂ ਕਿ ਕੀਤੀਆਂ ਗਈਆਂ ਗੱਲਾਂ ਉਸ ਦੇ ਚੰਗੀ ਤਰ੍ਹਾਂ ਯਾਦ ਰਹਿਣ।

ਹਰਜੀਤ ਨੇ ਜਿਉਂ ਹੀ ਹਾਂ ਕੀਤੀ ਤਾਂ ਦਾਦਾ ਜੀ ਬੜੇ ਹੀ ਪਿਆਰ ਨਾਲ ਕਹਿਣ ਲੱਗੇ, 'ਅਖ਼ਬਾਰ ਜਾਂ ਟੈਲੀਵੀਜ਼ਨ ਦੀ ਤਰ੍ਹਾਂ ਸਾਨੂੰ ਵੀ ਆਪਣੇ ਸਾਲ ਦਾ ਲੇਖਾ-ਜੋਖਾ ਕਰ ਲੈਣਾ ਚਾਹੀਦਾ ਹੈ ਫਿਰ ਕੀ ਤੂੰ ਕਰ ਲਿਆ ਲੇਖਾ-ਜੋਖਾ ?' ਦਾਦਾ ਜੀ ਦੀ ਇਹ ਗੱਲ ਉਸਨੂੰ ਇਕ ਬੁਝਾਰਤ ਵਾਂਗ ਲੱਗੀ। ਉਹ ਹੱਸ ਕੇ ਕਹਿਣ ਲੱਗਾ, 'ਦਾਦਾ ਜੀ, ਮੈਂ ਕਿਹੜਾ ਕੋਈ ਅਖ਼ਬਾਰ ਹਾਂ ਜੋ ਆਪਣੇ ਸਾਲ ਦਾ ਲੇਖਾ-ਜੋਖਾ ਛਾਪਾਂ।' ਦਾਦਾ ਜੀ ਉਸਦਾ ਸਵਾਲ ਸੁਣ ਕੇ ਮੁਸਕਰਾ ਪਏ ਤੇ ਫਿਰ ਪਿਆਰ ਨਾਲ ਕਹਿਣ ਲੱਗੇ, 'ਬੱਲਿਆ, ਇਹ ਜ਼ਰੂਰੀ ਨਹੀਂ ਕਿ ਸਿਰਫ਼ ਅਖ਼ਬਾਰ ਜਾਂ ਟੈਲੀਵੀਜ਼ਨ ਹੀ ਲੇਖਾ-ਜੋਖਾ ਦੱਸਣ। ਇਨਸਾਨ ਨੂੰ ਆਪਣੇ ਸਾਲ ਭਰ ਦੇ ਕਾਰਜਾਂ ਦਾ ਲੇਖਾ-ਜੋਖਾ ਖ਼ੁਦ ਵੀ ਕਰਨਾ ਚਾਹੀਦਾ ਹੈ ਤਾਂ ਕਿ ਅਗਲੇ ਸਾਲ ਵਿਚ ਪਿਛਲੇ ਸਾਲ ਦੀਆਂ ਰਹਿ ਗਈਆਂ ਕਮੀਆਂ ਤੋਂ ਸੇਧ ਲੈ ਕੇ ਉਨ੍ਹਾਂ ਨੂੰ ਦੂਰ ਕਰਕੇ ਤਰੱਕੀ ਪ੍ਰਾਪਤ ਕੀਤੀ ਜਾਵੇ।' ਹਰਜੀਤ ਦਾਦਾ ਜੀ ਦੀਆਂ ਗੱਲਾਂ ਬਹੁਤ ਧਿਆਨ ਨਾਲ ਸੁਣ ਰਿਹਾ ਸੀ। 'ਚੱਲ ਅੱਛਾ, ਇਹ ਦੱਸ ਕਿ ਤੇਰੇ ਤਿਮਾਹੀ ਤੇ ਛਿਮਾਹੀ ਇਮਤਿਹਾਨ ਕਿਸ ਤਰ੍ਹਾਂ ਦੇ ਹੋਏ ਸਨ ?' ਹਰਜੀਤ ਝੱਟ ਕਹਿਣ ਲੱਗਾ, 'ਦਾਦਾ ਜੀ ਤਿਮਾਹੀ ਵਿਚ ਮੈਨੂੰ ਕੁਝ ਘੱਟ ਅੰਕ ਪ੍ਰਾਪਤ ਹੋਏ ਸਨ ਤੇ ਛਿਮਾਹੀ ਵਿਚ ਚੰਗੇ ਅੰਕ ਸਨ।' ਦਾਦਾ ਜੀ ਉਸਦੇ

ਜਵਾਬ ਨੂੰ ਸੁਣ ਕੇ ਬੋਲੇ, 'ਅੱਛਾ ਫਿਰ ਬੱਲਿਆ ਇਹ ਦੱਸ ਕਿ ਕਿਸ ਦਰਜੇ ਵਿਚ ਪਾਸ ਹੋਇਆ ਸੀ ਤੂੰ ਛਿਮਾਹੀ ਵਾਲੇ ਇਮਤਿਹਾਨਾਂ ਵਿਚ ?'

ਹਰਜੀਤ ਨੂੰ ਦਾਦਾ ਜੀ ਦੇ ਲੇਖੇ-ਜੋਖੇ ਵਾਲੀ ਗੱਲ ਹੁਣ ਸਮਝ ਆ ਰਹੀ ਸੀ। ਉਹ ਕਹਿਣ ਲੱਗਾ, 'ਵਾਹ ਦਾਦਾ ਜੀ ਵਾਹ, ਤੁਸੀਂ ਤਾਂ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ। ਹੁਣ ਮੈਂ ਸਮਝ ਚੁੱਕਾ ਹਾਂ ਕਿ ਨਵਾਂ ਸਾਲ ਸਿਰਫ਼ ਵਧਾਈਆਂ ਦੇਣ ਜਾਂ ਵਧਾਈ ਸੰਦੇਸ਼ ਭੇਜਣ ਲਈ ਹੀ ਨਹੀਂ ਹੁੰਦਾ ਸਗੋਂ ਇਹ ਤਾਂ ਸਾਨੂੰ ਆਪਣੀਆਂ ਸਾਲ ਭਰ ਦੀਆਂ ਕਮੀਆਂ ਅਤੇ ਅਸਫ਼ਲਤਾਵਾਂ ਨੂੰ ਦੂਰ ਕਰਨ ਅਤੇ ਅਗਲੇ ਸਾਲ ਤੋਂ ਪਹਿਲਾਂ ਇਨ੍ਹਾਂ ਤੋਂ ਸਬਕ ਲੈ ਕੇ ਚੰਗਾ ਬਣਨ ਲਈ ਵੀ ਪ੍ਰੇਰਿਤ ਕਰਦਾ ਹੈ।' ਦਾਦਾ ਜੀ ਉਸਦੇ ਹੰਸੂ-ਹੰਸੂ ਕਰਦੇ ਚਿਹਰੇ ਵੱਲ ਤੱਕਦੇ ਬੋਲੇ, 'ਅੱਛਾ ਫਿਰ ਕਿਸ ਤਰ੍ਹਾਂ ਮਨਾਏਗਾ ਨਵਾਂ ਵਰ੍ਹਾਂ ਸਾਡਾ ਬੱਲਾ ?' ਉਹ ਝੱਟ ਕਹਿਣ ਲੱਗਾ, 'ਜੀ ਮੈਂ ਜੋ ਤਿਮਾਹੀ ਤੇ ਛਿਮਾਹੀ ਦੇ ਇਮਤਿਹਾਨਾਂ ਵਿਚ ਕਮੀ ਮਹਿਸੂਸ ਕੀਤੀ ਸੀ ਉਨ੍ਹਾਂ ਦੀ ਪੂਰਤੀ ਚੰਗੀ ਮਿਹਨਤ ਕਰਕੇ ਪਹਿਲੇ ਦਰਜੇ ਵਿਚ ਆ ਪੂਰੀ ਕਰਾਂਗਾ ਅਤੇ ਮੈਂ ਇਸ ਗੱਲ ਦਾ ਪ੍ਰਣ ਨਵੇਂ ਸਾਲ ਤੋਂ ਪਹਿਲਾਂ ਹੁਣ ਆਪ ਜੀ ਦੇ ਕੋਲ ਹੀ ਕਰਦਾ ਹਾਂ ਤੇ ਨਾਲ ਹੀ ਆਪਣੇ ਵਿਚ ਇਸ ਨਵੇਂ ਸਾਲ 'ਤੇ ਕੋਈ ਚੰਗੀ ਆਦਤ ਧਾਰਨ ਕਰਨ ਦਾ ਯਤਨ ਕਰਾਂਗਾ ਤਾਂ ਕਿ ਮੈਂ ਵੀ ਆਪਣੇ ਦਾਦਾ ਜੀ ਵਾਂਗ ਗਿਆਨ ਵਾਲਾ ਬਣ ਜਾਵਾਂ।' ਆਪਣੇ ਪੋਤੇ ਦੀਆਂ ਇਨ੍ਹਾਂ ਸੂਝਵਾਨ ਗੱਲਾਂ ਤੋਂ ਦਾਦਾ ਜੀ ਬਹੁਤ ਖੁਸ਼ ਹੋਏ। ਉਨ੍ਹਾਂ ਨੂੰ ਮਹਿਸੂਸ ਹੋ ਰਿਹਾ ਸੀ ਕਿ ਉਨ੍ਹਾਂ ਅੱਜ ਦੀ ਛੁੱਟੀ ਆਪਣੇ ਪੋਤੇ ਨੂੰ ਚੰਗੀ ਸਿੱਖਿਆ ਦਿੱਤੀ ਹੈ। ਹੁਣ ਹਰਜੀਤ ਆਪਣੇ ਦਾਦਾ ਜੀ ਨਾਲ ਹੋਈਆਂ ਗੱਲਾਂ ਨੂੰ ਆਪਣੀ ਕਾਪੀ ਤੇ ਨੋਟ ਕਰ ਨਵੇਂ ਸਾਲ 'ਤੇ ਸਕੂਲ ਵਿਚ ਬੋਲੇ ਜਾਣ ਵਾਲੇ ਭਾਸ਼ਣ ਦੀ ਤਿਆਰੀ ਵਿਚ ਜੁਟ ਗਿਆ ਸੀ।

## ਨੰਨ੍ਹੀ ਰੀਤੂ ਦੀ ਖੁਸ਼ੀ

*—ਬਲਵਿੰਦਰ ਸਿੰਘ ਮਕੋੜਨਾਂ*

ਰੀਤੂ ਦੇ ਘਰ ਜਦੋਂ ਵੀ ਨਿੱਕੀਆਂ ਚਿੜੀਆਂ ਚਹਿਚਹਾਉਂਦੀਆਂ ਤਾਂ ਉਹ ਖੁਸ਼ੀ ਨਾਲ ਖੀਵੀ ਹੋ ਜਾਂਦੀ। ਘਰ ਵਾਲੇ ਵੀ ਉਸਦੀ ਇਸ ਖੁਸ਼ੀ ਵਿਚੋਂ ਪੂਰੀ ਖੁਸ਼ੀ ਲੈਂਦੇ ਸਨ। ਉਸਦੀ ਦਾਦੀ ਮਾਂ ਪਿਆਰ ਨਾਲ ਆਖਦੇ, "ਇਸ ਨੰਨ੍ਹੀ ਦੀਆਂ ਤੋਤਲੀਆਂ ਗੱਲਾਂ ਉਸ ਸਮੇਂ ਤੱਕ ਨੇ ਜਦ ਤੱਕ ਇਹ ਸਕੂਲ ਨੀਂ ਜਾਂਦੀ, ਜਦੋਂ ਸਕੂਲ ਲੱਗ ਗਈ ਉਸ ਸਮੇਂ ਇਸਨੇ ਸਾਡੇ ਨਾਲੋਂ ਕੁਝ ਨਾਤਾ ਤੋੜ ਆਪਣਾ ਧਿਆਨ ਪੜ੍ਹਾਈ ਵੱਲ ਲਾ ਦੇਣਾ ਏ।" ਉਸਦੇ ਦਾਦੀ ਆਪ ਵੀ ਤੋਤਲੀ ਆਵਾਜ਼ ਵਿਚ ਬੋਲਦੇ ਤੇ ਬਹੁਤਾ ਸਮਾਂ ਰੀਤੂ ਨਾਲ ਹੱਸ ਖੇਡ ਕੇ ਬਿਤਾਉਂਦੇ।

ਦਾਦੀ ਜੀ ਨੂੰ ਇਸ ਗੱਲ ਦੀ ਬਹੁਤ ਖ਼ੁਸ਼ੀ ਹੁੰਦੀ ਕਿ ਘਰ ਵਿਚ ਉਸ ਦੇ ਹੱਥੋਂ ਲਗਾਏ ਗਏ ਰੁੱਖ ਦੇ ਬੂਟੇ ਤੇ ਆ ਰਹੀਆਂ ਚਿੜੀਆਂ ਅਤੇ ਹੋਰ ਪੰਛੀਆਂ ਕਾਰਨ ਨੰਨ੍ਹੀ ਗੀਤੂ ਫੁੱਲੀ ਨਹੀਂ ਸਮਾਉਂਦੀ ਅਤੇ ਰੁੱਖ ਦੇ ਪੱਤਿਆਂ ਅਤੇ ਉਸ ਤੇ ਆ ਰਹੇ ਪੰਛੀ ਉਸ ਨੂੰ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਖ਼ੁਸ਼ੀ ਪ੍ਰਦਾਨ ਕਰਦੇ ਹਨ। ਇਸੇ ਕਾਰਨ ਹੀ ਜਦੋਂ ਵੀ ਕੋਈ ਪੰਛੀ ਰੁੱਖ ਤੇ ਆ ਕੇ ਬਹਿੰਦਾ ਤਾਂ ਉਹ ਤੋਤਲੀ ਆਵਾਜ਼ ਵਿਚ ਕਹਿੰਦੀ, "ਦਾਅਦੀ-ਦਾਅਦੀ ਇਤ ਹੋਅ ਤਿੜੀ।"

ਗੀਤੂ ਦੇ ਪਿਤਾ ਜੀ ਨੇ ਦਫ਼ਤਰ ਤੋਂ ਛੁੱਟੀਆਂ ਲੈ ਲਈਆਂ ਸਨ। ਉਹ ਘਰ ਵਿਚ ਕੁਝ ਮੁਰੰਮਤ ਕਰਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਘਰ ਵਿਚ ਮੁਰੰਮਤ ਲਈ ਆਪਣੇ ਇਕ ਦੋਸਤ ਜੋ ਕਿ ਘਰਾਂ ਦੇ ਨਕਸ਼ੇ ਤਿਆਰ ਕਰਨ ਦਾ ਕੰਮ ਕਰਦਾ ਸੀ ਤੇ ਨਕਸ਼ਾ ਤਿਆਰ ਕਰਵਾਇਆ। ਤਿਆਰ ਕਰਵਾਏ ਨਕਸ਼ੇ ਵਿਚ ਉਸਦੇ ਦੋਸਤ ਵੱਲੋਂ ਘਰ ਵਿਚ ਲਗਾਏ ਰੁੱਖ ਨੂੰ ਪੁੱਟ ਕੇ ਉਸ ਥਾਂ ਅਤੇ ਨਾਲ ਲਗਦੀ ਹੋਰ ਥਾਂ ਵਿਚ ਇਕ ਕਮਰੇ ਦੀ ਹੋਂਦ ਬਾਰੇ ਸੁਝਾਅ ਦਿੱਤਾ ਗਿਆ ਸੀ। ਗੀਤੂ ਦੇ ਪਿਤਾ ਜੀ ਨੂੰ ਇਹ ਪ੍ਰਸਤਾਵ ਚੰਗਾ ਲੱਗਿਆ। ਘਰ ਵਿਚ ਜਦੋਂ ਵੀ ਕਿਸੇ ਤਰ੍ਹਾਂ ਦੇ ਕੰਮ ਦੀ ਸ਼ੁਰੂਆਤ ਕੀਤੀ ਜਾਂਦੀ ਤਾਂ ਬਜ਼ੁਰਗ ਦਾਦੀ ਤੋਂ ਜ਼ਰੂਰ ਸੁਝਾਅ ਲਿਆ ਜਾਂਦਾ। ਸ਼ਾਮ ਦਾ ਖਾਣਾ ਖਾਣ ਉਪਰੰਤ ਜਦੋਂ ਹੀ ਸਾਰੇ ਦਾਦੀ ਵਾਲੇ ਕਮਰੇ ਵਿਚ ਇਕੱਤਰ ਹੋਏ ਤਾਂ ਉਹ ਤੇ ਗੀਤੂ ਆਪਣੀਆਂ ਹੀ ਗੱਲਾਂ ਵਿਚ ਮਸਤ ਸਨ। ਗੀਤੂ ਦੇ ਮਾਤਾ ਜੀ ਆਖਣ ਲੱਗੇ, "ਕਿਉਂ ਗੀਤੂ ਦੇ ਦਾਦੀ ਜੀ, ਚੱਲ ਰਹੀਆਂ ਨੇ ਗੱਲਾਂ ਤੋਤਲੀਆਂ-ਤੋਤਲੀਆਂ ?" ਗੀਤੂ ਬੋਲਣ ਲੱਗੀ, "ਹਾਂ, ਮੰਮੀ ਜੀ ਦਾਅਦੀ ਮੇਲੇ ਲਾਲ ਗੱਲਾਂ ਕਅਦੇ ਨੇ।"

ਗੀਤੂ ਦੇ ਮਾਤਾ ਨੇ ਰੁੱਖ ਦੇ ਪੁੱਟਣ ਵਾਲੀ ਗੱਲ ਦਾਦੀ ਜੀ ਨਾਲ ਸਾਂਧੀ ਕੀਤੀ ਤਾਂ ਇਕ ਵਾਰ ਤਾਂ ਦਾਦੀ ਜੀ ਤਾਂ ਸਹਿਮ ਹੀ ਗਏ। ਕੋਲ ਹੀ ਬੈਠੇ ਗੀਤੂ ਦੇ ਪਿਤਾ ਜੀ ਕਹਿਣ ਲੱਗੇ, "ਮਾਤਾ ਜੀ, ਰਿਸ਼ਤੇਦਾਰਾਂ ਅਤੇ ਹੋਰ ਸਕੇ ਸੰਬੰਧੀਆਂ ਦੇ ਘਰ ਵਿਚ ਆਏ-ਗਏ ਕਾਰਨ ਆਪਾਂ ਨੂੰ ਇਕ ਹੋਰ ਕਮਰੇ ਦੀ ਲੋੜ ਹੈ ਤੇ ਇਹ ਕਮਰਾ ਇਸ ਰੁੱਖ ਦੇ ਪੁੱਟਣ ਨਾਲ ਹੀ ਬਣ ਸਕੇਗਾ।" ਮਾਤਾ ਜੀ ਦੋਨਾਂ ਦੀ ਗੱਲ ਸੁਣ ਕੁਝ ਪਲ ਲਈ ਚੁੱਪ ਹੋ ਗਏ। ਉਹ ਗੀਤੂ ਨੂੰ ਆਪਣੇ ਕੋਲ ਕਰਦੇ ਹੋਏ ਬੋਲੇ, "ਵੈਸੇ ਮੈਂ ਇਹ ਰੁੱਖ ਆਪਣੇ ਹੱਥਾਂ ਨਾਲ ਲਗਾਇਆ ਹੈ, ਆਪਣੇ ਹੱਥਾਂ ਨਾਲ ਲਗਾਈ ਕੋਈ ਵੀ ਚੀਜ਼ ਪੁੱਟਣ ਲਈ ਭਲਾ ਕੌਣ ਕਹਿੰਦਾ, ਹਾਂ ਪਰ ਜੇ ਇਸ ਨਾਲ ਘਰ ਵਿਚ ਕਮਰੇ ਦੀ ਤੰਗੀ ਦੂਰ ਹੁੰਦੀ ਹੈ ਤਾਂ ਜ਼ਰੂਰ ਪੁੱਟ ਦਿਉ।" ਦਾਦੀ ਨੇ ਭਾਵੇਂ ਇਹ ਗੱਲ ਆਖ ਤਾਂ ਦਿੱਤੀ ਪਰ ਉਨ੍ਹਾਂ ਨੂੰ ਇਸ ਗੱਲ ਦਾ ਡਾਢਾ ਦੁੱਖ ਹੋਇਆ। ਉਹ ਕਰ ਵੀ ਤਾਂ ਕੀ ਸਕਦੇ ਸਨ। ਇਕ ਪਾਸੇ ਉਨ੍ਹਾਂ ਦੇ ਹੱਥੋਂ ਲਗਾਇਆ ਗਿਆ ਰੁੱਖ ਅਤੇ ਦੂਜੇ ਪਾਸੇ ਉਨ੍ਹਾਂ ਦੇ ਪੁੱਤਰ ਅਤੇ ਨੂੰਹ ਦੀ ਖ਼ੁਸ਼ੀ। ਉਹ ਗੱਲਾਂ ਕਰ ਰਹੇ ਸਨ ਕਿ ਗੀਤੂ ਆਪਣੇ ਖਿਡੌਣਿਆਂ ਨਾਲ ਖੇਡਣ ਵਿਚ ਮਸਤ ਸੀ। ਜਦੋਂ ਗੀਤੂ ਦੇ ਮੰਮੀ-ਪਾਪਾ ਚਲੇ ਗਏ ਤਾਂ ਦਾਦੀ ਰੁੱਖ ਨੂੰ ਪੁੱਟੇ ਜਾਣ ਵਾਲੇ ਖਿਆਲਾਂ ਵਿਚ ਖੋ ਗਈ।

ਨੰਨ੍ਹੀ ਗੀਤੂ ਤੋਂ ਆਪਣੀ ਦਾਦੀ ਦਾ ਮੁਰਝਾਇਆ ਚਿਹਰਾ ਦੇਖਿਆ ਨਾ ਗਿਆ। ਉਹ ਤੋਤਲੀ ਆਵਾਜ਼ ਵਿਚ ਕਹਿਣ ਲੱਗੀ, "ਦਾਅਦੀ ਜੀ ਤੁਤੀ ਨਾਜ਼ ਕਿਉਂ ਓ?" ਦਾਦੀ ਵੀ ਚਾਹੁੰਦੀ ਸੀ ਕਿ ਉਹ ਆਪਣਾ ਦੁੱਖ ਕਿਸੇ ਨਾਲ ਸਾਂਝਾ ਕਰੇ ਤਾਂ ਕਿ ਉਸਦਾ ਮਨ ਹਲਕਾ ਹੋ ਸਕੇ। ਬੱਸ ਗੀਤੂ ਦੇ ਕਹਿਣ ਦੀ ਹੀ ਦੇਰ ਸੀ ਕਿ ਦਾਦੀ ਨੇ ਰੁੱਖ ਪੁੱਟਣ ਦੀ ਸਾਰੀ ਵਿਥਿਆ ਗੀਤੂ ਨੂੰ ਸਮਝਾ ਦਿੱਤੀ। ਗੀਤੂ ਨੂੰ ਰੁੱਖ ਪੁੱਟੇ ਜਾਣ ਵਾਲੇ ਸ਼ਬਦਾਂ ਦੀ ਤਾਂ ਬਹੁਤੀ ਸਮਝ ਨਾ ਆਈ ਪਰ ਦਾਦੀ ਵੱਲੋਂ ਪੰਛੀਆਂ ਦੇ ਨਾ ਆਉਣ ਵਾਲੀ ਗੱਲ ਉਸਦੇ ਸਮਝ ਵਿਚ ਆ ਚੁੱਕੀ ਸੀ।

ਅਗਲੇ ਦਿਨ ਜਦੋਂ ਹੀ ਰੁੱਖ ਕੱਟਣ ਵਾਲੇ ਉਨ੍ਹਾਂ ਦੇ ਘਰ ਆ ਜਾਂਦੇ ਹਨ ਤਾਂ ਦਾਦੀ ਆਪਣੇ ਦੁੱਖ ਨੂੰ ਨਾ ਸਹਾਰਦੀ ਹੋਈ ਆਪਣੇ ਕਮਰੇ ਵਿਚ ਚਲੀ ਜਾਂਦੀ ਹੈ ਪਰ ਗੀਤੂ ਪੰਛੀਆਂ ਦੀ ਚਹਿਚਹਾਟ ਦਾ ਆਨੰਦ ਮਾਣਦੀ ਹੋਈ ਰੁੱਖ ਦੇ ਨਾਲ ਖੇਡ ਰਹੀ ਹੁੰਦੀ ਹੈ। ਜਦੋਂ ਹੀ ਗੀਤੂ ਨੂੰ ਉਸਦੇ ਮੰਮੀ ਇਕ ਪਾਸੇ ਹਟਾਉਂਦੇ ਹਨ ਤਾਂ ਉਹ ਤੋਤਲੀ ਆਵਾਜ਼ ਵਿਚ ਬੋਲਣਾ ਸ਼ੁਰੂ ਕਰਦੀ ਹੈ, "ਅੰਮੀ ਅੰਮੀ ਪੰਤੀ ਨੀ ਓਨਗੇ ਪਿਲ ?" ਕੋਲ ਹੀ ਖੜ੍ਹੇ ਉਸਦੇ ਪਿਤਾ ਜੀ ਤੇ ਨੰਨ੍ਹੀ ਗੀਤੂ ਦੇ ਇਨ੍ਹਾਂ ਬੋਲਾਂ ਨੇ ਗਹਿਰਾ ਅਸਰ ਕੀਤਾ ਤੇ ਉਹ ਪਲ ਭਰ ਲਈ ਚੁੱਪ ਹੋ ਗਏ। ਰੁੱਖ ਪੁੱਟਣ ਵਾਲੇ ਵੀ ਨੰਨ੍ਹੀ ਗੀਤੂ ਦੇ ਇਨ੍ਹਾਂ ਬੋਲਾਂ ਤੋਂ ਕਾਫੀ ਪ੍ਰਭਾਵਿਤ ਸਨ। ਉਸਦੇ ਮੰਮੀ ਜੀ ਉਸਨੂੰ ਚੁੱਕ ਕਮਰੇ ਵਿਚ ਲਿਜਾਣ ਹੀ ਲੱਗੇ ਸਨ ਕਿ ਉਹ ਫਿਰ ਉੱਚੀ-ਉੱਚੀ ਰੋ ਕੇ ਉਹੀ ਸ਼ਬਦ ਦੁਹਰਾਉਣ ਲੱਗੀ, "ਪੰਤੀ ਨੀ ਓਨਗੇ ਪਿਲ ?" ਹੁਣ ਤਾਂ ਰੁੱਖ ਕੱਟਣ ਵਾਲਿਆਂ ਨੂੰ ਵੀ ਸਮਝ ਆ ਚੁੱਕੀ ਸੀ ਕਿ ਨੰਨ੍ਹੀ ਗੀਤੂ ਦਾ ਇਸ ਰੱਖ ਨਾਲ ਅੰਤਾਂ ਦਾ ਪਿਆਰ ਹੈ। ਉਨ੍ਹਾਂ ਵਿਚੋਂ ਇਕ ਕਹਿਣ ਲੱਗਾ, "ਭਾਈ ਸਾਹਿਬ, ਉਂਝ ਭਾਵੇਂ ਸਾਡਾ ਕੰਮ ਰੁੱਖ ਪੁੱਟਣ ਤੋਂ ਜਵਾਬ ਦੇਣਾ ਨਹੀਂ ਹੈ ਪਰ ਅੱਜ ਇਸ ਲੜਕੀ ਦਾ ਆਪ ਦੇ ਘਰ ਲੱਗੇ ਰੁੱਖ ਨਾਲ ਪਿਆਰ ਦੇਖ ਸਾਡਾ ਦਿਲ ਆਖ ਰਿਹਾ ਹੈ ਕਿ ਇਸ ਨੰਨ੍ਹੀ ਦੀਆਂ ਭਾਵਨਾਵਾਂ ਦਾ ਕਤਲ ਨਾ ਕਰੀਏ ਅਤੇ ਮੇਰੀ ਮੰਨੋ ਤਾਂ ਆਪਣੇ ਪਰਿਵਾਰ ਦੇ ਇਸ ਰੁੱਖ ਮੈਂਬਰ ਨੂੰ ਵੀ ਇਸੇ ਤਰ੍ਹਾਂ ਹੀ ਬਰਕਰਾਰ ਰੱਖੋ।" ਰੁੱਖ ਪੁੱਟਣ ਵਾਲੇ ਦੀ ਗੱਲ ਸੁਣ ਦਾਦੀ ਜੀ ਵੀ ਆਪਣੇ ਕਮਰੇ ਵਿਚੋਂ ਬਾਹਰ ਆ ਗਏ। ਗੀਤੂ ਦੇ ਪਿਤਾ ਜੀ ਨੇ ਦੇਖਿਆ ਕਿ ਦਾਦੀ ਦਾ ਚਿਹਰਾ ਵੀ ਮੁਰਝਾਇਆ ਹੋਇਆ ਸੀ। ਉਸਨੇ ਰੁੱਖ ਪੁੱਟਣ ਵਾਲਿਆਂ ਨੂੰ ਰੁੱਖ ਪੁੱਟਣ ਤੋਂ ਰੋਕ ਲਿਆ। ਐਨੇ ਸਮੇਂ ਵਿਚ ਉਸਦਾ ਨਕਸ਼ਾ ਤਿਆਰ ਕਰਨ ਵਾਲਾ ਦੋਸਤ ਵੀ ਘਰ ਆ ਗਿਆ। ਸਾਰੀ ਗੱਲਬਾਤ ਸੁਣ ਉਹ ਆਖਣ ਲੱਗਾ, "ਨੰਨ੍ਹੀ ਗੀਤੂ ਅਤੇ ਦਾਦੀ ਜੀ ਦੇ ਰੁੱਖਾਂ ਪ੍ਰਤੀ ਪਿਆਰ ਨੂੰ ਦੇਖ ਮੈਂ ਵੀ ਬਹੁਤ ਪ੍ਰਭਾਵਿਤ ਹੋਇਆ ਹਾਂ, ਤੁਸੀਂ ਫਿਕਰ ਨਾ ਕਰੋ ਮੈਂ ਇਸ ਰੁੱਖ ਦੇ ਪੁੱਟੇ ਤੋਂ ਬਗੈਰ ਵੀ ਕਮਰੇ ਦੀ ਬਣਤਰ ਦਾ ਨਕਸ਼ਾ ਤਿਆਰ ਕੀਤਾ ਹੈ, ਲਓ ਦੇਖੋ ਨਕਸ਼ਾ।" ਨਕਸ਼ੇ ਤਿਆਰ ਕਰਨ ਵਾਲੇ ਗੀਤੂ ਦੇ ਦੋਸਤ ਨੇ ਹੁਣ ਜੋ ਨਕਸ਼ਾ ਤਿਆਰ ਕੀਤਾ ਉਸ ਵਿਚ ਰੁੱਖ ਨੂੰ ਉਸੇ ਥਾਂ ਹੀ ਮੌਜੂਦ ਰੱਖਿਆ ਗਿਆ ਸੀ ਅਤੇ ਉਸਨੇ ਆਪਣੀ ਕਮਲ ਨਾਲ ਰੁੱਖ

ਉੱਤੇ ਬੈਠੇ ਪੰਛੀ ਵੀ ਬਣਾ ਦਿੱਤੇ ਸਨ। 'ਵਾਹ-ਵਾਹ ਹੌਲ ਪੰਤੀ', ਗੀਤੂ ਦੇ ਸ਼ਬਦ ਸਭ ਨੂੰ ਖੁਸ਼ੀ ਦੇ ਰਹੇ ਸਨ ਅਤੇ ਆਲੇ-ਦੁਆਲੇ ਖੜ੍ਹੇ ਸਾਰੇ ਪਰਿਵਾਰ ਵਾਲੇ ਅਤੇ ਕਾਮੇ ਗੀਤੂ ਦੀ ਰੁੱਖਾਂ ਨਾਲ ਸਾਂਝ ਦੀ ਗੱਲ ਨੂੰ ਸਰਾਹ ਰਹੇ ਸਨ ਜਦੋਂ ਕਿ ਦਾਦੀ ਜੀ ਦਾ ਖਿੜ੍ਹਿਆ ਚਿਹਰਾ ਉਨ੍ਹਾਂ ਨੂੰ ਦੁੱਗਣੀ ਖੁਸ਼ੀ ਦੇ ਰਿਹਾ ਸੀ।

## ਨੀਮ ਹਕੀਮ ਖਤਰਾ ਏ ਜਾਨ

*—ਪਰਮਜੀਤ ਪੰਮਾ ਪੇਂਟਰ*

ਭੋਲੂ ਰਿੱਛ ਦੇ ਪੇਟ ਵਿਚ ਅਚਾਨਕ ਹੀ ਦਰਦ ਉੱਠਿਆ। ਉਹ ਉਸ ਵੇਲੇ ਆਪਣੇ ਠੇਕੇਦਾਰ ਮਾਲਕ ਹਾਥੀ ਰਾਮ ਨੇ ਸੋਚਿਆ ਕਿ ਭੋਲੂ ਐਵੇਂ ਹੀ ਕੰਮ ਕਰਨ ਦਾ ਮਾਰਾ ਬਹਾਨੇ ਬਣਾ ਰਿਹਾ ਹੈ, ਪਰ ਫਿਰ ਜਦ ਭੋਲੂ ਦੀ ਦਰਦ ਵਧੇਰੇ ਵਧ ਗਈ ਤਾਂ ਉਸ ਨੇ ਭੋਲੂ ਨੂੰ ਨੇੜੇ ਦੇ ਬਘਿਆੜੋ ਮੈਡੀਕਲ ਸਟੋਰ ਤੇ ਦਵਾਈ ਲੈਣ ਲਈ ਭੇਜ ਦਿੱਤਾ।

ਭੋਲੂ ਨੇ ਮੈਡੀਕਲ ਸਟੋਰ ਵਾਲੇ ਬਘਿਆੜੋ ਨੂੰ ਆਪਣੀ ਦਰਦ ਬਾਰੇ ਦੱਸ ਕੇ ਦਵਾਈ ਮੰਗੀ ਤਾਂ ਉਸ ਨੇ ਬਿਨਾਂ ਕੋਈ ਟੈਸਟ ਬਗੈਰਾ ਕੀਤਿਆਂ ਹੀ ਉਸ ਨੂੰ ਕੁਝ ਗੋਲੀਆਂ ਖਾਣ ਲਈ ਦਿੱਤੀਆਂ। ਭੋਲੂ ਰਿੱਛ ਨੇ ਤੁਰੰਤ ਹੀ ਉਹ ਗੋਲੀਆਂ ਖਾ ਲਈਆਂ। ਗੋਲੀਆਂ ਖਾਣ ਦੇ ਕੁਝ ਪਲਾਂ ਬਾਅਦ ਭੋਲੂ ਰਿੱਛ ਦਾ ਦਰਦ ਪਹਿਲਾਂ ਨਾਲੋਂ ਵੀ ਵੱਧ ਗਿਆ, ਉਸ ਦੀਆਂ ਅੱਖਾਂ ਅੱਗੇ ਹਨੇਰਾ ਆ ਰਿਹਾ ਸੀ। ਉਹ ਚੱਕਰ ਖਾ ਕੇ ਡਿੱਗ ਪਿਆ, ਉਸ ਨੂੰ ਉਲਟੀਆਂ ਵੀ ਆਉਣੀਆਂ ਸ਼ੁਰੂ ਹੋ ਗਈਆਂ ਸਨ।

ਠੇਕੇਦਾਰ ਹਾਥੀ ਰਾਮ ਨੇ ਭੋਲੂ ਰਿੱਛ ਦੇ ਭਰਾ ਨੂੰ ਫੋਨ ਰਾਹੀਂ ਸੂਚਿਤ ਕੀਤਾ ਅਤੇ ਭੋਲੂ ਨੂੰ ਤੁਰੰਤ ਹੀ ਬੜੇ ਹਸਪਤਾਲ ਲੈ ਕੇ ਜਾਣਾ ਪਿਆ। ਵੱਡੇ ਹਸਪਤਾਲ ਦਾ ਡਾਕਟਰ ਬਹੁਤ ਹੀ ਸਮਝਦਾਰ ਸੀ। ਉਸ ਨੇ ਸਭ ਤੋਂ ਪਹਿਲਾਂ ਭੋਲੂ ਰਿੱਛ ਦੇ ਖ਼ੂਨ ਦਾ ਟੈਸਟ ਕੀਤਾ, ਫਿਰ ਉਸ ਦੀ ਬਿਮਾਰੀ ਨੂੰ ਸਮਝ ਕੇ ਦਵਾਈ ਦਿੱਤੀ। ਉਸ ਨੇ ਭੋਲੂ ਨੂੰ ਦੱਸਿਆ ਕਿ ਤੇਰੇ ਪੇਟ ਵਿਚ ਜ਼ਖ਼ਮ ਹੋ ਗਏ ਹਨ। ਤੈਨੂੰ ਉਨੀ ਤੇਜ਼ ਦਵਾਈ ਦੀ ਲੋੜ ਨਹੀਂ ਸੀ, ਪਰ ਬਿਨਾਂ ਟੈਸਟ ਕੀਤਿਆਂ ਦਵਾਈ ਦੇਣ ਕਾਰਨ ਠੀਕ ਹੋਣ ਦੀ ਥਾਂ ਬਿਮਾਰੀ ਜ਼ਿਆਦਾ ਵਧ ਗਈ। ਭੋਲੂ ਰਿੱਛ ਦੀ ਇਕ ਦਿਨ ਵਿਚ ਠੀਕ ਹੋਣ ਵਾਲੀ ਬਿਮਾਰੀ ਨੂੰ ਪੰਦਰਾਂ ਦਿਨ ਲੱਗ ਗਏ, ਉਸ ਦੀਆਂ ਪੰਦਰਾਂ ਦਿਹਾੜੀਆਂ ਵੀ ਟੁੱਟ ਗਈਆਂ ਅਤੇ ਦਵਾਈ ਤੇ ਵੀ ਬਹੁਤ ਪੈਸੇ ਖਰਚ ਆਏ।

ਹੁਣ ਭੋਲੂ ਦੀ ਸਮਝ ਪੈ ਗਈ ਕਿ ਜਦੋਂ ਵੀ ਕਦੇ ਬਿਮਾਰ ਹੋ ਜਾਵੋ ਤਾਂ ਕਿਸੇ ਚੰਗੇ ਜਿਹੇ ਡਾਕਟਰ ਤੋਂ ਸਲਾਹ ਅਤੇ ਦਵਾਈ ਲਵੋ, ਇਸ ਤਰ੍ਹਾਂ ਮੈਡੀਕਲ ਸਟੋਰਾਂ ਜਾਂ ਫਰਜ਼ੀ ਜਿਹੇ ਡਾਕਟਰਾਂ ਕੋਲੋਂ ਦਵਾਈ ਲੈ ਕੇ ਤਾਂ "ਨੀਮ ਹਕੀਮ ਖਤਰਾ ਏ

ਜਾਨ" ਵਾਲੀ ਕਹਾਵਤ ਸੱਚ ਹੋ ਸਕਦੀ ਹੈ। ਇਸ ਲਈ ਹਮੇਸ਼ਾ ਪੜ੍ਹੇ-ਲਿਖੇ ਡਿਗਰੀ ਕੀਤੇ ਡਾਕਟਰ ਕੋਲੋਂ ਹੀ ਦਵਾਈ ਲੈਣੀ ਚਾਹੀਦੀ ਹੈ।

## ਚੀਕੂ ਸੁਧਰ ਗਿਆ

*—ਪਰਮਜੀਤ ਪੰਮਾ ਪੇਂਟਰ*

ਪੰਜਾਬੀ ਵਾਲੀ ਟੀਚਰ ਦਾ ਲੜਕਾ ਚੀਕੂ ਦਿਨ ਪ੍ਰਤੀ ਦਿਨ ਚਿੜਚਿੜਾ ਅਤੇ ਸ਼ਰਾਰਤੀ ਹੋਈ ਜਾ ਰਿਹਾ ਸੀ। ਉਹ ਚੌਥੀ ਕਲਾਸ ਵਿਚ ਪੜ੍ਹਦਾ ਸੀ। ਕਲਾਸ ਦੇ ਬਾਕੀ ਸਾਰੇ ਬੱਚੇ ਉਸ ਦੀਆਂ ਸ਼ਰਾਰਤਾਂ ਤੋਂ ਬਹੁਤ ਹੀ ਪਰੇਸ਼ਾਨ ਹੁੰਦੇ ਪਰ ਕਹਿੰਦੇ ਕੁਝ ਨਾ... ਕਿਉਂਕਿ ਉਹ ਟੀਚਰਾਂ ਦਾ ਲੜਕਾ ਸੀ। ਉਹ ਕਦੇ ਕਿਸੇ ਦੀ ਕਾਪੀ ਫਾੜ ਦਿੰਦਾ, ਕਦੇ ਕਿਸੇ ਦਾ ਪੈੱਨ ਚੋਰੀ ਕਰ ਲੈਂਦਾ। ਕਦੇ ਕਿਸੇ ਦਾ ਝੋਲਾ ਹੀ ਫਾੜ ਦਿੰਦਾ... ਪਰ ਉਸ ਦੀ ਸ਼ਿਕਾਇਤ ਕੋਈ ਨਾ ਕਰਦਾ।

ਚੀਕੂ ਦੀਆਂ ਸ਼ਰਾਰਤਾਂ ਤਾਂ ਹੁਣ ਹੋਰ ਵੀ ਵੱਧ ਗਈਆਂ। ਹੌਲੀ-ਹੌਲੀ ਉਸ ਦੀਆਂ ਸ਼ਰਾਰਤਾਂ ਬਾਰੇ ਟੀਚਰਾਂ ਨੂੰ ਵੀ ਪਤਾ ਲੱਗ ਗਿਆ। ਟੀਚਰ ਨੇ ਚੀਕੂ ਨੂੰ ਕਈ ਤਰੀਕਿਆਂ ਨਾਲ ਸਮਝਾਇਆ ਕਿ ਇਸ ਤਰ੍ਹਾਂ ਦੀਆਂ ਸ਼ਰਾਰਤਾਂ ਬਿਲਕੁਲ ਨਹੀਂ ਕਰਨੀਆਂ ਚਾਹੀਦੀਆਂ, ਜਿਸ ਨਾਲ ਕਿਸੇ ਦਾ ਨੁਕਸਾਨ ਹੋਵੇ।

ਚੀਕੂ ਤਾਂ ਜਿਵੇਂ ਬਿਲਕੁਲ ਹੀ ਢੀਠ ਬਣ ਗਿਆ, ਉਸ ਉੱਤੇ ਤਾਂ ਟੀਚਰ ਦੇ ਸਮਝਾਉਣ ਦਾ ਵੀ ਕੋਈ ਅਸਰ ਨਾ ਹੋਇਆ। ਉਹ ਕਦੇ ਕਿਸੇ ਦੇ ਚੂੰਡੀ ਵੱਢ ਦਿੰਦਾ ਅਤੇ ਕਦੇ ਕਿਸੇ ਦੇ ਪੈਂਸਿਲ ਚੁਭੋ ਦਿੰਦਾ... ਤੇ ਅੱਜ ਤਾਂ ਹੱਦ ਹੀ ਹੋ ਗਈ, ਉਸ ਨੇ ਇਕ ਲੜਕੇ ਦੀ ਬਾਂਹ ਤੇ ਬਲੇਡ ਹੀ ਮਾਰ ਦਿੱਤਾ। ਉਸ ਲੜਕੇ ਦੀ ਬਾਂਹ ਤੋਂ ਖ਼ੂਨ ਦੀ ਤਤੀਰੀ ਚੱਲ ਪਈ। ਖ਼ੂਨ ਦੀ ਤਤੀਰੀ ਦੇਖ ਕੇ ਚੀਕੂ ਵੀ ਘਬਰਾ ਗਿਆ ਅਤੇ ਕਹਿਣ ਲੱਗਾ ਕਿ ਮੰਮੀ ਨੂੰ ਨਾ ਦੱਸੀਂ, ਪਰ ਇਹ ਗੱਲ ਕਿੱਥੇ ਲੁਕਣ ਵਾਲੀ ਸੀ, ਬੱਚਿਆਂ ਨੇ ਟੀਚਰ ਨੂੰ ਸਾਰੀ ਗੱਲ ਦੱਸ ਦਿੱਤੀ... ਤੇ ਫਿਰ ਤਾਂ ਉਸ ਦੀਆਂ ਪਹਿਲਾਂ ਕੀਤੀਆਂ ਹੋਈਆਂ ਸ਼ਰਾਰਤਾਂ ਦਾ ਕੱਚਾ ਚਿੱਠਾ ਵੀ ਖੁੱਲ੍ਹ ਗਿਆ।

ਚੀਕੂ ਦੀ ਮੰਮੀ ਤਾਂ ਨਮੋਸ਼ ਹੀ ਹੋ ਗਈ ਅਤੇ ਇਸ ਨਤੀਜੇ ਤੇ ਪਹੁੰਚੀ ਕਿ ਹੁਣ ਤਾਂ ਪਾਣੀ ਸਿਰ ਤੋਂ ਹੀ ਲੰਘ ਗਿਆ ਹੈ, ਜੇ ਹੁਣ ਵੀ ਸਖ਼ਤੀ ਨਾ ਵਰਤੀ ਤਾਂ ਇਹ ਲੜਕਾ ਹੱਥਾਂ 'ਚੋਂ ਨਿਕਲ ਜਾਵੇਗਾ, ਕਿਉਂਕਿ ਉਹ ਇਹ ਜਾਣਦੀ ਸੀ ਕਿ ਚਾਰ ਹੀ ਤਰੀਕਿਆਂ ਨਾਲ ਕਿਸੇ ਨੂੰ ਸੁਧਾਰਿਆ ਜਾ ਸਕਦਾ ਹੈ। ਜੇ ਕੋਈ ਸ਼ੌਕ ਨਾਲ ਹੀ ਸੁਧਰ ਜਾਵੇ ਤਾਂ ਸਭ ਤੋਂ ਵਧੀਆ ਨਹੀਂ ਤਾਂ ਫਿਰ ਪਿਆਰ ਨਾਲ ਸੁਧਰ ਸਕਦਾ ਹੈ। ਤੀਸਰਾ ਲਾਲਚ ਦੇ ਨਾਲ ਤੇ ਜੇ ਫਿਰ ਵੀ ਨਾ ਸੁਧਰੇ ਤਾਂ ਫਿਰ ਡੰਡੇ ਨਾਲ... "ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ...।"

ਉਸਨੇ ਵੀ ਫਿਰ ਚੀਕੂ ਨੂੰ ਕਮਰੇ ਵਿਚ ਬੰਦ ਕਰ ਲਿਆ ਤੇ ਫਿਰ ਹੋਣ ਲੱਗੀ ਚੀਕੂ ਦੀ ਡੰਡਾ ਪਰੇਡ...। ਬਾਹਰ ਤਾਂ ਚੀਕੂ ਦੀਆਂ ਚੀਕਾਂ ਅਤੇ ਰੋਣ ਦੀਆਂ ਆਵਾਜ਼ਾਂ ਹੀ ਸੁਣਾਈ ਦੇ ਰਹੀਆਂ ਸਨ। ਚੀਕੂ ਵਾਰ-ਵਾਰ ਆਪਣੀ ਗਲਤੀ ਦੀਆਂ ਮੁਆਫ਼ੀਆਂ ਮੰਗ ਰਿਹਾ ਸੀ ਅਤੇ ਅੱਗੇ ਤੋਂ ਇਸ ਤਰ੍ਹਾਂ ਦੀਆਂ ਗਲਤੀਆਂ ਨਾ ਕਰਨ ਦੀਆਂ ਸੌਂਹਾਂ ਖਾ ਰਿਹਾ ਸੀ। ਜਦ ਚੀਕੂ ਦੀ ਮੰਮੀ ਨੂੰ ਯਕੀਨ ਹੋ ਗਿਆ ਕਿ ਹੁਣ ਇਹ ਅੱਗੇ ਤੋਂ ਇਸ ਤਰ੍ਹਾਂ ਨਹੀਂ ਕਰੇਗਾ ਤਾਂ ਫਿਰ ਉਸ ਨੇ ਚੀਕੂ ਨੂੰ ਛੱਡ ਦਿੱਤਾ। ਚੀਕੂ ਕਿੰਨਾ ਹੀ ਚਿਰ ਰੋਂਦਾ ਰਿਹਾ, ਪਰ ਉਸ ਨੂੰ ਆਪਣੀਆਂ ਗਲਤੀਆਂ ਦਾ ਅਹਿਸਾਸ ਹੋ ਗਿਆ ਸੀ। ਆਪਣੀ ਜ਼ਿੱਦ ਕਾਰਨ ਹੀ ਉਹ ਗਲਤੀਆਂ ਤੇ ਗਲਤੀਆਂ ਕਰਨ ਲੱਗ ਪਿਆ ਸੀ। ਉਸ ਦਿਨ ਦੀ ਮਾਰ ਨੇ ਚੀਕੂ ਨੂੰ ਸਬਕ ਸਿਖਾ ਦਿੱਤਾ। ਉਸ ਨੇ ਅੱਗੇ ਤੋਂ ਕਦੇ ਵੀ ਗਲਤੀ ਨਾ ਕਰਨ ਦੀ ਤੌਬਾ ਕੀਤੀ ਅਤੇ ਬਿਲਕੁਲ ਹੀ ਸੁਧਰ ਗਿਆ। ਫਿਰ ਉਹ ਸਕੂਲ ਦਾ ਸਭ ਤੋਂ ਲਾਇਕ ਵਿਦਿਆਰਥੀ ਬਣ ਗਿਆ।

## ਮੰਗੀ ਭਿਖਿਆ ਮਿਲੀ ਸਿੱਖਿਆ

*—ਹਰਿੰਦਰ ਸਿੰਘ ਗੋਗਨਾ*

ਨੰਦੂ ਅਨਾਥ ਲੜਕਾ ਸੀ। ਸੜਕਾਂ 'ਤੇ ਭੀਖ ਮੰਗ ਕੇ ਆਪਣਾ ਢਿੱਡ ਭਰਦਾ ਸੀ। ਕਦੇ ਕਦਾਈਂ ਤਾਂ ਉਹ ਦੂਰ ਦੁਰਾਡੇ ਵੀ ਭਿਖਿਆ ਮੰਗਣ ਚਲਾ ਜਾਂਦਾ ਸੀ। ਭਿਖਿਆ ਮੰਗ ਕੇ ਖਾਣਾ ਹੀ ਨੰਦੂ ਦਾ ਰੋਜ਼ਾਨਾ ਦਾ ਕੰਮ ਸੀ।

ਇਕ ਦਿਨ ਨੰਦੂ ਇਕ ਨਵੇਂ ਇਲਾਕੇ ਵਿਚ ਗਿਆ। ਉਸ ਇਲਾਕੇ ਵਿਚ ਕੁਝ ਆਲੀਸ਼ਾਨ ਮਕਾਨ ਬਣੇ ਸਨ। ਨੰਦੂ ਨੇ ਸੋਚਿਆ ਕਿ ਇਥੇ ਧਨਾਢ ਲੋਕ ਰਹਿੰਦੇ ਹਨ। ਇਥੋਂ ਚੰਗੇ ਪੈਸੇ ਮਿਲ ਸਕਦੇ ਹਨ। ਉਹ ਇਕ ਕੋਠੀ ਮੂਹਰੇ ਗਿਆ ਤੇ ਉਸ ਦੀ ਘੰਟੀ ਵਜਾਈ। ਪਰ ਅੰਦਰੋਂ ਕੋਈ ਨਾ ਆਇਆ। ਨੰਦੂ ਨੇ ਜਾਂਦੇ ਜਾਂਦੇ ਇਕ ਵੇਰ ਸਿਰ ਉਤਾਂਹ ਚੁੱਕ ਕੇ ਗੇਟ ਤੋਂ ਅੰਦਰ ਵੱਲ ਦੇਖਿਆ ਤਾਂ ਉਸ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਘਰ ਦੇ ਬਗੀਚੇ ਵਿਚ ਕੁਰਸੀ 'ਤੇ ਬੈਠਾ ਇਕ ਵਿਅਕਤੀ ਨੰਦੂ ਨੂੰ ਅੰਦਰ ਆਉਣ ਦਾ ਸੰਕੇਤ ਦੇ ਰਿਹਾ ਸੀ। ਨੰਦੂ ਸਮਝ ਗਿਆ ਕਿ ਇਹ ਘਰ ਦਾ ਮਾਲਿਕ ਹੈ ਤੇ ਉਸ ਨੂੰ ਜ਼ਰੂਰ ਹੀ ਕੁਝ ਨਾ ਕੁਝ ਦੇਵੇਗਾ। ਉਹ ਗੇਟ ਨੂੰ ਅੰਦਰ ਵੱਲ ਧੱਕ ਕੇ ਕਾਹਲ ਭਰੇ ਕਦਮਾਂ ਨਾਲ ਕੁਰਸੀ 'ਤੇ ਬੈਠੇ ਵਿਅਕਤੀ ਦੇ ਕੋਲ ਗਿਆ।

"ਦੱਸ ਬਈ ਤੈਨੂੰ ਕੀ ਚਾਹੀਦਾ ਹੈ...?" ਉਸ ਵਿਅਕਤੀ ਨੇ ਨੰਦੂ ਨੂੰ ਪੁੱਛਿਆ।

"ਜੀ ਕੁਝ ਭਿਖਿਆ ਦੇ ਦਿੰਦੇ... ਸਵੇਰ ਤੋਂ ਕੁਝ ਨਹੀਂ ਖਾਧਾ... ਥੋੜ੍ਹੇ ਜਿਹੇ ਪੈਸੇ...।" ਨੰਦੂ ਹੱਥ ਜੋੜ ਕੇ ਖੜ੍ਹ ਗਿਆ।

"ਇੰਨਾ ਹੱਟਾ-ਕੱਟਾ ਹੋ ਕੇ ਭਿਖਿਆ ਮੰਗਦੇ ਤੈਨੂੰ ਸ਼ਰਮ ਨਹੀਂ ਆਉਂਦੀ... ਤੈਨੂੰ

ਪਤਾ ਹੈ ਭਿਖਿਆ ਮੰਗਣਾ ਤੇ ਦੇਣਾ ਦੋਵੇਂ ਗਲਤ ਹਨ। ਭਿਖਿਆ ਉਨ੍ਹਾਂ ਲੋਕਾਂ ਲਈ ਹੈ ਜੋ ਸਰੀਰਕ ਤੌਰ ਤੇ ਕੁਝ ਨਹੀਂ ਕਰ ਸਕਦੇ। ਮੈਂ ਤਾਂ ਪਹਿਲਾਂ ਹੀ ਸਮਝ ਗਿਆ ਸੀ ਕਿ ਤੂੰ ਭਿਖਿਆ ਮੰਗਣ ਆਇਆ ਹੈਂ। ਪਰ ਮੈਂ ਤੈਨੂੰ ਭਿਖਿਆ ਨਹੀਂ ਦੇਵਾਂਗਾ।" ਉਸ ਆਦਮੀ ਨੇ ਕਿਹਾ।

ਨੰਦੂ ਸਿਰ ਝੁਕਾਈ ਖੜ੍ਹਾ ਸੀ। ਕਿਸੇ ਅਪਰਾਧੀ ਵਾਂਗ।

"ਤੈਨੂੰ ਪਤਾ ਹੈ ਜਦੋਂ ਮੈਂ ਪੰਜ ਕੁ ਵਰ੍ਹਿਆਂ ਦਾ ਸੀ ਤਾਂ ਮੇਰੇ ਮਾਪੇ ਚੱਲ ਵਸੇ। ਰਿਸ਼ਤੇਦਾਰਾਂ ਨੇ ਕੁਝ ਕੁ ਸਾਲ ਮੈਨੂੰ ਰੱਖਿਆ ਤੇ ਫਿਰ ਮੇਰੇ ਹੋਸ਼ ਸੰਭਲਦੇ ਹੀ ਮੈਨੂੰ ਇਕ ਫੁੱਲਾਂ ਵਾਲੇ ਦੀ ਦੁਕਾਨ 'ਤੇ ਬਿਠਾ ਦਿੱਤਾ। ਮੈਂ ਦੁਕਾਨਦਾਰ ਦੇ ਫੁੱਲ ਲੈ ਕੇ ਸੜਕ ਕਿਨਾਰੇ ਖੜ੍ਹਾ ਰਹਿੰਦਾ ਤੇ ਗੱਡੀਆਂ ਕਾਰਾਂ ਵਾਲਿਆਂ ਨੂੰ ਭਾਂਤ-ਭਾਂਤ ਦੇ ਫੁੱਲ ਵੇਚਦਾ। ਜੋ ਵੀ ਕਮਾਈ ਹੁੰਦੀ ਦੁਕਾਨਦਾਰ ਨੂੰ ਦਿੰਦਾ। ਉਹ ਕੇਵਲ ਮੈਨੂੰ ਰੋਟੀ ਹੀ ਦਿੰਦਾ ਜਾਂ ਹੋਰ ਲੋੜਾਂ ਪੂਰੀਆਂ ਕਰਦਾ। ਚਾਹੁੰਦਾ ਤਾਂ ਮੈਂ ਵੀ ਭਿਖਿਆ ਮੰਗ ਕੇ ਗੁਜ਼ਾਰਾ ਕਰ ਸਕਦਾ ਸੀ ਪਰ ਮੈਂ ਮਿਹਨਤ ਕਰਨਾ ਸਿੱਖ ਲਿਆ ਸੀ। ਮੈਨੂੰ ਮਿਹਨਤ ਵਿਚ ਹੀ ਆਨੰਦ ਆਉਣ ਲੱਗਾ।

ਨੰਦੂ ਘਰ ਦੇ ਮਾਲਿਕ ਦੀਆਂ ਗੱਲਾਂ ਧਿਆਨ ਨਾਲ ਸੁਣ ਰਿਹਾ ਸੀ।

"ਇਹ ਮਕਾਨ ਮੈਂ ਆਪਣੀ ਮਿਹਨਤ ਨਾਲ ਬਣਾਇਆ ਹੈ। ਜਦ ਮੈਂ ਕੁਝ ਹੋਰ ਵੱਡਾ ਹੋਇਆ ਤਾਂ ਫੁੱਲਾਂ ਵਾਲੇ ਨੇ ਮੇਰੀ ਈਮਾਨਦਾਰੀ ਤੋਂ ਖੁਸ਼ ਹੋ ਕੇ ਮੈਨੂੰ ਆਪਣਾ ਧੰਦਾ ਕਰਨ ਦੀ ਇਜਾਜ਼ਤ ਦੇ ਦਿੱਤੀ ਤੇ ਕੁਝ ਪੈਸੇ ਵੀ। ਮੈਂ ਉਨ੍ਹਾਂ ਪੈਸਿਆਂ ਨਾਲ ਇਕ ਛੋਟੀ ਜਿਹੀ ਜਗ੍ਹਾ 'ਤੇ ਆਪਣੀ ਦੁਕਾਨਦਾਰੀ ਖੋਲ੍ਹ ਲਈ। ਮੇਰਾ ਕੰਮ ਚੱਲ ਪਿਆ। ਫਿਰ ਮੈਂ ਹੌਲੀ ਹੌਲੀ ਉਹ ਪੈਸੇ ਇਕੱਠੇ ਕਰਕੇ ਆਪਣੀ ਜਗ੍ਹਾ ਖਰੀਦ ਲਈ। ਉਸ ਜਗ੍ਹਾ ਵਿਚ ਫੁੱਲ ਉਗਾਉਣ ਲੱਗਾ। ਹੁਣ ਮੈਨੂੰ ਹੋਰ ਵਿਕਰੀ ਹੋਣ ਲੱਗੀ ਤੇ ਮੇਰੀ ਜਗ੍ਹਾ ਦਾ ਮੁੱਲ ਵੀ ਵਧਦਾ ਗਿਆ। ਫਿਰ ਮੈਂ ਉੱਥੇ ਦੁਕਾਨ ਬਣਾ ਲਈ ਤੇ ਇਸ ਤਰ੍ਹਾਂ ਕਰਦੇ ਕਰਦੇ ਅੱਜ ਮੇਰਾ ਫੁੱਲਾਂ ਦਾ ਵੱਡਾ ਵਪਾਰ ਹੈ। ਹੁਣ ਦੱਸ ਜੇ ਮੈਂ ਇਹ ਸਭ ਕਰ ਸਕਦਾ ਹਾਂ ਤਾਂ ਤੂੰ ਤਾਂ ਕਾਫੀ ਹੱਟਾ ਕੱਟਾ ਹੈਂ...।" ਕਹਿ ਕੇ ਉਹ ਵਿਅਕਤੀ ਆਪਣੀ ਕੁਰਸੀ ਤੋਂ ਲੜਖੜਾਉਂਦਾ ਹੋਇਆ ਉੱਠਿਆ ਤੇ ਪਿੱਛੇ ਪਈਆਂ ਬਿਸਾਖੀਆਂ ਚੁੱਕ ਕੇ ਉਸ ਦੇ ਸਹਾਰੇ ਖੜ੍ਹਾ ਹੋ ਗਿਆ। ਨੰਦੂ ਨੇ ਦੇਖਿਆ ਉਸ ਆਦਮੀ ਦੀ ਇਕ ਲੱਤ ਨਕਾਰਾ ਸੀ। ਉਹ ਕਾਫੀ ਹੈਰਾਨ ਹੋਇਆ।

"ਬਚਪਨ ਵਿਚ ਠੀਕ ਸਮੇਂ ਤੇ ਦਵਾਈ ਨਾ ਪੀਣ ਕਾਰਨ ਮੈਨੂੰ ਪੋਲੀਓ ਹੋ ਗਿਆ ਸੀ। ਖ਼ੈਰ ਹੁਣ ਜੇ ਤੂੰ ਕੁਝ ਖਾਣਾ ਹੈ ਤਾਂ ਉਹ ਸਾਹਮਣੇ ਮੇਜ਼ ਤੇ ਕੁਝ ਫਲ ਪਏ ਹਨ ਲੈ ਜਾਹ...।" ਉਹ ਆਦਮੀ ਨੇ ਕਿਹਾ।

ਨੰਦੂ ਨੇ ਇਕ ਨਜ਼ਰ ਫਲਾਂ ਵੱਲ ਦੇਖਿਆ ਫਿਰ ਉਨ੍ਹਾਂ ਵੱਲ ਵਧਿਆ ਪਰ ਫਿਰ ਅਚਾਨਕ ਹੀ ਉਸ ਨੇ ਫਲ ਮੇਜ਼ 'ਤੇ ਹੀ ਛੱਡ ਦਿੱਤੇ ਤੇ ਤੇਜ਼ ਕਦਮੀਂ ਬਾਹਰ ਵੱਲ ਤੁਰ ਪਿਆ। ਜਿਵੇਂ ਉਸ ਨੇ ਮਿਹਨਤ ਕਰਕੇ ਰੋਟੀ ਕਮਾਉਣ ਦਾ ਸੰਕਲਪ ਕਰ ਲਿਆ ਸੀ।

# ਚੰਗੀ ਆਦਤ

*—ਹਰਿੰਦਰ ਸਿੰਘ ਗੋਗਨਾ*

"ਰੋਹਨ, ਤੈਨੂੰ ਕਿੰਨੀ ਵਾਰ ਆਖਿਐ ਕਿ ਬਾਹਰ ਜਾਂਦਿਆਂ ਟੀ.ਵੀ. ਤੇ ਪੱਖਾ ਬੰਦ ਕਰਕੇ ਜਾਇਆ ਕਰ... ਕਿੰਨੀ ਬਿਜਲੀ ਬੇਕਾਰ ਵਿਚ ਖ਼ਰਚ ਹੁੰਦੀ ਹੈ... ਪਰ ਤੂੰ ਕਦੇ ਵੀ ਨਹੀਂ ਸੁਣਦਾ...।" ਰੋਹਨ ਜਿਵੇਂ ਹੀ ਕਮਰੇ ਵਿਚੋਂ ਬਾਹਰ ਗਿਆ ਉਸ ਦੇ ਦਾਦੀ ਜੀ ਨੇ ਅੰਦਰ ਟੀ.ਵੀ. ਤੇ ਪੱਖਾ ਚਲਦੇ ਦੇਖ ਕੇ ਉਸ ਨੂੰ ਕਿਹਾ।

ਰੋਹਨ ਬੜਾ ਲਾਪਰਵਾਹ ਸੀ। ਕਦੇ ਵੀ ਪੱਖਾ, ਟੀ.ਵੀ. ਆਫ਼ ਨਹੀਂ ਸੀ ਕਰਦਾ। ਸਭ ਕੁਝ ਦਾਦੀ ਨੂੰ ਹੀ ਕਰਨਾ ਪੈਂਦਾ ਸੀ। ਰੋਹਨ ਦੇ ਮੰਮੀ-ਪਾਪਾ ਸ਼ਾਮ ਨੂੰ ਦਫ਼ਤਰੋਂ ਘਰ ਆਉਂਦੇ ਸਨ। ਉਹ ਪਿੱਛੋਂ ਦਾਦੀ ਦੀ ਇਕ ਨਾ ਸੁਣਦਾ। ਜੇ ਕਦੇ ਦਾਦੀ ਉਸ ਦੇ ਪਾਪਾ ਨੂੰ ਉਸ ਦੀਆਂ ਹਰਕਤਾਂ ਬਾਰੇ ਦਸਦੀ ਵੀ ਤਾਂ ਉਹ ਉਪਰਲੇ ਮਨੋਂ ਮੁਆਫ਼ੀ ਮੰਗ ਲੈਂਦਾ ਤੇ ਫਿਰ ਉਹੀ ਹਾਲ।

ਇਕ ਦਿਨ ਰੋਹਨ ਸਕੂਲੋਂ ਘਰ ਆਇਆ ਤਾਂ ਕਾਫੀ ਗਰਮੀ ਸੀ ਤੇ ਉਹ ਪਸੀਨੇ ਨਾਲ ਭਿੱਜਿਆ ਪਿਆ ਸੀ। ਉਸਨੇ ਆਉਂਦੇ ਹੀ ਛੱਤ ਵੱਲ ਦੇਖਿਆ। ਪੱਖਾ ਬੰਦ ਸੀ ਤੇ ਸਵਿੱਚ ਆਨ ਸੀ। ਮਤਲਬ ਬਿਜਲੀ ਗੁਲ ਸੀ। ਉਸ ਨੇ ਬਸਤਾ ਇਕ ਪਾਸੇ ਸੁੱਟਿਆ ਤੇ ਫਿਰ ਕਮੀਜ਼ ਲਾਹ ਕੇ ਬਾਥਰੂਮ ਵੱਲ ਗਿਆ ਤਾਂ ਕਿ ਨਹਾ ਕੇ ਤਰੋ ਤਾਜ਼ਾ ਹੋ ਸਕੇ। ਪਰ ਇਹ ਕੀ ਗੁਸਲਖਾਨੇ ਵਿਚ ਤਾਂ ਪਹਿਲਾਂ ਹੀ ਦਾਦੀ ਮੌਜੂਦ ਸੀ।

"ਦਾਦੀ ਮਾਂ ਜਲਦੀ ਬਾਹਰ ਆਓ, ਮੈਂ ਨਹਾਣਾ ਹੈ।" ਰੋਹਨ ਨੇ ਝੁੰਜਲਾਹਟ ਵਿਚ ਕਿਹਾ।

"ਮੈਂ ਨਹਾ ਰਹੀ ਹਾਂ... ਅਜੇ ਸਮਾਂ ਲੱਗੇਗਾ... ਥੋੜ੍ਹਾ ਇੰਤਜ਼ਾਰ ਕਰ...।" ਅੰਦਰੋਂ ਦਾਦੀ ਮਾਂ ਦੀ ਆਵਾਜ਼ ਆਈ।

"ਓਫ਼ ਹੋ ਕੀ ਮੁਸੀਬਤ ਹੈ...?" ਰੋਹਨ ਗੁੱਸੇ ਵਿਚ ਬੁਦਬੁਦਾਇਆ।

ਕੁਝ ਦੇਰ ਬਾਅਦ ਦਾਦੀ ਮਾਂ ਬਾਹਰ ਆਈ। ਰੋਹਨ ਗੁਸਲਖਾਨੇ ਵਿਚ ਵੜਿਆ ਤੇ ਫਿਰ ਨਾਲ ਹੀ ਮੁੜਿਆ ਤੇ ਖਿੱਝ ਕੇ ਬੋਲਿਆ, "ਟੂਟੀ ਵਿਚ ਇਕ ਵੀ ਬੂੰਦ ਪਾਣੀ ਨਹੀਂ...।"

"ਲਗਦੈ ਟੈਂਕੀ ਖਾਲੀ ਹੋ ਗਈ... ਹੁਣ ਤਾਂ ਸ਼ਾਮ ਨੂੰ ਹੀ ਪਾਣੀ ਆਵੇਗਾ... ਚੱਲ ਤੂੰ ਰੋਟੀ ਖਾ ਲੈ।" ਦਾਦੀ ਮਾਂ ਨੇ ਰੋਹਨ ਨੂੰ ਕਿਹਾ ਤੇ ਰਸੋਈ ਵੱਲ ਚਲੇ ਗਏ।

"ਦਾਦੀ ਮਾਂ ਤੁਹਾਨੂੰ ਕਦੋਂ ਦਾ ਕਹਿ ਰਿਹਾ ਸੀ ਕਿ ਮੈਂ ਨਹਾਣਾ ਹੈ। ਮੈਨੂੰ ਕਾਫੀ ਗਰਮੀ ਲੱਗ ਰਹੀ ਹੈ। ਤੁਸੀਂ ਸਾਰਾ ਪਾਣੀ ਮੁਕਾ ਦਿੱਤਾ। ਹੁਣ ਮੈਂ ਕਿਵੇਂ ਨਹਾਵਾਂਗਾ। ਤੁਹਾਨੂੰ ਪਾਣੀ ਦੀ ਜ਼ਰਾ ਵੀ ਕਦਰ ਨਹੀਂ। ਚੰਗਾ ਭਲਾ ਪਤਾ ਹੈ ਕਿ ਪਾਣੀ ਦੀ ਕਿੰਨੀ ਕਿੱਲਤ ਹੈ। ਮਸਾਂ ਦੋ ਵਾਰ ਹੀ ਦਿਨ ਵਿਚ ਪਾਣੀ ਆਉਂਦੀ ਹੈ।"

ਦਾਦੀ ਮਾਂ ਉਸ ਲਈ ਥਾਲੀ ਵਿਚ ਰੋਟੀ ਲੈ ਆਏ ਤੇ ਫਿਰ ਕਹਿਣ ਲੱਗੇ, "ਹੁਣ ਛੱਡ ਵੀ ਗੁੱਸੇ ਨੂੰ ਤੇ ਨਾਲੇ ਮੈਨੂੰ ਨਾ ਸਿਖਾ ਕਦਰ ਕਰਨੀ। ਜਦੋਂ ਮੈਂ ਤੈਨੂੰ ਰੋਜ਼ਾਨਾ ਕਹਿੰਦੀ ਹਾਂ ਕਿ ਬਿਜਲੀ ਦੀ ਬੱਚਤ ਕਰਨੀ ਚਾਹੀਦੀ ਹੈ। ਬੇਕਾਰ ਵਿਚ ਪੱਖਾ, ਟੀ.ਵੀ. ਚਲਦਾ ਨਹੀਂ ਛੱਡਣਾ ਚਾਹੀਦਾ। ਉਦੋਂ ਤਾਂ ਤੈਨੂੰ ਜ਼ਰਾ ਵੀ ਕਦਰ ਦਾ ਖ਼ਿਆਲ ਨਹੀਂ ਆਇਆ। ਪਤਾ ਹੈ ਤੇਰੇ ਡੈਡੀ ਹਰ ਮਹੀਨੇ ਢੇਰ ਪੈਸੇ ਬਿਜਲੀ ਦਾ ਬਿੱਲ ਭੁਗਤਾਨ ਕਰਦੇ ਹਨ... ਪਰ ਤੈਨੂੰ ਕੀ...।"

ਰੋਹਨ 'ਤੇ ਅੱਜ ਦਾਦੀ ਮਾਂ ਦੀ ਇਸ ਗੱਲ ਦਾ ਅਸਰ ਸੀ। ਬਿਜਲੀ ਤੇ ਪਾਣੀ ਨਾ ਹੋਣ ਕਾਰਨ ਉਸ ਨੂੰ ਅਹਿਸਾਸ ਸੀ ਕਿ ਜੀਵਨ ਵਿਚ ਇਨ੍ਹਾਂ ਚੀਜ਼ਾਂ ਦੀ ਕਿੰਨੀ ਕਦਰ ਹੈ। ਇਨ੍ਹਾਂ ਬਿਨਾਂ ਜੀਵਨ ਕਿੰਨਾ ਦੁਖਦਾਇਕ ਹੈ।

ਇੰਨੇ ਵਿਚ ਹੀ ਦਾਦੀ ਮਾਂ ਉਸ ਨੂੰ ਪੱਖੀ ਝੱਲਣ ਲੱਗੇ। ਰੋਹਨ ਨੂੰ ਕੁਝ ਰਾਹਤ ਮਿਲੀ। ਉਸ ਨੇ ਦਾਦੀ ਮਾਂ ਵੱਲ ਦੇਖਿਆ। ਉਹ ਉਸ ਵੱਲ ਵੇਖ ਕੇ ਪਿਆਰ ਨਾਲ ਮੁਸਕਰਾ ਰਹੇ ਸਨ। ਰੋਹਨ ਉਨ੍ਹਾਂ ਦੀ ਗੋਦ ਵਿਚ ਸਿਰ ਸੁੱਟ ਕੇ ਲੇਟ ਗਿਆ।

"ਬੇਟਾ, ਵੱਡੇ ਜੋ ਕਹਿੰਦੇ ਹਨ ਉਸ ਵਿਚ ਸਭ ਦਾ ਭਲਾ ਹੁੰਦਾ ਹੈ। ਬੱਚਿਆਂ ਨੂੰ ਹਮੇਸ਼ਾ ਵੱਡਿਆਂ ਦਾ ਆਖਾ ਮੰਨਣਾ ਚਾਹੀਦਾ ਹੈ। ਕਦੇ ਵੀ ਗੁੱਸਾ ਨਹੀਂ ਕਰਨਾ ਚਾਹੀਦਾ। ਚੱਲ ਮੈਂ ਤੇਰੇ ਨਹਾਉਣ ਦਾ ਇੰਤਜ਼ਾਮ ਕਰਦੀ ਹਾਂ।" ਕਹਿ ਕੇ ਦਾਦੀ ਮਾਂ ਨੇ ਰਸੋਈ ਵਿਚ ਸੰਭਾਲ ਕੇ ਰੱਖਿਆ ਕਾਫੀ ਸਾਰਾ ਪਾਣੀ ਰੋਹਨ ਦੀ ਬਾਲਟੀ ਵਿਚ ਉਲਟਾ ਦਿੱਤਾ। ਇਹ ਵੇਖ ਰੋਹਨ ਖ਼ੁਸ਼ ਸੀ। ਉਹ ਨਹਾ ਕੇ ਤਰੋਤਾਜ਼ਾ ਹੋ ਗਿਆ। ਫਿਰ ਦਾਦੀ ਮਾਂ ਨੂੰ ਕਹਿਣ ਲੱਗਾ, "ਦਾਦੀ ਮਾਂ, ਤੁਸੀਂ ਬੜੇ ਸਿਆਣੇ ਹੋ ਜੋ ਪਾਣੀ ਸੰਭਾਲ ਕੇ ਰੱਖਿਆ ਸੀ ਤੇ ਇਹ ਮੇਰੇ ਨਹਾਉਣ ਦੇ ਕੰਮ ਆ ਗਿਆ।"

'ਇਹੋ ਤਾਂ ਸਮਝਾਉਣਾ ਚਾਹੁੰਦੀ ਹਾਂ ਕਿ ਹਰ ਚੀਜ਼ ਦੀ ਸੰਭਾਲ ਤੇ ਕਦਰ ਬੜੀ ਜ਼ਰੂਰੀ ਹੈ। ਜੀਵਨ ਵਿਚ ਸੁਖ ਦੇਣ ਵਾਲੀਆਂ ਵਸਤਾਂ ਦੀ ਜਿੰਨੀ ਸੰਭਾਲ ਤੇ ਕਦਰ ਕਰਾਂਗੇ ਉਹ ਔਖੇ ਵੇਲੇ ਕੰਮ ਆਉਣਗੀਆਂ। ਭਾਵੇਂ ਬਿਜਲੀ ਹੋਵੇ, ਪਾਣੀ ਹੋਵੇ ਜਾਂ ਛਾਂ ਦੇਣ ਵਾਲੇ ਸੰਘਣੇ ਰੁੱਖ ਹੋਣ।" ਦਾਦੀ ਮਾਂ ਨੇ ਉਸ ਨੂੰ ਰੋਟੀ ਖੁਆਉਂਦਿਆਂ ਕਿਹਾ।

"ਸੱਚ ਦਾਦੀ ਮਾਂ, ਮੈਂ ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ ਫਿਰ ਕਦੇ ਵੀ ਤੁਹਾਡਾ ਕਹਿਣਾ ਨਹੀਂ ਮੋੜਾਂਗਾ ਤੇ ਹਰ ਚੀਜ਼ ਦੀ ਕਦਰ ਕਰਾਂਗਾ...।" ਰੋਹਨ ਨੇ ਇਕ ਬੁਰਕੀ ਦਾਦੀ ਮਾਂ ਦੇ ਮੂੰਹ ਵਿਚ ਪਾਉਂਦੇ ਕਿਹਾ।

ਤਦੇ ਹੀ ਬਿਜਲੀ ਆ ਗਈ। ਰੋਹਨ ਨੱਠ ਕੇ ਦੂਜੇ ਕਮਰੇ ਵਿਚ ਗਿਆ ਜਿਥੇ ਇਕ ਪੱਖਾ ਬੇਕਾਰ ਵਿਚ ਚੱਲ ਰਿਹਾ ਸੀ। ਉਸ ਨੇ ਉਸ ਦਾ ਸਵਿੱਚ ਆਫ ਕੀਤਾ ਤੇ ਫਿਰ ਦਾਦੀ ਮਾਂ ਕੋਲ ਆ ਕੇ ਰੋਟੀ ਖਾਣ ਬਹਿ ਗਿਆ। ਇਹ ਵੇਖ ਕੇ ਦਾਦੀ ਮਾਂ ਮੁਸਕਰਾਉਣ ਲੱਗੇ ਤੇ ਕਹਿਣ ਲੱਗੇ, "ਵਾਹ, ਮੇਰਾ ਰੋਹਨ ਤਾਂ ਸੱਚਮੁਚ ਸਿਆਣਾ ਹੋ

ਗਿਆ...।" ਇਹ ਸੁਣ ਕੇ ਰੋਹਨ ਵੀ ਖਿੜ ਗਿਆ। ਉਸ ਨੂੰ ਚੰਗੀ ਆਦਤ ਅਪਣਾ ਕੇ ਖੁਸ਼ੀ ਜੋ ਹੋ ਰਹੀ ਸੀ।

# ਚੋਰੀ

*—ਕੁਲਵਿੰਦਰ ਕੌਰ ਰੂਹਾਨੀ*

ਜਿਵੇਂ ਹੀ ਅਧਿਆਪਕ ਗੁਰਿੰਦਰ ਸਿੰਘ ਪੰਜਵੀਂ ਜਮਾਤ ਵਿਚ ਆਏ, ਸਾਰੇ ਬੱਚੇ ਰੌਲਾ ਪਾ ਕੇ ਦੱਸਣ ਲੱਗੇ ਕਿ ਕਿਸੇ ਨੇ ਹੈਪੀ ਦੇ ਪੰਜਾਹ ਰੁਪਏ ਚੋਰੀ ਕਰ ਲਏ ਹਨ। ਹੈਪੀ ਰੋ ਰਿਹਾ ਸੀ। ਉਹ ਪੰਜਾਹ ਰੁਪਏ ਆਪਣੀਆਂ ਕਾਪੀਆਂ ਤੇ ਪੈਨ ਲੈਣ ਲਈ ਲਿਆਇਆ ਸੀ। ਹੈਪੀ ਦੇ ਮਿੱਤਰਾਂ ਨੇ ਰੌਲਾ ਪਾਇਆ ਕਿ ਸਭ ਜਮਾਤੀਆਂ ਦੇ ਬਸਤਿਆਂ ਦੀ ਤਲਾਸ਼ੀ ਲਈ ਜਾਵੇ ਤਾਂ ਜੋ ਚੋਰ ਲੱਭਿਆ ਜਾ ਸਕੇ। ਅਧਿਆਪਕ ਨੇ ਸਭ ਬੱਚਿਆਂ ਨੂੰ ਕਿਹਾ, "ਸਭ ਤੋਂ ਪਹਿਲਾਂ ਤੁਸੀਂ ਮੈਨੂੰ ਹਿਸਾਬ ਦੇ 6.1 ਅਭਿਆਸ ਦੇ ਸਵਾਲ ਕਰ ਕੇ ਦਿਖਾਓ। ਮੈਂ ਘੰਟੀ ਵਜਣ ਤੋਂ ਪਹਿਲਾਂ ਤੁਹਾਡੇ ਸਭ ਦੇ ਬਸਤਿਆਂ ਦੀ ਤਲਾਸ਼ੀ ਲਵਾਂਗਾ।" ਇਹ ਕਹਿ ਕੇ ਅਧਿਆਪਕ ਆਪਣੀ ਕੁਰਸ਼ੀ ਤੇ ਬੈਠ ਕੇ ਲਾਪ੍ਰਵਾਹੀ ਨਾਲ ਕਿਤਾਬ ਪੜ੍ਹਨ ਲੱਗੇ।

ਸਾਰੇ ਬੱਚੇ ਅਧਿਆਪਕ ਦੇ ਇਸ ਵਤੀਰੇ ਤੋਂ ਬੜੇ ਹੈਰਾਨ ਹੋਏ ਪਰ ਉਹ ਆਪਣਾ ਕੰਮ ਕਰਨ ਲੱਗੇ। ਅਧਿਆਪਕ ਕਿਤਾਬ ਪੜ੍ਹਦੇ ਹੋਇਆਂ ਵਿਚ-ਵਿਚ ਜਮਾਤ ਦੇ ਸਾਰੇ ਵਿਦਿਆਰਥੀਆਂ ਵੱਲ ਘੋਖਵੀਂ ਨਜ਼ਰ ਨਾਲ ਵਾਚ ਰਹੇ ਸਨ। ਪਿੱਛੇ ਬੈਠੇ ਕੁਝ ਬੱਚੇ ਆਪਸੀ ਗੱਲਾਂ ਵਿਚ ਰੁੱਝੇ ਹੋਏ ਸਨ। ਕੁਝ ਬੱਚੇ ਦੂਜਿਆਂ ਦੀ ਮਦਦ ਨਾਲ ਸਵਾਲ ਹੱਲ ਕਰ ਰਹੇ ਸਨ। ਕੁਝ ਬੱਚੇ ਚੁਪ ਚਾਪ ਬੈਠੇ ਸਨ। ਪਰ ਵਿਰਾਟ ਸਿੰਘ ਜੋ ਕਿ ਤੀਸਰੀ ਮੇਜ ਤੇ ਬੈਠਾ ਸੀ, ਵਾਰ-ਵਾਰ ਆਪਣੇ ਬਸਤੇ ਨੂੰ ਹੱਥ ਨਾਲ ਆਪਣੇ ਵੱਲ ਖਿਸਕਾ ਰਿਹਾ ਸੀ। ਵਿਚ-ਵਿਚ ਉਹ ਚੋਰ ਅੱਖਾਂ ਨਾਲ ਇੱਧਰ-ਉੱਧਰ ਵੀ ਦੇਖ ਰਿਹਾ ਸੀ। ਅਧਿਆਪਕ ਨੇ ਵਿਰਾਟ ਨੂੰ ਕਿਹਾ, "ਵਿਰਾਟ ਆਪਣਾ ਬਸਤਾ ਚੁੱਕ ਕੇ ਮੇਰੇ ਕੋਲ ਆ।" ਅਧਿਆਪਕ ਦੇ ਇਸ ਅਚਾਨਕ ਹੁਕਮ ਤੋਂ ਵਿਰਾਟ ਬਹੁਤ ਡਰ ਗਿਆ। ਉਸਦਾ ਚਿਹਰਾ ਡਰ ਨਾਲ ਪੀਲਾ ਫਿਰ ਗਿਆ।

ਉਹ ਬਸਤਾ ਚੁੱਕ ਕੇ ਹੌਲੀ-ਹੌਲੀ ਅਧਿਆਪਕ ਕੋਲ ਪਹੁੰਚਾ। ਸਾਰੇ ਜਮਾਤੀ ਆਪਣਾ ਕੰਮ ਛੱਡ ਕੇ ਇਸ ਕਾਰਵਾਈ ਨੂੰ ਦੇਖਣ ਲੱਗੇ। ਅਧਿਆਪਕ ਨੇ ਆਪ ਵਿਰਾਟ ਦੇ ਬਸਤੇ ਦੀ ਤਲਾਸ਼ੀ ਲਈ। ਸਾਰੀਆਂ ਪੁਸਤਕਾਂ ਬਸਤੇ ਵਿਚੋਂ ਬਾਹਰ ਕੱਢੀਆਂ ਗਈਆਂ। ਹਿੰਦੀ ਦੀ ਪੁਸਤਕ ਵਿਚੋਂ ਪੰਜਾਹ ਰੁਪਏ ਮਿਲ ਗਏ ਪਰ ਅਧਿਆਪਕ ਨੇ ਪੰਜਾਹ ਰੁਪਏ ਪੁਸਤਕ ਵਿਚ ਹੀ ਰਹਿਣ ਦਿੱਤੇ ਤੇ ਬਗੈਰ ਕਿਸੇ ਨੂੰ ਦਿਖਾਏ ਉਹਨਾਂ ਵਿਰਾਟ ਨੂੰ ਪੁੱਛਿਆ, "ਇਹ ਪੰਜਾਹ ਰੁਪਏ ਤੂੰ ਹੈਪੀ ਦੇ ਚੋਰੀ ਕੀਤੇ ਹਨ...??" ਵਿਰਾਟ ਡਰਦੇ-ਡਰਦੇ ਬੋਲਿਆ, "ਜੀ ਨਹੀਂ ਇਹ ਮੇਰੇ ਹਨ।" ਅਧਿਆਪਕ ਨੇ ਹੈਪੀ

ਨੂੰ ਪੁੱਛਿਆ, "ਹੈਪੀ, ਵਿਰਾਟ ਕੋਲ ਦਸ-ਦਸ ਦੇ ਪੰਜਾਹ ਨੋਟ ਹਨ, ਕੀ ਇਹ ਤੇਰੇ ਪੈਸੇ ਹਨ ?" ਹੈਪੀ ਨੇ ਖੜ੍ਹੇ ਹੋ ਕੇ ਜਵਾਬ ਦਿੱਤਾ, "ਨਹੀਂ, ਅਧਿਆਪਕ ਜੀ, ਮੈਂ ਤਾਂ ਬੱਝੇ ਹੋਏ ਪੰਜਾਹ ਰੁਪਏ ਲਿਆਂਦੇ ਸਨ ਜੋ ਮੈਲੇ ਜਿਹੇ ਸਨ ਤੇ ਉਸ ਨੋਟ ਦਾ ਇਕ ਖੂੰਜਾ ਥੋੜ੍ਹਾ ਜਿਹਾ ਫਟਿਆ ਹੋਇਆ ਸੀ।" ਅਧਿਆਪਕ ਨੇ ਪੰਜਾਹ ਦੇ ਨੋਟ ਨੂੰ ਧਿਆਨ ਨਾਲ ਦੇਖਿਆ। ਇਹ ਹੈਪੀ ਦੇ ਹੀ ਪੰਜਾਹ ਰੁਪਏ ਸਨ। ਹੁਣ ਵਿਰਾਟ ਦੀ ਚੋਰੀ ਫੜੀ ਗਈ। ਗੀਤਾ ਨੇ ਉੱਠ ਕੇ ਅਧਿਆਪਕ ਨੂੰ ਦੱਸਿਆ, "ਅਧਿਆਪਕ ਜੀ, ਵਿਰਾਟ ਨੇ ਪਰਸੋਂ ਮੋਹਿਤ ਦੇ ਪੈਸੇ ਵੀ ਕੱਢ ਲਏ ਸਨ। ਸੁਰਿੰਦਰ ਅਧਿਆਪਕ ਜੀ ਨੇ ਇਸ ਨੂੰ ਝੂਠ ਬੋਲਣ ਤੇ ਪੈਸੇ ਚੋਰੀ ਕਰਨ ਲਈ ਸਜਾ ਵੀ ਦਿੱਤੀ ਸੀ।"

ਵਿਰਾਟ ਦੋਵੇਂ ਕੰਨ ਫੜ ਕੇ ਅਧਿਆਪਕ ਤੋਂ ਮਾਫੀ ਮੰਗਣ ਲੱਗਾ। ਅਧਿਆਪਕ ਉਸਦੀਆਂ ਪੁਸਤਕਾਂ ਨੂੰ ਬਸਤੇ ਵਿਚ ਪਾਉਣ ਲੱਗੇ—ਪਰ ਇਹ ਕੀ—ਉਸਦੇ ਬਸਤੇ ਵਿਚ ਇਕ ਸਿਗਰਟ ਤੇ ਇਕ ਮਾਚਸ ਦੀ ਡੱਬੀ ਪਈ ਸੀ। ਅਧਿਆਪਕ ਦਾ ਚਿਹਰਾ ਹੁਣ ਗੁੱਸੇ ਨਾਲ ਲਾਲ ਹੋ ਗਿਆ। ਉਹਨਾਂ ਨੇ ਕੜਕਵੀਂ ਅਵਾਜ਼ ਵਿਚ ਪੁੱਛਿਆ, "ਵਿਰਾਟ ਕੀ ਤੂੰ ਸਿਗਰਟ ਵੀ ਪੀਂਦਾ ਏ...??" ਵਿਰਾਟ ਨੇ ਨਾਂਹ ਵਿਚ ਸਿਰ ਹਿਲਾ ਦਿੱਤਾ। "ਜੀ, ਇਹ ਸਿਗਰਟ ਦਾ ਪੈਕਟ ਤੇ ਮਾਚਸ ਦੀ ਤੀਲ੍ਹੀ ਕੱਲ੍ਹ ਮੇਰੇ ਗੁਆਂਢੀ ਨੇ ਮੇਰੇ ਕੋਲੋਂ ਹੱਟੀ ਤੋਂ ਮੰਗਵਾਈ ਸੀ, ਮੈਂ ਉਸ ਨੂੰ ਦੇਣਾ ਭੁੱਲ ਗਿਆ।" ਅਧਿਆਪਕ ਨੂੰ ਪਤਾ ਲੱਗ ਚੁੱਕਾ ਸੀ ਕਿ ਵਿਰਾਟ ਝੂਠ ਬੋਲ ਰਿਹਾ ਹੈ।

ਉਹਨਾਂ ਸਾਰੇ ਬੱਚਿਆਂ ਨੂੰ ਸਮਝਾਉਂਦੇ ਹੋਏ ਕਿਹਾ, "ਦੇਖੋ ਬੱਚਿਓ, ਨਸ਼ੇ ਕਾਲ ਦਾ ਦੂਜਾ ਰੂਪ ਹਨ। ਆਪਣੇ ਜੀਵਨ ਨੂੰ ਜਿਉਂਦਿਆਂ ਜਦੋਂ ਕਿਸੇ ਜੀਵ ਦੀ ਮੌਤ ਹੁੰਦੀ ਹੈ ਤਾਂ ਮੌਤ ਵੇਲੇ ਸਭ ਕੁਝ ਖ਼ਤਮ ਹੋ ਜਾਂਦਾ ਹੈ। ਪਰ ਨਸ਼ਿਆਂ ਦਾ ਸੇਵਨ ਕਰਨ ਵਾਲਾ ਮਨੁੱਖ ਆਪਣੀ ਮੌਤ ਤੋਂ ਪਹਿਲਾਂ ਹੀ ਇਹੋ ਜਿਹਾ ਦੁੱਖੀ ਤੇ ਸੰਤਾਪ ਭਰਿਆ ਜੀਵਨ ਜਿਉਂਦਾ ਹੈ ਕਿ ਉਸਦੇ ਜੀਵਨ ਵਿਚ ਮੌਤ ਤੋਂ ਪਹਿਲਾਂ ਹੀ ਸੁੱਖ, ਆਰਾਮ, ਖੁਸ਼ੀ, ਸੰਤੋਖ, ਪਿਆਰ, ਸਾਥ ਤੇ ਅਪਣਤ ਸਭ ਕੁਝ ਖ਼ਤਮ ਹੋ ਜਾਂਦਾ ਹੈ ਤੇ ਕਈ ਵਾਰ ਉਹ ਆਪਣੀਆਂ ਮਾੜੀਆਂ ਆਦਤਾਂ ਨਾਲ ਆਪਣੇ ਦੋਸਤਾਂ, ਪਰਿਵਾਰਾਂ ਵਾਲਿਆਂ ਤੇ ਰਿਸ਼ਤੇਦਾਰਾਂ ਨੂੰ ਵੀ ਸ਼ਰਮਿੰਦਾ ਕਰਦਾ ਹੈ। ਫਿਰ ਹੌਲੀ ਹੌਲੀ ਮੋਹ ਦੀਆਂ ਤੰਦਾਂ ਟੁੱਟ ਜਾਂਦੀਆਂ ਹਨ ਅਤੇ ਸਭ ਉਸ ਦਾ ਸਾਥ ਛੱਡ ਦਿੰਦੇ ਹਨ ਤੇ ਉਹ ਇਕੱਲਾ ਹੀ ਰਹਿ ਜਾਂਦਾ ਹੈ।" ਫਿਰ ਅਧਿਆਪਕ ਨੇ ਵਿਰਾਟ ਵੱਲ ਦੇਖਦਿਆਂ ਹੋਏ ਪੁੱਛਿਆ, "ਵਿਰਾਟ ਕੀ ਤੂੰ ਵੀ ਇਕੱਲਾ ਰਹਿ ਜਾਣਾ ਚਾਹੁੰਦਾ ਏ...?" ਵਿਰਾਟ ਦੀਆਂ ਅੱਖਾਂ ਵਿਚ ਹੰਝੂ ਆ ਗਏ। ਅਧਿਆਪਕ ਪਿਆਰ ਨਾਲ ਉਸਦੇ ਮੋਢੇ ਤੇ ਹੱਥ ਧਰ ਕੇ ਬੋਲੇ, "ਵਿਰਾਟ ਪੁੱਤਰ, ਮੈਨੂੰ ਸਭ ਸੱਚ ਸੱਚ ਦੱਸ ਦੇ।"

ਵਿਰਾਟ ਨੇ ਰੋਂਦੇ ਹੋਏ ਦੱਸਿਆ, "ਜੀ, ਭੋਲਾ ਅਮਲੀ ਸਾਰਾ ਦਿਨ ਸਿਗਰਟਾਂ ਪੀ-ਪੀ ਕੇ ਪਿੰਡ ਦੀਆਂ ਗਲੀਆਂ ਵਿਚ 'ਅਨੰਦ ਆ ਗਿਆ, ਅਨੰਦ ਆ ਗਿਆ' ਕਹਿੰਦਾ ਰਹਿੰਦਾ ਹੈ। ਪਿੰਡ ਦੇ ਕੁਝ ਵੱਡੇ ਮੁੰਡੇ ਵੀ ਸਿਗਰਟ, ਤੰਬਾਕੂ ਤੇ ਸ਼ਰਾਬ ਆਦਿ

ਪੀਂਦੇ ਹਨ। ਫਿਲਮਾਂ ਿ ਵਚ ਵੀ ਮੈਂ ਕਈ ਹੀਰੋ ਸਿਗਰਟ ਪੀਂਦੇ ਵੇਖੇ ਹਨ। ਇਸ ਲਈ ਮੇਰੇ ਮਨ ਵਿਚ ਆਈ ਕਿ ਮੈਂ ਵੀ ਅਜਿਹਾ ਕਰਕੇ ਵੇਖਾਂ, ਪਰ ਅਧਿਆਪਕ ਜੀ ਮੈਂ ਸਿਗਰਟ ਕੇਵਲ ਦੋ-ਤਿੰਨ ਵਾਰ ਹੀ ਪੀਤੀ ਹੈ, ਮੈਨੂੰ ਇਸਦੀ ਲੱਤ ਨਹੀਂ।"

ਅਧਿਆਪਕ ਨੇ ਫਿਰ ਵਿਰਾਟ ਤੇ ਸਾਰੀ ਜਮਾਤ ਨੂੰ ਸਮਝਾਉਂਦਿਆਂ ਹੋਇਆ ਕਿਹਾ, "ਬੱਚਿਓ, ਇਹੋ ਜਿਹੇ ਨਸ਼ਿਆਂ ਦੀ ਲੱਤ ਕੇਵਲ ਇਹਨਾਂ ਦਾ ਸਵਾਦ ਦੇਖਣ ਦੀ ਲਾਲਸਾ ਨਾਲ ਹੀ ਪੈਂਦੀ ਹੈ। ਨਸ਼ਿਆਂ ਦਾ ਸਵਾਦ ਦੇਖ ਕੇ ਜਿਗਿਆਸੂ ਇਹ ਪਤਾ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਨਸ਼ਿਆਂ ਦਾ ਸਰੀਰ ਤੇ ਕੀ ਪ੍ਰਭਾਵ ਪੈਂਦਾ ਹੈ। ਇਹ ਸਾਰੇ ਨਸ਼ੇ ਇਨਸਾਨ ਦੇ ਖ਼ੂਨ ਵਿਚ ਘੁੱਲ ਕੇ ਦਿਮਾਗੀ ਸੁਸਤੀ ਪੈਦਾ ਕਰਦੇ ਹਨ ਜਿਸ ਨਾਲ ਇਨਸਾਨ ਕੁਝ ਪਲ ਲਈ ਬਹੁਤ ਅਰਾਮ ਤੇ ਸ਼ਾਂਤੀ ਮਹਿਸੂਸ ਕਰਦਾ ਹੈ। ਇਸ ਵੱਕਤੀ ਅਰਾਮ ਤੇ ਸ਼ਾਂਤੀ ਨੂੰ ਦੁਬਾਰਾ ਮਹਿਸੂਸ ਕਰਨ ਦੀ ਚਾਹ ਨਾਲ ਪਹਿਲਾਂ ਤਾਂ ਇਕ-ਦੋ ਦਿਨ ਦਾ ਵਕਫਾ ਪਾ ਕੇ ਪਰ ਬਾਅਦ ਵਿਚ ਰੋਜ਼ਾਨਾ ਹੀ ਨਸ਼ੇ ਕਰਨ ਦਾ ਆਦਿ ਹੋ ਜਾਂਦਾ ਹੈ। ਜਦੋਂ ਤੱਕ ਉਸਨੂੰ ਨਸ਼ਿਆਂ ਦਾ ਅਹਿਸਾਸ ਹੁੰਦਾ ਹੈ, ਤਦ ਤੱਕ ਉਹ ਨਸ਼ਿਆਂ ਦਾ ਗੁਲਾਮ ਬਣ ਚੁੱਕਾ ਹੁੰਦਾ ਹੈ। ਨਸ਼ੇ ਨੂੰ ਛੱਡਣ ਦੀ ਕੋਸ਼ਿਸ਼ ਕਰਨ ਤੇ ਉਸਦਾ ਆਦੀ ਹੋਇਆ ਸਰੀਰ ਬੇਹਦ ਕਮਜ਼ੋਰੀ ਮਹਿਸੂਸ ਕਰਦਾ ਹੈ, ਕਈ ਵਾਰ ਉਸਦੀ ਹਾਲਤ ਇੰਨੀ ਤਰਸਯੋਗ ਹੋ ਜਾਂਦੀ ਹੈ ਕਿ ਉਹ ਨਾ ਚਾਹੁੰਦੇ ਹੋਏ ਦੁਬਾਰਾ ਨਸ਼ੇ ਕਰਨ ਲੱਗਦਾ ਹੈ।" ਸਾਰੀ ਜਮਾਤ ਅਧਿਆਪਕ ਦੀਆਂ ਕਹੀਆਂ ਗੱਲਾਂ ਬਹੁਤ ਧਿਆਨ ਨਾਲ ਸੁਣ ਰਹੀ ਸੀ। ਅਧਿਆਪਕ ਨੇ ਆਪਣੀ ਗੱਲ ਨੂੰ ਜਾਰੀ ਰੱਖਦੇ ਹੋਏ ਕਿਹਾ, "ਜਦੋਂ ਨਸ਼ੇੜੀ ਕੋਲ ਨਸ਼ਿਆਂ ਦੀ ਖਰੀਦ ਲਈ ਪੈਸੇ ਨਹੀਂ ਹੁੰਦੇ ਤਾਂ ਉਹ ਇਸਦੀ ਪੂਰਤੀ ਲਈ ਹੋਰ ਬੁਰੀਆਂ ਆਦਤਾਂ ਜਿਵੇਂ ਚੋਰੀ ਕਰਨਾ, ਝੂਠ ਬੋਲਣਾ, ਲੁਕ ਛਿੱਪ ਕੇ ਗਲਤ ਕੰਮ ਕਰਨਾ, ਆਪਣੇ ਦੋਸਤਾਂ-ਮਿੱਤਰਾਂ ਤੇ ਪਰਿਵਾਰ ਨਾਲ ਲੜਨਾ, ਏਕਾਂਤ ਵਿਚ ਰਹਿਣਾ ਤੇ ਗੈਰ-ਕਾਨੂੰਨੀ ਕੰਮਾਂ ਨੂੰ ਕਰਨਾ ਆਦਿ ਨੂੰ ਸਹਿਜੇ ਹੀ ਗ੍ਰਹਿਣ ਕਰ ਲੈਂਦਾ ਹੈ।

ਬੱਚਿਓ ਜਿਵੇਂ ਰਸੋਈ ਵਿਚ ਚੁੱਲ੍ਹੇ ਦਾ ਧੂੰਆਂ ਬਾਹਰ ਕੱਢਣ ਵਾਲੀ ਚਿਮਨੀ ਵਿਚਕਾਰੋਂ ਕਾਲੀ ਤੇ ਗੰਦੀ ਹੋ ਜਾਂਦੀ ਹੈ ਇੰਜ ਹੀ ਸਿਗਰਟ ਦਾ ਗੰਦਾ ਧੂੰਆਂ ਸਾਡੀ ਸਾਹ ਨਲੀ, ਭੋਜਨ ਨਲੀ, ਫੇਫੜੇ ਤੇ ਇੱਥੋਂ ਤੱਕ ਕਿ ਖ਼ੂਨ ਸਾਫ਼ ਕਰਨ ਵਾਲੇ ਦਿਲ ਅਤੇ ਮਿਹਦੇ ਤੇ ਵੀ ਬਹੁਤ ਘਾਤਕ ਅਸਰ ਪਾਉਂਦਾ ਹੈ। ਇਹਨਾਂ ਅੰਦਰੂਨੀ ਕੋਮਲ ਅੰਗਾਂ ਉੱਪਰ ਜ਼ਖ਼ਮ ਹੋ ਜਾਂਦੇ ਹਨ ਜੋ ਸਮਾਂ ਪਾ ਕੇ ਕੈਂਸਰ ਦਾ ਰੂਪ ਲੈ ਲੈਂਦੇ ਹਨ। ਇਸੇ ਤਰ੍ਹਾਂ ਇਹ ਨਸ਼ਾ ਖ਼ੂਨ ਵਿਚ ਘੁੱਲ ਕੇ ਦਿਮਾਗ਼ ਅਤੇ ਸਾਰੇ ਸਰੀਰ ਨੂੰ ਸੁਸਤ ਕਰਕੇ ਸਰੀਰਕ ਕ੍ਰਿਆਸ਼ੀਲਤਾ ਉੱਤੇ ਸੱਟ ਮਾਰਦਾ ਹੈ। ਕਮਜ਼ੋਰੀ ਨਾਲ ਇਨਸਾਨ ਦੀ ਕੁਦਰਤੀ ਉਮਰ ਘੱਟ ਜਾਂਦੀ ਹੈ ਤੇ ਕਦੇ ਕਦੇ ਨਸ਼ੇ ਦੀ ਹਾਲਤ ਵਿਚ ਇਨਸਾਨ ਭਿਆਨਕ ਹਾਦਸਿਆਂ ਦਾ ਸ਼ਿਕਾਰ ਹੋ ਕੇ ਇਸ ਸੁੰਦਰ ਤੇ ਰੰਗਲੀ ਦੁਨੀਆਂ ਤੋਂ ਅਚਾਨਕ ਹੀ ਕੂਚ ਕਰ ਜਾਂਦਾ ਹੈ।" ਅਧਿਆਪਕ ਦੀਆਂ ਗੱਲਾਂ ਸੁਣ ਕੇ ਵਿਰਾਟ

ਦੀਆਂ ਅੱਖਾਂ ਖੁੱਲ੍ਹ ਗਈਆਂ ਸਨ। ਉਸਨੇ ਅਧਿਆਪਕ ਨੂੰ ਪੂਰੀ ਦ੍ਰਿੜ੍ਹਤਾ ਨਾਲ ਵਚਨ ਦਿੱਤਾ, "ਮੈਮ ਜੀ, ਮੈਂ ਅੱਜ ਤੋਂ ਕਦੇ ਵੀ ਸਿਗਰਟ ਨਹੀਂ ਪੀਵਾਂਗਾ ਤੇ ਨਾ ਹੀ ਕੋਈ ਹੋਰ ਨਸ਼ੇ ਕਰਾਂਗਾ। ਮੈਂ ਬਾਕੀ ਲੋਕਾਂ ਨੂੰ ਵੀ ਇਹਨਾਂ ਮਾਰੂ ਨਸ਼ਿਆਂ ਤੋਂ ਦੂਰ ਰਹਿਣ ਲਈ ਸਮਝਾਵਾਂਗਾ ਕਿ ਅਸੀਂ ਨਸ਼ਿਆਂ ਤੋਂ ਰਹਿਤ ਹੋ ਕੇ ਹੀ ਆਪਣਾ ਸੁੰਦਰ ਜੀਵਨ ਖੁਸ਼ੀਆਂ ਨਾਲ ਬਤੀਤ ਕਰਦੇ ਹੋਏ ਅੱਗੇ ਵਧ ਸਕਦੇ ਹਾਂ। ਮੈਂ ਅੱਜ ਪ੍ਰਣ ਕਰਦਾ ਹਾਂ ਕਿ ਜੀਵਨ ਵਿਚ ਚੰਗੀਆਂ ਆਦਤਾਂ ਗ੍ਰਹਿਣ ਕਰਕੇ ਅਤੇ ਉੱਚੀ ਸੋਚ ਦਾ ਧਾਰਣੀ ਬਣ ਕੇ ਮੈਂ ਆਪਣਾ ਪੁਲਸ ਕਪਤਾਨ ਦਾ ਸੁਫਨਾ ਪੂਰਾ ਕਰਕੇ ਆਪਣੇ ਅਧਿਆਪਕਾਂ ਤੇ ਮਾਤਾ-ਪਿਤਾ ਦਾ ਨਾਮ ਰੋਸ਼ਨ ਕਰਾਂਗਾ।" ਇਹ ਕਹਿ ਕੇ ਉਸਨੇ ਸਿਗਰਟ ਤੇ ਮਾਚਸ ਦੀ ਡੱਬੀ ਨੂੰ ਜਮਾਤ ਵਿਚ ਪਏ ਕੂੜੇਦਾਨ ਵਿਚ ਸੁੱਟ ਦਿੱਤਾ। ਸਾਰੇ ਜਮਾਤੀਆਂ ਤੇ ਅਧਿਆਪਕ ਨੇ ਤਾਲੀਆਂ ਮਾਰ ਕੇ ਉਸਦਾ ਹੌਂਸਲਾ ਵਧਾਇਆ।

## ਜੰਗਲ ਦੀ ਕੈਦ ਵਿਚ ਮਨੁੱਖ

*—ਕੁਲਵਿੰਦਰ ਕੌਰ ਰੂਹਾਨੀ*

ਰਾਤ ਦਾ ਸਮਾਂ ਸੀ। ਉਂਝ ਤਾਂ ਜੰਗਲ ਦੇ ਸਾਰੇ ਜਾਨਵਰ ਸੌਂ ਚੁੱਕੇ ਸਨ ਪਰ ਟੋਭੇ ਵਾਲੇ ਡੱਡੂਆਂ ਨੇ ਟਰੈਂ-ਟਰੈਂ ਕਰਕੇ ਖ਼ੂਬ ਸ਼ੋਰ ਮਚਾਇਆ ਹੋਇਆ ਸੀ। ਘਾਹ ਵਿਚ ਬੈਠੀਆਂ ਟਿੱਡੀਆਂ ਨੇ ਵੀ ਆਪਣਾ ਟਿੱਡੀ-ਸੰਗੀਤ ਸ਼ੁਰੂ ਕੀਤਾ ਹੋਇਆ ਸੀ। ਉੱਚੇ ਦਰਖ਼ਤ ਤੇ ਬੈਠਾ ਉੱਲੂ ਆਪਣੀਆਂ ਗੋਲ-ਮੋਲ ਅੱਖਾਂ ਨਾਲ ਜੰਗਲ ਵਿਚ ਹਰ ਪਾਸੇ ਪੂਰੀ ਮੁਸਤੈਦੀ ਨਾਲ ਨਜ਼ਰ ਰੱਖ ਰਿਹਾ ਸੀ। ਮਹਾਰਾਜਾ ਸ਼ੇਰ ਸਿੰਘ ਨੇ ਰਾਤ ਸਮੇਂ ਜੰਗਲ ਦੀ ਨਿਗਰਾਨੀ ਕਰਨ ਦਾ ਜਿੰਮਾ ਉੱਲੂ ਨੂੰ ਸੌਂਪਿਆ ਸੀ ਕਿਉਂਕਿ ਸਾਰਾ ਦਿਨ ਸੌਣ ਦੀ ਆਦਤ ਹੋਣ ਕਾਰਨ ਉੱਲੂ ਰਾਤ ਨੂੰ ਚੌਕੰਨਾ ਹੋ ਕੇ ਸਾਰੇ ਜੰਗਲ ਦੀ ਚੌਂਕੀਦਾਰੀ ਚੰਗੀ ਤਰ੍ਹਾਂ ਕਰ ਸਕਦਾ ਸੀ।

ਕੁਝ ਦਿਨਾਂ ਤੋਂ ਸਾਰੇ ਜੰਗਲ ਦੇ ਜਾਨਵਰ ਬਹੁਤ ਪਰੇਸ਼ਾਨ ਸਨ। ਹਮੇਸ਼ਾ ਤੋਂ ਘੁੱਗ ਵਸਦੇ ਇਸ ਜੰਗਲ ਵਿਚ ਅਚਾਨਕ ਜਾਨਵਰ ਗਾਇਬ ਹੋਣ ਲੱਗ ਪਏ ਸਨ। ਪਿਛਲੇ ਹਫਤੇ ਗੈਂਡੇ ਦਾ ਛੋਟਾ ਬੱਚਾ, ਹਿਰਨੀ ਦੀ ਚਾਚੀ, ਭਾਲੂ ਦਾ ਦੋਸਤ, ਲੂੰਬੜੀ ਦੀ ਭਤੀਜੀ ਤੇ ਛੋਟੇ ਹਾਥੀ ਦੀ ਮਾਂ ਗਾਇਬ ਹੋ ਚੁੱਕੇ ਸਨ। ਇਥੋਂ ਤੱਕ ਕਿ ਬਾਹਰਲੇ ਮੁਲਕ ਤੋਂ ਇਸ ਜੰਗਲ ਵਿਚ ਆਪਣੇ ਤੋਤੇ ਰਿਸ਼ਤੇਦਾਰਾਂ ਨੂੰ ਮਿਲਣ ਆਏ ਨੀਲੇ ਰੰਗ ਦੀ ਕਲਗੀ ਵਾਲੇ ਜਾਮਣੀ ਤੋਤਿਆਂ ਦਾ ਪੂਰਾ ਪਰਿਵਾਰ ਹੀ ਗਾਇਬ ਹੋ ਗਿਆ ਸੀ। ਜੰਗਲ ਦੇ ਮਹਾਰਾਜਾ ਸ਼ੇਰ ਸਿੰਘ ਨੇ ਇਕ ਤਤਕਾਲੀਨ ਮੀਟਿੰਗ ਸੱਦ ਕੇ ਜੰਗਲ ਦੇ ਸਾਰੇ ਜਾਨਵਰਾਂ ਨੂੰ ਤਾਕੀਦ ਕੀਤੀ ਸੀ ਕਿ ਉਹ ਹਰ ਵੇਲੇ ਚੌਕੰਨੇ ਹੋ ਕੇ ਰਹਿਣ ਤੇ ਰਾਤ ਨੂੰ ਆਪਣੇ ਘਰਾਂ ਵਿਚ ਚੰਗੀ ਤਰ੍ਹਾਂ ਹਿਫਾਜਤ ਨਾਲ ਸੌਣ। ਨਾਲ ਹੀ ਉੱਲੂ ਨੂੰ ਰਾਤ ਸਮੇਂ ਜੰਗਲ ਦੀ ਚੌਂਕੀਦਾਰੀ ਦਾ ਜਿੰਮਾ ਦਿੱਤਾ ਗਿਆ ਸੀ।

ਪਰ ਸਾਰੀ ਰਾਤ ਚੌਂਕੀਦਾਰੀ ਕਰਕੇ ਵੀ ਉੱਲੂ ਨੂੰ ਕੋਈ ਸੁਰਾਗ ਨਹੀਂ ਮਿਲਿਆ। ਸਵੇਰ ਹੁੰਦਿਆਂ ਹੀ ਜੰਗਲ ਵਿਚ ਰੌਲਾ ਪੈ ਗਿਆ ਕਿ ਮੋਰ ਤੇ ਮੋਰਨੀ ਦਾ ਜੋੜਾ ਜੰਗਲ ਵਿਚੋਂ ਗਾਇਬ ਹੋ ਗਿਆ ਹੈ। ਗੁਆਚੇ ਹੋਏ ਜਾਨਵਰਾਂ ਦੇ ਪਰਿਵਾਰ ਰੋ ਰਹੇ ਸਨ ਅਤੇ ਬਾਕੀ ਸਾਰੇ ਜਾਨਵਰ ਡਰੇ ਹੋਏ ਤੇ ਫਿਕਰਮੰਦ ਸਨ।

ਦੂਜੀ ਰਾਤ ਚੌਕੀਦਾਰੀ ਕਰਦੇ ਹੋਏ ਉੱਲੂ ਇਕ ਦਰਖ਼ਤ ਤੋਂ ਦੂਜੇ ਦਰਖ਼ਤ ਤੇ ਉੱਡ ਕੇ ਜੰਗਲ ਦੀ ਨਿਗਰਾਨੀ ਰੱਖ ਰਿਹਾ ਸੀ ਕਿ ਅਚਾਨਕ ਉਸ ਨੇ ਦੋ ਬਹੁਤ ਹੀ ਚਮਕੀਲੀਆਂ ਅੱਖਾਂ ਵਾਲੇ ਜਾਨਵਰ ਨੂੰ ਜੰਗਲ ਵਿਚ ਘੁੰਮਦੇ ਹੋਏ ਦੇਖਿਆ। ਰਾਤ ਦੇ ਹਨੇਰੇ ਵਿਚ ਏਨੀਆਂ ਚਮਕਦਾਰ ਅੱਖਾਂ ਵਾਲਾ ਜਾਨਵਰ ਬਹੁਤ ਤੇਜ਼ੀ ਨਾਲ ਘੁੰਮ ਰਿਹਾ ਸੀ। ਫਿਰ ਅਚਾਨਕ ਉਹ ਰੁੱਕ ਗਿਆ। ਸਾਹਮਣੇ ਬਾਰਾਸਿੰਗਾ ਆਪਣੇ ਪਰਿਵਾਰ ਨਾਲ ਘੁੱਕ ਸੁੱਤਾ ਪਿਆ ਸੀ। ਚਮਕਦਾਰ ਅੱਖਾਂ ਵਾਲੇ ਜਾਨਵਰ ਨੇ ਉਹਨਾਂ ਦੇ ਜ਼ਹਿਰੀਲੇ ਡੰਕ ਮਾਰੇ। ਬਾਰਾਸਿੰਗਾ ਤੇ ਉਸਦੇ ਪਰਿਵਾਰ ਦੇ ਜੀਅ ਤੜਫ ਕੇ ਮਰ ਗਏ। ਫਿਰ ਚਮਕੀਲੀਆਂ ਅੱਖਾਂ ਵਾਲਾ ਜਾਨਵਰ ਉਹਨਾਂ ਦੇ ਲਾਗੇ ਆਇਆ ਤੇ ਉਹਨਾਂ ਨੂੰ ਚੁੱਕ ਕੇ ਜੰਗਲ ਤੋਂ ਬਾਹਰ ਲੈ ਗਿਆ।

ਸਵੇਰ ਹੁੰਦਿਆਂ ਹੀ ਉੱਲੂ ਨੇ ਜੰਗਲ ਦੀ ਭਰੀ ਸਭਾ ਵਿਚ ਮਹਾਰਾਜਾ ਸ਼ੇਰ ਸਿੰਘ ਨੂੰ ਅੱਖੀਂ ਡਿੱਠੀ ਇਹ ਸਾਰੀ ਵਿਥਿਆ ਸੁਣਾਈ। ਚਮਕੀਲੀਆਂ ਅੱਖਾਂ ਵਾਲੇ ਭਿਆਨਕ ਜਾਨਵਰ ਬਾਰੇ ਸੁਣ ਕੇ ਜੰਗਲ ਦੇ ਸਾਰੇ ਜਾਨਵਰ ਘਬਰਾ ਗਏ। ਪਰ ਮਹਾਰਾਜ ਸ਼ੇਰ ਸਿੰਘ ਨੇ ਸਭ ਨੂੰ ਹੌਂਸਲਾ ਦਿੰਦਿਆਂ ਕਿਹਾ, "ਘਬਰਾਓ ਨਾ ਪਿਆਰੇ ਸਾਥੀਓ, ਜੇ ਅਸੀਂ ਡਰ ਕੇ ਹੱਥ ਉੱਤੇ ਹੱਥ ਧਰ ਕੇ ਬੈਠ ਗਏ ਤਾਂ ਉਹ ਚਮਕੀਲੀਆਂ ਅੱਖਾਂ ਵਾਲਾ ਭਿਆਨਕ ਜਾਨਵਰ ਇਕ ਦਿਨ ਸਾਨੂੰ ਸਭ ਨੂੰ ਮਾਰ ਕੇ ਲੈ ਜਾਵੇਗਾ ਤੇ ਜੰਗਲ ਜਾਨਵਰਾਂ ਤੋਂ ਸੱਖਣਾ ਹੋ ਜਾਵੇਗਾ। ਆਓ ਰਲ ਮਿਲ ਕੇ ਉਸ ਦਾ ਮੁਕਾਬਲਾ ਕਰੀਏ ਅਤੇ ਆਪਣੀ ਰੱਖਿਆ ਆਪ ਕਰੀਏ।" ਸਾਰੇ ਜਾਨਵਰਾਂ ਨੇ ਦੋਵੇਂ ਹੱਥ ਉੱਪਰ ਚੁੱਕ ਕੇ ਮਹਾਰਾਜਾ ਸ਼ੇਰੂ ਸਿੰਘ ਦੀ ਸਲਾਹ ਦਾ ਸਮਰਥਨ ਕੀਤਾ। ਇਸ ਤੋਂ ਬਾਅਦ ਵਿਉਂਤ ਘੜੀ ਗਈ ਕਿ ਕਿਵੇਂ ਉਸ ਚਮਕੀਲੀਆਂ ਅੱਖਾਂ ਵਾਲੇ ਜਾਨਵਰ ਨੂੰ ਕਾਬੂ ਕਰਕੇ ਮਾਰਨਾ ਹੈ।

ਰਾਤ ਹੁੰਦਿਆਂ ਹੀ ਉੱਲੂ ਜੰਗਲ ਦੀ ਨਿਗਰਾਨੀ ਪੂਰੀ ਮੁਸ਼ਤੈਦੀ ਨਾਲ ਕਰਨ ਲੱਗਾ। ਅੱਧੀ ਰਾਤ ਗੁਜ਼ਰਨ ਤੋਂ ਬਾਅਦ ਵੀ ਉਹ ਭਿਆਨਕ ਜਾਨਵਰ ਜੰਗਲ ਵਿਚ ਦਿਖਾਈ ਨਹੀਂ ਦਿੱਤਾ। ਪਰ ਉੱਲੂ ਉੱਡ-ਉੱਡ ਕੇ ਸਾਰੇ ਜੰਗਲ ਦੀ ਚੌਂਕੀਦਾਰੀ ਕਰਦਾ ਰਿਹਾ। ਅਚਾਨਕ ਉੱਲੂ ਨੂੰ ਉਹੀ ਚਮਕੀਲੀਆਂ ਅੱਖਾਂ ਵਾਲਾ ਭਿਆਨਕ ਜਾਨਵਰ ਨਜ਼ਰ ਆਇਆ। ਉਹ ਤੇਜੀ ਨਾਲ ਜੰਗਲ ਵਿਚ ਘੁੰਮ ਰਿਹਾ ਸੀ। ਇੰਜ ਲੱਗਦਾ ਸੀ ਜਿਵੇਂ ਉਹ ਕਿਸੇ ਜਾਨਵਰ ਨੂੰ ਮਾਰ ਕੇ ਲਿਜਾਣ ਲਈ ਉਤਾਵਲਾ ਸੀ। ਉੱਲੂ ਨੇ ਤੇਜੀ ਨਾਲ ਉੱਡ ਕੇ ਮਹਾਰਾਜ ਸ਼ੇਰੂ ਸਿੰਘ ਤੇ ਬਾਕੀ ਜਾਨਵਰਾਂ ਨੂੰ ਖ਼ਬਰਦਾਰ ਕੀਤਾ। ਵਿਉਂਤ ਦੇ ਮੁਤਾਬਕ ਸਾਰੇ ਜਾਨਵਰ ਮਲਕੜੇ ਜਿਹੇ ਉਸ ਚਮਕੀਲੀਆਂ ਅੱਖਾਂ ਵਾਲੇ ਭਿਆਨਕ ਜਾਨਵਰ ਦਾ ਪਿੱਛਾ ਕਰਨ ਲੱਗੇ। ਜੰਗਲ ਦੇ

ਵਿਚਕਾਰ ਜਾ ਕੇ ਉਹ ਰੁੱਕ ਗਏ। ਭਿਆਨਕ ਜਾਨਵਰ ਨੂੰ ਇਕ ਹਾਥੀ ਦਾ ਸੁੱਤਾ ਹੋਇਆ ਬੱਚਾ ਨਜ਼ਰ ਆਇਆ। ਜਿਵੇਂ ਹੀ ਉਹ ਜ਼ਹਿਰੀਲੇ ਡੰਕਾਂ ਨਾਲ ਹਾਥੀ ਦੇ ਬੱਚੇ ਨੂੰ ਮਾਰਨ ਲੱਗਾ, ਜੰਗਲ ਦੇ ਸਾਰੇ ਜਾਨਵਰਾਂ ਨੇ ਉਸ ਉੱਤੇ ਹਮਲਾ ਕਰ ਦਿੱਤਾ। ਹਾਥੀਆਂ ਨੇ ਜ਼ੋਰ ਲਗਾ ਕੇ ਉਸ ਜਾਨਵਰ ਨੂੰ ਉਲਟਾ ਕਰਕੇ ਸੁੱਟ ਦਿੱਤਾ। ਬਾਂਦਰਾਂ ਨੇ ਆਪਣੀਆਂ ਤਿੱਖੀਆਂ ਨਹੁੰਦਰਾਂ ਨਾਲ ਉਸਦੀ ਚਮੜੀ ਨੂੰ ਉਧੇੜਨਾ ਸ਼ੁਰੂ ਕਰ ਦਿੱਤਾ। ਉਲਟਾ ਹੋ ਕੇ ਵੀ ਉਹ ਜਾਨਵਰ ਗਰਰ-ਗਰਰ-ਰ ਦੀ ਭਿਆਨਕ ਅਵਾਜ਼ਾਂ ਕੱਢ ਰਿਹਾ ਸੀ। ਵਿਚ ਵਿਚ ਉਹ ਪੀਂ... ਪੀਂ... ਦੀਆਂ ਅਵਾਜ਼ਾਂ ਕੱਢ ਕੇ ਚੀਕਾਂ ਮਾਰ ਰਿਹਾ ਸੀ। ਪਰ ਉਹ ਹੁਣ ਨੱਠਣ ਤੋਂ ਅਸਮਰਥ ਸੀ ਕਿਉਂਕਿ ਜਾਨਵਰਾਂ ਨੇ ਉਸਨੂੰ ਉਲਟਾ ਕਰ ਦਿੱਤਾ ਸੀ।

ਜਦੋਂ ਸਵੇਰ ਹੋਈ ਤਾਂ ਉਸ ਭਿਆਨਕ ਜਾਨਵਰ ਨੂੰ ਘੇਰਾ ਪਾ ਕੇ ਖੜ੍ਹੇ ਸਾਰੇ ਜਾਨਵਰ ਹੈਰਾਨ ਹੋ ਗਏ। ਅਜਿਹਾ ਭਿਆਨਕ ਜਾਨਵਰ ਉਹਨਾਂ ਨੇ ਪਹਿਲੀ ਵਾਰ ਜੋ ਦੇਖਿਆ ਸੀ। ਲੱਤਾਂ ਦੀ ਥਾਂ ਉਸਦੇ ਗੋਲ ਗੋਲ ਜਿਹੇ ਛੇ ਚੱਕੇ ਸਨ। ਮੂੰਹ ਨੱਕ ਤੇ ਕੰਨਾਂ ਦਾ ਕੁਝ ਪਤਾ ਨਹੀਂ ਲੱਗ ਰਿਹਾ ਸੀ। ਨਾ ਹੀ ਉਸ ਦੀਆਂ ਬਾਹਵਾਂ ਸਨ ਪਰ ਉਸਦਾ ਪੇਟ ਬਹੁਤ ਵੱਡਾ ਸੀ। ਉਸਦੇ ਪੇਟ ਵਿਚ ਤਾਂ ਹਾਥੀ ਤੇ ਜਿਰਾਫ ਵਰਗੇ ਵਿਸ਼ਾਲ ਜਾਨਵਰ ਸਾਬਤ ਹੀ ਸਮਾ ਸਕਦੇ ਸਨ। ਪਰ ਆਹ ਕੀ... ਭਿਆਨਕ ਜਾਨਵਰ ਦੀਆਂ ਚਮਕਦੀਆਂ ਅੱਖਾਂ ਵਾਲੇ ਮੂੰਹ ਵਿਚ ਕਈ ਹੋਰ ਛੋਟੇ ਜਾਨਵਰ ਡਰੇ ਹੋਏ ਕੰਬ ਰਹੇ ਸਨ ਤੇ ਹੱਥ ਜੋੜ ਕੇ ਕੋਈ ਪ੍ਰਾਰਥਨਾ ਕਰ ਰਹੇ ਸਨ। ਸਾਰੇ ਜਾਨਵਰਾਂ ਨੇ ਉਤਸੁਕਤਾ ਨਾਲ ਉਲਟੇ ਹੋ ਕੇ ਡਿੱਗੇ ਜਾਨਵਰ ਦੀ ਭੰਨ ਤੋੜ ਕਰਕੇ ਉਹਨਾਂ ਨੂੰ ਬਾਹਰ ਕੱਢਿਆ ਤੇ ਪੁੱਛਿਆ, "ਕੀ ਤੁਹਾਨੂੰ ਵੀ ਇਸ ਖੌਫ਼ਨਾਕ ਤੇ ਚਮਕੀਲੀਆਂ ਅੱਖਾਂ ਵਾਲੇ ਜਾਨਵਰ ਨੇ ਖਾਣ ਲਈ ਬੰਦੀ ਬਣਾਇਆ ਹੈ ? ਅਸੀਂ ਤੁਹਾਨੂੰ ਇਸ ਜੰਗਲ ਵਿਚ ਪਹਿਲੀ ਵਾਰ ਦੇਖਿਆ ਹੈ। ਤੁਸੀਂ ਕੌਣ ਹੋ ?" ਉਹਨਾਂ ਛੋਟੇ ਜਾਨਵਰਾਂ ਨੇ ਡਰਦੇ ਹੋਏ ਦੱਸਿਆ, "ਅਸੀਂ ਮਨੁੱਖ ਹਾਂ ਤੇ ਆਹ ਸਾਡੀ ਜਾਨਵਰ ਫੜਨ ਵਾਲੀ ਗੱਡੀ ਹੈ।" ਇਹ ਸੁਣ ਕੇ ਜੰਗਲ ਦੇ ਸਾਰੇ ਜਾਨਵਰ ਗੁੱਸੇ ਨਾਲ ਲਾਲ ਪੀਲੇ ਹੋ ਗਏ। ਮਹਾਰਾਜ ਸ਼ੇਰ ਸਿੰਘ ਨੇ ਸਭ ਨੂੰ ਸ਼ਾਂਤ ਕੀਤਾ ਤੇ ਮਨੁੱਖਾਂ ਨੂੰ ਪੁੱਛਿਆ, "ਕੀ ਤੁਸੀਂ ਹਰ ਰੋਜ਼ ਸਾਡੇ ਜੰਗਲ ਵਿਚ ਜਾਨਵਰ ਫੜਨ ਆਉਂਦੇ ਹੋ ? ਜਾਨਵਰਾਂ ਨੂੰ ਫੜਨ ਤੋਂ ਬਾਅਦ ਕੀ ਤੁਸੀਂ ਉਹਨਾਂ ਨੂੰ ਖਾ ਲੈਂਦੇ ਹੋ ?" ਮਨੁੱਖਾਂ ਨੇ ਡਰਦੇ ਹੋਏ ਜਵਾਬ ਦਿੱਤਾ, "ਨਹੀਂ, ਅਸੀਂ ਇਹਨਾਂ ਜਾਨਵਰਾਂ ਨੂੰ ਬੇਹੋਸ਼ੀ ਦਾ ਡੰਕ ਮਾਰ ਕੇ ਬੇਹੋਸ਼ ਕਰ ਲੈਂਦੇ ਹਾਂ। ਫਿਰ ਅਸੀਂ ਇਹਨਾਂ ਨੂੰ ਸ਼ਹਿਰ ਵਿਚ ਬਣੇ ਚਿੜੀਆ ਘਰ ਵਿਚ ਲੈ ਜਾਂਦੇ ਹਾਂ। ਉੱਥੇ ਅਸੀਂ ਇਹਨਾਂ ਨੂੰ ਪਿੰਜਰਿਆਂ ਵਿਚ ਕੈਦ ਕਰਕੇ ਰੱਖਦੇ ਹਾਂ ਤਾਂ ਜੋ ਸਾਡੇ ਸ਼ਹਿਰੀ ਲੋਕ ਤੇ ਉਹਨਾਂ ਦੇ ਬੱਚੇ ਉਹਨਾਂ ਜਾਨਵਰਾਂ ਨੂੰ ਨੇੜਿਓਂ ਦੇਖ ਸਕਣ।" ਇਹ ਸੁਣ ਕੇ ਸਾਰੇ ਜਾਨਵਰ ਗੁੱਸੇ ਨਾਲ ਅੱਗ ਬਬੂਲੇ ਹੋ ਗਏ। ਜਿਹਨਾਂ ਜਾਨਵਰਾਂ ਦੇ ਪਰਿਵਾਰਕ ਮੈਂਬਰ ਮਨੁੱਖ ਚੁੱਕ ਕੇ ਲੈ ਗਏ ਸਨ ਉਹ ਚੀਕਾਂ ਮਾਰ-ਮਾਰ ਕੇ ਰੌਲਾ ਪਾਉਣ ਲੱਗੇ,

"ਮਨੁੱਖਾਂ ਨੂੰ ਮਾਰ ਦਿਓ, ਮਨੁੱਖਾਂ ਨੂੰ ਮਾਰ ਦਿਓ।" ਪਰ ਜੰਗਲ ਦੇ ਮਹਾਰਾਜਾ ਸ਼ੇਰ ਸਿੰਘ ਨੇ ਆਪਣਾ ਫੈਸਲਾ ਸੁਣਾਉਂਦਿਆਂ ਕਿਹਾ, "ਨਹੀਂ, ਇਹਨਾਂ ਮਨੁੱਖਾਂ ਨੂੰ ਜੰਗਲ ਵਿਚ ਟੋਆ ਪੁੱਟ ਕੇ ਕੈਦ ਕੀਤਾ ਜਾਵੇਗਾ ਤਾਂ ਜੋ ਜੰਗਲੀ ਜਾਨਵਰ ਤੇ ਉਹਨਾਂ ਦੇ ਬੱਚੇ ਇਹ ਦੇਖ ਸਕਣ ਕਿ ਮਨੁੱਖ ਕਿਹੋ ਜਿਹਾ ਹੁੰਦਾ ਹੈ।"

ਸਾਰੇ ਮਨੁੱਖ ਲੇਲੜੀਆਂ ਕੱਢਦੇ ਹੋਏ ਰਹਿਮ ਦੀ ਭੀਖ ਮੰਗਣ ਲੱਗੇ। ਖਰਗੋਸ਼ਾਂ ਤੇ ਲੂੰਬੜਾਂ ਨੇ ਟੋਆ ਪੁੱਟਣਾ ਸ਼ੁਰੂ ਕਰ ਦਿੱਤਾ। ਲੱਕੜਾਂ ਦਾ ਜਾਲ ਬਣਾਉਣ ਲਈ ਹਿਰਨ ਹਰੀਆਂ ਵੇਲਾਂ ਤੋੜ ਲਿਆਏ। ਬਾਂਦਰਾਂ ਨੇ ਵੇਲਾਂ ਗੁੰਦ ਕੇ ਲੱਕੜੀ ਦਾ ਜਾਲ ਤਿਆਰ ਕਰ ਲਿਆ। ਮਨੁੱਖਾਂ ਨੂੰ ਟੋਏ ਵਿਚ ਸੁੱਟ ਕੇ ਉੱਪਰ ਲੱਕੜੀ ਦਾ ਜਾਲ ਰੱਖ ਦਿੱਤਾ ਗਿਆ। ਗੈਂਡੇ ਤੇ ਹਾਥੀ ਨੂੰ ਪਹਿਰੇਦਾਰੀ ਦਾ ਕੰਮ ਦੇ ਦਿੱਤਾ ਗਿਆ। ਮਨੁੱਖ ਸਿਰ ਤੇ ਹੱਥ ਮਾਰ-ਮਾਰ ਕੇ ਰੋਣ ਲੱਗੇ। ਜੰਗਲ ਦੇ ਪੰਛੀ ਖੁਸ਼ੀ ਨਾਲ ਅਸਮਾਨ ਵੱਲ ਉਡਾਰੀ ਮਾਰਦੇ ਹੋਏ ਗਾਉਣ ਲੱਗੇ, "ਜੰਗਲ ਦੀ ਕੈਦ ਵਿਚ ਮਨੁੱਖ, ਜੰਗਲ ਦੀ ਕੈਦ ਵਿਚ ਮਨੁੱਖ।" ਗੱਲ ਉੱਡਦੀ-ਉੱਡਦੀ ਸ਼ਹਿਰ ਜਾ ਪਹੁੰਚੀ। ਸ਼ਹਿਰ ਦੇ ਲੋਕ ਜੰਗਲ ਵੱਲ ਦੌੜੇ ਆਏ। ਉਹਨਾਂ ਨੂੰ ਮਹਾਰਾਜਾ ਸ਼ੇਰ ਸਿੰਘ ਦੀ ਸਭਾ ਵਿਚ ਪੇਸ਼ ਕੀਤਾ ਗਿਆ। ਸ਼ਹਿਰ ਦੇ ਲੋਕਾਂ ਨੇ ਮਨੁੱਖਾਂ ਨੂੰ ਜੰਗਲ ਦੀ ਕੈਦ ਵਿਚੋਂ ਛੱਡਣ ਦੀ ਬੇਨਤੀ ਕੀਤੀ। ਮਹਾਰਾਜਾ ਸ਼ੇਰ ਸਿੰਘ ਨੇ ਕਿਹਾ, "ਤੁਸੀਂ ਵੀ ਤਾਂ ਸਾਡੇ ਜੰਗਲੀ ਜਾਨਵਰਾਂ ਨੂੰ ਕੈਦ ਕਰਕੇ ਚਿੜਿਆ ਘਰ ਵਿਚ ਰੱਖਦੇ ਹੋ। ਪਹਿਲਾਂ ਉਹਨਾਂ ਸਾਰਿਆਂ ਜਾਨਵਰਾਂ ਨੂੰ ਆਜ਼ਾਦ ਕਰਕੇ ਜੰਗਲਾਂ ਵਿਚ ਲਿਆਓ। ਜੇ ਆਜ਼ਾਦੀ ਮਨੁੱਖਾਂ ਦਾ ਹੱਕ ਹੈ ਤਾਂ ਆਜ਼ਾਦੀ ਜਾਨਵਰਾਂ ਤੇ ਪੰਛੀਆਂ ਦਾ ਵੀ ਹੱਕ ਹੈ।" ਮਹਾਰਾਜਾ ਦੇ ਕਹੇ ਮੁਤਾਬਕ ਮਨੁੱਖਾਂ ਤੇ ਜੰਗਲੀ ਜਾਨਵਰਾਂ ਵਿਚ ਮਤਾ ਪਾਸ ਹੋ ਗਿਆ। ਸਾਰੇ ਜਾਨਵਰਾਂ ਨੂੰ ਚਿੜਿਆ ਘਰ ਤੋਂ ਲਿਆ ਕੇ ਜੰਗਲ ਵਿਚ ਆਜ਼ਾਦ ਛੱਡ ਦਿੱਤਾ ਗਿਆ। ਜਾਨਵਰ ਆਪਣੇ ਗੁਆਚੇ ਹੋਏ ਪਰਿਵਾਰਕ ਜੀਆਂ ਨੂੰ ਮਿਲ ਕੇ ਬਹੁਤ ਖੁਸ਼ ਸਨ। ਜੰਗਲੀ ਜਾਨਵਰਾਂ ਨੇ ਵੀ ਲੱਕੜੀ ਦਾ ਜਾਲ ਚੁੱਕ ਕੇ ਵਗਾਹ ਮਾਰਿਆ ਤੇ ਮਨੁੱਖਾਂ ਨੂੰ ਟੋਏ ਵਿਚੋਂ ਬਾਹਰ ਕੱਢ ਕੇ ਆਜ਼ਾਦ ਕਰ ਦਿੱਤਾ। ਮਨੁੱਖਾਂ ਨੂੰ ਗੁਲਾਮੀ ਭਰੇ ਜੀਵਨ ਦਾ ਦਰਦ ਤੇ ਸੰਤਾਪ ਸਮਝ ਆ ਗਿਆ ਸੀ। ਉਹਨਾਂ ਨੇ ਸ਼ਹਿਰ ਮੁੜ ਕੇ ਚਿੜਿਆ ਘਰ ਨੂੰ ਤੋੜ ਦਿੱਤਾ ਤੇ ਉਸ ਦੀ ਥਾਂ ਸੁੰਦਰ ਹਰਾ-ਭਰਾ ਬਗੀਚਾ ਤਿਆਰ ਕਰਵਾਇਆ। ਅੱਜ ਵੀ ਉਸ ਬਗੀਚੇ ਵਿਚ ਪੰਛੀ ਆਜ਼ਾਦੀ ਦਾ ਗੀਤ ਗਾਉਂਦੇ ਹਨ।

## ਲਗਨ

*—ਮਨਪ੍ਰੀਤ ਕੌਰ ਭਾਟੀਆ*

ਦੀਪੂ ਨੂੰ ਸਕਲ ਜਾਣਾ ਬਿਲਕੁਲ ਵੀ ਚੰਗਾ ਨਹੀਂ ਸੀ ਲੱਗਦਾ। ਰਿੜ੍ਹ-ਖੁੜ੍ਹ ਕੇ ਉਹ ਛੇਵੀਂ ਜਮਾਤ 'ਚ ਤਾਂ ਹੋ ਗਿਆ ਸੀ, ਪਰ ਹੁਣ ਔਖੀ ਪੜ੍ਹਾਈ ਦੇਖ-ਦੇਖ ਉਸ ਨੂੰ ਨਾ ਤਾਂ ਕਿਤਾਬਾਂ ਚੰਗੀਆਂ ਲੱਗਦੀਆਂ ਤੇ ਨਾ ਹੀ ਅਧਿਆਪਕ। ਉਹ ਸੋਚਦਾ

ਘਰ ਰਹੋ ਤਾਂ ਕਿੰਨੀਆਂ ਮੌਜਾਂ ਹਨ, ਸਾਰਾ ਦਿਨ ਟੀ.ਵੀ. ਦੇਖੋ, ਪਤੰਗਾਂ ਉਡਾਉ, ਗੇਮਾਂ ਖੇਡੋ, ਖਾਉ-ਪੀਉ ਤੇ ਮੌਜ ਕਰੋ। ਤੇ ਸਕੂਲ....। ਸਾਰਾ ਦਿਨ ਤੜ ਕੇ ਬੈਠੇ ਰਹੋ, ਅਧਿਆਪਕਾਂ ਦੀ ਗੱਲ ਸੁਣੋ, ਪੜ੍ਹੋ ਤੇ ਫਿਰ ਡਾਂਟ ਵੀ ਸੁਣੋ। ਉਹ ਰੋਜ਼ ਸਕੂਲ ਨਾ ਜਾਣ ਦੇ ਨਵੇਂ-ਨਵੇਂ ਬਹਾਨੇ ਬਣਾਉਂਦਾ। ਪਰ ਹੁਣ ਉਸਦੇ ਮੰਮੀ-ਪਾਪਾ ਨੂੰ ਵੀ ਉਸਦੇ ਬਹਾਨਿਆਂ ਦੀ ਸਮਝ ਲੱਗ ਗਈ ਸੀ। ਉਹ ਹਰ ਰੋਜ਼ ਉਸਨੂੰ ਸਕੂਲ ਭੇਜਦੇ, ਜੇ ਉਹ ਬਹਾਨਾ ਬਣਾਉਂਦਾ ਤਾਂ ਉਸਨੂੰ ਪਾਪਾ ਤੋਂ ਖ਼ੂਬ ਡਾਂਟ ਪੈਂਦੀ।

ਅੱਜ ਵੀ ਉਸਦਾ ਕਲਾਸ 'ਚ ਮਨ ਨਹੀਂ ਸੀ ਲੱਗ ਰਿਹਾ। ਉਸ ਦਾ ਦਿਲ ਕਰ ਰਿਹਾ ਸੀ ਉਹ ਭੱਜ ਕੇ ਘਰ ਚਾਲਾ ਜਾਵੇ ਤੇ ਟੀ.ਵੀ. ਤੇ ਕਾਰਟੂਨ ਦੇਖੇ। ਉਸਨੇ ਅੱਜ ਹੋਣ ਵਾਲੇ ਅੰਗਰੇਜ਼ੀ ਦੇ ਟੈਸਟ ਦੀ ਤਿਆਰੀ ਵੀ ਨਹੀਂ ਸੀ ਕੀਤੀ। ਸਕੂਲੋਂ ਜਾ ਕੇ ਕੱਲ੍ਹ ਸਾਰਾ ਦਿਨ ਉਹ ਟੀ.ਵੀ. ਦੇਖਦਾ ਰਿਹਾ ਸੀ। ਰਾਤੀਂ ਮੰਮੀ ਦੇ ਬਾਰ-ਬਾਰ ਡਾਂਟਣ ਤੇ ਹੀ ਉਸਨੇ ਟੀ.ਵੀ. ਬੰਦ ਕੀਤਾ ਸੀ। ਟੈਸਟ ਦੇਖ ਕੇ ਉਸਦੀਆਂ ਅੱਖਾਂ ਅੱਗੇ ਹਨੇਰਾ ਛਾਣ ਲੱਗਾ। ਉਸਨੇ ਦੇਖਿਆ ਸਾਰੇ ਬੱਚੇ ਸਿਰ ਸੁੱਟ ਕੇ ਬੜੇ ਧਿਆਨ ਨਾਲ ਟੈਸਟ ਕਰ ਰਹੇ ਸੀ। ਤੇ ਸਿਰਫ ਉਹ ਹੀ ਆਲੇ-ਦੁਆਲੇ ਝਾਕ ਰਿਹਾ ਸੀ। ਅਧਿਆਪਕ ਦੇ ਡਾਂਟਣ ਤੇ ਉਹ ਵੀ ਕੁਝ ਲਿਖਣ ਦਾ ਨਾਟਕ ਜਿਹਾ ਕਰਨ ਲੱਗਾ। ਜਦੋਂ ਟੈਸਟ ਚੈੱਕ ਹੋਏ ਤਾਂ ਸਭ ਬੱਚੇ ਚੰਗੇ ਨੰਬਰਾਂ 'ਚ ਪਾਸ ਸੀ, ਸਿਰਫ਼ ਉਸਦੀ ਹੀ ਜ਼ੀਰੋ ਆਈ ਸੀ। ਅਧਿਆਪਕ ਤੋਂ ਉਸਨੂੰ ਖ਼ੂਬ ਡਾਂਟ ਪਈ। ਤੇ ਉਸਨੂੰ ਬੈਂਚ 'ਤੇ ਵੀ ਖੜ੍ਹਾ ਹੋਣਾ ਪਿਆ। ਪੀਰੀਅਡ ਖ਼ਤਮ ਹੋਣ 'ਤੇ ਜਿਉਂ ਹੀ ਅਧਿਆਪਕ ਜਮਾਤ 'ਚੋਂ ਬਾਹਰ ਗਏ, ਸਭ ਬੱਚਿਆਂ 'ਹੂ-ਹੂ, ਜ਼ੀਰੋ।ਹੂ-ਹੂ-ਜ਼ੀਰੋ' ਕਹਿੰਦਿਆਂ ਉਸਦਾ ਖ਼ੂਬ ਮਜ਼ਾਕ ਉਡਾਇਆ।

ਉਸਨੂੰ ਬਹੁਤ ਹੀ ਬੁਰਾ ਲੱਗਾ। ਦੂਜੇ ਪੀਰੀਅਡ ਦੇ ਅਧਿਆਪਕ ਦੇ ਆਉਣ ਤੇ ਹੀ ਬੱਚੇ ਚੁੱਪ ਹੋਏ ਸੀ। ਅਧਿਆਪਕ ਨੇ ਆਉਂਦਿਆਂ ਹੀ ਸ਼ੋਰ ਮਚਾ ਰਹੇ ਬੱਚਿਆਂ ਨੂੰ ਡਾਂਟਿਆਂ। ਦੀਪੂ ਰੋਂਦਾ ਪਿਆ ਸੀ। ਅਧਿਆਪਕ ਨੇ ਉਸਨੂੰ ਕੋਲ ਬੁਲਾ ਕੇ ਕਿਹਾ, "ਦੀਪੂ ਬੇਟਾ ਜੇ ਤੂੰ ਵੀ ਪੜ੍ਹ ਕੇ ਆਵੇਂ ਤਾਂ ਤੂੰ ਵੀ ਚੰਗੇ ਨੰਬਰ ਲੈ ਸਕਦਾ ਹੈਂ। ਫਿਰ ਤੇਰਾ ਕੋਈ ਮਜ਼ਾਕ ਨਹੀਂ ਉਡਾਏਗਾ। ਤੂੰ ਲਗਨ ਨਾਲ ਪੜ੍ਹ ਤਾਂ ਸਹੀ। ਇਕ ਵਾਰ ਮੇਰੀ ਗੱਲ ਮੰਨ ਤਾਂ ਸਹੀ।' ਪਰ ਦੀਪੂ ਨੇ ਅਧਿਆਪਕ ਦੀ ਗੱਲ ਅਣਸੁਣੀ ਕਰ ਦਿੱਤੀ ਤੇ ਆਪਣੀ ਸੀਟ ਤੇ ਬੈਠ ਕੇ ਮੂੰਹ ਹੇਠਾਂ ਕਰਕੇ ਰੋਂਦਾ ਰਿਹਾ। ਜਿਵੇਂ ਕਿਵੇਂ ਸਕੂਲ ਦਾ ਟਾਈਮ ਖ਼ਤਮ ਹੋਇਆ। ਘਰ ਆਉਂਦਿਆਂ ਹੀ ਉਸਨੇ ਮੰਮੀ ਦੇ ਸਾਹਮਣੇ ਸਕੂਲ ਬੈਗ ਚੁੱਕ ਕੇ ਵਗ੍ਹਾ ਮਾਰਿਆ। 'ਮੈਂ ਕੱਲ੍ਹ ਤੋਂ ਸਕੂਲ ਬਿਲਕੁਲ ਨਹੀਂ ਜਾਣਾ। ਬਹੁਤ ਗੰਦੇ ਬੱਚੇ ਹਨ ਉੱਥੇ। ਮੈਂ ਕੱਲ੍ਹ ਤੋਂ ਪਾਪਾ ਨਾਲ ਦੁਕਾਨ ਤੇ ਬੈਠਾਂਗਾ।' ਕਿਉਂਕਿ ਉਸਨੂੰ ਪਤਾ ਸੀ ਕਿ ਦੁਕਨ ਤੇ ਟੀ.ਵੀ. ਲੱਗਾ ਹੋਇਆ ਹੈ ਤੇ ਗੱਦੀ ਤੇ ਬੈਠ ਕੇ ਆਰਾਮ ਨਾਲ ਸਾਰਾ ਦਿਨ ਟੀ.ਵੀ. ਦੇਖੇਗਾ। ਘਰ ਤਾਂ ਮੰਮੀ ਉਸਨੂੰ ਟੀ.ਵੀ. ਦੇਖਣ ਵੀ ਨਹੀਂ ਦੇਵੇਗੀ ਤੇ ਡਾਂਟੀ ਜਾਵੇਗੀ।

ਰਾਤ ਨੂੰ ਪਾਪਾ ਘਰ ਆਏ ਤਾਂ ਮੰਮੀ ਨੇ ਉਹਨਾਂ ਨੂੰ ਸਾਰੀ ਗੱਲ ਦੱਸੀ। ਪਾਪਾ ਕੁਝ ਸੋਚਦਿਆਂ ਚੁੱਪ ਕਰ ਗਏ ਤੇ ਬੋਲੇ, "ਠੀਕ ਹੈ, ਕੱਲ੍ਹ ਤੋਂ ਤੂੰ ਦੁਕਾਨ ਤੇ ਚੱਲੀਂ।" ਦੀਪੂ ਖੁਸ਼ ਹੋ ਗਿਆ।

ਅਗਲੇ ਦਿਨ ਉਹ ਚਾਈਂ-ਚਾਈਂ ਸੋਹਣੇ ਕੱਪੜੇ ਪਾ ਕੇ ਪਾਪਾ ਨਾਲ ਉਹਨਾਂ ਦੀ ਕਰਿਆਨੇ ਦੀ ਦੁਕਾਨ ਤੇ ਗਿਆ। ਪਰ ਇਹ ਕੀ ? ਕਦੇ ਕੋਈ ਗਾਹਕ ਆ ਜਾਂਦਾ, ਕਦੇ ਕੋਈ। ਪਾਪਾ ਨੇ ਉਸਨੂੰ ਜ਼ਰਾ ਵੀ ਟਿਕ ਕੇ ਬੈਠਣ ਨਾ ਦਿੱਤਾ। ਕਦੇ ਇਹ ਫੜਾ, ਕਦੇ ਉਹ ਫੜਾ। ਉਹ ਤਾਂ ਦੁਪਹਿਰ ਤੱਕ ਈ ਥੱਕ ਕੇ ਚੂਰ ਹੋ ਗਿਆ... ਤੇ ਅਜੇ ਤਾਂ ਰਾਤ ਤੱਕ ਇੱਥੇ...। ਇਹ ਤਾਂ ਸਕੂਲ ਨਾਲੋਂ ਵੀ ਔਖਾ ਕੰਮ ਹੈ, ਉਸਨੇ ਮਨ ਹੀ ਮਨ ਸੋਚਿਆ। ਉਸਨੇ ਦੇਖਿਆ ਪਾਪਾ ਇਕ ਨੌਕਰ ਨੂੰ ਡਾਂਟ ਰਹੇ ਸੀ। ਉਹ ਨੌਕਰ ਤਾਂ ਸਵੇਰ ਦਾ ਲਗਾਤਾਰ ਕੰਮ ਕਰ ਰਿਹਾ ਸੀ। ਉਸਨੇ ਤਾਂ ਦੀਪੂ ਤੋਂ ਵੀ ਜ਼ਿਆਦਾ ਔਖਾ ਕੰਮ ਕੀਤਾ ਸੀ... ਫਿਰ ਵੀ ਉਸਨੂੰ ਡਾਂਟ...। ਦੀਪੂ ਦਾ ਮਨ ਅੱਕ ਗਿਆ ਸੀ।

'ਪਾਪਾ... ਪਾਪਾ... ਮੈਂ ਘਰ ਜਾਣਾ ਹੈ।" ਦੀਪੂ ਰੋਂਦਾ ਜਿਹਾ ਮੂੰਹ ਬਣਾ ਕੇ ਬੋਲਿਆ। 'ਨਾ ਬਿਲਕੁਲ ਨਹੀਂ... ਕਦੇ ਦੇਖਿਆ ਹੈ ਮੈਂ ਰਾਤ ਤੋਂ ਪਹਿਲਾਂ ਘਰ ਗਿਆ ਹੋਵਾਂ। ਰੋਟੀ ਵੀ ਦੁਕਾਨ ਤੇ ਹੀ ਆਵੇਗੀ। ਦੁਕਾਨ ਤੇ ਬੈਠਣਾ ਹੈ ਤਾਂ ਰਾਤੀਂ ਨੌਂ ਵਜੇ ਈ ਘਰ ਜਾਵਾਂਗੇ।" ਦੀਪੂ ਮੂੰਹ ਬਣਾ ਕੇ ਬੈਠ ਗਿਆ। ਗਾਹਕ ਦੇ ਆਉਣ ਤੇ ਪਾਪਾ ਨੇ ਦੀਪੂ ਨੂੰ ਕੁਝ ਫੜਾਉਣ ਲਈ ਕਿਹਾ ਤਾਂ ਉਹ ਰੋਂਦਾ ਜਿਹਾ ਮੂੰਹ ਬਣਾ ਕੇ ਨੌਕਰਾਂ ਨੂੰ ਸਾਮਾਨ ਦੇਣ ਲਈ ਆਵਾਜ਼ਾਂ ਮਾਰਨ ਲੱਗਾ, ਜਿਹੜੇ ਕਿ ਦੂਜੇ ਗਾਹਕਾਂ ਨੂੰ ਸਾਮਾਨ ਦੇ ਰਹੇ ਸੀ। ਪਾਪਾ ਨੇ ਦੀਪੂ ਵੱਲ ਦੇਖਿਆ ਤੇ ਗਾਹਕ ਨੂੰ ਆਪ ਹੀ ਸਾਮਾਨ ਦੇ ਕੇ ਭੇਜਿਆ ਤੇ ਦੀਪੂ ਨੂੰ ਕੋਲ ਬਿਠਾ ਕੇ ਬੋਲੇ, "ਦੇਖ ਲਿਆ ਨਾ ਹੁਣ ਕੰਮ ਕਰਨਾ ਕਿੰਨਾ ਔਖਾ ਹੈ। ਤੈਨੂੰ ਪਤਾ ਹੈ, ਜਦ ਮੈਂ ਛੋਟਾ ਹੁੰਦਾ ਸੀ ਤਾਂ ਮੈਨੂੰ ਪੜ੍ਹਣ ਦਾ ਬਹੁਤ ਹੀ ਸ਼ੌਕ ਸੀ। ਮੇਰੇ ਦੋਸਤ ਜਿਹੜੇ ਮੇਰੇ ਨਾਲ ਛੋਟੀਆਂ ਜਮਾਤਾਂ 'ਚ ਪੜ੍ਹੇ ਸੀ, ਜਦੋਂ ਵੱਡੀਆਂ ਜਮਾਤਾਂ 'ਚ ਦਾਖ਼ਲ ਹੋ ਗਏ ਤਾਂ ਮੈਂ ਤੇਰੇ ਦਾਦਾ ਜੀ ਨੂੰ ਬਹੁਤ ਕਿਹਾ ਕਿ ਮੈਂ ਵੀ ਅਗਲੀ ਜਮਾਤ 'ਚ ਸ਼ਹਿਰ ਦਾਖਲ ਹੋਣਾ ਹੈ, ਮੈਨੂੰ ਸਕੂਲ ਦਾਖਲ ਕਰਵਾ ਦਿਉ। ਪਰ ਗਰੀਬ ਹੋਣ ਕਾਰਨ ਉਨ੍ਹਾਂ ਮੈਨੂੰ ਅੱਗੋਂ ਪੜ੍ਹਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮੈਂ ਰੋਂਦਾ ਰਹਿੰਦਾ ਸੀ। ਕਦੇ ਕਿਸੇ ਦੁਕਾਨ 'ਤੇ ਨੌਕਰ ਜਾ ਲੱਗਦਾ ਕਦੇ ਕਿਸੇ... ਇਵੇਂ ਈ ਵੱਡਾ ਹੋ ਗਿਆ। ਪੜ੍ਹਣ ਦਾ ਅਰਮਾਨ ਮਨ 'ਚ ਹੀ ਦੱਬ ਗਿਆ। ਸਾਰੀ ਉਮਰ ਰੱਜ ਕੇ ਮਿਹਨਤ ਕੀਤੀ ਤਾਂ ਹੀ ਤਾਂ ਅੱਜ ਇਹ ਦੁਕਾਨ ਬਣਾ ਲਈ। ਪਰ ਮੇਰੇ ਦੋਸਤ ਜਿਹੜੇ ਪੜ੍ਹ-ਲਿਖ ਗਏ ਅੱਜ ਅਫ਼ਸਰ ਬਣ ਕੇ ਮੌਜਾਂ ਕਰਦੇ ਨੇ, ਕੋਠੀਆਂ 'ਚ ਰਹਿੰਦੇ ਨੇ, ਕਾਰਾਂ 'ਚ ਘੁੰਮਦੇ ਨੇ। ਤੂੰ ਦੇਖ... ਹੁਣ ਇਹਨਾਂ ਨੌਕਰਾਂ ਵੱਲ ਈ ਦੇਖ... ਸਾਰਾ ਦਿਨ ਕਿੰਨੀ ਮਿਹਨਤ ਕਰਦੇ ਨੇ। ਜੇ ਇਹ ਪੜ੍ਹੇ-ਲਿਖੇ ਹੁੰਦੇ ਤਾਂ ਟੌਹਰ ਨਾਲ ਕਿਸੇ ਦਫ਼ਤਰ 'ਚ ਕੁਰਸੀ ਤੇ ਬੈਠੇ ਹੁੰਦੇ। ਇਥੇ ਮੇਰੀ ਡਾਂਟ ਨਾ ਖਾਂਦੇ ਹੁੰਦੇ।

ਮੈਂ ਚਾਹੁੰਦਾ ਹਾਂ, ਮੈਂ ਤਾਂ ਪੜ੍ਹ ਨਹੀਂ ਸਕਿਆ ਪਰ ਹੁਣ ਤੈਨੂੰ ਤਾਂ ਪੜ੍ਹਾ ਸਕਦਾ ਹਾਂ। ਤੂੰ ਪੜ੍ਹ-ਲਿਖ ਕੇ ਵੱਡਾ ਅਫ਼ਸਰ ਬਣ ਤਾਂ ਕਿ ਮੇਰਾ ਅਰਮਾਨ ਪੂਰਾ ਹੋ ਸਕੇ। ਮੈਂ ਤਾਂ ਅਫ਼ਸਰ ਨਹੀਂ ਬਣ ਸਕਿਆ ਪਰ ਤੂੰ ਤਾਂ ਬਣ।" ਦੀਪੂ ਜੋ ਕਿ ਹੁਣ ਤੱਕ ਬੜੇ ਹੀ ਧਿਆਨ ਨਾਲ ਪਾਪਾ ਦੀ ਇਕ-ਇਕ ਗੱਲ ਸੁਣ ਰਿਹਾ ਸੀ ਬੋਲਿਆ, "ਹਾਂ ਪਾਪਾ... ਮੈਨੂੰ ਹੁਣ ਸਮਝ ਆ ਗਈ ਏ ਕਿ ਪੜ੍ਹਨ ਦਾ ਕੀ ਫ਼ਾਇਦਾ ਐ ਤੇ ਅਨਪੜ੍ਹਾਂ ਨੂੰ ਕਿੰਨੇ ਧੱਕੇ ਖਾਣੇ ਪੈਂਦੇ ਨੇ।" ਉਸਨੂੰ ਅਧਿਆਪਕ ਦੀਆਂ ਗੱਲਾਂ ਵੀ ਯਾਦ ਆ ਰਹੀਆਂ ਸੀ।

ਉਸਨੂੰ ਸਮਝ ਲੱਗ ਗਈ ਸੀ ਕਿ ਅਸਲੀ ਮੌਜ ਤਾਂ ਪੜ੍ਹ-ਲਿਖ ਕੇ ਹੀ ਮਿਲਦੀ ਏ। ਦੀਪੂ ਦੀਆਂ ਅੱਖਾਂ 'ਚ ਹੰਝੂ ਆ ਗਏ। ਪਾਪਾ ਨੇ ਨੌਕਰ ਨੂੰ ਸਕੂਟਰ ਤੇ ਦੀਪੂ ਨੂੰ ਘਰ ਛੱਡ ਆਉਣ ਲਈ ਕਿਹਾ।

ਰਾਤ ਨੂੰ ਜਦੋਂ ਪਾਪਾ ਘਰ ਆਏ ਤਾਂ ਦੀਪੂ ਦੇ ਮੰਮੀ ਬੜੇ ਖੁਸ਼ ਸੀ। ਜਦ ਪਾਪਾ ਨੇ ਪੁੱਛਿਆ ਤਾਂ ਦੀਪੂ ਦੀ ਮੰਮੀ ਬੋਲੀ, "ਅੱਜ ਤਾਂ ਚਮਤਕਾਰ ਈ ਹੋ ਗਿਆ। ਦੀਪੂ ਨੇ ਆ ਕੇ ਇਕ ਵਾਰ ਵੀ ਟੀ.ਵੀ. ਨਹੀਂ ਦੇਖਿਆ। ਰੋਟੀ ਖਾ ਕੇ ਚਾਹ ਪੀਤੀ ਤੇ ਕਿਤਾਬਾਂ ਖੋਲ੍ਹ ਕੇ ਬੈਠ ਗਿਆ। ਉਦੋਂ ਦਾ ਈ ਪੜ੍ਹਦਾ ਪਿਆ ਏ। ਹੁਣੇ ਸੁੱਤਾ ਏ!' 'ਵਾਹ! ਇਸ ਦਾ ਮਤਲਬ ਹੁਣ ਉਸਦੀ ਪੜ੍ਹਾਈ ਵੱਲ ਲਗਨ ਲੱਗਣੀ ਸ਼ੁਰੂ ਹੋ ਗਈ ਏ।' 'ਪਰ ਦੱਸੋ ਤਾਂ ਸਹੀ ਇਹ ਕਿਵੇਂ ਹੋਇਆ ?' 'ਬਸ ਇਹ ਤਾਂ ਤੂੰ ਕੱਲ੍ਹ ਦੀਪੂ ਨੂੰ ਹੀ ਪੁੱਛੀਂ।'

ਮੰਮੀ-ਪਾਪਾ ਖੁਸ਼ ਵੀ ਸੀ ਤੇ ਹੈਰਾਨ ਵੀ ਜਦ ਦੀਪੂ ਸਵੇਰੇ ਆਪੇ ਹੀ ਉੱਠ ਕੇ ਤਿਆਰ ਵੀ ਹੋ ਗਿਆ। ਮੰਮੀ ਨੂੰ ਉਸਨੂੰ ਉਠਾਣ ਲਈ ਖੱਪਣਾ ਵੀ ਨਹੀਂ ਪਿਆ। ਸਕੂਲ ਪਹਿਲਾ ਪੀਰੀਅਡ ਹੀ ਅੰਗਰੇਜ਼ੀ ਦਾ ਸੀ। ਟੈਸਟ ਹੋਇਆ ਤਾਂ ਦੀਪੂ ਦੇ ਚੰਗੇ ਨੰਬਰ ਦੇਖ ਕੇ ਅਧਿਆਪਕ ਹੈਰਾਨ ਰਹਿ ਗਏ। ਉਨ੍ਹਾਂ ਨੇ ਦੀਪੂ ਨੂੰ ਕੋਲ ਬੁਲਾਇਆ ਤੇ ਸ਼ਾਬਾਸ਼ ਦਿੰਦਿਆਂ ਗਲੇ ਲਾ ਲਿਆ ਤੇ ਸਾਰੇ ਬੱਚਿਆਂ ਨੂੰ ਉਸ ਲਈ ਤਾੜੀਆਂ ਵਜਾਉਣ ਲਈ ਕਿਹਾ।

ਦੀਪੂ ਖੁਸ਼ ਸੀ। ਬਹੁਤ ਖੁਸ਼। ਹੁਣ ਉਸਨੂੰ ਸਭ ਕੁਝ ਚੰਗਾ ਲੱਗਣ ਲੱਗਾ ਸੀ। ਉਸਨੂੰ ਸਮਝ ਆ ਗਈ ਸੀ ਕਿ ਅਸਲੀ ਮੌਜ ਘਰ ਬੈਠ ਕੇ ਟੀ.ਵੀ. ਦੇਖਣ 'ਚ ਨਹੀਂ ਬਲਕਿ ਪੜ੍ਹ-ਲਿਖ ਕੇ ਕੁਝ ਬਣਨ ਤੇ ਹੀ ਮਿਲਦੀ ਐ। ਦੀਪੂ ਨੇ ਮਨ 'ਚ ਪੱਕਾ ਪ੍ਰਣ ਕਰ ਲਿਆ ਕਿ ਉਹ ਅੱਜ ਤੋਂ ਬਾਅਦ ਪੂਰੀ ਲਗਨ ਨਾਲ ਪੜ੍ਹੇਗਾ ਤੇ ਟੀ.ਵੀ. ਸਿਰਫ਼ ਥੋੜ੍ਹੀ ਦੇਰ ਹੀ ਦੇਖੇਗਾ।

## ਫਰਜ਼

*—ਮਨਪ੍ਰੀਤ ਕੌਰ ਭਾਟੀਆ*

ਪਿਆਰੇ ਬੱਚਿਓ, ਇਕ ਸੀ ਚਿੜੀ ਤੇ ਦੋ ਉਸਦੇ ਛੋਟੇ-ਛੋਟੇ ਬੋਟ (ਬੱਚੇ) ਸਨ। ਉਹ ਹਰ ਰੋਜ਼ ਉਹਨਾਂ ਲਈ ਦਾਨਾ ਚੁੱਗ ਕੇ ਲਿਆਉਂਦੀ। ਪਰ ਕੱਲ੍ਹ ਦੀ ਉਹ ਬੀਮਾਰ

ਹੋਣ ਕਾਰਨ ਦਾਣਾ ਚੁੱਗਣ ਨਾ ਜਾ ਸਕੀ। ਅੱਜ ਉਹ ਜ਼ਰਾ ਠੀਕ ਸੀ, ਉਸਨੂੰ ਆਪਣੇ ਬੋਟਾਂ ਦੀ ਬਹੁਤ ਚਿੰਤਾ ਹੋਈ ਕਿ ਉਹ ਕੱਲ੍ਹ ਦੇ ਭੁੱਖੇ ਹਨ। ਉਸਨੇ ਬੱਚਿਆਂ ਨੂੰ ਸਮਝਾਇਆ ਕਿ ਉਹ ਆਲ੍ਹਣੇ ਦੇ ਅੰਦਰ ਈ ਰਹਿਣ। ਉਹ ਛੇਤੀ ਹੀ ਉਹਨਾਂ ਲਈ ਦਾਣਾ ਚੁੱਗ ਕਿ ਮੁੜ ਆਵੇਗੀ।

ਚਿੜੀ ਉੱਡਦੀ ਗਈ। ਉੱਡਦੀ ਗਈ। ਗਰਮੀ ਵੀ ਵਧੀ ਜਾ ਰਹੀ ਸੀ। ਪਰ ਅੱਜ ਉਸਨੂੰ ਕਿਧਰੇ ਵੀ ਭੋਜਨ ਨਹੀਂ ਸੀ ਮਿਲ ਰਿਹਾ। ਉੱਡਦਿਆਂ-ਉੱਡਦਿਆਂ ਗਰਮੀ ਕਾਰਨ ਉਹ ਪਿਆਸ ਨਾਲ ਹਾਲੋਂ ਬੇਹਾਲ ਹੋ ਗਈ। ਉਸ ਨੂੰ ਬਹੁਤ ਹੀ ਜ਼ਿਆਦਾ ਪਿਆਸ ਲੱਗ ਗਈ ਤੇ ਬੀਮਾਰ ਹੋਣ ਕਾਰਨ ਉਹ ਥੱਕ ਵੀ ਬਹੁਤ ਗਈ ਸੀ। ਉਸਨੇ ਆਲੇ-ਦੁਆਲੇ ਦੇਖਿਆ। ਕਿਧਰੇ ਵੀ ਛਾਂ ਨਹੀਂ ਸੀ, ਤੇ ਨਾ ਹੀ ਕਿਧਰੇ ਕੋਈ ਦਰਖ਼ਤ। ਮਨੁੱਖ ਨੇ ਤਾਂ ਬਹੁਤ ਸਾਰੇ ਦਰਖ਼ਤ ਵੱਢ ਸੁੱਟੇ ਹਨ। ਹੁਣ ਉਹ ਕੀ ਕਰੇ? ਸਭ ਪਾਸੇ ਉੱਚੀਆਂ-ਉੱਚੀਆਂ ਇਮਾਰਤਾਂ ਹੀ ਹਨ।

ਅਚਾਨਕ ਚਿੜੀ ਨੂੰ ਇਕ ਪਾਣੀ ਦੀ ਟੂਟੀ ਨਜ਼ਰ ਆਈ। ਉਹ ਉਸ 'ਤੇ ਜਾ ਕੇ ਬੈਠ ਗਈ। ਪਰ ਧੁੱਪ ਕਾਰਨ ਉਹ ਬਹੁਤ ਗਰਮ ਹੋਈ ਪਈ ਸੀ। ਤੇ ਪਾਣੀ ਦੀ ਉੱਥੇ ਬੂੰਦ ਵੀ ਨਹੀਂ ਸੀ। ਉਹ ਤੜਫ਼ ਕੇ ਜਲਦੀ ਨਾਲ ਉੱਥੋਂ ਉੱਡੀ ਤੇ ਪਾਣੀ ਦੀ ਹੋਰ ਜਗ੍ਹਾ ਤਲਾਸ਼ ਕਰਨ ਲੱਗੀ। ਕਈ ਜਗ੍ਹਾ ਉਸਨੇ ਘਰਾਂ ਦੀਆਂ ਟੈਂਕੀਆਂ ਦੇ ਉੱਪਰ ਵੀ ਬੈਠ ਕੇ ਦੇਖਿਆ ਪਰ ਕਿਧਰੇ ਵੀ ਪਾਣੀ ਨਹੀਂ ਸੀ। ਸਭ ਕੁਝ ਗਰਮੀ ਨਾਲ ਤਪ ਰਿਹਾ ਸੀ। ਪਾਣੀ ਦੀ ਭਾਲ਼ ਕਰਦੀ-ਕਰਦੀ ਚਿੜੀ ਹੁਣ ਹੰਭ ਗਈ ਸੀ। ਉਸਨੂੰ ਬੱਚਿਆਂ ਦਾ ਫ਼ਿਕਰ ਵੀ ਸਤਾ ਰਿਹਾ ਸੀ। ਚਿੜੀ ਨੂੰ ਲੱਗਾ ਕਿ ਉਹ ਹੁਣੇ ਬੇਸੁੱਧ ਹੋ ਕੇ ਡਿੱਗ ਪਵੇਗੀ। ਪਰ ਅਚਾਨਕ ਹੀ ਉਸਨੂੰ ਇਕ ਘਰ ਦੀ ਪਹਿਲੀ ਮੰਜ਼ਿਲ ਤੇ ਬਨੇਰੇ 'ਤੇ ਛਾਂ ਜਿਹੀ 'ਚ ਇਕ ਪਾਣੀ ਦਾ ਕਟੋਰਾ ਨਜ਼ਰ ਆਇਆ, ਉਹ ਝੱਟ ਉਸ 'ਤੇ ਜਾ ਬੈਠੀ। ਪਰ ਉਸ 'ਚ ਪਾਣੀ ਬਹੁਤ ਹੀ ਘੱਟ ਸੀ। ਉਸਨੇ ਪਾਣੀ ਪੀਤਾ ਤੇ ਹੋਰ ਪਾਣੀ ਲਈ ਚੀਂ-ਚੀਂ ਕਰਕੇ ਜਿਵੇਂ ਵਾਸਤੇ ਪਾਉਣ ਲੱਗੀ। ਉਸਦੀ ਆਵਾਜ਼ ਸੁਣ ਕੇ ਇਕ ਛੋਟਾ ਬੱਚਾ ਉੱਥੇ ਆ ਗਿਆ। ਚਿੜੀ ਉਸ ਨੂੰ ਦੇਖ ਕੇ ਡਰ ਗਈ ਤੇ ਉੱਡ ਕੇ ਉੱਪਰਲੇ ਬਨੇਰੇ 'ਤੇ ਜਾ ਬੈਠੀ। ਬੱਚੇ ਨੇ ਝੱਟ ਹੋਰ ਪਾਣੀ ਲਿਆ ਕੇ ਕਟੋਰਾ ਪੂਰਾ ਭਰ ਦਿੱਤਾ। 'ਬੰਟੀ... ਬੰਟੀ।' ਉਸਦੀ ਮਾਂ ਉਸਨੂੰ ਰੋਟੀ ਖਾਣ ਲਈ ਅੰਦਰੋਂ ਅਵਾਜ਼ਾਂ ਮਾਰਨ ਲੱਗੀ।

ਪਾਣੀ ਦੇਖ ਕੇ ਚਿੜੀ ਬਹੁਤ ਹੀ ਖ਼ੁਸ਼ ਹੋ ਗਈ। ਉਸਨੇ ਰੱਜ ਕੇ ਠੰਢਾ-ਠੰਢਾ ਪਾਣੀ ਪੀਤਾ ਤੇ ਹੁਣ ਕਟੋਰੇ 'ਚ ਡੁੱਬਕੀਆਂ ਲਾਉਣ ਲੱਗੀ ਤੇ ਕੁਝ ਦੇਰ ਪਾਣੀ 'ਚ ਹੀ ਬੈਠੀ ਰਹੀ। ਹੁਣ ਉਹ ਕਾਫ਼ੀ ਠੀਕ ਮਹਿਸੂਸ ਕਰ ਰਹੀ ਸੀ। ਬੰਟੀ ਦੂਰ ਬੈਠਾ ਉਸਨੂੰ ਦੇਖ ਕੇ ਤਾੜੀਆਂ ਮਾਰ-ਮਾਰ ਕੇ ਹੱਸ ਰਿਹਾ ਸੀ। ਝੱਟ ਉਸਨੇ ਅੰਦਰੋਂ ਰੋਟੀ ਲਿਆ ਕੇ ਉਸਦੇ ਛੋਟੇ-ਛੋਟੇ ਟੁਕੜੇ ਕਰਕੇ ਬਨੇਰੇ ਤੇ ਖਿਲਾਰ ਦਿੱਤੇ। ਚਿੜੀ ਨੇ ਨਰਮ-ਨਰਮ ਰੋਟੀ ਰੱਜ ਕੇ ਖਾਧੀ ਤੇ ਆਪਣੇ ਬੱਚਿਆਂ ਲਈ ਵੀ ਭੋਜਨ ਲੈ ਲਿਆ।

ਚਿੜੀ ਚੀਂ-ਚੀਂ ਕਰਕੇ ਖੁਸ਼ੀ 'ਚ ਚੀਕ-ਚਿਹਾੜਾ ਪਾਉਂਦੀ ਬੰਟੀ ਦਾ ਧੰਨਵਾਦ ਕਰਕੇ ਉੱਡ ਗਈ।

ਸੋ ਬੱਚਿਓ, ਹੁਣ ਗਰਮੀਆਂ ਆ ਗਈਆਂ ਹਨ। ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਵੀ ਆਪਣੇ ਘਰਾਂ ਦੀਆਂ ਛੱਤਾਂ 'ਤੇ, ਬਨੇਰਿਆਂ 'ਤੇ ਪੰਛੀਆਂ ਲਈ ਪਾਣੀ ਭਰ ਕੇ ਰੱਖੀਏ ਤੇ ਉਨ੍ਹਾਂ ਲਈ ਕੁਝ ਦਾਣਾ ਵੀ ਖਿਲਾਰ ਦੇਈਏ, ਤਾਂ ਕਿ ਉਨ੍ਹਾਂ ਨੂੰ ਕੜਕਦੀ ਧੁੱਪ 'ਚ ਇੱਧਰ-ਉੱਧਰ ਨਾ ਭਟਕਣਾ ਪਵੇ। ਕਿਉਂ ਬੱਚਿਓ ਕਰੋਗੇ ਨਾ ਇੰਝ?

## ਅਸਲੀਅਤ

*—ਰਣਜੀਤ ਆਜ਼ਾਦ ਕਾਂਝਲਾ*

ਪੁਰਾਣੇ ਸਮੇਂ ਦੀ ਗੱਲ ਹੈ ਇਕ ਪਿੰਡ ਵਿਚ ਅਨਪੜ੍ਹ ਲੋਕ ਬਹੁਤੇ ਸਨ ਤੇ ਪੜ੍ਹੇ ਲਿਖੇ ਬਹੁਤ ਹੀ ਘੱਟ। ਉਸ ਪਿੰਡ ਵਿਚ ਇਕ ਬਿਜਲੀ ਮਹਿਕਮੇ ਦਾ ਓਵਰਸੀਅਰ ਬਦਲ ਕੇ ਆਇਆ। ਇਕ ਸ਼ਾਮ ਉਸ ਦਾ ਛੇਵੀਂ ਜਮਾਤ ਵਿਚ ਪੜ੍ਹਦਾ ਮੁੰਡਾ ਕੁਲਦੀਪ ਆਪਣੇ ਹੋਰ ਸਾਥੀਆਂ ਨਾਲ ਬਾਬੇ ਖੇਮੇ ਦੀਆਂ ਕਹਾਣੀਆਂ ਸੁਣਨ ਲਈ ਉਸ ਕੋਲ ਜਾ ਬੈਠਿਆ। ਬਹੁਤ ਸਾਰੇ ਮੁੰਡੇ ਬਾਬੇ ਖੇਮੇ ਦੀਆਂ ਕਹਾਣੀਆਂ ਸੁਣਨ ਲਈ ਹਰ ਰੋਜ਼ ਰਾਤ ਨੂੰ ਰੋਟੀ ਖਾ ਕੇ ਆ ਬਹਿੰਦੇ ਤੇ ਬਾਬੇ ਖੇਮੇ ਨੂੰ ਕਹਿੰਦੇ, "ਬਾਬਾ! ਅੱਜ ਕੋਈ ਹੋਰ ਵਧੀਆ ਜਿਹੀ ਕਹਾਣੀ ਸੁਣਾ!" ਬੱਚਿਆਂ ਦੀ ਮੰਗ ਉੱਤੇ ਖੇਮੇ ਨੇ ਕਹਾਣੀ ਸੁਣਾਉਣੀ ਸ਼ੁਰੂ ਕੀਤੀ, "ਬਹੁਤ ਚਿਰਾਂ ਦੀ ਗੱਲ ਹੈ ਕਿ ਆਪਣੇ ਇਸ ਪਿੰਡ ਵਿਚ ਇਕ ਬਿਰਧ ਮਾਈ ਦੀ ਮੌਤ ਹੋ ਗਈ ਪਰ ਉਸ ਦੇ ਕੋਈ ਪੁੱਤ-ਧੀ ਨਹੀਂ ਸੀ। ਅਜਿਹੇ ਬੰਦੇ ਨੂੰ ਲੋਕ ਔਤ ਆਖਦੇ। ਉਹ ਮਾਈ ਬਹੁਤ ਹੀ ਕੰਜੂਸ ਮੱਖੀ ਚੂਸ ਸੀ। ਚਮੜੀ ਜਾਏ ਪਰ ਦਮੜੀ ਨਾ ਜਾਏ ਵਾਲਾ ਵਰਤਾਰਾ ਸੀ ਉਸ ਮਾਈ ਦਾ। ਜੁਆਨੋ! ਉਹ ਬੁੜੀ ਮਰ 'ਗੀ। ਅਸੀਂ ਮੁਹੱਲੇ ਦੇ ਬੰਦਿਆਂ ਨੇ 'ਕੱਠੇ ਹੋ ਕੇ ਉਸ ਦਾ ਦਾਹ-ਸਸਕਾਰ ਕਰ ਦਿੱਤਾ। ਅਗਲੇ ਦਿਨ ਰਾਤ ਨੂੰ ਅਸੀਂ ਕੀ ਦੇਖਿਆ ਕਿ ਉਸ ਮਾਈ ਦਾ ਸਿਵਾ ਜਲ ਰਿਹਾ ਹੈ, ਸੱਚਮੁੱਚ ਹੀ ਸਿਵੇ ਵਿਚ ਅੱਗ ਬਲ਼ ਰਹੀ ਸੀ। ਅਸੀਂ ਚਾਰ ਪੰਜ ਬੰਦੇ 'ਕੱਠੇ ਹੋ ਕੇ ਗਏ ਤੇ ਪਾਣੀ ਪਾ ਕੇ ਮਚਦੇ ਸਿਵੇ ਨੂੰ ਠੰਢਾ ਕੀਤਾ।"

"ਹੈਂ! ਬਾਬਾ! ਇਹ ਕਿਵੇਂ ਹੋਇਆ ?" ਵਿਚੋਂ ਹੀ ਇਕ ਮੁੰਡਾ ਬੋਲਿਆ।

"ਹੋਣਾ ਕੀ ਸੀ ? ਅਸੀਂ ਖੁਦ ਅੱਖੀਂ ਦੇਖਿਆ ਇਹ ਸਭ ਕੁਝ।" ਬਾਬਾ ਬੋਲਦਾ ਜਾ ਰਿਹਾ ਸੀ, ਅੱਗੇ ਹੋਰ ਸੁਣੋ, "ਉਸੇ ਬੁੱਢੀ ਦੀ ਰੂਹ ਮੁਹੱਲੇ ਦੇ ਇਕ ਆਦਮੀ ਵਿਚ ਪ੍ਰਵੇਸ਼ ਹੋ ਕੇ ਬੋਲੀ ਜਾਵੇ, "ਤੁਸੀਂ ਮੈਨੂੰ ਰੋਟੀ ਨਾ ਪਾਣੀ ਦਿੱਤਾ ਮਰਦੀ ਨੂੰ! ਹੁਣ ਮੈਂ ਥੋਨੂੰ ਸਾਰਿਆਂ ਨੂੰ ਭੂਤ ਬਣ ਕੇ ਤੰਗ ਕਰਿਆ ਕਰੂੰਗੀ..." ਫੇਰ ਬਾਬਾ ਉਹ ਸੱਚਮੁਚ ਹੀ ਭੂਤ ਬਣ ਗਈ ? "ਇਕ ਘਬਰਾਏ ਹੋਏ ਮੁੰਡੇ ਨੇ ਬਾਬੇ ਤੋਂ ਪੁੱਛਿਆ। ਹੋਰ ਕੀ ਨਹੀਂ!

ਹੁਣ ਉਹ ਉਦੋਂ ਤੋਂ ਹੀ ਮੁਹੱਲੇ ਦੇ ਕਦੇ ਕਿਸੇ ਵਿਚ ਤੇ ਕਦੇ ਕਿਸੇ ਵਿਚ ਦਾਖਲ ਹੋ ਕੇ ਬੋਲਦੀ ਰਹਿੰਦੀ ਐ!"

"ਬਾਬਾ ਫੇਰ ਉਹ ਭੂਤ ਤੈਨੂੰ ਨਹੀਂ ਕੁਝ ਕਹਿੰਦੀ ?" ਵਿਚੋਂ ਹੀ ਇਕ ਨੇ ਡਰਦੇ ਹੋਏ ਸਵਾਲ ਕੀਤਾ। "ਮੇਰੇ ਨੇੜੇ ਨੀਂ ਆਉਂਦੀ! ਮੈਥੋਂ ਤਾਂ ਉਹ ਡਰਦੀ ਐ। ਆਹ ਦੇਖੋ ਮੇਰੇ ਕੋਲ ਕੋਕਿਆਂ ਵਾਲਾ ਨੌਂ ਪੋਰੀਆਂ ਵਾਲਾ ਖੂੰਡਾ ਜੋ ਹੈਗਾ!" ਬਾਬੇ ਦੀ ਇਹ ਕਹਾਣੀ ਸੁਣ ਕੇ ਬੱਚੇ ਕੁਝ ਪਹਿਲਾਂ ਨਾਲੋਂ ਭੈਭੀਤ ਤੇ ਚਿੰਤਾਤੁਰ ਜਿਹੇ ਹੋ ਗਏ ਸਨ। ਰਾਤ ਕਾਫੀ ਹੋਣ ਕਰਕੇ ਸਭ ਆਪੋ ਆਪਣੇ ਘਰੀਂ ਜਾ ਵੜੇ।

ਕੁਲਦੀਪ ਰਾਤ ਨੂੰ ਸੁੱਤਾ ਪਿਆ ਬੁੜਬੁੜਾ ਰਿਹਾ ਸੀ ਪੂਰੇ ਜ਼ੋਰ ਨਾਲ ਉੱਚੀ ਆਵਾਜ਼ ਵਿਚਾ, "ਬਾਬਾ ਭੂਤ! ਔਹ ਆ ਗਈ ਭੂਤ!! ਸਿਵਿਆਂ ਵਿਚ ਅੱਗ! ਅੱਗ!!" ਲਗਾਤਾਰ। ਉਹ ਊਲ-ਜਲੂਲ ਬੋਲੀ ਜਾ ਰਿਹਾ ਸਕੀ। ਤ੍ਰਬਕ ਕੇ ਉਸ ਦਾ ਪਿਓ ਤੇ ਮਾਂ ਉੱਠ ਖੜ੍ਹੇ। ਕੁਲਦੀਪ ਡਰਿਆ ਹੋਇਆ ਪਸੀਨੇ ਨਾਲ ਗੱਚ ਹੋਇਆ ਪਿਆ ਸੀ। "ਭੂਤ! ਅੱਗ! ਭੂਤ ਆ ਗਈ!! ਖਿਲਰੇ ਵਾਲਾਂ ਵਾਲੀ ਕਾਲੀ ਭੂਤ ਆ ਗਈ।" ਕੁਲਦੀਪ ਅਜੇ ਵੀ ਲਗਾਤਾਰ ਬੋਲੀ ਜਾ ਰਿਹਾ ਸੀ। ਕੁਲਦੀਪ ਦੇ ਬਾਪ ਨੇ ਉਸ ਨੂੰ ਫੜ ਕੇ ਹਲੂਣਿਆ ਤੇ ਉਹ ਹੋਰ ਵੀ ਡਰ ਗਿਆ।

ਕੁਝ ਦੇਰ ਪਿਛੋਂ ਕੁਲਦੀਪ ਜਦ ਸਾਧਾਰਨ ਹਾਲਤ ਵਿਚ ਆ ਗਿਆ ਤਾਂ ਉਸਦੇ ਪਿਤਾ ਨੇ ਪੁੱਛਿਆ, "ਕੁਲਦੀਪ ਕੱਲ੍ਹ ਤੂੰ ਕਿੱਥੇ ਗਿਆ ਸੀ ਨਾ ਕੋਈ ਗੱਲ ਕੀਤੀ ਨਾ ਸੁਣੀ ਸੀ ?"

ਕੁਲਦੀਪ ਨੇ ਬਾਬੇ ਖੇਮੇ ਦੀ ਰਾਤ ਨੂੰ ਸੁਣੀ ਕਹਾਣੀ ਦੱਸੀ। ਓਵਰਸੀਅਰ ਸਾਇੰਸ ਪੜ੍ਹਿਆ ਹੋਣ ਕਰਕੇ ਵਿਚਲੀ ਗੱਲ ਸਭ ਸਮਝ ਗਿਆ ਸੀ ਕਿ ਇਸ ਸਾਰੀ ਘਟਨਾ ਪਿੱਛੇ ਅਸਲੀਅਤ ਕੀ ਹੈ ? "ਪੁੱਤਰ ਕੁਲਦੀਪ! ਇਹ ਗੱਲਾਂ ਸਭ ਫਜ਼ੂਲ ਹਨ ਤੇ ਸਾਡੇ ਮਨ ਦੇ ਭਰਮ ਤੇ ਵਹਿਮ ਹਨ ਜਿਨ੍ਹਾਂ ਸਦਕਾ ਸਾਨੂੰ ਇਹ ਸਭ ਕੁਝ ਸੱਚ ਵਾਪਰਿਆ ਮਾਲੂਮ ਹੁੰਦਾ ਹੈ। ਜਿਥੋਂ ਤੱਕ ਪੁੱਤਰ ਸਿਵੇ ਵਿਚ ਅੱਗ ਬਲਣ ਦੀ ਗੱਲ ਹੈ ਉਹ ਇਹ ਹੈ ਕਿ ਮਨੁੱਖ ਦੀ ਖੋਪੜੀ, ਦੰਦਾਂ ਤੇ ਹੱਡੀਆਂ ਵਿਚ ਬਹੁਤ ਮਾਤਰਾ ਵਿਚ ਫਾਸਫੋਰਸ ਹੁੰਦਾ ਹੈ ਜਿਹੜਾ ਹਵਾ ਦੀ ਮੌਜੂਦਗੀ ਵਿਚ ਆਪਣੇ ਆਪ ਬਲ਼ ਉੱਠਦਾ ਹੈ। ਇਸੇ ਲਈ ਮੁਰਦੇ ਸਰੀਰ ਨੂੰ ਜਲਾਉਣ ਪਿਛੋਂ ਪਿੱਛੇ ਉਸ ਦੀ ਖੋਪੜੀ, ਦੰਦ ਤੇ ਹੱਡੀਆਂ ਆਦਿ ਬਕਾਇਆ ਰਹਿ ਜਾਂਦੀਆਂ ਹਨ ਜਿਨ੍ਹਾਂ ਨੂੰ ਅਸੀਂ ਅਸਥੀਆਂ (ਫੁੱਲ) ਕਹਿੰਦੇ ਹਾਂ। ਬੱਸ ਉਨ੍ਹਾਂ ਅਸਥੀਆਂ (ਖੋਪੜੀ, ਦੰਦ ਤੇ ਹੱਡੀਆਂ ਆਦਿ) ਵਿਚ ਬਾਕੀ ਬਚਿਆ ਫਾਸਫੋਰਸ ਹੀ ਰਾਤ ਨੂੰ ਹਵਾ ਨਾਲ ਕਿਰਿਆ ਕਰਕੇ ਬਲ ਉੱਠਿਆ ਸੀ ਜਿਸ ਕਰਕੇ ਸਾਨੂੰ ਸਿਵੇ ਨੂੰ ਅੱਗ ਲੱਗੀ ਦਿਖਾਈ ਦਿੰਦੀ ਸੀ। ਪਾਣੀ ਪਾਉਣ ਨਾਲ ਫਾਸਫੋਰਸ ਗਿੱਲਾ ਹੋ ਜਾਣ ਕਰਕੇ ਉਹ ਮੁੜ ਬਲ਼ ਨਾ ਸਕਿਆ। ਬਾਕੀ ਰਹੀ ਗੱਲ ਉਸ ਦਾ ਭੂਤ ਬਣ ਕੇ ਡਰਾਉਣ ਦੀ! ਉਹ ਇਹ ਕਿ ਜਦੋਂ ਰਾਤ ਜਾਂ ਦਿਨੇ ਤੁਸੀਂ ਉਸ ਦੇ ਜੀਵਨ ਦੀਆਂ ਅਜਿਹੀਆਂ ਗੱਲਾਂ ਬਾਤਾਂ ਕਰਦੇ ਸੌਂ ਜਾਂਦੇ ਹੋ ਤਾਂ ਰਾਤ ਸਮੇਂ ਜਿਉਂ

ਹੀ ਸਾਡਾ ਹੱਥ ਦਿਲ ਦੇ ਉੱਪਰ ਅਚਾਨਕ ਰੱਖਿਆ ਗਿਆ ਤਾਂ ਦਿਨ ਦੌਰਾਨ ਵਾਪਰੀਆਂ ਕੀਤੀਆਂ ਗੱਲਾਂ ਦਾ ਦੁਹਰਾਓ ਹੋਣ ਲੱਗਦਾ ਹੈ ਤੇ ਪ੍ਰਾਣੀ ਬੁੜਬੁੜਾਉਣ ਲੱਗਦਾ ਹੈ ਤੇ ਡਰਦੇ ਉੱਠ ਬਹਿੰਦਾ ਹੈ। ਅਚੇਤ ਮਨ ਵਿਚ ਪਈਆਂ ਗੱਲਾਂ ਦਾ ਰਟਣ ਸ਼ੁਰੂ ਹੋ ਜਾਂਦਾ ਹੈ ਤੇ ਅਸੀਂ ਸਮਝਦੇ ਹਾਂ ਕਿ ਉਸ ਪ੍ਰਾਣੀ ਦਾ ਜਿਸ ਦੀਆਂ ਅਸੀਂ ਦਿਨ ਵੇਲੇ ਗੱਲਾਂ ਕੀਤੀਆਂ ਸਨ, ਵਸਤੂ ਦਾ ਸਾਇਆ ਪਿਆ ਜਾਪਦਾ ਹੈ। ਕੁਲਦੀਪ ਨੂੰ ਹੁਣ ਪਹਿਲਾਂ ਨਾਲੋਂ ਕੁਝ-ਕੁਝ ਤਸੱਲੀ ਤੇ ਵਿਸ਼ਵਾਸ ਹੋ ਰਿਹਾ ਸੀ। ਉਸ ਦੇ ਪਿਤਾ ਨੇ ਦੇਖਿਆ ਕਿ ਅਜੇ ਵੀ ਕੁਲਦੀਪ ਦੇ ਮਨ ਤੋਂ ਉਸ ਕਹਾਣੀ ਦਾ ਪੂਰਾ ਪ੍ਰਭਾਵ ਗਿਆ ਨਹੀਂ ਹੈ ਤਾਂ ਉਸ ਨੇ ਅਗਲੇ ਦਿਨ ਕੁਲਦੀਪ ਨੂੰ ਇਹ ਸਭ ਹੱਥੀਂ ਕਰਕੇ ਦਿਖਾਉਣ ਦਾ ਯਕੀਨ ਦਿਵਾਇਆ।

ਹੁਣ ਕੁਲਦੀਪ ਪਹਿਲਾਂ ਨਾਲੋਂ ਕੁਝ ਠੀਕ ਅਵਸਥਾ ਵਿਚ ਆ ਗਿਆ ਸੀ ਤੇ ਉਸ ਨੂੰ ਬਾਬੇ ਖੇਮੇ ਦੀਆਂ ਕਹਾਣੀਆਂ ਸੁਣਨ ਤੋਂ ਮਨ੍ਹਾਂ ਕਰ ਦਿੱਤਾ। ਅਗਲੇ ਦਿਨ ਕੁਲਦੀਪ ਦਾ ਪਿਤਾ ਪ੍ਰਯੋਗਸ਼ਾਲਾ ਵਿਚੋਂ ਪੀਲੀ ਫਾਸਫੋਰਸ ਲੈ ਆਇਆ ਤੇ ਕੁਲਦੀਪ ਨੂੰ ਹਵਾ ਦੀ ਹਾਜ਼ਰੀ ਵਿਚ ਬਲਦੀ ਫਾਸਫੋਰਸ ਦਾ ਪ੍ਰਯੋਗ ਕਰਕੇ ਦਿਖਾਇਆ ਤਾਂ ਉਸ ਨੂੰ ਪੂਰਾ ਯਕੀਨ ਹੋ ਗਿਆ ਸੀ ਕਿ ਇਨ੍ਹਾਂ ਘਟਨਾਵਾਂ ਪਿੱਛੇ ਅਸਲੀਅਤ ਕੀ ਹੈ। ਕੁਲਦੀਪ ਦੇ ਪਿਤਾ ਨੇ ਅੱਗੇ ਹੋਰ ਸਪਸ਼ਟ ਕੀਤਾ ਕਿ ਵਾਪਰੀ ਹਰ ਘਟਨਾ ਭੂਤ ਕਾਲ ਅਖਵਾਉਂਦੀ ਹੈ ਕਿਉਂਕਿ ਅਸੀਂ ਸਮੇਂ ਦੀ ਵੰਡ ਤਿੰਨ ਕਾਲਾਂ ਵਿਚ ਕਰਕੇ, ਜਿਵੇਂ ਗੁਜ਼ਰ ਰਹੇ ਸਮੇਂ ਨੂੰ ਵਰਤਮਾਨ ਕਾਲ, ਬੀਤ ਗਏ ਸਮੇਂ ਨੂੰ ਭੂਤਕਾਲ ਤੇ ਆਉਣ ਵਾਲੇ ਸਮੇਂ ਨੂੰ ਭਵਿੱਖ ਕਾਲ ਆਖਦੇ ਹਾਂ। ਬੱਸ ਇਹ ਖੇਮੇ ਵਰਗੇ ਅਨਪੜ੍ਹ ਲੋਕ ਹੀ ਸਭ ਅਜਿਹੀਆਂ ਗੱਲਾਂ ਦਾ ਅਸਰ ਕਬੂਲ ਕੇ ਆਪਣੇ ਮਨ ਨੂੰ ਲਾ ਬਹਿੰਦੇ ਹਨ ਜਿਸ ਕਰਕੇ ਇਨ੍ਹਾਂ ਦਾ ਸਾਡੇ ਜੀਵਨ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਇਨ੍ਹਾਂ ਸਭ ਗੱਲਾਂ ਤੋਂ ਕੁਲਦੀਪ ਦੇ ਮਨ ਵਿਚ ਘੁਸੇ ਇਨ੍ਹਾਂ ਵਹਿਮਾਂ ਭਰਮਾਂ ਦਾ ਨਾਸ਼ ਹੋ ਗਿਆ। ਕੁਲਦੀਪ ਹੁਣ ਬਿਲਕੁਲ ਠੀਕ ਸੀ।

ਕੁਲਦੀਪ ਨੇ ਜਦ ਇਨ੍ਹਾਂ ਕਹਾਣੀਆਂ ਦੀ ਅਸਲੀਅਤ ਬਾਰੇ ਆਪਣੇ ਹੋਰ ਸਾਥੀਆਂ ਨੂੰ ਦੱਸਿਆ ਤਾਂ ਸਭ ਨੇ ਬਾਬੇ ਖੇਮੇ ਦੀਆਂ ਸੁਣੀਆਂ ਕਹਾਣੀਆਂ ਦਾ ਕੋਈ ਯਕੀਨ ਨਾ ਕੀਤਾ ਤੇ ਅੱਗੋਂ ਲਈ ਬਾਬੇ ਨੂੰ ਅਜਿਹੀਆਂ ਕਹਾਣੀਆਂ ਸੁਣਾਉਣ ਤੋਂ ਰੋਕ ਦਿੱਤਾ ਗਿਆ।

## ਵਿਗਿਆਨਕ ਸੱਚਾਈ

*—ਰਣਜੀਤ ਆਜ਼ਾਦ ਕਾਂਝਲਾ*

ਇਕ ਵਾਰ ਦੀ ਗੱਲ ਹੈ ਕਿ ਇਕ ਸਕੂਲ ਵਿਚ ਬੱਚਿਆਂ ਦੇ ਮਨੋਰੰਜਨ ਲਈ ਜਾਦੂਗਰ ਆਇਆ। ਮੁੱਖ ਅਧਿਆਪਕ ਦੇ ਆਦੇਸ਼ ਮੁਤਾਬਕ ਸਾਰੇ ਵਿਦਿਆਰਥੀ ਮੈਦਾਨ ਵਿਚ ਇਕੱਠੇ ਹੋ ਗਏ ਤੇ ਸਾਰੇ ਅਧਿਆਪਕ ਵੀ ਉਸ ਜਾਦੂਗਰ ਦਾ ਤਮਾਸ਼ਾ

ਵੇਖਣ ਲਈ ਕੁਰਸੀਆਂ 'ਤੇ ਆਣ ਬੈਠੇ ਪਰ ਉਸ ਦਿਨ ਸਕੂਲ ਦਾ ਸਾਇੰਸ ਮਾਸਟਰ ਛੁੱਟੀ 'ਤੇ ਸੀ।

ਜਾਦੂਗਰ ਨੇ ਹੈੱਡ ਮਾਸਟਰ ਤੋਂ ਆਗਿਆ ਲੈ ਆਪਣੀ ਖਿੱਚ ਭਰਪੂਰ ਸੰਖੇਪ ਜਿਹੀ ਤਕਰੀਰ ਵਿਚ ਰੰਗ ਬੰਨ੍ਹ ਦਿੱਤਾ। ਜਾਦੂਗਰ ਨੇ ਆਪਣੇ ਵੱਖ-ਵੱਖ ਟਰਿੱਕਾਂ ਨੂੰ ਵਿਖਾਉਣ ਲਈ ਲੋੜੀਂਦਾ ਸਾਮਾਨ ਇਕ ਮੇਜ਼ 'ਤੇ ਸਜਾ ਲਿਆ। ਬੱਚੇ ਹਰ ਨਵੀਂ ਚੀਜ਼ ਨੂੰ ਵੇਖਣ ਲਈ ਹਮੇਸ਼ਾ ਉਤਾਵਲੇ ਹੁੰਦੇ ਹਨ। ਫਿਰ ਜਾਦੂਗਰ ਨੇ ਬੱਚਿਆਂ ਨੂੰ ਬੁੱਧੀ ਪਰਖ ਲਈ ਕਈ ਉਲਟੇ ਪੁਲਟੇ ਸਵਾਲ ਕੀਤੇ ਤੇ ਜਵਾਬ ਸੁਣ ਕੇ ਬਾਕੀਆਂ ਦੀ ਜਾਣਕਾਰੀ ਵੀ ਦਿੱਤੀ। ਜਾਦੂਗਰ ਨੇ ਕਈ ਖੇਲ ਵਿਖਾਏ ਤੇ ਬੱਚਿਆਂ, ਅਧਿਆਪਕਾਂ ਰਲ਼ ਕੇ ਖ਼ੂਬ ਆਨੰਦ ਮਾਣਿਆ।

ਅਖ਼ੀਰ ਵਿਚ ਜਾਦੂਗਰ ਨੇ ਕਿਸੇ ਦੈਵੀ ਸ਼ਕਤੀ ਦਾ ਵਾਸਤਾ ਪਾ ਕੇ ਬੱਚਿਆਂ ਨੂੰ ਬੋਲਿਆ, "ਮੇਰੇ ਪਾਸ ਇਕ ਅਜਿਹੀ ਦੈਵੀ ਸ਼ਕਤੀ ਹੈ ਜਿਸਦੀ ਸਹਾਇਤਾ ਨਾਲ ਪਾਣੀ ਵਿਚ ਅੱਗ ਬਲਣ ਲੱਗ ਪਵੇਗੀ।" ਬੱਚੇ ਇਹ ਸੁਣ ਕੇ ਬੜੇ ਹੈਰਾਨ ਹੋਏ ਤੇ ਉਨ੍ਹਾਂ ਦਾ ਧਿਆਨ ਤੇ ਅੱਖਾਂ ਮੇਜ਼ 'ਤੇ ਰੱਖੇ ਭਰੇ ਹੋਏ ਪਾਣੀ ਦੇ ਟੱਬ ਵੱਲ ਹੋ ਗਈਆਂ। ਫੇਰ ਜਾਦੂਗਰ ਨੇ ਕਿਸੇ ਮੰਤਰ ਦਾ ਉਚਾਰਣ ਕਰਕੇ ਆਪਣਾ ਸੱਜਾ ਹੱਥ ਫੈਲਾਇਆ ਤੇ ਸੱਚਮੁਚ ਹੀ ਪਾਣੀ ਦੇ ਟੱਬ ਵਿਚ ਅੱਗ ਬਲਣ ਲੱਗ ਪਈ। ਕੜ-ਕੜ ਕਰਕੇ ਅੱਗ ਦੇ ਚਿੰਗਾਰੇ ਵਿਖਾਈ ਦੇਣ ਲੱਗੇ। ਬੱਚੇ ਇਹ ਦ੍ਰਿਸ਼ ਵੇਖ ਕੇ ਬੜੇ ਖੁਸ਼ ਵੀ ਹੋਏ ਤੇ ਨਾਲ ਬੜੇ ਹੈਰਾਨ ਵੀ ਹੋਏ। ਜਾਦੂਗਰ ਨੇ ਮੁੱਖ ਅਧਿਆਪਕ, ਅਧਿਆਪਕ ਤੇ ਬੱਚਿਆਂ ਦਾ ਦਿਲੋਂ ਧੰਨਵਾਦ ਕੀਤਾ ਤੇ ਬੱਚਿਆਂ ਨੇ ਖ਼ੂਬ ਤਾੜੀਆਂ ਵਜਾ ਕੇ ਉਸ ਦੇ ਖੇਲ ਦੀ ਸਮਾਪਤੀ ਕੀਤੀ।

ਬੱਚਿਆਂ ਦੇ ਕੋਮਲ ਮਨਾਂ 'ਤੇ ਉਸ ਅੱਗ ਲਾਉਣ ਵਾਲੀ ਦੈਵੀ ਸ਼ਕਤੀ ਦਾ ਸੰਕਲਪ ਘਰ ਕਰ ਗਿਆ ਸੀ। ਅਗਲੇ ਦਿਨ ਸਕੂਲ ਦੇ ਬੱਚਿਆਂ ਨੇ ਆਪਣੇ ਸਾਇੰਸ ਮਾਸਟਰ ਨੂੰ ਕੱਲ੍ਹ ਵਿਖਾਵੇ ਜਾਦੂਗਰ ਦੇ ਖੇਲਾਂ ਬਾਰੇ ਦੱਸਿਆ ਅਤੇ ਪਾਣੀ ਵਿਚ ਅੱਗ ਜਲਾਉਣ ਵਾਲੇ ਖੇਲ ਦਾ ਵਿਸ਼ੇਸ਼ ਜ਼ਿਕਰ ਕੀਤਾ। ਬੱਚਿਆਂ ਨੇ ਆਪਣੇ ਮਾਸਟਰ ਜੀ ਤੋਂ ਪੁੱਛਿਆ ਕਿ ਸਰ ਪਾਣੀ ਨੂੰ ਅੱਗ ਕਿਵੇਂ ਲੱਗ ਗਈ ਜਦੋਂ ਕਿ ਪਾਣੀ ਤਾਂ ਅੱਗ ਨੂੰ ਬੁਝਾਉਂਦਾ ਹੈ। ਕੀ ਸੱਚਮੁਚ ਹੀ ਕਿਸੇ ਦੈਵੀ ਸ਼ਕਤੀ ਨਾਲ ਹੀ ਪਾਣੀ 'ਤੇ ਅੱਗ ਬਲੀ ਹੈ? ਸਾਇੰਸ ਮਾਸਟਰ ਬੱਚਿਆਂ ਦੀ ਇਸ ਪਾਣੀ ਤੇ ਅੱਗ ਜਲਾਉਣ ਵਾਲੀ ਦੈਵੀ ਸ਼ਕਤੀ 'ਤੇ ਬੜਾ ਹੱਸਿਆ ਅਤੇ ਬੱਚਿਆਂ ਨੂੰ ਦੱਸਿਆ, "ਇੱਥੇ ਕਿਸੇ ਦੈਵੀ ਜਾਂ ਗੈਬੀ ਸ਼ਕਤੀ ਦਾ ਕੋਈ ਯੋਗਦਾਨ ਨਹੀਂ ਹੈ, ਇਹ ਤਾਂ ਇਕ ਵਿਗਿਆਨਕ ਸੱਚ ਹੈ। ਇਸ ਪ੍ਰਤੀ ਮੈਂ ਤੁਹਾਡੇ ਸਭ ਭਰਮ ਦੂਰ ਕਰ ਦਿਆਂਗਾ।"

ਕਿੱਥੇ ਗੈਬੀ ਸ਼ਕਤੀ ਤੇ ਕਿੱਥੇ ਇਕ ਵਿਗਿਆਨਕ ਸੱਚਾਈ ? ਬੱਚਿਆਂ ਦੇ ਮਨਾਂ ਵਿਚ ਇਹ ਸਵਾਲ ਉਕਰਿਆ ਪਿਆ ਸੀ। ਸਾਇੰਸ ਮਾਸਟਰ ਨੇ ਬੱਚਿਆਂ ਦੇ ਕੋਮਲ ਮਨਾਂ 'ਤੇ ਪਏ ਏਸ ਗੈਬੀ ਸ਼ਕਤੀ ਦੇ ਭੁਲੇਖੇ ਨੂੰ ਕੱਢਣ ਲਈ ਇਕ ਪ੍ਰਯੋਗ ਕਰਕੇ ਵਿਖਾਇਆ।

'ਬੱਚਿਓ! ਆਓ ਵੇਖੋ ਪਾਣੀ ਦੇ ਭਰੇ ਇਕ ਕੱਚ ਦੇ ਟੱਬ ਵਿਚ ਮੈਂ ਇਕ ਸੋਡੀਅਮ ਨਾਂ ਦੀ ਧਾਤ ਦੀ ਇਕ ਡਲੀ ਰੱਖਦਾ ਹਾਂ। ਤੁਸੀਂ ਦੇਖੋ ਕਿ ਕਿਵੇਂ ਪਾਣੀ ਦੀ ਤਹਿ 'ਚ ਅੱਗ ਬਲਣ ਲੱਗਦੀ ਹੈ।' ਬੱਸ ਇਤਨਾ ਕਹਿਣ ਦੀ ਦੇਰ ਸੀ ਕਿ ਝੱਟ ਪਾਣੀ ਤੇ ਕੜ-ਕੜ ਕਰਕੇ ਅੱਗ ਬਲਣ ਲੱਗ ਪਈ। ਬੱਚਿਆਂ ਨੇ ਪੂਰੇ ਜ਼ੋਰ ਨਾਲ ਤਾੜੀਆਂ ਵਜਾਈਆਂ ਤੇ ਜਾਦੂਗਰ ਦੇ ਦੈਵੀ ਸ਼ਕਤੀ ਵਾਲੇ ਭੁਲੇਖੇ ਨੂੰ ਦੂਰ ਕਰਕੇ ਦੱਸਿਆ ਕਿ ਇਹ ਤਾਂ ਸੱਚਮੁਚ ਹੀ ਇਕ ਵਿਗਿਆਨਕ ਸੱਚਾਈ ਹੈ।'

ਹੁਣ ਬੱਚਿਆਂ ਦੇ ਮਨਾਂ 'ਚ ਗੈਬੀ ਸ਼ਕਤੀ ਵਾਲਾ ਸਵਾਰ ਹੋਇਆ ਭੂਤ ਲਹਿ ਗਿਆ ਸੀ।

## ਤੋਹਫ਼ਾ

*—ਮਨਜੀਤ ਕੌਰ ਅੰਬਾਲਵੀ*

ਇਕ ਛੋਟਾ ਜਿਹਾ ਪੈਕਟ ਹੱਥ ਵਿਚ ਫੜੀ ਰਸ਼ਿਕਾ ਮੁਸਕਰਾ ਰਹੀ ਸੀ। ਆਪਣੇ ਦਰਵਾਜ਼ੇ 'ਤੇ ਖੜ੍ਹੀ ਰਸ਼ਿਕਾ ਨੂੰ ਵੇਖ ਕੇ ਦਿਲਦਾਰ ਹੈਰਾਨ ਸੀ। ਉਹ ਚੁੱਪ-ਚਾਪ ਇਕ ਟੱਕ ਉਹਦੇ ਵੱਲ ਵੇਖ ਰਹੀ ਸੀ।

"ਹੈਂ, ਇਹ ਕੀ ਲਿਆਈ ਏਂ ?" ਦਿਲਦਾਰ ਨੇ ਪੁੱਛਿਆ।

"ਤੂੰ ਬੁੱਝ ਲੈ, ਕੀ ਏ ?" ਰਸ਼ਿਕਾ ਨੇ ਹੱਸਦਿਆਂ ਆਖਿਆ।

"ਮੈਨੂੰ ਕੀ ਪਤਾ, ਤੂੰ ਹੀ ਦੱਸ ਨਾ...?" ਦਿਲਦਾਰ ਨੇ ਜ਼ਿੱਦ ਕੀਤੀ।

"ਇਹ ਮੇਰੀ ਪਿਆਰੀ ਜਿਹੀ ਸਹੇਲੀ ਦਾ ਤੋਹਫ਼ਾ ਹੈ।"

"ਤੋਹਫ਼ਾ ਏ, ਪਰ ਕਿਉਂ... ?" "ਕਿਉਂ ਦਾ ਕੀ ਮਤਲਬ ਹੈ, ਮੈਂ ਤੇਰੇ ਲਈ ਲਿਆਈ ਹਾਂ।" ਰਸ਼ਿਕਾ ਨੇ ਹੱਥ ਅੱਗੇ ਵਧਾਂਦਿਆਂ ਆਖਿਆ।

"ਪਰ ਇਹ ਕਾਹਦੇ ਲਈ... ?" "ਕਾਹਦੇ ਲਈ, ਤੇਰਾ ਜਨਮ ਦਿਨ ਨੀ ਆ ਰਿਹਾ ਸੋਮਵਾਰ ਨੂੰ...?"

"ਪਰ ਤੂੰ ਪਹਿਲਾਂ ਹੀ...।" "ਇਸ ਲਈ, ਕਿ ਤੂੰ ਮੇਰੀ ਸੁਗਾਤ ਹੀ ਉਸ ਦਿਨ ਪਾਵੇਂ। ਇਹ ਚਿੱਟੀ ਫ਼ਰਾਕ ਹੈ। ਜਿਵੇਂ ਪਰੀਆਂ ਨੇ ਪਾਈ ਹੁੰਦੀ ਹੈ ਨਾ ਚਿੱਟੀ ਪੋਸ਼ਾਕ! ਉਹ ਅੰਬਰ ਤੇ ਉੱਡਦੀਆਂ ਕਿੰਨੀਆਂ ਪਿਆਰੀਆਂ ਲੱਗਦੀਆਂ। ਤੂੰ ਵੀ ਪਰੀ ਵਰਗੀ ਲੱਗੇਂਗੀ।"

ਪਰ ਦਿਲਦਾਰ ਹੋਰਾਂ ਬੱਚਿਆਂ ਵਾਂਗ ਖੁਸ਼ ਨਹੀਂ ਹੋਈ। ਚੁੱਪ-ਚਾਪ ਖੜੋਤੀ ਰਹੀ। "ਪਰ ਮੈਂ ਤਾਂ ਤੈਨੂੰ ਆਖਿਆ ਸੀ, ਮੈਂ ਆਪਣੀ ਫ਼ਰਾਕ ਧੋ ਲਵਾਂਗੀ। ਉਹੀ ਜਨਮ-ਦਿਨ ਤੇ ਪਾ ਲਵਾਂਗੀ।"

"ਕਿਉਂ, ਤੂੰ ਮੇਰੀ ਦਿੱਤੀ ਨਵੀਂ ਫਰਾਕ ਨਹੀਂ ਜਨਮ-ਦਿਨ ਤੇ ਪਾ ਸਕਦੀ ?" ਰਸ਼ਿਕਾ ਨੂੰ ਪਿਛਲੇ ਹਫਤੇ ਦੀਆਂ ਗੱਲਾਂ ਵਾਰ-ਵਾਰ ਯਾਦ ਆ ਰਹੀਆਂ ਸਨ। ਜਦੋਂ

ਗਰਾਊਂਡ ਵਿਚ ਖੇਡਦਿਆਂ ਉਸਨੇ ਦਿਲਦਾਰ ਤੋਂ ਪੁੱਛਿਆ ਸੀ, "ਤੇਰਾ ਜਨਮ-ਦਿਨ ਆ ਰਿਹਾ ਹੈ, ਤੂੰ ਕਿਹੜੀ ਫਰਾਕ ਪਾਵੇਂਗੀ ?"

"ਮੈਂ,... ਮੈਂ ਤਾਂ ਕੋਈ ਵੀ ਫਰਾਕ ਧੋ ਕੇ ਹੀ ਪਾ ਲਵਾਂਗੀ।"

"ਪੁਰਾਣੀ ਹੀ ਫ਼ਰਾਕ ਪਾਵੇਂਗੀ, ਨਵੀਂ ਨਹੀਂ ?"

"ਕੱਪੜਾ ਸਾਫ਼ ਹੋਣਾ ਚਾਹੀਦਾ ਹੈ, ਜ਼ਰੂਰੀ ਨਹੀਂ ਹਰ ਵਾਰ ਨਵਾਂ ਹੀ ਹੋਵੇ! ਕੱਪੜੇ ਪੁਰਾਣੇ ਹੋ ਗਏ ਤਾਂ ਕੀ ਸੁੱਟ ਦੇਣੇ ਚਾਹੀਦੇ ਆ ? ਬੱਸ ਕੱਪੜਾ ਸਾਫ਼ ਹੋਵੇ, ਪੁਰਾਣਾ ਹੈ ਤਾਂ ਕੀ ਹੋਇਆ...?"

"ਤੈਨੂੰ ਪਤਾ ਹੈ, ਮੇਰੇ ਪਿਤਾ ਜੀ ਦੀ ਤਨਖ਼ਾਹ ਘੱਟ ਹੈ। ਘਰ ਦਾ ਗੁਜ਼ਾਰਾ ਬੜਾ ਔਖਾ ਹੁੰਦਾ ਹੈ। ਅਸੀਂ ਪੜ੍ਹਨ ਵਾਲੇ ਤਿੰਨ ਭੈਣ-ਭਰਾ ਹਾਂ। ਮੇਰੇ ਦਾਦਾ ਜੀ ਤੇ ਦਾਦੀ ਜੀ ਵੀ ਸਾਡੇ ਨਾਲ ਹੀ ਰਹਿੰਦੇ ਹਨ। ਉਨ੍ਹਾਂ ਦੀ ਦੇਖ ਭਾਲ ਵੀ ਤਾਂ ਪਾਪਾ ਨੇ ਹੀ ਕਰਨੀ ਏਂ। ਹਰ ਬੰਦਾ ਸੋਚ ਕੇ ਚੱਲੇਗਾ ਤਾਂ ਹੀ ਤਾਂ ਘਰ ਠੀਕ ਚੱਲੇਗਾ। ਮੈਂ ਆਪਣੇ ਪਾਪਾ ਨੂੰ ਕਦੇ ਤੰਗ ਨਹੀਂ ਕੀਤਾ। ਉਹ ਸਾਡੇ ਲਈ ਇੰਨਾ ਕੁਝ ਕਰਦੇ ਹਨ ਤਾਂ ਅਸੀਂ...।" ਇਹ ਗੱਲਾਂ ਰਸ਼ਿਕਾ ਦੇ ਦਿਮਾਗ ਵਿਚ ਘੁੰਮਦੀਆਂ ਰਹਿੰਦੀਆਂ। ਉਹ ਉਸ ਦਿਨ ਤੋਂ ਹੀ ਸੋਚ ਰਹੀ ਸੀ, ਦਿਲਦਾਰ ਕਿੰਨੀ ਸਮਝਦਾਰ ਹੈ! ਮੇਰੇ ਕੋਲ ਨਵੀਆਂ ਫ਼ਰਾਕਾਂ ਪਈਆਂ ਵੀ ਹਨ, ਫਿਰ ਵੀ ਜ਼ਿੱਦ ਕਰਕੇ ਇਕ ਹੋਰ ਲੈ ਲਈ। ਮੈਨੂੰ ਕਿਵੇਂ ਸਫ਼ੇਦ ਫ਼ਰਾਕ ਪਾ ਕੇ ਪਰੀ ਵਰਗੀ ਲੱਗਣ ਦਾ ਚਾਅ ਸੀ। ਪਰ ਕੀ ਇਹਦਾ ਦਿਲ ਨਹੀਂ ਕਰਦਾ ? ਜਨਮ-ਦਿਨ 'ਤੇ ਵੀ ਪੁਰਾਣੀ ਫ਼ਰਾਕ ਪਾਉਣ ਲਈ ਤਿਆਰ ਹੈ। ਫਿਰ ਮੈਂ ਕਿਉਂ ਪਾਪਾ ਨੂੰ ਹਰ ਵੇਲੇ ਨਵੇਂ ਤੋਹਫ਼ੇ ਲਈ ਤੰਗ ਕਰਦੀ ਹਾਂ ? ਆਪਣੀ ਹੀ ਜ਼ਿੱਦ ਪੁਗਾਉਂਦੀ ਹਾਂ। ਪਾਪਾ ਵਿਚਾਰੇ ਵੀ ਪਹਿਲਾਂ ਨਾਂਹ ਕਰਦੇ ਆ, ਫਿਰ ਲੈ ਹੀ ਆਉਂਦੇ ਹਨ। ਹੁਣ ਮੈਂ ਕਦੇ ਜ਼ਿੱਦ ਨਹੀਂ ਕਰਾਂਗੀ। ਮੈਂ ਇਹ ਵੀ ਪੁੱਛਾਂਗੀ, ਕਿ ਮੇਰੇ ਦਾਦਾ-ਦਾਦੀ ਸਾਡੇ ਨਾਲ ਕਿਉਂ ਨਹੀਂ...?

ਜ਼ਿੱਦ ਕਰਕੇ ਲਈ ਫ਼ਰਾਕ ਤਾਂ ਦਿਲਦਾਰ ਨੂੰ ਦੇ ਚੱਲੀ ਹਾਂ, ਪਰ ਮੈਂ ਆਪਣੇ ਜਨਮ-ਦਿਨ 'ਤੇ ਪਾਪਾ ਨੂੰ ਮਨਾਵਾਂਗੀ, ਦਾਦਾ-ਦਾਦੀ ਨੂੰ ਲਿਆਉਣ। ਰਸ਼ਿਕਾ ਦੇ ਪਾਪਾ ਘੱਟ ਤਨਖ਼ਾਹ ਹੋਣ 'ਤੇ ਵੀ ਆਪਣੇ ਕੋਲ ਰੱਖ ਸਕਦੇ ਹਨ, ਤਾਂ ਮੇਰੇ ਪਾਪਾ ਕਿਉਂ ਨਹੀਂ, ਜਦੋਂ ਕਿ ਉਹ ਬੈਂਕ ਮੈਨੇਜਰ ਹਨ ? ਦਾਦਾ-ਦਾਦੀ ਜੀ ਕਿੰਨਾ ਪਿਆਰ ਕਰਦੇ ਹਨ। ਨਾਲੇ ਹੁਣ ਉਹ ਬੀਮਾਰ ਵੀ ਰਹਿੰਦੇ ਹਨ। ਇੱਥੇ ਸ਼ਹਿਰ ਵਿਚ ਉਨ੍ਹਾਂ ਦੀ ਦੇਖਭਾਲ ਵੀ ਚੰਗੀ ਹੋ ਸਕਦੀ ਹੈ।

ਜਨਮ ਦਿਨ ਤੋਂ ਇਕ ਦਿਨ ਪਹਿਲਾਂ ਰਸ਼ਿਕਾ ਛੇਤੀ ਹੀ ਉੱਠ ਗਈ। ਉੱਠਦਿਆਂ ਹੀ ਪਾਪਾ ਨੂੰ ਜੱਫੀ ਪਾ ਲਈ।

"ਅੱਜ ਇੰਨੀ ਛੇਤੀ ਕਿਵੇਂ ਪੁੱਤਰ ? ਅੱਗੇ ਤਾਂ ਉਠਾਈ ਹੋਈ ਵੀ ਨਹੀਂ ਉੱਠਦੀ। ਅੱਜ ਕੋਈ ਖ਼ਾਸ ਗੱਲ ਆ...!"

"ਹਾਂ ਪਾਪਾ, ਹੈ ਕੋਈ ਗੱਲ, ਮੰਨੋਗੇ ਨਾ...!"

"ਹਾਂ-ਹਾਂ, ਅੱਗੇ ਕੀ ਤੇਰੀ ਗੱਲ ਕਦੇ ਨਹੀਂ ਮੰਨੀ ?"

"ਮੰਨੀਂ ਏ ਪਾਪਾ! ਪਰ ਇਹ ਗੱਲ ਤਾਂ ਖ਼ਾਸ ਏ!"

"ਮੈਂ ਅੱਜ ਤੋਂ ਕੋਈ ਜ਼ਿੱਦ ਨਹੀਂ ਕਰਾਂਗੀ। ਕੋਈ ਤੋਹਫ਼ਾ ਵੀ ਨਹੀਂ ਮੰਗਾਂਗੀ। ਫਜ਼ੂਲ ਕਰਚੀ ਵੀ ਨਹੀਂ ਕਰਾਂਗੀ। ਅੱਜ ਤੋਂ ਆਪਣਾ ਜਨਮ-ਦਿਨ ਵੀ ਨਹੀਂ ਮਨਾਵਾਂਗੀ। ਮਨਜ਼ੂਰ ਪਾਪਾ!"

"ਹਾਂ-ਹਾਂ, ਮਨਜ਼ੂਰ ਏ! ਪਰ ਦੱਸ ਤਾਂ ਸਹੀ ਤੇਰੀ ਕੀ ਮੰਗ ਏ ?"

"ਮੇਰੇ ਜਨਮ-ਦਿਨ 'ਤੇ ਮੈਨੂੰ ਦਾਦਾ-ਦਾਦੀ ਚਾਹੀਦੇ! ਹੈ ਨਾ, ਵਧੀਆ ਤੋਹਫ਼ਾ...! ਮੈਂ ਹਮੇਸ਼ਾ ਉਨ੍ਹਾਂ ਨਾਲ ਰਹਿਣਾ ਚਾਹਾਂਗੀ।"

ਪਾਪਾ ਸੋਚਣ ਲੱਗ ਪਏ। ਉਨ੍ਹਾਂ ਦੇ ਮੂੰਹ ਵੱਲ ਵੇਖਦਿਆਂ ਰਸ਼ਿਕਾ ਬੋਲੀ, "ਸੋਚਦੇ ਕੀ ਹੋ ਪਾਪਾ ? ਹਾਂ ਕਰੋ ਹਾਂ...।"

ਪਾਪਾ ਨੇ ਹਾਂ ਕਰ ਦਿੱਤੀ। ਉਹ ਖੁਸ਼ੀ ਵਿਚ ਨੱਚਣ ਲੱਗੀ। "ਦਾਦਾ-ਦਾਦੀ ਆਉਣਗੇ... ਦਦਾ-ਦਾਦੀ ਆਉਣਗੇ।"

ਥੋੜ੍ਹੀ ਦੇਰ ਬਾਅਦ ਹੀ ਉਨ੍ਹਾਂ ਦੀ ਗੱਡੀ ਪਿੰਡ ਵਾਲੇ ਰਾਹ 'ਤੇ ਧੂੜਾਂ ਪੱਟਦੀ ਜਾ ਰਹੀ ਸੀ...।

## ਮਿਹਨਤ ਦਾ ਮੁੱਲ

***—ਮਨਜੀਤ ਕੌਰ ਅੰਬਾਲਵੀ***

ਰਮੇਸ਼ ਬਾਬੂ ਇਕ ਮਾਮੂਲੀ ਦਫ਼ਤਰੀ ਕਲਰਕ ਸਨ। ਉਨ੍ਹਾਂ ਦੇ ਘਰ ਦੋ ਬੇਟੇ ਤੇ ਦੋ ਬੇਟੀਆਂ ਸਨ। ਤਾਰਾ ਤੇ ਮੀਰਾ ਵੱਡੀਆਂ ਤੇ ਗੌਤਮ ਤੇ ਸੋਨੂੰ ਛੋਟੇ। ਰਮੇਸ਼ ਬਾਬੂ ਦੀ ਤਨਖ਼ਾਹ ਵਿਚ ਪੂਰੀ ਨਾ ਪੈਂਦੀ। ਮਹਿੰਗਾਈ ਦੇ ਸਮੇਂ ਵਿਚ ਪਰਿਵਾਰ ਦਾ ਗੁਜ਼ਾਰਾ ਕਰਨਾ ਉਨ੍ਹਾਂ ਨੂੰ ਔਖਾ ਲੱਗਦਾ। ਭਾਵੇਂ ਨੌਕਰੀ ਦੇ ਨਾਲ-ਨਾਲ ਉਹ ਸਵੇਰੇ-ਸਵੇਰੇ ਅਖ਼ਬਾਰਾਂ ਵੇਚਣ ਦਾ ਕੰਮ ਵੀ ਕਰਦੇ। ਫਿਰ ਵੀ ਘਰ ਵਿਚ ਤੰਗੀਆਂ-ਤੁਰਸ਼ੀਆਂ ਮੂੰਹ ਖੋਲੀਂ ਖੜ੍ਹੀਆਂ ਰਹਿੰਦੀਆਂ। ਵੱਡੀ ਬੇਟੀ ਤਾਰਾ ਨੇ ਬਾਰ੍ਹਵੀਂ ਪਾਸ ਕੀਤੀ ਸੀ। ਰਮੇਸ਼ ਬਾਬੂ ਬੇਟੀ ਨੂੰ ਪੜ੍ਹਾਉਣਾ ਚਾਹੁੰਦਿਆਂ ਵੀ, ਅੱਗੇ ਪੜ੍ਹਾ ਨਹੀਂ ਸੀ ਸਕਦੇ। ਸੋ ਤਾਰਾ ਦੀ ਪੜ੍ਹਾਈ ਬੰਦ ਹੋ ਗਈ।

ਤਾਰਾ ਨੂੰ ਸਕੂਲੋਂ ਹਟ ਕੇ ਘਰ ਬੈਠਣਾ ਚੰਗਾ ਨਹੀਂ ਸੀ ਲੱਗਦਾ। ਉਹਨੂੰ ਨੱਚਣ ਗਾਉਣ ਦਾ ਸ਼ੌਂਕ ਤਾ ਮੁੱਢੋਂ ਹੀ ਸੀ। ਕਈ ਵਾਰ ਉਹ ਮਾਂ ਨੂੰ ਕਹਿੰਦੀ, "ਮਾਂ ਮੈਂ ਸਾਰਾ ਦਿਨ ਬੋਰ ਹੋ ਜਾਂਦੀ ਹਾਂ, ਕੀ ਕਰਾਂ ?" ਮਾਂ ਦੇ ਦਿਲ ਵਿਚ ਐਵੇਂ ਖਿਆਲ ਆ ਗਿਆ। ਆਖਣ ਲੱਗੀ, "ਬੇਟਾ ਤੂੰ ਕਿੰਨਾ ਵਧੀਆ ਨੱਚਦੀ ਹੈਂ। ਹੁਣ ਵੀ ਦਿਨ

ਵਿਚ ਕਈ ਵਾਰ ਤੈਨੂੰ ਨੱਚਦਿਆਂ ਵੇਖਦੀ ਹਾਂ। ਜੇ ਤੂੰ ਬੱਚਿਆਂ ਨੂੰ ਨਾਚ ਸਿਖਾਉਣ ਦਾ ਕੰਮ ਕਰ ਲਵੇਂ ਤਾਂ...।" "ਹਾਂ ਮਾਂ, ਤੂੰ ਠੀਕ ਆਖਦੀ ਏਂ। ਬੱਚਿਆਂ ਨੂੰ ਸਿਖਾਉਂਦਿਆਂ ਮੇਰਾ ਆਪਣਾ ਸ਼ੌਕ ਵੀ ਪੂਰਾ ਹੋ ਜੂ। ਅੱਜ ਤੋਂ ਹੀ ਸੋਚਦੀ ਹਾਂ ਇਸ ਦੇ ਬਾਰੇ...।"

ਤਾਰਾ ਨੇ ਦੂਜੇ ਹੀ ਦਿਨ ਦੋ ਬੱਚਿਆਂ ਤੋਂ ਕਲਾਸ ਸ਼ੁਰੂ ਕਰ ਲਈ। ਅੱਜ ਹੋਰ, ਕੱਲ੍ਹ ਹੋਰ ਤਾਰਾ ਦੀ ਡਾਂਸ ਕਲਾਸ ਵਿਚ ਬੱਚਿਆਂ ਦੀ ਗਿਣਤੀ ਵਧਦੀ ਗਈ। ਇਕ ਹਫ਼ਤੇ ਵਿਚ ਉਸਦੇ ਕੋਲ ਪੰਦਰਾਂ-ਵੀਹ ਬੱਚੇ ਹੋ ਗਏ। ਉਹ ਬੜੀ ਖੁਸ਼ ਹੁੰਦੀ। ਪਰ ਮਿਹਨਤ ਕਰਨੀ ਕਿਹੜੀ ਸੌਖੀ ਹੁੰਦੀ ਹੈ। ਉਹ ਥੱਕ ਕੇ ਚੂਰ ਹੋ ਜਾਂਦੀ। ਉਹਦੀਆਂ ਅੱਡੀਆਂ 'ਚੋਂ ਸੇਕ ਨਿਕਲਣਾ ਸ਼ੁਰੂ ਹੋ ਜਾਂਦਾ। ਅੱਡੀਆਂ ਦਰਦ ਕਰਦੀਆਂ। ਕਈ ਵਾਰ ਤਾਂ ਉਸਦਾ ਬਹਿ ਕੇ ਰੋਣ ਨੂੰ ਦਿਲ ਕਰਦਾ। ਪਰ ਫਿਰ ਸੰਭਲ ਜਾਂਦੀ। ਉਹਨੇ ਆਪਣੇ 'ਬਾਊ ਜੀ' ਦੀ ਮਦਦ ਵੀ ਤਾਂ ਕਰਨੀ ਸੀ। ਹੁਣ ਉਹ ਆਪਣੇ ਛੋਟੇ ਭੈਣ, ਭਰਾਵਾਂ ਬਾਰੇ ਵੀ ਸੋਚਦੀ। ਉਸ ਖਰਚ ਬਾਰੇ ਵੀ, ਜੋ ਉਸਦੇ ਬਾਊ ਜੀ ਇਕੱਲੇ ਚਲਾ ਰਹੇ ਸਨ। ਉਸਨੇ ਫੈਸਲਾ ਕਰ ਲਿਆ ਸੀ ਕਿ ਆਪਣੇ ਭੈਣ-ਭਰਾਵਾਂ ਦੀ ਪੜ੍ਹਾਈ ਕਦੇ ਵੀ ਅਧੂਰੀ ਨਹੀਂ ਰਹਿਣ ਦੇਵੇਗੀ। ਉਹ ਮਿਹਨਤ ਕਰਕੇ ਬਾਊ ਜੀ ਦੀ ਮਦਦ ਕਰੇਗੀ ਤੇ ਉਸਦੇ ਭੈਣ, ਭਰਾ ਪੜ੍ਹਨਗੇ। ਉੱਚੇ ਅਹੁਦਿਆਂ 'ਤੇ ਜਾਣਗੇ।

ਉਹ ਲਗਨ ਤੇ ਮਿਹਨਤ ਨਾਲ ਡਾਂਸ ਸਿਖਾਉਂਦੀ। ਉਹਦੇ ਸਿੱਖੇ ਹੋਏ ਬੱਚੇ ਕਈ ਡਾਂਸ ਮੁਕਾਬਲਿਆਂ ਵਿਚ ਵੀ ਭਾਗ ਲੈਂਦੇ ਤੇ ਜੇਤੂ ਬਣ ਕੇ ਆਉਂਦੇ। ਉਹ ਖੁਸ਼ ਸੀ, ਉਹਦੇ ਸਿਖਾਂਦਰੂ ਬੱਚੇ ਵੀ ਬਹੁਤ ਖੁਸ਼ ਸਨ। ਉਹ ਉਨ੍ਹਾਂ ਨੂੰ ਬਹੁਤ ਪਿਆਰ ਕਰਦੀ। ਉਹ ਵੀ 'ਦੀਦੀ-ਦੀਦੀ' ਆਖਦੇ ਨਾ ਥੱਕਦੇ। ਦਿਨਾਂ ਵਿਚ ਹੀ ਉਹਦਾ ਸਕੂਲ ਚੰਗਾ ਚੱਲ ਪਿਆ ਸੀ। ਤਾਰਾ ਨੂੰ ਵੀ ਹੁਣ ਲੱਗਣ ਲੱਗ ਪਿਆ, ਕਿ ਉਹਦੀ ਤਾਂ ਦੁਨੀਆਂ ਹੀ ਬਦਲ ਗਈ ਹੈ...।

ਅੱਜ ਉਸਦੀ ਪਹਿਲੀ ਕਮਾਈ ਮਿਲਣ ਦਾ ਦਿਨ ਸੀ। ਉਹ ਬਹੁਤ ਖੁਸ਼ ਸੀ। ਰੱਬ ਦਾ ਤੇ ਮਾਂ ਦਾ ਵਾਰ-ਵਾਰ ਧੰਨਵਾਦ ਕਰ ਰਹੀ ਸੀ। ਜੇ ਰੱਬ ਸਾਥ ਨਾ ਦਿੰਦਾ, ਮਾਂ ਰਾਹ ਨਾ ਦੱਸਦੀ, ਤਾਂ ਸ਼ਾਇਦ ਤਾਰਾ ਇਸ ਮੁਕਾਮ 'ਤੇ ਨਾ ਹੁੰਦੀ। ਉਹ ਇਹੀ ਸੋਚ-ਸੋਚ ਮਾਂ ਨੂੰ ਆਪਣਾ ਗੁਰੂ ਮੰਨਦੀ। ਅੱਜ ਤਨਖ਼ਾਹ ਉਸਦੇ ਹੱਥਾਂ ਵਿਚ ਆ ਗਈ ਸੀ। ਉਹ ਆਪਣੀ ਤਲੀ 'ਤੇ ਰੱਖੇ ਪੈਸਿਆਂ ਨੂੰ ਵਾਰ-ਵਾਰ ਵੇਖ ਰਹੀ ਸੀ। ਅੱਜ ਉਸਨੂੰ ਸਹੀ ਅਰਥਾਂ ਵਿਚ ਮਿਹਨਤ ਦੇ ਮੁੱਲ ਦਾ ਪਤਾ ਲੱਗਾ ਸੀ। ਅੱਜ ਉਸਨੂੰ ਅਹਿਸਾਸ ਹੋਇਆ ਸੀ, ਕਿ ਉਸਦੇ ਬਾਬੂ ਜੀ ਕਿਸ ਤਰ੍ਹਾਂ ਸਖ਼ਤ ਮਿਹਨਤ ਕਰਕੇ ਪਰਿਵਾਰ ਦਾ ਪੇਟ ਪਾਲਦੇ ਸਨ। ਉਹਦੇ ਅੰਦਰੋਂ ਇਕ ਖੁਸ਼ੀ ਝਰਨੇ ਵਾਂਗ ਫੁੱਟ ਰਹੀ ਸੀ। ਉਹ ਸੀ ਆਪਣੇ ਬਾਊ ਜੀ ਦੀ ਮਦਦ ਕਰਨ ਦੀ ਖੁਸ਼ੀ...। ਅੱਜ ਉਹ ਘਰ ਚਲਾਉਣ ਵਾਲੇ, ਇਕ ਦੀ ਥਾਂ ਦੋ ਮੈਂਬਰ ਹੋ ਗਏ ਸਨ। ਆਪਣੇ ਬਾਊ ਜੀ ਦਾ ਹੱਥ ਵਟਾਉਣ ਦੀ ਖੁਸ਼ੀ ਉਸ ਤੋਂ ਸੰਭਾਲੀ ਨਹੀਂ ਸੀ ਸੰਭਲਦੀ।

ਉਸਦੇ ਪੈਰ ਬੜੀ ਕਾਹਲੀ-ਕਾਹਲੀ ਘਰ ਵੱਲ ਉੱਠ ਰਹੇ ਸਨ। ਉਹ ਛੇਤੀ-ਛੇਤੀ ਆਪਣੀ ਮਿਹਨਤ ਦਾ ਮੁੱਲ ਆਪਣੇ ਬਾਊ ਜੀ ਨੂੰ ਜੋ ਦਿਖਾਉਣਾ ਚਾਹੁੰਦੀ ਸੀ...। ਸੋ ਬੱਚਿਓ, ਮਿਹਨਤ ਤਾਂ ਜ਼ਿੰਦਗੀ ਦੇ ਸਾਰੇ ਰਾਹ ਖੋਲ੍ਹ ਦਿੰਦੀ ਹੈ। ਇਕ ਨਾ ਇਕ ਦਿਨ ਮਿਹਨਤ ਜ਼ਰੂਰ ਹੀ ਰੰਗ ਲਿਆਉਂਦੀ ਹੈ...। ਕਹਿੰਦੇ ਹਨ ਨਾ... ਜਿੰਨਾ ਗੁੜ ਪਾਉਗੇ, ਉੱਨਾ ਮਿੱਠਾ ਹੋਵੇਗਾ।

## ਮਿਲਵਰਤਣ

*—ਜਸਪ੍ਰੀਤ ਸਿੰਘ ਜਗਰਾਓਂ*

ਸ਼ਹਿਰ ਦੇ ਇਕ ਵੱਡੇ ਸਟੇਡੀਅਮ ਵਿਚ ਜ਼ਿਲ੍ਹਾ-ਪੱਧਰੀ ਸਕੂਲ ਖੇਡਾਂ ਚੱਲ ਰਹੀਆਂ ਸਨ, ਜਿਸ ਵਿਚ ਜ਼ਿਲ੍ਹੇ ਭਰ ਦੇ ਵੱਖ-ਵੱਖ ਸਕੂਲਾਂ ਦੇ ਬੱਚੇ-ਬੱਚੀਆਂ ਵੱਖ-ਵੱਖ ਖੇਡਾਂ ਵਿਚ ਭਾਗ ਲੈ ਰਹੇ ਸਨ। ਬੱਚੇ-ਬੱਚੀਆਂ ਨੂੰ ਤਾਂ ਜਿੱਤਣ ਦੀ ਤੇ ਮੈਡਲ ਹਾਸਿਲ ਕਰਨ ਦੀ ਰੀਝ ਸੀ ਹੀ ਪਰ ਉਨ੍ਹਾਂ ਤੋਂ ਵੱਧ ਉਤਸੁਕਤਾ ਤੇ ਉੱਤੇਜਨਾ ਉਨ੍ਹਾਂ ਦੇ ਕੋਚ ਅਧਿਆਪਕਾਂ ਨੂੰ ਸੀ। ਇਸ ਲਈ ਉਹ ਲਗਾਤਾਰ ਆਪਣੇ ਬੱਚਿਆਂ ਨੂੰ ਹੱਲਾ ਸ਼ੇਰੀ ਦੇ ਰਹੇ ਸਨ ਤੇ ਜਿੱਤਣ ਲਈ ਪ੍ਰੇਰਿਤ ਕਰ ਰਹੇ ਸਨ।

ਵੱਖ-ਵੱਖ ਮੁਕਾਬਲੇ ਹੁੰਦੇ ਗਏ। ਜਿੱਤਣ ਵਾਲੇ ਹੱਸਦੇ, ਚਹਿਕਦੇ ਦੇਖੇ ਗਏ ਤੇ ਹਾਰਨ ਵਾਲੇ ਮਾਯੂਸ ਤੇ ਰੋਂਦੇ ਦੇਖੇ ਗਏ। ਉਨ੍ਹਾਂ ਦੇ ਕੋਚ ਅਧਿਆਪਕਾਂ ਦਾ ਵੀ ਇਹੀ ਹਾਲ ਸੀ। ਕਈ ਕੋਚ ਅਧਿਆਪਕਾਂ ਨੇ ਤਾਂ ਇਨ੍ਹਾਂ ਖੇਡਾਂ ਨੂੰ ਬੱਚਿਆਂ ਲਈ 'ਕਰੋ ਜਾਂ ਮਰੋ' ਵਾਲੀ ਹਾਲਤ ਵਿਚ ਪਹੁੰਚਾ ਦਿੱਤਾ ਸੀ। ਉਨ੍ਹਾਂ ਨੂੰ ਕਿਸੇ ਵੀ ਹਾਲਤ ਵਿਚ ਆਪਣੀ ਜਾਂ ਆਪਣੇ ਸਕੂਲ ਦੀ ਹਾਰ ਮਨਜ਼ੂਰ ਨਹੀਂ ਸੀ। ਪਰ ਜੇ ਇਕ ਜਿੱਤੇਗਾ, ਤਾਂ ਦੂਜਾ ਹਾਰੇਗਾ ਵੀ, ਇਸ ਲਈ ਇਹ ਜਿੱਤ-ਹਾਰ ਦਾ ਸਿਲਸਿਲਾ ਚੱਲ ਰਿਹਾ ਸੀ।

ਅਚਾਨਕ ਸਾਰੇ ਸਟੇਡੀਅਮ ਵਿਚ ਚੁੱਪ ਵਰਤ ਗਈ। ਸਾਰਿਆਂ ਦਾ ਧਿਆਨ ਸਟੇਡੀਅਮ ਦੇ ਵਿਚ ਬਣੀਆਂ ਦੌੜ-ਪਗਡੰਡੀਆਂ ਉੱਤੇ ਟਿਕ ਗਿਆ। ਉੱਥੇ ਹੁਣ ਅਪਾਹਿਜ ਬੱਚਿਆਂ ਦੀ 100 ਮੀਟਰ ਦੌੜ ਹੋਣ ਵਾਲੀ ਸੀ। ਸਾਰੇ ਬੱਚੇ ਪੋਲੀਓ ਜਾਂ ਕਿਸੇ ਦੁਰਘਟਨਾ ਆਦਿ ਕਰਕੇ ਹੱਥੋਂ-ਪੈਰੋਂ ਅਪਾਹਿਜ ਸਨ ਤੇ ਬਹੁਤਿਆਂ ਕੋਲ ਸਹਾਰੇ ਲਈ ਫਹੁੜੀਆਂ ਸਨ। ਸਾਰੇ ਲੋਕ ਇਹ ਦੌੜ ਦੇਖਣ ਲਈ ਉਤਸੁਕ ਸਨ। ਉਹ ਦੌੜਾਕਾਂ ਦੇ ਅਪਾਹਿਜਪੁਣੇ ਦੀ ਵੱਧ-ਘੱਟ ਪ੍ਰਤੀਸ਼ਤ ਤੋਂ ਉਨ੍ਹਾਂ ਦੇ ਜਿੱਤਣ ਜਾਂ ਹਾਰਨ ਦੀ ਵੱਧ ਜਾਂ ਘੱਟ ਸੰਭਾਵਨਾ ਦੇ ਕਿਆਸ ਲਗਾ ਰਹੇ ਸਨ। ਉਨ੍ਹਾਂ ਅਪਾਹਿਜ ਬੱਚਿਆਂ ਦੇ ਕੋਚ ਅਧਿਆਪਕ ਵੀ ਨਤੀਜਾ ਜਾਣਨ ਲਈ ਉਤਸੁਕ ਤੇ ਵਿਆਕੁਲ ਸਨ।

ਕੁੱਲ 12 ਬੱਚੇ ਸਨ, ਜੋ ਇਕ-ਦੂਜੇ ਦੇ ਲਾਗੇ-ਲਾਗੇ ਦੀਆਂ ਪਗਡੰਡੀਆਂ ਵਿਚ ਖੜ੍ਹੇ ਸਨ। ਸੀਟੀ ਵੱਜੀ, ਸਾਰੇ ਬੱਚੇ ਆਪੋ-ਆਪਣੀ ਸਮਰੱਥਾ ਮੁਤਾਬਿਕ

ਦੌੜਨ ਲੱਗੇ। ਅਜੇ ਉਹ ਕੁਝ ਕਦਮ ਹੀ ਅੱਗੇ ਵਧੇ ਸਨ ਕਿ ਇਕ ਬੱਚਾ ਠੋਹਕਰ ਖਾ ਕੇ ਡਿੱਗ ਪਿਆ। ਡਿੱਗਦਿਆਂ ਹੀ ਉਸ ਦੀ ਚੀਖ਼ ਨਿਕਲੀ। ਉਹ ਉੱਠਣ ਦੀ ਕੋਸ਼ਿਸ਼ ਕਰਨ ਲੱਗਾ, ਪਰ ਉੱਠ ਨਾ ਸਕਿਆ। ਇਸ ਤੋਂ ਪਹਿਲਾਂ ਕਿ ਬਾਹਰੋਂ ਕੋਈ ਉਸ ਦੀ ਮਦਦ ਕਰਨ ਆਉਂਦਾ। ਦੌੜ ਰਹੇ ਬਾਕੀ ਸਾਰੇ 11 ਬੱਚੇ ਪਿੱਛੇ ਮੁੜ ਆਏ, ਤੇ ਉਨ੍ਹਾਂ ਨੇ ਉਸ ਨੂੰ ਖੜ੍ਹਾ ਹੋਣ ਵਿਚ ਮਦਦ ਕੀਤੀ। ਹੁਣ ਉਹ ਸਾਰੇ ਬੱਚੇ ਇਕ-ਦੂਜੇ ਦਾ ਹੱਥ ਫੜ ਕੇ ਇਕੱਠੇ ਹੀ ਜੇਤੂ-ਰੇਖਾ ਵੱਲ ਵਧਣ ਲੱਗੇ। ਸਾਰੇ ਇਕੱਠੇ ਹੀ ਜੇਤੂ-ਰੇਖਾ 'ਤੇ ਪਹੁੰਚੇ। ਇਸ ਤਰ੍ਹਾਂ ਸਾਰੇ ਹੀ ਪਹਿਲੇ ਸਥਾਨ 'ਤੇ ਆਏ।

ਇਨ੍ਹਾਂ ਬੱਚਿਆਂ ਨੇ ਮੁਕਾਬਲੇਬਾਜ਼ੀ ਦੀ ਭਾਵਨਾ ਨੂੰ ਪਾਸੇ ਰੱਖ ਕੇ ਮਿਲਵਰਤਣ ਦੀ ਭਾਵਨਾ ਦੀ ਜੋ ਮਿਸਾਲ ਪੇਸ਼ ਕੀਤੀ, ਸਟੇਡੀਅਮ ਵਿਚ ਮੌਜੂਦ ਹਰ ਵੱਡੇ-ਛੋਟੇ ਦਰਸ਼ਕ ਨੇ ਉਸ ਦੇ ਲਈ ਤਾੜੀਆਂ ਵਜਾ ਕੇ ਵਧਾਈ ਦਿੱਤੀ। ਵੱਖ-ਵੱਖ ਖੇਡਾਂ ਵਿਚ ਜੋ ਹੁਣ ਤੱਕ ਜਿੱਤ ਚੁੱਕੇ ਸਨ ਜਾਂ ਹਾਰ ਚੁੱਕੇ ਸਨ, ਹੁਣ ਉਨ੍ਹਾਂ ਨੂੰ ਵੀ ਅਹਿਸਾਸ ਹੋ ਗਿਆ ਸੀ ਕਿ ਜਿੱਤਣਾ ਜ਼ਰੂਰੀ ਨਹੀਂ ਹੈ, ਜ਼ਰੂਰੀ ਹੈ ਖੇਡ-ਭਾਵਨਾ ਨੂੰ ਬਣਾਈ ਰੱਖਣਾ, ਮੁਕਾਬਲਾ ਜ਼ਰੂਰੀ ਨਹੀਂ, ਮਿਲਵਰਤਣ ਜ਼ਰੂਰੀ ਹੈ।

## ਜਨਮ ਦਿਨ ਦਾ ਤੋਹਫ਼ਾ

*—ਜਸਪ੍ਰੀਤ ਸਿੰਘ ਜਗਰਾਓਂ*

ਸੱਤਵੀਂ ਜਮਾਤ ਦਾ ਪੰਜਾਬੀ ਦਾ ਪੀਰੀਅਡ ਖ਼ਤਮ ਹੋਣ ਕਿਨਾਰੇ ਸੀ। ਪੰਜਾਬੀ ਅਧਿਆਪਕ ਧਰਮ ਸਿੰਘ ਕਲਾਸ ਦੀ ਪੜ੍ਹਾਈ ਕਰਵਾਉਣ ਤੋਂ ਬਾਅਦ ਹਮੇਸ਼ਾ ਦੀ ਤਰ੍ਹਾਂ ਅਖ਼ੀਰ ਦੇ ਦਸ ਮਿੰਟਾਂ ਵਿਚ ਬੱਚਿਆਂ ਨੂੰ 'ਚੰਗੀਆਂ ਗੱਲਾਂ' ਸਿਖਾ ਰਹੇ ਸਨ। ਅੱਜ ਉਹ ਪਾਣੀ ਦੀ ਬੱਚਤ ਬਾਰੇ ਬੱਚਿਆਂ ਨੂੰ ਸਮਝਾ ਰਹੇ ਸਨ। ਉਨ੍ਹਾਂ ਨੇ ਸਾਡੇ ਜੀਵਨ ਵਿਚ ਪਾਣੀ ਦੇ ਮਹੱਤਵ ਬਾਰੇ ਸਮਝਾਉਂਦਿਆਂ ਹੋਇਆਂ ਬੱਚਿਆਂ ਨੂੰ ਸਿਖਾਇਆ ਕਿ ਕਿਧਰੇ ਵੀ ਤੁਹਾਨੂੰ ਪਾਣੀ ਦਾ ਨਲ ਆਦਿ ਖੁੱਲ੍ਹਾ ਵਗਦਾ ਦਿਸੇ, ਉਸ ਨੂੰ ਫੌਰਨ ਬੰਦ ਕਰੋ ਤੇ ਪਾਣੀ ਨੂੰ ਬਚਾਓ।

ਸਾਰੇ ਬੱਚਿਆਂ 'ਤੇ ਹਮੇਸ਼ਾ ਦੀ ਤਰ੍ਹਾਂ ਇਸ ਵਾਰ ਵੀ ਆਪਣੇ ਪਿਆਰੇ ਅਧਿਆਪਕ ਦੀਆਂ ਸਿਖਾਈਆਂ 'ਚੰਗੀਆਂ ਗੱਲਾਂ' ਦਾ ਅਸਰ ਹੋਇਆ, ਪਰ ਸਭ ਤੋਂ ਵੱਧ ਅਸਰ ਹੋਇਆ ਅਜੂਨੀ ਉੱਤੇ। ਅਜੂਨੀ ਇਕ ਬਹੁਤ ਹੀ ਪਿਆਰੀ ਤੇ ਹੋਣਹਾਰ ਬੱਚੀ ਸੀ ਅਤੇ ਆਪਣੇ ਮਾਂ-ਪਿਓ ਦੀ ਇਕਲੌਤੀ ਵੀ। ਉਹ ਦਿਨ ਸੀ ਤੇ ਅੱਜ ਦਾ ਦਿਨ ਸੀ, ਅਜੂਨੀ ਹਮੇਸ਼ਾ ਪਾਣੀ ਦੀ ਬੱਚਤ ਪ੍ਰਤੀ ਜਾਗਰੂਕ ਰਹਿੰਦੀ। ਉਸ ਦੇ ਸਕੂਲ ਦੇ ਰਸਤੇ ਵਿਚ ਸੜਕ ਦੀ ਇਕ ਨੁੱਕਰੇ ਇਕ ਸਰਕਾਰੀ ਨਲਕਾ ਲੱਗਾ ਹੋਇਆ ਸੀ, ਜੋ ਅਕਸਰ ਖੁੱਲ੍ਹਾ ਹੀ ਮਿਲਦਾ। ਅਜੂਨੀ ਸਕੂਲ ਪੈਦਲ ਆਉਂਦੇ-ਜਾਂਦੇ ਹਮੇਸ਼ਾ ਉਸ ਨੂੰ

ਬੰਦ ਕਰਕੇ ਜਾਂਦੀ। ਅਜੂਨੀ ਦੇ ਮਾਤਾ-ਪਿਤਾ, ਅਧਿਆਪਕ ਤੇ ਸਹਿਪਾਠੀ ਸਾਰੇ ਅਜੂਨੀ ਦੇ ਇਸ ਕੰਮ ਦੀ ਭਰਪੂਰ ਪ੍ਰਸ਼ੰਸਾ ਕਰਦੇ ਸਨ।

ਪਰ ਪਿਛਲੇ ਕੁਝ ਦਿਨਾਂ ਤੋਂ ਅਜੂਨੀ ਜਦੋਂ ਵੀ ਸਕੂਲ ਆਉਂਦੀ-ਜਾਂਦੀ ਉਹ ਚਾਹ ਕੇ ਵੀ ਪਾਣੀ ਦਾ ਉਹ ਵਗਦਾ ਨਲਕਾ ਬੰਦ ਨਾ ਕਰ ਪਾਉਂਦੀ, ਕਿਉਂਕਿ ਕੁਝ ਦਿਨ ਹੋਈ, ਕੋਈ ਉੱਥੋਂ ਟੂਟੀ ਉਤਾਰ ਕੇ ਲੈ ਗਿਆ ਸੀ, ਸ਼ਾਇਦ ਚੋਰੀ ਕਰ ਕੇ ਹੀ ਲੈ ਗਿਆ ਸੀ। ਇਸ ਕਰਕੇ ਅਜੂਨੀ ਫਜ਼ੂਲ ਵਗਦੇ ਉਸ ਨਲ ਦੇ ਪਾਣੀ ਨੂੰ ਵੇਖ-ਵੇਖ ਕੇ ਹਮੇਸ਼ਾਂ ਬੇਚੈਨ ਜਿਹੀ ਹੋਈ ਰਹਿੰਦੀ। ਪਰ ਆਖ਼ਿਰ ਉਹ ਕਰ ਵੀ ਕੀ ਸਕਦੀ ਸੀ।

ਅੱਜ 4 ਅਗਸਤ ਦਾ ਦਿਨ ਸੀ, ਅਜੂਨੀ ਸਕੂਲ ਜਾਣ ਲਈ ਤਿਆਰ ਹੋ ਚੁੱਕੀ ਸੀ। ਉਸ ਦੇ ਮੰਮੀ-ਪਾਪਾ ਨੇ ਉਸ ਨੂੰ ਆਪਣੇ ਕੋਲ ਬੁਲਾਉਂਦੇ ਹੋਏ ਕਿਹਾ ਕਿ ਬੇਟਾ, ਕੱਲ੍ਹ ਤੇਰਾ ਜਨਮ ਦਿਨ ਹੈ, ਦੱਸ ਤੈਨੂੰ ਕੀ ਤੋਹਫ਼ਾ ਚਾਹੀਦਾ ਹੈ ? ਸੁਣ ਕੇ ਅਜੂਨੀ ਚਹਿਕ ਉੱਠੀ ਤੇ ਬੋਲੀ—"ਮੰਮੀ, ਪਾਪਾ! ਮੈਨੂੰ ਇਕ ਬਹੁਤ ਵੱਡਾ ਗਿਫ਼ਟ ਚਾਹੀਦਾ ਹੈ, ਪਰ ਕੀ ਚਾਹੀਦਾ ਹੈ..., ਇਹ ਮੈਂ ਸੋਚ ਕੇ ਸ਼ਾਮ ਨੂੰ ਤੁਹਾਨੂੰ ਦੱਸਾਂਗੀ। ਪਾਪਾ, ਤੁਸੀਂ ਵੱਡਾ ਸਾਰਾ ਕੇਕ ਵੀ ਕੱਲ੍ਹ ਲੈ ਕੇ ਆਉਣਾ, ਮੈਂ ਆਪਣੇ ਦੋਸਤਾਂ ਨੂੰ ਵੀ ਸੱਦਾਂਗੀ।"

ਮੰਮੀ-ਪਾਪਾ ਨੇ ਕਿਹਾ, "ਜ਼ਰੂਰ ਬੇਟਾ ਜ਼ਰੂਰ, ਕੇਕ ਵੀ ਕੱਟੀਂ ਤੇ ਆਪਣੇ ਦੋਸਤਾਂ ਨੂੰ ਵੀ ਬੁਲਾਵੀਂ। ਗਿਫ਼ਟ ਬਾਰੇ ਸ਼ਾਮ ਤੱਕ ਸੋਚ ਕੇ ਦੱਸ ਦੇਈਂ।"

ਅਜੂਨੀ ਚਾਈਂ-ਚਾਈਂ ਮੰਮੀ-ਪਾਪਾ ਨੂੰ ਬਾਏ-ਬਾਏ ਕਹਿ ਕੇ ਸਕੂਲ ਚਲੀ ਗਈ। ਸਕੂਲ ਜਾਣ ਵੇਲੇ ਵੀ ਤੇ ਵਾਪਸ ਆਉਣ ਵੇਲੇ ਵੀ ਉਸ ਨੂੰ ਬਿਨਾਂ ਟੂਟੀ ਤੋਂ ਖੁੱਲ੍ਹਾ ਵਗਦਾ ਨਲ ਦਿਸਿਆ। ਉਸ ਨੂੰ ਆਪਣੇ ਅਧਿਆਪਕ ਦੀ ਗੱਲ ਫੇਰ ਤੋਂ ਯਾਦ ਆਈ ਤੇ ਉਸ ਨੇ ਫੌਰਨ ਆਪਣੇ ਜਨਮ ਦਿਨ ਦੇ ਗਿਫ਼ਟ ਦਾ ਫ਼ੈਸਲਾ ਕਰ ਲਿਆ।

ਸ਼ਾਮੀਂ ਜਦੋਂ ਉਸਦੇ ਮੰਮੀ-ਪਾਪਾ ਨੇ ਉਸ ਨੂੰ ਉਸ ਦੇ ਜਨਮ-ਦਿਨ ਦੇ ਗਿਫ਼ਟ ਬਾਰੇ ਪੁੱਛਿਆ ਤਾਂ ਉਸ ਨੇ ਥੋੜ੍ਹਾ ਝਿਜਕਦਿਆਂ ਕਿਹਾ—"ਮੰਮੀ, ਪਾਪਾ! ਮੈਂ ਗਿਫ਼ਟ ਬਾਰੇ ਸੋਚ ਲਿਆ ਹੈ,... ਤੇ ਉਹ ਗਿਫ਼ਟ ਮੈਨੂੰ ਚਾਹੀਦਾ ਹੈ—ਇਕ ਟੂਟੀ...।" ਇਸ ਤੋਂ ਬਾਅਦ ਉਸ ਨੇ ਸੜਕ 'ਤੇ ਲੱਗੇ ਉਸ ਪਾਣੀ ਦੇ ਨਲ ਦੀ ਸਾਰੀ ਕਹਾਣੀ ਮੰਮੀ-ਪਾਪਾ ਨੂੰ ਸੁਣਾਈ, ਕਿ ਕਿਵੇਂ ਕੋਈ ਉੱਥੋਂ ਟੂਟੀ ਉਤਾਰ ਕੇ ਲੈ ਗਿਆ ਹੈ, ਤੇ ਹੁਣ ਉਹ ਨਲ ਹਮੇਸ਼ਾ ਫਜ਼ੂਲ ਵਗਦਾ ਰਹਿੰਦਾ ਹੈ। ਇਸ ਲਈ ਮੈਂ ਚਾਹੁੰਦੀ ਹਾਂ ਕਿ ਤੁਸੀਂ ਉਸ ਥਾਂ 'ਤੇ ਦੋਬਾਰਾ ਉਸ ਪਾਣੀ ਦੇ ਪਾਈਪ ਉੱਤੇ ਟੂਟੀ ਲਗਵਾਓ, ਇਹੀ ਮੇਰੇ ਜਨਮ-ਦਿਨ ਦਾ ਗਿਫ਼ਟ ਹੋਵੇਗਾ।

ਅਜੂਨੀ ਦੇ ਮੂੰਹੋਂ ਇਹ ਸਭ ਪਿਆਰੀਆਂ ਤੇ ਜ਼ਿੰਮੇਵਾਰੀ ਭਰੀਆਂ ਗੱਲਾਂ ਸੁਣ ਕੇ ਉਸ ਦੇ ਮੰਮੀ-ਪਾਪਾ ਮਾਣ ਨਾਲ ਫੁੱਲੇ ਨਹੀਂ ਸਮਾਏ, ਉਨ੍ਹਾਂ ਦੀਆਂ ਅੱਖਾਂ ਵੀ ਖੁਸ਼ੀ ਨਾਲ ਨਮ ਹੋ ਗਈਆਂ। ਅਗਲੇ ਹੀ ਦਿਨ ਅਜੂਨੀ ਦੇ ਪਾਪਾ ਨੇ ਉਸ ਜਗ੍ਹਾ 'ਤੇ ਜਾ

ਕੇ ਟੂਟੀ ਲਗਵਾ ਦਿੱਤੀ। ਉਸ ਨਾਲ ਦੇ ਆਸ-ਪਾਸ ਦੇ ਦੁਕਾਨਾਂ-ਮਕਾਨਾਂ ਵਾਲੇ ਲੋਕਾਂ ਨੂੰ ਜਦ ਅਜੂਨੀ ਦੀ ਨੇਕ ਦਿਲੀ ਤੇ ਸਿਆਣਪ ਦਾ ਪਤਾ ਚੱਲਿਆ ਤਾਂ ਉਨ੍ਹਾਂ ਨੇ ਰਲ ਕੇ ਨਾ ਸਿਰਫ਼ ਉਸ ਲਈ ਤਾੜੀਆਂ ਵਜਾਈਆਂ, ਸਗੋਂ ਉਸ ਨੂੰ ਜਨਮ ਦਿਨ ਦੀ ਵਧਾਈ ਦਿੰਦੇ ਹੋਏ ਇਹ ਪ੍ਰਣ ਵੀ ਕੀਤਾ ਕਿ ਅੱਗੇ ਤੋਂ ਉਹ ਇਸ ਨਲ ਨੂੰ ਕਦੇ ਵੀ ਫਜ਼ੂਲ ਵਿਚ ਖੁੱਲ੍ਹਾ ਨਹੀਂ ਛੱਡਣਗੇ।

ਅਜੂਨੀ ਦੇ ਅਧਿਆਪਕ ਧਰਮ ਸਿੰਘ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਪ੍ਰਿੰਸੀਪਲ ਸਾਹਿਬਾਨ ਨਾਲ ਸਲਾਹ ਕਰਕੇ ਅਜੂਨੀ ਨੂੰ ਸਵੇਰ ਦੀ ਸਭਾ ਵਿਚ ਖ਼ਾਸ ਤੌਰ 'ਤੇ ਸਨਮਾਨਿਤ ਕੀਤਾ ਤੇ ਦੂਸਰੇ ਬੱਚਿਆਂ ਨੂੰ ਵੀ ਉਸ ਤੋਂ ਪ੍ਰੇਰਨਾ ਲੈਣ ਲਈ ਕਿਹਾ। ਸੱਚਮੁਚ, ਅਜੂਨੀ ਦੇ ਜਨਮ-ਦਿਨ ਦਾ ਤੋਹਫ਼ਾ ਕਈ ਲੋਕਾਂ ਨੂੰ ਪ੍ਰੇਰਨਾ ਦੇ ਗਿਆ।

## ਲੂੰਬੜੀ ਭੁੱਖੀ ਨਹੀਂ

*—ਰਾਜਿੰਦਰ ਵਰਮਾ*

ਲੂੰਬੜੀ ਨੇ ਹੁਣ ਵਿਹਲੀਆਂ ਖਾਣੀਆਂ ਛੱਡ ਦਿੱਤੀਆਂ ਸਨ। ਉਹ ਹੁਣ ਚਾਹੁੰਦੀ ਸੀ ਕਿ ਉਹ ਦਸਾਂ ਨਹੁੰਾਂ ਦੀ ਕਿਰਤ ਕਰਕੇ ਰੋਟੀ ਖਾਵੇ। ਕੋਈ ਵੀ ਉਸ ਨੂੰ ਹੁਣ ਭੁੱਖੀ ਨਾ ਆਖੇ।

ਲੂੰਬੜੀ ਨੇ ਹੁਣ ਬਾਂਦਰ ਡਾਕਟਰ ਕੋਲ ਨੌਕਰੀ ਕਰ ਲਈ ਸੀ ਕਿਉਂਕਿ ਉਸ ਵੱਡੇ ਜੰਗਲ ਦੇ ਇਕੋ ਇਕ ਬਾਂਦਰ ਡਾਕਟਰ ਦੀ ਦੁਕਾਨ ਸੀ ਜਿਸਦਾ ਨਾਂ ਮਿੱਕੂ ਸੀ। ਮਿੱਕੂ ਨੂੰ ਵੀ ਕੋਈ ਲੋੜਵੰਦ ਚਾਹੀਦਾ ਸੀ ਕਿਉਂਕਿ ਜਦੋਂ ਮਰੀਜ਼ ਜ਼ਿਆਦਾ ਢਿੱਲਾ ਹੁੰਦਾ ਤਾਂ ਮਿੱਕਾ ਆਪਣਾ ਦਵਾਈਆਂ ਵਾਲਾ ਬਕਸਾ ਚੁੱਕ ਕੇ ਮਰੀਜ਼ ਦੇ ਘਰ ਚਲਾ ਜਾਂਦਾ ਤੇ ਉਸ ਨੂੰ ਦੁਕਾਨ ਬੰਦ ਕਰਨੀ ਪੈਂਦੀ। ਇਸ ਤਰ੍ਹਾਂ ਕਈ ਮਰੀਜ਼ ਦੁਕਾਨ ਬੰਦ ਦੇਖ ਕੇ ਮੁੜ ਜਾਂਦੇ। ਰੀਟਾ ਬੱਕਰੀ ਵੀ ਇਕ ਦਿਨ ਵਾਪਿਸ ਮੁੜ ਗਈ ਸੀ। ਉਸ ਦਾ ਬੱਚਾ ਬਹੁਤ ਬੀਮਾਰ ਸੀ। ਜਦੋਂ ਉਹ ਦੁਕਾਨ ਤੋਂ ਵਾਪਿਸ ਮੁੜੀ ਤਾਂ ਉਸ ਘਰ ਜਾ ਕੇ ਦੇਖਿਆ ਕਿ ਉਸਦਾ ਬੱਚਾ ਬੁਖ਼ਾਰ ਨਾਲ ਤੜਫ ਰਿਹਾ ਸੀ। ਇਹ ਗੱਲ ਉਸ ਨੇ ਆਪਣੀ ਗੁਆਂਢਣ ਚਤਰੋ ਲੂੰਬੜੀ ਨੂੰ ਦੱਸੀ ਸੀ ਅਤੇ ਅਗਲੇ ਦਿਨ ਹੀ ਚਤਰੋ ਲੂੰਬੜੀ ਮਿੱਕੂ ਦੀ ਦੁਕਾਨ ਤੇ ਆ ਕੇ ਕੰਮ ਕਰਨ ਲੱਗ ਪਈ ਸੀ। ਉਸ ਮਿਹਨਤ ਨਾਲ ਕੰਮ ਸਿੱਖਿਆ ਅਤੇ ਡਾਕਟਰੀ ਪੇਸ਼ੇ 'ਚ ਮਾਹਿਰ ਹੋ ਗਈ ਸੀ। ਹੁਣ ਜਦੋਂ ਵੀ ਜੰਗਲ ਦੇ ਕਿਸੇ ਜੀਵ ਨੂੰ ਤਕਲੀਫ਼ ਹੁੰਦੀ ਤਾਂ ਚਤਰੋ ਲੂੰਬੜੀ ਫੁਰਤੀ ਨਾਲ ਉਸਦਾ ਇਲਾਜ ਕਰ ਦਿੰਦੀ। ਇਸ ਤਰ੍ਹਾਂ ਚਤਰੋ ਲੂੰਬੜੀ ਹੁਣ ਵਿਹਲੀਆਂ ਖਾਣੀਆਂ ਭੁੱਲ ਗਈ ਸੀ। ਕੰਮ 'ਚ ਉਸਦੀ ਸੁਰਤ ਮਾਰੀ ਜਾਂਦੀ ਤੇ ਭੁੱਖ ਸਦਕਾ ਜੋ ਵੀ ਕੁਝ

ਮਿਲਦਾ, ਉਹ ਘਰ ਜਾ ਕੇ ਹੀ ਖਾਂਦੀ। ਹੁਣ ਉਹ ਬਾਹਰਲੇ ਸੁਆਦ ਭੁੱਲ ਗਈ ਸੀ।

ਰੀਟਾ ਬੱਕਰੀ ਦਾ ਬੱਚਾ ਕੁਝ ਦਿਨਾਂ ਬਾਅਦ ਠੀਕ ਹੋ ਗਿਆ ਸੀ। ਤੇ ਉਹ ਟੱਪਦਾ-ਟੱਪਦਾ ਮਿੱਕੂ ਦੀ ਦੁਕਾਨ ਤੇ ਆ ਗਿਆ। ਉਸ ਚਤਰੋ ਨਾਲ ਕੁਝ ਗੱਲਾਂ ਕੀਤੀਆਂ ਤੇ ਫੇਰ ਵਾਪਿਸ ਪਰਤ ਗਿਆ। ਰਸਤੇ ਦੇ ਰਿੱਛ ਨੇ ਉਸਨੂੰ ਘੇਰ ਲਿਆ ਅਤੇ ਖਾਣਾ ਚਾਹਿਆ। ਏਨੀ ਦੇਰ ਨੂੰ ਜੰਗਲ ਦੇ ਕਿਸੇ ਜੀਵ ਦੇ ਰੋਣ ਦੀ ਆਵਾਜ਼ ਆਈ। ਚਤਰੋ ਲੂੰਬੜੀ ਉਸ ਆਵਾਜ਼ ਵੱਲ ਦੌੜੀ। ਰਿੱਛ ਲੂੰਬੜੀ ਨੂੰ ਦੇਖ ਕੇ ਸਿਰ ਤੇ ਪੈਰ ਰੱਖ ਕੇ ਭੱਜ ਗਿਆ। ਰੀਟਾ ਦਾ ਬੱਚਾ ਵੀ ਸੁਰੱਖਿਅਤ ਘਰ ਪੁੱਜ ਗਿਆ। ਰੋ ਰਹੇ ਭਾਲੂ ਦੇ ਬੱਚੇ ਨੂੰ ਚਤਰੋ ਨੇ ਮੱਲਮ ਪੱਟੀ ਕੀਤੀ। ਫੇਰ ਉਸ ਦੇਖਿਆ ਸੀ ਕਿ ਰਿੱਛ ਨੇ ਮੇਰੇ ਉੱਤੇ ਹਮਲਾ ਕੀਤਾ ਸੀ। ਲੂੰਬੜੀ ਵਾਪਿਸ ਦੁਕਾਨ ਵੱਲ ਜਾ ਰਹੀ ਸੀ। ਰਸਤੇ 'ਚ ਕਾਂ ਮਿਲਿਆ ਜੋ ਕਿ ਪਨੀਰ ਖਾ ਰਿਹਾ ਸੀ। ਉਸ ਲੂੰਬੜੀ ਨੂੰ ਤੱਕਿਆ ਤੇ ਇਕਦਮ ਰੁਕ ਗਿਆ। ਉਹ ਡਰ ਨਾਲ ਕੰਬਣ ਲੱਗਿਆ ਕਿ ਹੁਣ ਚਤਰੋ ਮਾਸੀ ਮੇਰਾ ਪਨੀਰ ਖੋਹ ਕੇ ਖਾਏਗੀ।

ਚਤਰੋ ਨੇ ਕਿਹਾ, "ਮੇਰੇ ਭਾਣਜੇ ਨੇ ਪਨੀਰ ਖਾਣਾ ਕਿਉਂ ਬੰਦ ਕਰ ਦਿੱਤਾ ਹੈ ? ਤੂੰ ਅਰਾਮ ਨਾਲ ਪਨੀਰ ਖਾਹ ਕਿਉਂਕਿ ਮੈਂ ਹੁਣ ਭੁੱਖੀ ਨਹੀਂ ਹਾਂ। ਮੈਂ ਸਿਰਫ਼ ਹੱਕ ਦਾ ਖਾਣਾ ਪਸੰਦ ਕਰਦੀ ਹਾਂ। ਮੈਂ ਹੁਣ ਸਖ਼ਤ ਮਿਹਨਤ ਨਾਲ ਕਮਾ ਕੇ ਖਾ ਰਹੀ ਹਾਂ। ਸੁਣ ਭਾਣਜੇ, ਕਦੀ ਵੀ ਚੋਰੀ ਨਾ ਕਰੋ, ਤੂੰ ਪਨੀਰ ਚੁਰਾ ਕੇ ਲਿਆਇਆਂ ਏ ਨਾ, ਚੰਗੀ ਨਹੀਂ ਕੀਤੀ। ਤੂੰ ਕਮਾ ਕੇ ਖਾਹ, ਫੇਰ ਦੇਖੀਂ ਤੇਰੀ ਭੁੱਖ ਅਲੋਪ ਹੋ ਜਾਏਗੀ।'

ਹਾਂ, ਮਾਸੀ ਹਾਂ ਮੈਂ ਵੀ ਹੁਣ ਚੋਰੀ ਨਹੀਂ ਕਰਾਂਗਾ ਤੇ ਮੈਂ ਕਮਾਂ ਕੇ ਖਾਵਾਂਗਾ। ਉਸ ਬਾਕੀ ਬਚਦਾ ਟੁਕੜਾ ਜ਼ਮੀਨ ਉੱਤੇ ਸੁੱਟ ਦਿੱਤਾ। ਚਤਰੋ ਚੁੱਪਚਾਪ ਮਿੱਕੂ ਦੀ ਦੁਕਾਨ ਵੱਲ ਚਲੀ ਗਈ। ਪਨੀਰ ਦਾ ਟੁਕੜਾ ਉੱਥੇ ਹੀ ਪਿਆ ਰਿਹਾ ਕਿਉਂਕਿ ਹੁਣ ਲੂੰਬੜੀ ਭੁੱਖੀ ਨਹੀਂ ਸੀ।

## ਕਦੋਂ ਮੁੜੇਗਾ

*—ਰਜਿੰਦਰ ਵਰਮਾ*

ਜੰਗਲ ਵਿਚ ਭਾਲੂ ਨੇ ਭਾਲੂ ਟਰੈਵਲਜ਼ ਨਾਂ ਦਾ ਬੋਰਡ ਲਾ ਕੇ ਦਫ਼ਤਰ ਬਣਾ ਲਿਆ ਸੀ। ਜੰਗਲ ਦੇ ਪੜ੍ਹੇ ਲਿਖੇ ਬੱਚੇ ਆਪਣੇ ਸਰਟੀਫਿਕੇਟ ਲੈ ਕੇ ਭਾਲੂ ਦੇ ਦਫ਼ਤਰ ਪੁੱਜਣ ਲੱਗੇ ਸਨ। ਭਾਲੂ ਨੇ ਰੀਟਾ ਬੱਕਰੀ ਨੂੰ ਆਪਣੀ ਸਟੈਨੋ ਬਣਾ ਲਿਆ ਸੀ ਜੋ ਕਿ ਦਫ਼ਤਰ ਆਏ ਬੱਚਿਆਂ ਦੇ ਸਰਟੀਫਿਕੇਟ ਚੈੱਕ ਕਰਦੀ, ਫਾਰਮ ਵਗੈਰਾ ਭਰਵਾਉਂਦੀ ਅਤੇ ਲੋੜੀਂਦੀ ਫ਼ੀਸ ਲੈ ਕੇ ਫਾਇਲ ਤਿਆਰ ਕਰ ਦਿੰਦੀ। ਚਤਰੋ ਲੂੰਬੜੀ ਆਏ ਗਏ ਨੂੰ ਚਾਹ ਪਾਣੀ ਦਿੰਦੀ ਰਹਿੰਦੀ। ਦਿਨਾਂ 'ਚ ਹੀ ਭਾਲੂ ਦੀ ਚਾਰੇ ਪਾਸੇ ਠੁੱਕ ਬਣ ਗਈ ਸੀ ਕਿਉਂਕਿ ਮਿੱਕੂ ਬਾਂਦਰ ਦੇ ਦੋਨੋਂ ਬੱਚੇ ਚੁੰਨੂ ਅਤੇ ਮੁੰਨੂ ਸਿਰਫ਼

ਮਹੀਨੇ ਕੁ ਬਾਅਦ ਹੀ ਆਸਟ੍ਰੇਲੀਆ ਪੁੱਜ ਗਏ ਸਨ ਅਤੇ ਉਨ੍ਹਾਂ ਨੂੰ ਹੋਰ ਪੜ੍ਹਨ ਲਈ ਚੰਗਾ ਕਾਲਿਜ ਮਿਲ ਗਿਆ ਸੀ। ਕਾਲਿਜ ਤੋਂ ਬਾਅਦ ਇਕ ਬੇਕਰੀ ਦੀ ਦੁਕਾਨ ਉੱਤੇ ਦੋਨੋਂ ਕੰਮ ਕਰਦੇ ਸਨ ਅਤੇ ਉਹ ਖਰਚਾ ਕੱਢ ਕੇ ਘਰ ਵੀ ਡਾਲਰ ਭੇਜਣ ਲੱਗ ਗਏ ਸਨ। ਹੁਣ ਮਿੱਕੂ ਬਾਂਦਰ ਜੰਗਲ 'ਚ ਕਹਿੰਦਾ ਰਹਿੰਦਾ ਕਿ ਮੇਰੇ ਬੱਚੇ ਸੈਟ ਨੇ। ਉਸਦੀਆਂ ਗੱਲਾਂ 'ਚ ਆ ਕੇ ਸੰਤਰੋ ਲੂੰਬੜੀ ਨੇ ਵੀ ਆਪਣਾ ਇਕਲੌਤਾ ਬੇਟਾ ਪਿੰਟੂ ਭੇਜਣ ਦਾ ਮਨ ਬਣਾ ਲਿਆ ਸੀ। ਉਹ ਸਿਰਫ਼ ਅੱਠਵੀਂ ਪਾਸ ਸੀ। ਲਾਡਲਾ ਹੋਣ ਕਾਰਨ ਅੱਗੇ ਨਹੀਂ ਸੀ ਪੜ੍ਹ ਸਕਿਆ।

ਸੰਤਰੋ ਲੂੰਬੜੀ ਨੇ ਜੰਗਲ 'ਚ ਆਪਣਾ ਇਕ ਪਲਾਟ ਵੇਚ ਕੇ ਪੈਸੇ ਦਾ ਪ੍ਰਬੰਧ ਕਰ ਲਿਆ ਸੀ ਅਤੇ ਚਤਰੋ ਦੀਆਂ ਗੱਲਾਂ ਦਾ ਅਸਰ ਕਬੂਲ ਲਿਆ ਸੀ। ਉਹ ਪਿੰਟੂ ਨੂੰ ਲੈ ਕੇ ਭਾਲੂ ਦੇ ਦਫ਼ਤਰ ਗਈ ਸੀ। ਭਾਲੂ ਨੇ ਸਰਟੀਫਿਕੇਟ ਦੇਖਿਆ ਅਤੇ ਕਿਹਾ ਸੀ ਕਿ ਇਹ ਆਸਟ੍ਰੇਲੀਆ ਨਹੀਂ ਅਰਬ ਦੇਸ ਜਾ ਸਕੇਗਾ ਕਿਉਂਕਿ ਇਸ ਦੀ ਪੜ੍ਹਾਈ ਘੱਟ ਹੈ। ਭਾਲੂ ਨੇ ਮੇਜ ਤੇ ਪਿਆ ਗਲੋਬ ਘੁੰਮਾ ਕੇ ਦੱਸਿਆ ਸੀ ਕਿ ਆਹ ਐ ਅਰਬ, ਉਸ ਇਸ਼ਾਰੇ ਨਾਲ ਸਮਝਾਇਆ ਸੀ ਕਿ ਸੈਟ ਹੋ ਜਾਏਗਾ ਪ੍ਰੰਤੂ ਟੈਮ ਲੱਗੇਗਾ। ਸੰਤਰੋ ਵੀ ਡਾਲਰਾਂ-ਪੌਂਡਾਂ ਦੀ ਚਮਕ 'ਚ ਮਮਤਾ ਭੁੱਲ ਚੁੱਕੀ ਸੀ। ਪਿੰਟੂ ਨੂੰ ਜਹਾਜ਼ 'ਤੇ ਚੜ੍ਹਾ ਦਿੱਤਾ ਗਿਆ ਪ੍ਰੰਤੂ ਉਹ ਕਿੱਥੇ ਗਿਆ ਸੀ, ਕੁੱਝ ਵੀ ਨਹੀਂ ਸੀ ਪਤਾ ਲੱਗਿਆ। ਸੰਤਰੋ ਦੋ ਚਾਰ ਮਹੀਨੇ ਬਾਅਦ ਜਾਂਦੀ ਪ੍ਰੰਤੂ ਭਾਲੂ ਇੱਕ ਤਸੱਲੀ ਦੇ ਕੇ ਮੋੜ ਦਿੰਦਾ ਕਿ ਉੱਥੇ ਸੈੱਟ ਹੋ ਰਿਹਾ ਹੈ। ਉਹ ਕੁਝ ਹੀ ਦਿਨਾਂ 'ਚ ਸਭ ਕੁਝ ਦੱਸੇਗਾ।

ਹੁਣ ਪੂਰਾ ਇਕ ਸਾਲ ਬੀਤ ਗਿਆ ਸੀ ਪ੍ਰੰਤੂ ਪਿੰਟੂ ਦਾ ਕੋਈ ਵੀ ਅਤਾ ਪਤਾ ਨਹੀਂ ਸੀ ਲੱਗ ਰਿਹਾ। ਭਾਲੂ ਕੋਲ ਸਿਰਫ਼ ਇਕ ਲਾਰਾ ਹੀ ਰਹਿ ਗਿਆ ਸੀ। ਚਤਰੋ ਵੀ ਹੁਣ ਸੰਤਰੋ ਨਾਲ ਅੱਖ ਨਾ ਮਿਲਾਉਂਦੀ। ਜੇਕਰ ਸੰਤਰੋ ਗੀਟਾ ਵੱਲ ਇਸ਼ਾਰਾ ਕਰਕੇ ਪੁੱਛਦੀ ਤਾਂ ਉਹ ਵੀ ਅੱਖਾਂ 'ਚ ਹੀ ਘੂਰ ਦਿੰਦੀ। ਵਿਚਾਰੀ ਸੰਤਰੋ ਪ੍ਰੇਸ਼ਾਨ ਹੋ ਕੇ ਘਰ ਬਹਿ ਗਈ ਸੀ ਕਿਉਂਕਿ ਉਸਦਾ ਪਿੰਟੂ ਦਾ ਹੋਰਨਾ ਬੱਚਿਆਂ ਸਮੇਤ ਮਾਲਟਾ ਕਿਸ਼ਤੀ ਕਾਂਡ 'ਚ ਖ਼ਤਮ ਹੋ ਗਿਆ ਸੀ। ਇਹ ਭੇਦ ਸਿਰਫ਼ ਭਾਲੂ ਕੋਲ ਸੀ, ਹੋਰ ਕਿਸੇ ਨੂੰ ਨਹੀਂ ਸੀ ਪਤਾ ਕਿ ਕੀ ਘਟਨਾ ਵਾਪਰ ਚੁੱਕੀ ਸੀ।

ਸੰਤਰੋ ਹੁਣ ਅੱਖਾਂ ਦੀ ਜੋਤ ਗੁਆ ਚੁੱਕੀ ਸੀ। ਘਰ ਬਾਰ ਤਬਾਹ ਹੋ ਗਿਆ ਸੀ। ਜ਼ਮੀਨ ਉਸ ਪਹਿਲਾਂ ਹੀ ਵੇਚ ਦਿੱਤੀ ਸੀ। ਸੰਤਰੋ ਦਾ ਘਰ ਵਲਾ ਧਰਮੂ ਇਕ ਦਿਨ ਖੇਤ 'ਚ ਦਵਾਈ ਪੀ ਕੇ ਮਰ ਗਿਆ ਸੀ। ਹੁਣ ਸੰਤਰੋ ਜੰਗਲ 'ਚੋਂ ਗੁਜ਼ਰ ਰਹੇ ਬੱਚਿਆਂ ਨੂੰ ਪੁੱਛਦੀ ਰਹਿੰਦੀ ਕਿ ਕੌਣ ਏ, ਕਿੱਥੋਂ ਆਇਆ ਏ—ਪਿੰਟੂ ਦਾ ਕੀ ਹਾਲ ਐ—ਕਦੋਂ ਮੁੜੇਗਾ-ਕਦੋਂ ਮੁੜੇਗਾ—ਮੇਰੇ ਲਾਲ ਕਦੋਂ ਮੁੜੇਗਾ—ਇਕੋ ਰੱਟ ਲਾਈ ਸੰਤਰੋ ਰੋ ਕੁਰਲਾ ਰਹੀ ਸੀ ਅਤੇ ਇਕ ਦਮ ਬੇਹੋਸ਼ ਹੋ ਗਈ ਸੀ। ਜੰਗਲ 'ਚ 'ਕੱਠ ਹੋ ਗਿਆ ਸੀ—ਸੰਤਰੋ ਦੇ ਪ੍ਰਾਣ ਨਿਕਲ ਚੁੱਕੇ ਸਨ।

# ਸੁਆਰਥੀ ਬੱਚੇ

*—ਡਾ. ਦਵਿੰਦਰ ਮੰਡ*

ਜੇਠ ਹਾੜ੍ਹ ਦੇ ਮਹੀਨੇ ਦੀ ਧੁੱਪ 'ਚ ਗਰਮ ਲੂਆਂ ਚੱਲ ਰਹੀਆਂ ਸਨ। ਚਾਰੇ ਪਾਸੇ ਅੱਗ ਵਰ੍ਹ ਰਹੀ ਸੀ। ਇਕ ਬਿੱਜੜੇ ਅਤੇ ਬਿੱਜੜੀ ਨੇ ਆਪਣਾ ਆਲ੍ਹਣਾ ਖੂਹ ਦੇ ਕੰਢੇ, ਪਿੱਪਲ ਦੀਆਂ ਟਾਹਣੀਆਂ ਨਾਲ ਇਸ ਤਰ੍ਹਾਂ ਬਣਾਇਆ ਕਿ ਆਲ੍ਹਣਾ ਖੂਹ ਵਿਚ ਲਟਕਣ ਲੱਗਾ। ਬਿੱਜੜਾ ਤੇ ਬਿੱਜੜੀ ਉਸ ਆਲ੍ਹਣੇ ਵਿਚ ਬੈਠੇ ਪਾਣੀ ਦੀ ਠੰਢਕ ਮਹਿਸੂਸ ਕਰਦੇ ਖੁਸ਼ ਹੋ ਰਹੇ ਸਨ। ਆਲ੍ਹਣੇ ਵਿਚ ਬਿੱਜੜੀ ਨੇ ਦੋ ਅੰਡੇ ਦਿੱਤੇ। ਕੁਝ ਦਿਨਾਂ ਬਾਅਦ ਆਂਡਿਆਂ ਵਿਚੋਂ ਬਹੁਤ ਹੀ ਸੁਹਣੇ ਦੋ ਬੱਚੇ ਨਿਕਲੇ। ਬਿੱਜੜਾ ਤੇ ਬਿੱਜੜੀ ਬਾਹਰੋਂ ਚੋਗਾ ਲਿਆ-ਲਿਆ ਆਪਣੇ ਬੱਚਿਆਂ ਨੂੰ ਖੁਆਉਂਦੇ। ਬੱਚੇ ਹੌਲੀ-ਹੌਲੀ ਵੱਡੇ ਹੁੰਦੇ ਗਏ।

ਹੁਣ ਬੱਚਿਆਂ ਦੇ ਖੰਭ ਨਿਕਲ ਆਏ। ਆਪਣੇ ਮਾਂ-ਪਿਉ ਨੂੰ ਬਾਹਰ ਜਾਂਦਿਆਂ ਦੇਖ ਕੇ ਉਹ ਕਈ ਵਾਰ ਪੁੱਛਦੇ, "ਮਾਤਾ ਪਿਤਾ ਜੀ ਤੁਸੀਂ ਕਿੱਥੇ ਜਾਂਦੇ ਹੋ ?"

"ਬੱਚਿਓ! ਤੁਹਾਡੇ ਲਈ ਚੋਗਾ ਲੈਣ।" ਦੋਵੇਂ ਮਾਂ ਪਿਓ ਉਹਨਾਂ ਨੂੰ ਚੋਗੇ ਬਾਰੇ ਦੱਸਦੇ ਸਨ।

"ਮਾਂ ਅਸੀਂ ਵੀ ਬਾਹਰ ਘੁੰਮਣਾ ਚਾਹੁੰਦੇ ਹਾਂ।" ਦੋਵੇਂ ਬੱਚੇ ਉਤਸੁਕਤਾ ਨਾਲ ਕਹਿੰਦੇ।

"ਨਹੀਂ ਪੁੱਤਰੋ ਤੁਸੀਂ ਅਜੇ ਛੋਟੇ ਹੋ ਜਦੋਂ ਪੂਰੇ ਖੰਭ ਨਿਕਲ ਆਏ ਫਿਰ ਘੁੰਮਿਓ, ਉੱਡਿਓ।" ਬਿੱਜੜਾ ਵੀ ਆਪਣੇ ਬੱਚਿਆਂ ਨੂੰ ਸਮਝਾਉਂਦਾ ਕਹਿੰਦਾ। ਦੋਵੇਂ ਬੱਚੇ ਆਪਣੇ ਪਿਤਾ ਦੀ ਗੱਲ ਸੁਣ ਉਦਾਸ ਹੋ ਜਾਂਦੇ। ਉਹਨਾਂ ਨੂੰ ਮਹਿਸੂਸ ਹੁੰਦਾ ਜਿਵੇਂ ਉਹਨਾਂ ਦਾ ਪਿਤਾ ਜਾਣ-ਬੁੱਝ ਕੇ ਉਹਨਾਂ ਨੂੰ ਬਾਹਰ ਜਾਣ ਨਹੀਂ ਦਿੰਦਾ।

ਹੁਣ ਜਦੋਂ ਬਿੱਜੜਾ ਤੇ ਬਿੱਜੜੀ ਫਿਰ ਚੋਗਾ ਲੈਣ ਚਲੇ ਗਏ ਤਾਂ ਵੱਡਾ ਬੱਚਾ ਛੋਟੇ ਨੂੰ ਕਹਿਣ ਲੱਗਾ, "ਮੈਂ ਬਾਹਰ ਵੇਖ ਕੇ ਆਵਾਂ ?"

"ਮੈਂ ਵੀ ਜਾਊਂਗਾ" ਛੋਟਾ ਬੋਲਦਾ।

"ਤੂੰ ਰਹਿਣ ਦੇ ਮੈਂ ਤੈਨੂੰ ਹੁਣੇ ਆ ਕੇ ਸਭ ਕੁਝ ਦੱਸਦਾ ਆਂ ?" ਵੱਡਾ ਬੱਚਾ ਛੋਟੇ ਦੀ ਤਸੱਲੀ ਕਰਾਉਂਦਾ ਬੋਲਿਆ।

"ਅੱਛਾ, ਠੀਕ ਜਾਹ ਫਿਰ।" ਛੋਟੇ ਨੇ ਵੱਡੇ ਦਾ ਕਹਿਣਾ ਮੰਨ ਲਿਆ ਤੇ ਉਹਦੇ ਨਾਲ ਨਾ ਗਿਆ।

ਜਿਉਂ ਹੀ ਵੱਡਾ ਬੱਚਾ ਉੱਡਣ ਲਈ ਬਾਹਰ ਨਿਕਲਣ ਲੱਗਾ ਤਾਂ ਉੱਡ ਨਾ ਸਕਿਆ। ਉਹ ਹੇਠਾਂ ਖੂਹ ਵਿਚ ਡਿੱਗ ਪਿਆ। ਖੂਹ ਵਿਚ ਡਿੱਗਣ ਦੀ ਦੇਰ ਸੀ ਕਿ ਇਕ ਪਾਣੀ ਵਾਲਾ ਸੱਪ ਬੱਚੇ ਨੂੰ ਨਿਗਲ ਗਿਆ।

ਹੁਣ ਜਦੋਂ ਛੋਟੇ ਬੱਚੇ ਨੇ ਦੇਖਿਆ ਕਿ ਭਰਾ ਤਾਂ ਅਜੇ ਮੁੜਿਆ ਨਹੀਂ ਉਹ ਅੰਦਰੋਂ ਅੰਦਰੀਂ ਸਹਿਮ ਗਿਆ। ਜਦ ਨੂੰ ਬਿੱਜੜਾ ਬਿੱਜੜੀ ਵੀ ਚੋਗਾ ਲੈ ਕੇ ਆ ਗਏ। ਉਹਨਾਂ ਆਲ੍ਹਣੇ ਵਿਚ ਇਕੋ ਬੱਚਾ ਦੇਖ ਕੇ ਬੜਾ ਦੁੱਖ ਮਹਿਸੂਸ ਕੀਤਾ।

ਛੋਟੇ ਬੱਚੇ ਨੇ ਸਾਰੀ ਗੱਲ ਦੱਸ ਦਿੱਤੀ। ਵਿਚਾਰੇ ਬਿੱਜੜਾ-ਬਿੱਜੜੀ ਕੀ ਕਰਦੇ ? ਘੜੀ-ਪਲ ਰੋ ਕੇ ਆਪਣੇ ਇਕੋ ਪੁੱਤਰ ਨੂੰ ਨਸੀਹਤਾਂ ਦੇਣ ਲੱਗੇ, "ਪੁੱਤਰ ਦੇਖ! ਵੱਡੇ ਨੇ ਕਹਿਣਾ ਨਹੀਂ ਮੰਨਿਆ। ਉਹ ਕਿਤੇ ਮਰ ਖਪ ਗਿਆ ਏ... ਤੂੰ ਵੀ ਕਹਿਣੇ 'ਚ ਰਿਹਾ ਕਰ ? ਮਾਂ ਪਿਓ ਦੀ ਗੱਲ ਨੂੰ ਲੜ ਬੰਨ੍ਹਿਆ ਕਰ।'

ਉਧਰ ਪਾਣੀ ਵਾਲੇ ਸੱਪ ਨੂੰ ਬਿੱਜੜੇ ਦੇ ਬੱਚੇ ਦਾ ਮਾਸ ਬੜਾ ਸੁਆਦੀ ਲੱਗਾ। ਉਹ ਧਿਆਨ ਨਾਲ ਆਲ੍ਹਣੇ ਵੱਲ ਵੇਖਦਾ ਰਹਿੰਦਾ। ਉਹਨੇ ਮਹਿਸੂਸ ਕਰ ਲਿਆ ਕਿ ਆਲ੍ਹਣੇ ਵਿਚ ਦੂਜਾ ਬੱਚਾ ਵੀ ਹੈ।

ਇਕ ਦਿਨ ਜਦੋਂ ਬਿੱਜੜਾ-ਬਿੱਜੜੀ ਚੋਗਾ ਲੈਣ ਗਏ ਤਾਂ ਸੱਪ ਉੱਚੀ-ਉੱਚੀ ਕਹਿਣ ਲੱਗਾ, "ਪੁੱਤਰ ਆ ਚੀਜ਼ੀ ਖਾ ਲੈ ਮਿੱਠੀ ਆ ?"

"ਹਾਏ ਪਰੀ ਮਹੱਲ ਕਿੰਨਾ ਸੋਹਣਾ ਏ...।" ਸੱਪ ਦੀ ਗੱਲ ਕੇ ਆਲ੍ਹਣੇ ਵਾਲਾ ਬੱਚਾ ਹੈਰਾਨ ਹੋਇਆ ਬੋਲਿਆ, "ਅੰਕਲ, ਅੰਕਲ ਤੁਸੀਂ ਕਿਸ ਨਾਲ ਗੱਲਾਂ ਕਰਦੇ ਹੋ ?"

"ਬੇਟਾ! ਤੇਰਾ ਵੱਡਾ ਭਰਾ ਮੇਰੇ ਕੋਲ ਆ, ਮੈਂ ਉਹਨੂੰ ਚੀਜ਼ਾਂ ਖਾਣ ਲਈ ਕਹਿੰਦਾ ਹਾਂ। ਉਹ ਇੱਥੇ ਪਾਣੀ ਮਹੱਲ ਵਿਚ ਹੈ..." ਸੱਪ ਨੇ ਆਪਣੇ ਕੋਲੋਂ ਗੱਲ ਬਣਾ ਲਈ।

"ਅੱਛਾ ਅੰਕਲ! ਮੇਰਾ ਭਰਾ ਤਾਂ ਤੁਹਾਡੇ ਕੋਲ ਬਹੁਤ ਐਸ਼ ਕਰਦਾ ਹੋਣੈ... ਤਾਂ ਹੀ ਨਹੀਂ ਮੁੜਿਆ ?"

"ਆਹੋ-ਆਹੋ ਬੇਟਾ ਉਹ ਤਰ੍ਹਾਂ-ਤਰ੍ਹਾਂ ਦੀਆਂ ਸੁਆਦੀ ਚੀਜ਼ਾਂ ਖਾਂਦਾ ਏ।" ਸੱਪ ਨੇ ਕਿਹਾ।

"ਅੰਕਲ ਮੈਂ ਵੀ ਪਰੀ ਮਹੱਲ ਅਤੇ ਆਪਣੇ ਭਰਾ ਨੂੰ ਦੇਖਣਾ ਚਾਹੁੰਦਾ ਹਾਂ ?" ਬੱਚਾ ਉਤਸੁਕਤਾ ਨਾਲ ਬੋਲਿਆ।

"ਆ ਜਾ ਫਿਰ ਸਭ ਕੁਝ ਦੇਖ ਲੈ, ਖਾ ਪੀ ਕੇ ਇਕੱਠੇ ਭਰਾ ਆ ਜਾਇਓ..." ਸੱਪ ਦੀ ਚਲਾਕੀ ਚੱਲ ਗਈ ਸੀ।

ਜਿਉਂ ਹੀ ਬੱਚੇ ਨੇ ਉਡਾਰੀ ਮਾਰੀ ਉਹ ਪਾਣੀ ਵਿਚ ਡਿੱਗ ਪਿਆ। ਸੱਪ ਨੇ ਆਉਂਦੇ ਹੀ ਉਸਨੂੰ ਦਬੋਚ ਲਿਆ ਤੇ ਖਾ ਗਿਆ।

ਬਿੱਜੜਾ ਬਿੱਜੜੀ ਜਦੋਂ ਆਪਣੇ ਘਰ ਆਏ ਤਾਂ ਸੁੰਨਾ ਆਲ੍ਹਣਾ ਦੇਖ ਕੇ ਬਹੁਤ ਰੋਏ। ਉਹਨਾਂ ਦੇ ਬੱਚੇ ਆਗਿਆਕਾਰੀ ਨਾ ਹੋਣ ਕਾਰਨ ਮੌਤ ਦੇ ਮੂੰਹ ਵਿਚ ਜਾ ਪਏ।

# ਵੱਡਾ ਜਾਦੂਗਰ

*—ਡਾ. ਦਵਿੰਦਰ ਮੰਡ*

ਕਿਰਪਾ ਸਾਗਰ ਕਈ ਸਾਲਾਂ ਬਾਅਦ ਆਪਣੇ ਪਿੰਡ ਜਾ ਰਿਹਾ ਸੀ। ਦਿੱਲੀ ਵਰਗੇ ਮਹਾਂਨਗਰ ਵਿਚ ਆਪਣੀ ਨੌਕਰੀ ਅਤੇ ਪਰਿਵਾਰ ਦੇ ਝਮੇਲਿਆਂ ਵਿਚ ਫਸੇ ਕਿਰਪਾ ਸਾਗਰ ਨੂੰ ਵਿਹਲ ਈ ਨਾ ਮਿਲੀ। ਇਸ ਵਾਰ ਜਦੋਂ ਉਹਨੂੰ ਪਿੰਡ ਦੇ ਸਰਕਾਰੀ ਹਾਈ ਸਕੂਲ ਵਿਚੋਂ ਮੁੱਖ ਅਧਿਆਪਕ ਦਾ ਪੱਤਰ ਮਿਲਿਆ ਤਾਂ ਉਹਦੇ ਜਜ਼ਬਾਤ ਉਮੜ ਆਏ। ਉਹਨੂੰ ਪਿੰਡ ਦੇ ਯਾਰ ਮਿੱਤਰ, ਖੇਤ, ਰੁਖ, ਨਹਿਰ ਤੇ ਬਾਬਾ ਜੋਗੀ ਪੀਰ ਦੀ ਜਗ੍ਹਾ ਯਾਦ ਆਈ। ਦਿੱਲੀ ਵਿਚ ਇਕ ਗੁਪਤ ਮਹਿਕਮੇ ਵਿਚ ਕਲਾਸ ਪਹਿਲਾ ਅਧਿਕਾਰੀ ਕਿਰਪਾ ਸਾਗਰ ਸਾਰੇ ਕੰਮ ਕਾਜ ਛੱਡ ਕੇ ਵੀ ਪਿੰਡ ਪਹੁੰਚਣਾ ਚਾਹੁੰਦਾ ਸੀ। ਉਸ ਨੇ ਮਿੱਥੀ ਹੋਈ ਤਾਰੀਖ ਲਈ ਪਹਿਲਾਂ ਹੀ ਛੁੱਟੀ ਲਈ ਅਪਲਾਈ ਕਰ ਦਿੱਤਾ। ਉਹਦੇ ਵੱਡੇ ਮੁੰਡੇ ਨੇ ਕਿਹਾ ਵੀ ਸੀ, "ਪਿਤਾ ਜੀ ਕਿੱਥੇ ਤੁਸੀਂ ਗਰਮੀ ਵਿਚ ਪਿੰਡਾਂ 'ਚ ਤੁਰੇ ਫਿਰੋਗੇ ਰਹਿਣ ਦਿਓ, ਪਰ ਕਿਰਪਾ ਸਾਗਰ ਨੇ ਮੁੱਖ ਅਧਿਆਪਕ ਨੂੰ ਫ਼ੋਨ ਤੇ ਤੁਰੰਤ ਹਾਂ ਕਰ ਦਿੱਤੀ।"

ਦਿੱਲੀ ਤੋਂ ਮਹਿੰਗੀ ਰੇਲ ਵਿਚ ਬੈਠਾ ਕਿਰਪਾ ਸਾਗਰ ਬਚਪਨ ਬਾਰੇ ਕਈ ਕੁਝ ਸੋਚ ਰਿਹਾ ਸੀ। ਉਹਦੇ ਪਿਓ ਨੇ ਕਿਵੇਂ ਖੇਤਾਂ ਵਿਚ ਸਖ਼ਤ ਮਿਹਨਤ ਕਰਕੇ ਕਿਰਪੇ ਨੂੰ ਪੜ੍ਹਾਇਆ ਸੀ। ਬਾਪ ਦੇ ਹੱਥਾਂ 'ਤੇ ਪਏ ਰੱਟਣਾਂ ਦਾ ਮੁੱਲ ਉਹਨੇ ਛੇਤੀ ਮੋੜ ਦਿੱਤਾ। ਮੈਟ੍ਰਿਕ ਤੋਂ ਬਾਅਦ ਇਕ ਸਰਕਾਰੀ ਟੈਸਟ ਪਾਸ ਕਰਕੇ ਉਹ ਕਲਰਕ ਨਿਯੁਕਤ ਹੋ ਗਿਆ ਸੀ ਤੇ ਫਿਰ ਆਪਣੀ ਮਿਹਨਤ ਦੇ ਸਿਰ 'ਤੇ ਬੀ.ਏ. ਵੀ ਕਰ ਲਈ ਤੇ ਫਿਰ ਮਹਿਕਮੇ ਦੇ ਟੈਸਟ ਪਾਸ ਕਰਦਾ ਉੱਚ ਅਧਿਕਾਰੀ ਬਣ ਗਿਆ ਸੀ। ਸਰਕਾਰੀ ਹਾਈ ਸਕੂਲ ਦਾ ਮੁੱਖ ਅਧਿਆਪਕ ਰੂਪ ਲਾਲ ਵੀ ਉਹਦੇ ਬਚਪਨ ਦਾ ਸਾਥੀ ਸੀ। ਇਕੱਠੇ ਪੜ੍ਹਦੇ, ਮੱਝਾਂ ਸਾਂਭਦੇ ਹੋਏ ਜੁਆਨ ਹੋਏ ਸਨ। ਕਿਰਪਾ ਸਾਗਰ ਨੂੰ ਆਪਣੇ ਬਾਪ ਦੇ ਛੇਤੀਂ ਜਾਣ ਦਾ ਬੜਾ ਝੋਰਾ ਲੱਗਿਆ। ਕਈ ਦਿਨ ਉਹ ਦੁਖੀ ਰਿਹਾ ਸੀ। ਉਹ ਸੋਚਦਾ ਸੀ, "ਜਦੋਂ ਸੁਖ ਦੇ ਦਿਨ ਆਏ ਤਾਂ ਬਾਪ ਦੁਨੀਆਂ ਤੋਂ ਹੀ ਚਲਾ ਗਿਆ।" ਕਈ ਕੁਝ ਸੋਚਦਾ ਕਿਰਪਾ ਸਾਗਰ ਆਪਣੇ ਸ਼ਹਿਰ ਰੇਲਵੇ ਸਟੇਸ਼ਨ 'ਤੇ ਪਹੁੰਚ ਚੁੱਕਾ ਸੀ। ਉਹਨੂੰ ਲੈਣ ਲਈ ਉਹਦਾ ਬਚਪਨ ਦਾ ਮਿੱਤਰ ਮੁੱਖ ਅਧਿਆਪਕ ਰੂਪ ਲਾਲ ਹੀ ਪਹੁੰਚਿਆ ਸੀ। ਉਹ ਦੋਵੇਂ ਬੜੇ ਮੋਹ ਅਤੇ ਤਪਾਕ ਨਾਲ ਮਿਲੇ। ਦੇਰ ਬਾਅਦ ਮਿਲੇ ਹੋਣ ਕਾਰਨ ਉਹਨਾਂ ਦੀਆਂ ਭਾਵਨਾਵਾਂ ਹੰਝੂਆਂ ਦੇ ਰੂਪ ਵਿਚ ਵਹਿ ਤੁਰੀਆਂ। ਨਿੱਕੀਆਂ-ਨਿੱਕੀਆਂ ਬਚਪਨ ਦੀਆਂ ਯਾਦਾਂ ਸਾਂਝੀਆਂ ਕਰਦੇ ਉਹ ਪਿੰਡ ਪਹੁੰਚ ਗਏ। ਬੇਸ਼ਕ ਕਿਰਪਾ ਸਾਗਰ ਦਾ ਆਪਣਾ ਘਰ ਵੀ ਮੌਜੂਦ ਸੀ ਪਰ ਉੱਥੇ ਕਿਸੇ ਦੇ ਨਾ ਰਹਿਣ ਕਾਰਨ ਉਹ ਟੁੱਟ ਭੱਜ ਚੁੱਕਾ ਸੀ। ਆਪਣੇ ਰਿਸ਼ਤੇਦਾਰਾਂ ਸੰਬੰਧੀਆਂ ਨੂੰ ਮਿਲ ਕੇ ਕਿਰਪਾ ਸਾਗਰ ਆਪਣੇ ਦੋਸਤ ਰੂਪ ਲਾਲ ਦੇ ਘਰ ਹੀ ਚਲਾ ਗਿਆ।

ਨਹਾ-ਧੋ ਕੇ ਉਹ ਦੋਹੇਂ ਪਿੰਡ ਦੀ ਬਾਹਰਲੀ ਫਿਰਨੀ ਤੇ ਆ ਗਏ। ਦੋਹਾਂ ਨੂੰ ਪੁਰਾਣੇ ਮਿੱਤਰ, ਲੋਕ ਬੜੀ ਅਪਣੱਤ ਨਾਲ ਮਿਲ ਰਹੇ ਸਨ। ਪਿੰਡ ਦਾ ਬੋਹੜ ਦੇ ਬਾਹਰਲੇ ਵਿਹੜੇ ਦਾ ਪਿੱਪਲ ਵੀ ਉਂਝ ਹੀ ਮੌਜੂਦ ਸੀ। ਜਦੋਂ ਥੋੜ੍ਹਾ ਸੂਰਜ ਹੋਰ ਨੀਵਾਂ ਹੋ ਗਿਆ ਤਾਂ ਦੋਹੇਂ ਪਿੰਡ ਦੀ ਜੋਗੀ ਪੀਰ ਵਾਲੀ ਜਗ੍ਹਾ ਨੂੰ ਹੋ ਤੁਰੇ। ਇਹ ਜਗ੍ਹਾ ਕਾਫ਼ੀ ਬਦਲੀ ਹੋਈ ਸੀ। ਪਹਿਲਾਂ ਇੱਥੇ ਇਕ ਕੱਚੀ ਜਿਹੀ ਮਜਾਰ ਸੀ ਪਰ ਹੁਣ ਵੱਡੀ-ਪੱਕੀ ਇਮਾਰਤ ਬਣ ਚੁੱਕੀ ਸੀ। ਕਿਰਪਾ ਸਾਗਰ ਨੇ ਉਸ ਜਗ੍ਹਾ ਨੂੰ ਸਿਜਦਾ ਕੀਤਾ ਜਿੱਥੇ ਉਹ ਬਚਪਨ ਵਿਚ ਦੀਵਾ ਜਗਾ ਕੇ ਜਾਂਦਾ ਰਿਹਾ ਸੀ। ਰੂਪ ਲਾਲ ਨੇ ਇਸ ਜਗ੍ਹਾ ਨਾਲ ਜੁੜੀਆਂ ਕਈ ਗੱਲਾਂ ਕਿਰਪਾ ਸਾਗਰ ਨਾਲ ਸਾਂਝੀਆਂ ਕੀਤੀਆਂ।

ਅਗਲੀ ਸਵੇਰ ਕਿਰਪਾ ਸਾਗਰ ਨੇ ਪਿੰਡ ਦੇ ਹਾਈ ਸਕੂਲ ਵਿਚ ਵਿਦਿਆਰਥੀਆਂ ਨੂੰ ਸੰਬੋਧਨ ਕਰਨਾ ਸੀ। ਮੁੱਖ ਅਧਿਆਪਕ ਤੇ ਕਿਰਪਾ ਸਾਗਰ ਜਿਵੇਂ ਹੀ ਸਕੂਲ ਪਹੁੰਚੇ, ਇਕ ਥਾਂ ਇਕੱਤਰ ਹੋਏ ਵਿਦਿਆਰਥੀ ਉਹਨਾਂ ਦੀ ਸ਼ਾਨ ਵਿਚ ਤਾੜੀਆਂ ਮਾਰ ਰਹੇ ਸਨ। ਪ੍ਰਧਾਨਗੀ ਮੰਡਲ ਵਿਚ ਸੁਸ਼ੋਭਤ ਹੋ ਕੇ ਕਿਰਪਾ ਸਾਗਰ ਦੀ ਨਜ਼ਰ ਸਾਹਮਣੇ ਕਮਰੇ 'ਤੇ ਲਿਖੇ ਇਕ ਮਾਟੋ ਤੈ ਗਈ। "ਜ਼ਿੰਦਗੀ ਤਰਕਮਈ ਨਜ਼ਰੀਏ ਦਾ ਨਾਂ ਹੈ।" ਕਿਰਪਾ ਸਾਗਰ ਇਸ ਮਾਟੋ ਬਾਰੇ ਕੁਝ ਦੇਰ ਸੋਚਦਾ ਰਿਹਾ। ਫਿਰ ਮੁੱਖ ਅਧਿਆਪਕ ਰੂਪ ਲਾਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ, "ਬੱਚਿਓ ਮੈਂ ਤੁਹਾਨੂੰ ਪਿਛਲੇ ਦਿਨੀਂ ਇਕ ਵੱਡੇ ਜਾਦੂਗਰ ਦੀ ਕਥਾ ਸੁਣਾਈ ਸੀ। ਉਹ ਚਮਤਕਾਰੀ ਬੰਦਾ ਤੁਹਾਨੂੰ ਮਿਲਾਉਣ ਜਾ ਰਿਹਾ ਹਾਂ ਤੁਸੀਂ ਉਹਨਾਂ ਦੀਆਂ ਸੰਘਰਸ਼ ਮਈ ਗੱਲਾਂ ਸੁਣੋ ਤੇ ਉਸ 'ਤੇ ਅਮਲ ਕਰੋ...।"

ਕਿਰਪਾ ਸਾਗਰ ਜਦੋਂ ਉੱਠਿਆ ਤਾਂ ਫਿਰ ਸਕੂਲ ਤਾੜੀਆਂ ਨਾਲ ਗੂੰਜ ਉੱਠਿਆ। ਮੁੱਖ ਅਧਿਆਪਕ ਰੂਪ ਲਾਲ ਨੇ ਪਹਿਲਾਂ ਹੀ ਕਿਰਪਾ ਸਾਗਰ ਦੀ ਜ਼ਿੰਦਗੀ ਬਾਰੇ ਬਹੁਤ ਕੁਝ ਦੱਸ ਦਿੱਤਾ ਸੀ। ਇਕ ਵਿਦਿਆਰਥੀ ਨੇ ਖੜ੍ਹੇ ਹੋ ਕੇ ਕਿਰਪਾ ਸਾਗਰ ਨੂੰ ਪਹਿਲਾ ਸਵਾਲ ਇਹ ਕਰ ਦਿੱਤਾ, "ਸਰ ਬਾਕੀ ਜ਼ਿੰਦਗੀ ਬਾਰੇ ਸਾਨੂੰ ਸਭ ਕੁਝ ਪਤਾ ਹੈ ਪਰ ਵੱਡੇ ਜਾਦੂਗਰ ਵਾਲੀ ਗੱਲ ਸਾਨੂੰ ਸਮਝ ਨਹੀਂ ਆਈ।"

ਕਿਰਪਾ ਸਾਗਰ ਦੇ ਚਿਹਰੇ 'ਤੇ ਫਿਰ ਬਚਪਨ ਦੀ ਯਾਦਾਂ ਆ ਗਈਆਂ। ਉਸ ਨੇ ਰਾਤ ਮੁੱਖ ਅਧਿਆਪਕ ਨਾਲ ਵੀ ਇਹ ਗੱਲਾਂ ਸਾਂਝੀਆਂ ਕੀਤੀਆਂ ਸਨ। ਉਹਨੇ ਤੁਰੰਤ ਆਪਣੀ ਗੱਲ ਨੂੰ ਅਗਾਂਹ ਵਧਾਉਂਦਿਆਂ ਕਿਹਾ, "ਪੁੱਤਰੋ ਮੈਂ ਤੇ ਤੁਹਾਡੇ ਮੁੱਖ ਅਧਿਆਪਕ ਰੂਪ ਲਾਲ ਨੇ ਹਰ ਵੀਰਵਾਰ ਪਿੰਡ ਦੀ ਜੋਗੀ ਪੀਰ ਵਾਲੀ ਜਗ੍ਹਾ 'ਤੇ ਦੀਵਾ ਜਗਾਇਆ ਹੈ। ਤੁਹਾਡੀ ਉਮਰ ਦੇ ਅਸੀਂ ਬਚਪਨ ਹੰਢਾਉਂਦੇ ਗੁਰਬਤ ਦੀ ਭੱਠੀ ਵਿਚ ਭੁੱਜ ਰਹੇ ਸਾਂ। ਸਾਡੀਆਂ ਵੀ ਬੜੀਆਂ ਖ਼ਾਹਿਸ਼ਾਂ ਹੁੰਦੀਆਂ ਸਨ ਕਿ ਅਸੀਂ ਅਮੀਰ ਹੋਈਏ। ਉਸ ਜਗ੍ਹਾ ਤੇ ਹੱਥ ਜੋੜ ਕੇ ਖੜ੍ਹ ਜਾਂਦੇ ਸਾਂ। ਫਿਰ ਅੱਖਾਂ ਮੀਟ ਕੇ ਮਜਾਰ ਤੋਂ ਇਹੀ ਮੰਗਦੇ ਸਾਂ ਕਿ ਸਾਡੇ ਕੋਲ ਜਾਦੂ ਆ ਜਾਏ ਤੇ ਅਸੀਂ ਅਮੀਰੀ 'ਚ ਵਿਚਰ ਸਕੀਏ। ਉਦੋਂ ਸਾਨੂੰ ਇਹ ਕੀ ਪਤਾ ਸੀ ਬਈ ਜਾਦੂ ਵੀ ਹੱਥਾਂ 'ਤੇ ਦਿਮਾਗ

ਦੀ ਕਰਾਮਾਤ ਹੈ। ਅਸੀਂ ਤਾਂ ਸੱਚ ਮੰਨ ਕੇ ਬੈਠੇ ਸਾਂ। ਸਾਲਾਂ ਦੇ ਸਾਲ ਸਰੋਂ ਦਾ ਤੇਲ ਪਾ ਕੇ ਜਾਦੂ ਵਾਲਾ ਚਮਤਕਾਰ ਮੰਗਦੇ ਰਹੇ ਪਰ ਸਾਨੂੰ ਕਦੇ ਕੁਝ ਨਾ ਮਿਲਿਆ ਪਰ ਪੁੱਤਰੋ ਜੋ ਚਮਤਕਾਰ ਸਖ਼ਤ ਮਿਹਨਤ, ਲਗਨ ਅਤੇ ਈਮਾਨਦਾਰੀ ਨੇ ਦਿੱਤਾ ਹੈ ਉਹੀ ਵੱਡਾ ਜਾਦੂ ਹੈ। ਮੈਂ ਕਿਵੇਂ ਇਸ ਮੁਕਾਮ 'ਤੇ ਪਹੁੰਚਾ ਤੁਹਾਡੇ ਸਾਹਮਣੇ ਹੈ। ਇਕ ਮੰਜ਼ਿਲ 'ਤੇ ਪਹੁੰਚ ਕੇ ਸਾਰੀਆਂ ਕੌੜੀਆਂ ਯਾਦਾਂ ਮਿੱਠੀਆਂ ਹੋ ਗਈਆਂ ਹਨ। ਜੇ ਤੁਹਾਡੇ ਮੁੱਖ ਅਧਿਆਪਕ ਨੇ ਮੈਨੂੰ ਵੱਡਾ ਜਾਦੂਗਰ ਆਖਿਆ ਹੈ ਤਾਂ ਇਹ ਖ਼ੁਦ ਵੀ ਇਸ ਸ਼ਬਦ ਦੇ ਲਾਇਕ ਨੇ...।' ਸਕੂਲ ਫਿਰ ਤਾੜੀਆਂ ਨਾਲ ਗੂੰਜ ਉੱਠਿਆ।

## ਸਭ ਤੋਂ ਔਖਾ ਕੰਮ

*—ਸੁੱਚਾ ਰਾਮ ਬੰਗਾ*

ਸਵੇਰ ਦੀ ਸਭਾ ਵਿਚ ਰੋਜ਼ਾਨਾ ਦੀ ਤਰ੍ਹਾਂ ਮੁੱਖ ਅਧਿਆਪਕ ਜੀ ਨੇ ਆਪਣੇ ਵਿਚਾਰ ਦੱਸਦੇ ਹੋਏ ਬੱਚਿਆਂ ਨੂੰ ਪੁੱਛਿਆ ਕਿ ਬੱਚਿਓ, ਤੁਹਾਨੂੰ ਸਭ ਤੋਂ ਸੌਖਾ ਕੰਮ ਕਿਹੜਾ ਲੱਗਦਾ ਹੈ। ਇਸ ਦਾ ਉੱਤਰ ਦੇਣ ਲਈ ਬਹੁਤ ਸਾਰੇ ਬੱਚਿਆਂ ਨੇ ਹੱਥ ਖੜ੍ਹੇ ਕੀਤੇ। ਮੁੱਖ ਅਧਿਆਪਕ ਜੀ ਨੇ ਸਭ ਤੋਂ ਪਹਿਲਾਂ ਪ੍ਰਿੰਸ ਤੋਂ ਪੁੱਛਿਆ, ਬੇਟਾ ਜੀ ਤੁਸੀਂ ਦੱਸੋ ਤੁਹਾਨੂੰ ਸਭ ਤੋਂ ਸੌਖਾ ਕੰਮ ਕਿਹੜਾ ਲੱਗਦਾ ਹੈ ਤਾਂ ਪ੍ਰਿੰਸ ਨੇ ਉੱਤਰ ਦਿੱਤਾ, ਜੀ ਮੈਨੂੰ ਤਾਂ ਖੇਡਣਾ ਸੌਖਾ ਲੱਗਦਾ ਹੈ। ਕਿਸੇ ਨੇ ਦੱਸਿਆ ਕਿ ਟੀ.ਵੀ. ਦੇਖਣਾ ਸੌਖਾ ਕੰਮ ਹੈ, ਕਿਸੇ ਨੇ ਕਿਹਾ ਕਿ ਖਾਣਾ, ਖਾਣਾ ਸੌਖਾ ਕੰਮ ਹੈ। ਫਿਰ ਮੁੱਖ ਅਧਿਆਪਕ ਜੀ ਨੇ ਬੱਚਿਆਂ ਨੂੰ ਮੇਨ ਪੁਆਇੰਟ ਤੇ ਲਿਆਉਣ ਲਈ ਪੁੱਛਿਆ ਕਿ ਹੁਣ ਦੱਸੋ ਕਿ ਤੁਹਾਨੂੰ ਸਭ ਤੋਂ ਔਖਾ ਕੰਮ ਕਿਹੜਾ ਲੱਗਦਾ ਹੈ ? ਇਸ ਦਾ ਉੱਤਰ ਦੱਸਣ ਲਈ ਸਿਰਫ਼ ਦੋ ਬੱਚਿਆਂ ਨੇ ਬਾਹਾਂ ਖੜ੍ਹੀਆਂ ਕੀਤੀਆਂ। ਸਭ ਤੋਂ ਪਹਿਲਾਂ ਮੁੱਖ ਅਧਿਆਪਕ ਜੀ ਨੇ ਗਗਨਦੀਪ ਨੂੰ ਪੁੱਛਿਆ ਕਿ ਬੇਟਾ ਜੀ ਤੁਹਾਨੂੰ ਸਭ ਤੋਂ ਔਖਾ ਕੀ ਲੱਗਦਾ ਹੈ ਤਾਂ ਗਗਨਦੀਪ ਨੇ ਸੰਗਦੀ ਹੋਈ ਨੇ ਉੱਤਰ ਦਿੱਤਾ, ਜੀ ਮੈਨੂੰ ਤਾਂ ਪੜ੍ਹਾਈ ਔਖੀ ਲੱਗਦੀ ਹੈ। ਫਿਸ ਜਸਪ੍ਰੀਤ ਤੋਂ ਪੁੱਛਿਆ ਤਾਂ ਉਸਨੇ ਕਿਹਾ ਕਿ ਉਸਨੂੰ ਅੰਗਰੇਜ਼ੀ ਅਤੇ ਹਿਸਾਬ ਔਖਾ ਲੱਗਦਾ ਹੈ। ਬਾਕੀ ਬੱਚਿਆਂ ਨੂੰ ਪੁੱਛਿਆ, ਤੁਸੀਂ ਇਨ੍ਹਾਂ ਦੀ ਗੱਲ ਨਾਲ ਸਹਿਮਤ ਹੋ ਤਾਂ ਸਾਰੇ ਬੱਚਿਆਂ ਨੇ ਜਵਾਬ ਦਿੱਤਾ, ਹਾਂ ਜੀ।

ਮੁੱਖ ਅਧਿਆਪਕ ਜੀ ਨੇ ਬੱਚਿਆਂ ਨੂੰ ਸਮਝਾਉਂਦਿਆਂ ਦੱਸਿਆ ਕਿ ਪਿਆਰੇ ਬੱਚਿਓ, ਕੋਈ ਕੰਮ ਔਖਾ ਨਹੀਂ ਹੁੰਦਾ। ਸਾਨੂੰ ਕੰਮ ਔਖਾ ਉਦੋਂ ਲੱਗਦਾ ਹੈ ਜਦੋਂ ਅਸੀਂ ਉਸ ਕੰਮ ਵੱਲ ਪੂਰਾ ਧਿਆਨ ਨਹੀਂ ਦਿੰਦੇ। ਚਾਹੇ ਕੋਈ ਕੰਮ/ਪੜ੍ਹਾਈ ਹੋਵੇ ਜਦੋਂ ਅਸੀਂ ਆਪਣਾ ਧਿਆਨ ਉਸ ਵਿਚ ਲਾਵਾਂਗੇ। ਕੋਈ ਕਾਰਨ ਨਹੀਂ ਤੁਹਾਨੂੰ ਪੜ੍ਹਾਈ ਨਾ ਆਵੇ। ਜਦੋਂ ਵੀ ਤੁਹਾਨੂੰ ਕਲਾਸ ਵਿਚ ਟੀਚਰ ਪੜ੍ਹਾ ਰਿਹਾ ਹੋਵੇ ਤਾਂ ਤੁਹਾਡਾ

ਪੂਰਾ ਧਿਆਨ ਪੜ੍ਹਨ ਵਿਚ ਹੋਣਾ ਚਾਹੀਦਾ ਹੈ। ਸ਼ਾਮ ਨੂੰ ਤੁਸੀਂ ਕਲਾਸ ਵਿਚ ਪੜ੍ਹੇ/ਕੀਤੇ ਕੰਮ ਦੀ ਦੁਹਰਾਈ ਜ਼ਰੂਰ ਕਰੋ। ਜੇਕਰ ਫਿਰ ਵੀ ਤੁਹਾਨੂੰ ਕੁਝ ਔਖਾ ਲੱਗਦਾ ਹੈ ਜਾਂ ਸਮਝ 'ਚ ਗੱਲ ਨਹੀਂ ਪਈ ਤਾਂ ਦੂਜੇ ਦਿਨ ਸਵੇਰੇ ਆਪਣੇ ਟੀਚਰ ਤੋਂ ਫਿਰ ਉਸ ਬਾਰੇ ਪੁੱਛ ਲਵੋ। ਟੀਚਰ ਨੂੰ ਵੀ ਇਸ ਗੱਲ ਦੀ ਖੁਸ਼ੀ ਹੋਵੇਗੀ ਕਿ ਇਹ ਬੱਚਾ ਪੜ੍ਹਾਈ ਵਿਚ ਆਪਣਾ ਧਿਆਨ ਲਗਾ ਰਿਹਾ ਹੈ। ਆਪਣੇ ਸਾਥੀਆਂ ਨਾਲ ਵੀ ਤੁਸੀਂ ਵਿਚਾਰ ਵਟਾਂਦਰਾ ਕਰ ਸਕਦੇ ਹੋ। ਜਦੋਂ ਤੁਸੀਂ ਆਪਣਾ ਪੂਰਾ ਧਿਆਨ ਪੜ੍ਹਨ ਵਿਚ ਲਗਾਓਗੇ ਤਾਂ ਪੜ੍ਹਾਈ ਤੁਹਾਨੂੰ ਔਖੀ ਨਹੀਂ, ਸੌਖੀ ਲੱਗੇਗੀ। ਸਿਲੇਬਸ ਦੀਆਂ ਕਿਤਾਬਾਂ ਨਾਲ ਆਪਣੀ ਦੋਸਤੀ ਪਾਓ। ਅੰਤ ਵਿਚ ਮੁੱਖ ਅਧਿਆਪਕ ਜੀ ਨੇ ਕਿਹਾ ਕਿ ਮੈਨੂੰ ਪੂਰਨ ਵਿਸ਼ਵਾਸ ਜੇਕਰ ਤੁਸੀਂ ਮਿਹਨਤ ਦੇ ਰਾਹ ਤੇ ਚੱਲੋਗੇ ਤਾਂ ਜ਼ਿੰਦਗੀ 'ਚ ਤੁਹਾਨੂੰ ਕਦੇ ਕੋਈ ਮੁਸ਼ਕਲ ਨਹੀਂ ਆਵੇਗੀ ਅਤੇ ਤੁਸੀਂ ਸਫ਼ਲਤਾਂ ਦੀਆਂ ਪੌੜੀਆਂ ਚੜ੍ਹਦੇ ਜਾਵੋਗੇ।

## ਅੰਬਰੀਂ ਉਡਾਰੀ

*—ਸੁੱਚਾ ਰਾਮ ਬੰਗਾ*

ਮੰਮੀ ਨੇ ਅਕਾਸ਼ ਨੂੰ ਅਵਾਜ਼ ਮਾਰੀ, "ਬੇਟਾ ਅਕਾਸ਼ ਇਹ ਦਾਣੇ ਪੰਛੀਆਂ ਨੂੰ ਕੋਠੇ ਦੀ ਛੱਤ ਤੇ ਪਾ ਆ।" ਅਕਾਸ਼ ਨੇ ਕਿਹਾ, ਅੱਛਾ ਮੰਮੀ ਜੀ ਅਤੇ ਅੰਦਰੋਂ ਬੜਾ ਖੁਸ਼ ਸੀ ਕਿ ਉਸਨੂੰ ਪੰਛੀਆਂ ਨੂੰ ਨੇੜਿਓਂ ਤੱਕਣ ਦਾ ਮੌਕਾ ਮਿਲਿਆ ਸੀ। ਅਕਾਸ਼ ਦਾਣਿਆਂ ਵਾਲੀ ਕੌਲੀ ਲੈ ਕੇ ਕੋਠੇ ਦੀ ਛੱਤ ਤੇ ਚਲਾ ਗਿਆ। ਕੋਠੇ ਦੀ ਛੱਤ ਤੇ ਜਾ ਕੇ ਉਸਨੇ ਦਾਣੇ ਛੱਤ ਤੇ ਖਿਲਾਰ ਦਿੱਤੇ। ਥੋੜ੍ਹੇ ਚਿਰ ਪਿਛੋਂ ਹੀ ਬਹੁਤ ਸਾਰੇ ਪੰਛੀ ਕੋਠੇ ਦੀ ਛੱਤ ਤੇ ਆ ਕੇ ਦਾਣੇ ਚੁਗਣ ਲੱਗ ਪਏ। ਪੰਛੀ ਆਉਂਦੇ ਦਾਣੇ ਚੁਗਦੇ ਅਤੇ ਉੱਡ ਜਾਂਦੇ। ਅਕਾਸ਼ ਬੜੇ ਧਿਆਨ ਨਾਲ ਇਹ ਸਭ ਦੇਖਦਾ ਰਿਹਾ। ਕੁਝ ਚਿਰ ਪਿੱਛੋਂ ਮੰਮੀ ਨੇ ਆਕਾਸ਼ ਨੂੰ ਆਵਾਜ਼ ਮਾਰੀ ਕਿ ਬੇਟਾ ਹੁਣ ਥੱਲੇ ਆ ਜਾਓ। ਆਕਾਸ਼ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਅਤੇ ਚੁਪ ਚਾਪ ਪੰਛੀਆਂ ਨੂੰ ਆਉਂਦਿਆਂ ਜਾਂਦਿਆਂ ਤੱਕਦਾ ਰਿਹਾ। ਜਦੋਂ ਕਾਫੀ ਦੇਰ ਅਕਾਸ਼ ਛੱਤ ਤੋਂ ਨਾ ਉਤਰਿਆ ਤਾਂ ਮੰਮੀ ਨੇ ਸੋਚਿਆ ਕਿ ਮੈਂ ਹੀ ਦੇਖਦੀ ਹਾਂ ਕਿ ਅਕਾਸ਼ ਛੱਤ ਤੇ ਬੈਠਾ ਕੀ ਕਰ ਰਿਹਾ ਹੈ?

ਜਦੋਂ ਮੰਮੀ ਨੇ ਛੱਤ ਤੇ ਜਾ ਕੇ ਦੇਖਿਆ ਕਿ ਅਕਾਸ਼ ਚੁਪ ਚਾਪ ਬੈਠਾ ਕੁਝ ਸੋਚ ਰਿਹਾ ਹੈ ਤਾਂ ਮੰਮੀ ਨੇ ਆਵਾਜ਼ ਮਾਰੀ, "ਬੇਟਾ ਅਕਾਸ਼ ਤੂੰ ਕੀ ਸੋਚ ਰਿਹਾ ਏਂ ?" ਤਾਂ ਆਕਾਸ਼ ਬੋਲਿਆ, ਮੰਮੀ ਜੀ ਮੈਂ ਸੋਚ ਰਿਹਾ ਹਾਂ ਕਿ ਮੈਂ ਵੀ ਪੰਛੀਆਂ ਵਾਂਗ ਅੰਬਰੀਂ ਉਡਾਰੀ ਲਾ ਸਕਦਾ ਹਾਂ। ਮੰਮੀ ਨੇ ਅਕਾਸ਼ ਨੂੰ ਸਮਝਾਇਆ ਕਿ ਅੱਜ ਜੋ ਤੇਰੇ ਮਨ ਵਿਚ ਆਇਆ ਹੈ, ਇਹੋ ਖ਼ਿਆਲ ਬਹੁਤ ਸਮਾਂ ਪਹਿਲਾਂ ਕਈਆਂ ਵਿਅਕਤੀਆਂ ਦੇ

ਮਨ ਵਿਚ ਆਇਆ ਸੀ। ਉਨ੍ਹਾਂ ਨੇ ਪੰਛੀਆਂ ਵਾਂਗ ਆਪਣੇ ਨਾਲ ਵੱਡੇ-ਵੱਡੇ ਬਨਾਉਟੀ ਖੰਭ ਲਗਾ ਕੇ ਉੱਡਣ ਦੀ ਕੋਸ਼ਿਸ਼ ਕੀਤੀ ਪਰੰਤੂ ਸਭ ਦੀ ਕੋਸ਼ਿਸ਼ ਵਿਅਰਥ ਗਈ ਅਤੇ ਕਈ ਵਿਅਕਤੀ ਆਪਣੀ ਜਾਨ ਵੀ ਗੁਆ ਬੈਠੇ। ਫਿਰ ਵੀ ਬਹੁਤ ਸਾਰੇ ਲੋਕ ਇਸ ਖ਼ਿਆਲ ਆਪਣੀ ਕੋਸ਼ਿਸ਼ ਕਰਦੇ ਰਹੇ। ਕਾਫ਼ੀ ਕੋਸ਼ਿਸ਼ ਦੇ ਬਾਅਦ ਅਮਰੀਕਾ ਦੇ ਰਾਈਟ ਭਰਾਵਾਂ ਦੀ ਮਿਹਨਤ ਨੂੰ ਬੂਰ ਪਿਆ ਅਤੇ ਉਨ੍ਹਾਂ ਨੇ ਸਫ਼ਲਤਾ ਪੂਰਵਕ ਹਵਾਈ ਜਹਾਜ਼ ਬਣਾ ਕੇ ਉਸ ਵਿਚ ਉਡਾਣ ਭਰੀ। ਸੋ ਬੇਟਾ ਅੱਜ ਤੁਸੀਂ ਦੇਖਦੇ ਹੀ ਹੋ ਕਿ ਬਹੁਤ ਸਾਰੇ ਤੇਜ਼ ਰਫ਼ਤਾਰ ਹਵਾਈ ਜਹਾਜ਼ ਅਸਮਾਨ ਵਿਚ ਉਡਾਰੀਆਂ ਭਰਦੇ ਹਨ। ਇਸ ਲਈ ਅਸੀਂ ਅੰਬਰੀ ਉਡਾਰੀ ਲਾ ਸਕਦੇ ਹਾਂ, ਪੰਛੀਆਂ ਵਾਂਗ ਨਹੀਂ ਸਗੋਂ ਪੰਛੀਆਂ ਵਾਂਗ ਉੱਡਦੇ ਹਵਾਈ ਜਹਾਜ਼ ਵਿਚ ਬੈਠ ਕੇ।

ਇਸ ਉਡਾਰੀ ਲਾਇਕ ਸਾਨੂੰ ਬਣਨ ਲਈ ਬਹੁਤ ਸਾਰੀ ਮਿਹਨਤ ਕਰਨੀ ਪੈਂਦੀ ਹੈ। ਪਹਿਲਾਂ ਸਾਨੂੰ ਖ਼ੂਬ ਪੜ੍ਹਾਈ ਕਰਨੀ ਪਵੇਗੀ ਅਤੇ ਫਿਰ ਇਸ ਲਾਈਨ ਤੇ ਚੱਲਦੇ ਹੋਏ ਪਾਇਲਟ ਦੀ ਸਿਖਲਾਈ ਲੈਣੀ ਪਵੇਗੀ ਅਤੇ ਫਿਰ ਅਸੀਂ ਅੰਬਰੀ ਉਡਾਰੀਂ ਲਾਉਣ ਦੇ ਯੋਗ ਹੋ ਸਕਾਂਗੇ। ਅਕਾਸ਼ ਨੇ ਮੰਮੀ ਜੀ ਨੂੰ ਕਿਹਾ ਕਿ ਮੈਂ ਅੱਜ ਤੋਂ ਹੀ ਪੂਰੀ ਮਿਹਨਤ ਨਾਲ ਪੜ੍ਹਨਾ ਸ਼ੁਰੂ ਕਰ ਦੇਵੇਗਾ ਅਤੇ ਇਸ ਮੁਕਾਮ ਤੇ ਪਹੁੰਚਣ ਲਈ ਉਹ ਦਿਨ ਰਾਤ ਇਕ ਕਰ ਦੇਵੇਗਾ ਅਤੇ ਇੱਕ ਉਹ ਹਵਾਈ ਜਾਹਜ਼ ਵਿਚ ਪੰਛੀਆਂ ਵਾਂਗ ਅੰਬਰੀਂ ਉਡਾਰੀ ਜ਼ਰੂਰ ਲਾਵੇਗਾ।

## ਪ੍ਰਿੰਸ ਦੀ ਖੁਸ਼ੀ

*—ਦਵਿੰਦਰਪਾਲ ਚੰਦ ਬੋਹੜ ਵਡਾਲਾ*

ਪ੍ਰਿੰਸ ਇਕ ਸੁਸ਼ੀਲ ਤੇ ਆਗਿਆਕਾਰੀ ਲੜਕਾ ਸੀ। ਉਹ ਹਰ ਵੇਲੇ ਕਿਸੇ ਬੇਸਹਾਰਾ ਦੀ ਮਦਦ ਕਰਨ ਲਈ ਤਿਆਰ ਰਹਿੰਦਾ ਸੀ। ਘਰੋਂ ਅਮੀਰ ਹੋਣ ਕਰਕੇ ਉਹ ਆਪਣੀ ਜਮਾਤ ਦੇ ਗ਼ਰੀਬ ਬੱਚਿਆਂ ਦੀ ਬੜੀ ਮਦਦ ਕਰਦਾ ਸੀ। ਇਕ ਦਿਨ ਉਸਦੇ ਸਕੂਲ ਵਿਚ ਇਕ ਸਮਾਗਮ ਸੀ। ਜਦ ਪ੍ਰਿੰਸ ਸਕੂਲ ਜਾ ਰਿਹਾ ਸੀ ਤਾਂ ਉਸਨੇ ਇਕ ਬਜ਼ੁਰਗ ਆਦਮੀ ਨੂੰ ਸੜਕ ਪਾਰ ਕਰਦੇ ਹੋਏ ਦੇਖਿਆ। ਇਹ ਵੇਖ ਕੇ ਪ੍ਰਿੰਸ ਦਾ ਦਿਲ ਪਸੀਜ ਗਿਆ। ਉਸਨੇ ਵੇਖਿਆ ਕਿ ਕੋਈ ਵੀ ਉਸ ਬਜ਼ੁਰਗ ਆਦਮੀ ਦੀ ਮਦਦ ਨਹੀਂ ਸੀ ਕਰਨਾ ਚਾਹੁੰਦਾ। ਉਸਨੇ ਤੁਰੰਤ ਸਾਈਕਲ ਨੂੰ ਤਾਲਾ ਲਾ ਕੇ ਉਸ ਬਜ਼ੁਰਗ ਨੂੰ ਸੜਕ ਪਾਰ ਕਰਨ ਵਿਚ ਹੀ ਮਦਦ ਨਹੀਂ ਕੀਤੀ ਬਲਕਿ ਉਸ ਬਜ਼ੁਰਗ ਆਦਮੀ ਨੂੰ ਉੱਥੇ ਛੱਡ ਕੇ ਵੀ ਆਇਆ ਜਿੱਥੇ ਉਹ ਜਾਣਾ ਚਾਹੁੰਦਾ ਸੀ। ਜਦੋਂ ਉਹ ਉਸ ਬਜ਼ੁਰਗ ਨੂੰ ਸਹੀ ਥਾਂ 'ਤੇ ਪੁਚਾ ਕੇ ਉੱਥੋਂ ਮੁੜਨ ਲੱਗਾ ਤਾਂ ਉਸ ਬਜ਼ੁਰਗ ਆਦਮੀ ਨੇ ਅਸੀਸ ਦਿੰਦੇ ਹੋਏ ਕਿਹਾ, "ਜਿਊਂਦਾ ਰਹਿ ਪੁੱਤਰਾ! ਰੱਬ ਤੈਨੂੰ ਤਰੱਕੀ

ਬਖ਼ਸ਼ੇ!" ਇਹ ਸੁਣ ਕੇ ਪ੍ਰਿੰਸ ਦਾ ਮਨ ਖਿੜ ਗਿਆ ਤੇ ਉਹ ਉਸ ਬਜ਼ੁਰਗ ਦੇ ਪੈਰ ਛੂਹ ਕੇ ਉੱਥੋਂ ਸਕੂਲ ਲਈ ਤੁਰ ਪਿਆ। ਜਦੋਂ ਉਹ ਸਕੂਲ ਪਹੁੰਚਿਆ ਤਾਂ ਉਹ ਕਾਫ਼ੀ ਲੇਟ ਹੋ ਚੁੱਕਾ ਸੀ। ਇਸ 'ਤੇ ਪ੍ਰਿੰਸ ਨੂੰ ਅਧਿਆਪਕਾਂ ਤੋਂ ਝਿੜਕਾਂ ਤਾਂ ਪਈਆਂ ਹੀ ਸਗੋਂ ਉਸਦੇ ਦੋਸਤਾਂ ਨੇ ਵੀ ਉਸਨੂੰ ਬੁਰਾ-ਭਲਾ ਕਿਹਾ। ਪਰ ਪ੍ਰਿੰਸ ਨੂੰ ਅੱਜ ਉਸ ਬਜ਼ੁਰਗ ਦੀ ਮਦਦ ਕਰਕੇ ਕੁਝ ਵੱਖਰਾ ਹੀ ਅਨੁਭਵ ਹੋ ਰਿਹਾ ਸੀ। ਹਾਲਾਂਕਿ ਉਸਨੇ ਅੱਜ ਤੱਕ ਕਈਆਂ ਦੀ ਮਦਦ ਕੀਤੀ ਸੀ ਪਰ ਅੱਜ ਉਸਨੂੰ ਸੱਚੀ ਖ਼ੁਸ਼ੀ ਪ੍ਰਾਪਤ ਹੋਈ ਸੀ।

ਸਮਾਂ ਬੀਤਦਾ ਗਿਆ। ਕੁਝ ਸਾਲਾਂ ਮਗਰੋਂ ਉਸੇ ਬਜ਼ਾਰ ਵਿਚੋਂ ਪ੍ਰਿੰਸ ਗੱਡੀ ਵਿਚ ਸਵਾਰ ਹੋ ਕੇ ਲੰਘ ਰਿਹਾ ਸੀ ਤਾਂ ਪ੍ਰਿੰਸ ਨੇ ਉਸੇ ਬਜ਼ੁਰਗ ਨੂੰ ਦੇਖਿਆ ਜਿਸਨੇ ਉਸਨੂੰ ਕਈ ਸਾਲ ਪਹਿਲਾਂ ਅਸ਼ੀਰਵਾਦ ਦਿੱਤਾ ਸੀ। ਅੱਜ ਉਹ ਭਾਵੇਂ ਉੱਚ ਅਹੁਦੇ 'ਤੇ ਸੀ, ਪਰ ਗੁਣ ਉਸ ਵਿਚ ਉਹੀ ਸਨ ਜੋ ਛੋਟੇ ਹੁੰਦਿਆਂ ਸਨ। ਉਸਨੇ ਗੱਡੀ ਵਿਚੋਂ ਬਾਹਰ ਨਿਕਲ ਕੇ ਉਸ ਬਜ਼ੁਰਗ ਦੇ ਪੈਰ ਛੂਹੇ ਅਤੇ ਕਿਹਾ, "ਮੈਂ ਉਹੀ ਹਾਂ ਜਿਸਨੂੰ ਤੁਸੀਂ ਕਈ ਸਾਲ ਪਹਿਲਾਂ ਅਸ਼ੀਰਵਾਦ ਦਿੱਤਾ ਸੀ। ਅੱਜ ਮੈਂ ਤੁਹਾਡੇ ਅਸ਼ੀਰਵਾਦ ਬਦੌਲਤ ਇਸ ਜਗ੍ਹਾ 'ਤੇ ਹਾਂ।" ਇਹ ਸੁਣ ਕੇ ਉਸ ਬਜ਼ੁਰਗ ਦੇ ਨੈਣਾਂ ਵਿਚੋਂ ਅੱਥਰੂ ਕਿਰਨ ਲੱਗੇ ਤੇ ਉਸਨੇ ਪ੍ਰਿੰਸ ਨੂੰ ਗਲੇ ਲਗਾ ਲਿਆ। ਸਾਰੇ ਪ੍ਰਿੰਸ ਦੀ ਸੁਸ਼ੀਲਤਾ ਵੇਖ ਕੇ ਅਸ਼-ਅਸ਼ ਕਰ ਉੱਠੇ।

ਹੁਣ ਪ੍ਰਿੰਸ ਦੀ ਖ਼ੁਸ਼ੀ ਦੀ ਕੋਈ ਹੱਦ ਨਹੀਂ ਸੀ।

## ਪਿਆਰ

*—ਦਵਿੰਦਰਪਾਲ ਚੰਦ ਬੋਹੜ ਵਾਲਾ*

ਗੁਰਜੀਤ ਤੇ ਗੁਰਮੀਤ ਦੋਵੇਂ ਸਕੇ ਭਰਾ ਸਨ। ਉਹ ਦੋਵੇਂ ਆਪਸ ਵਿਚ ਲੜਦੇ-ਝਗੜਦੇ ਰਹਿੰਦੇ ਸਨ। ਨਿੱਕੀ-ਨਿੱਕੀ ਗੱਲ ਤੋਂ ਲੜ ਪੈਣਾ ਉਹਨਾਂ ਦੀ ਆਦਤ ਜਿਹੀ ਬਣ ਗਈ। ਉਹਨਾਂ ਦੇ ਡੈਡੀ ਉਨ੍ਹਾਂ ਨੂੰ ਸਮਝਾਉਂਦੇ ਕਿ ਆਪਸ ਵਿਚ ਲੜਨਾ ਬੁਰੀ ਗੱਲ ਹੈ। ਕਦੇ ਵੀ ਆਪਸ ਵਿਚ ਨਾ ਲੜ। ਪਰ ਇਨ੍ਹਾਂ ਗੱਲਾਂ ਦਾ ਗੁਰਜੀਤ ਤੇ ਗੁਰਮੀਤ ਉੱਤੇ ਪ੍ਰਭਾਵ ਨਾ ਪੈਂਦਾ।

ਇਕ ਦਿਨ ਉਹਨਾਂ ਦੇ ਡੈਡੀ ਨੇ ਉਨ੍ਹਾਂ ਦੀ ਅਜਿਹੀ ਸਥਿਤੀ ਨੂੰ ਵੇਖ ਕੇ ਉਹਨਾਂ ਨੂੰ ਅਲੱਗ-ਅਲੱਗ ਕਰ ਦਿੱਤਾ। ਹੁਣ ਉਹ ਦੋਵੇਂ ਵੱਖੋ-ਵੱਖਰੇ ਰਹਿਣ ਲੱਗ ਪਏ। ਸਕੂਲ ਵੀ ਇਕੱਠੇ ਨਾ ਜਾਂਦੇ। ਕੋਈ ਵੀ ਕੰਮ ਇਕੱਠੇ ਨਾ ਕਰਦੇ। ਜਦੋਂ ਵੀ ਇਕ ਦੂਜੇ ਦੇ ਸਾਹਮਣੇ ਆਉਂਦੇ ਹਾਂ ਮੂੰਹ ਮੋੜ ਲੈਂਦੇ। ਕਾਫ਼ੀ ਦਿਨ ਤੱਕ ਇਸ ਤਰ੍ਹਾਂ ਚੱਲਦਾ ਰਿਹਾ। ਇਕ ਦਿਨ ਗੁਰਜੀਤ ਆਪਣੇ ਕਮਰੇ ਵਿਚ ਬੈਠ ਕੇ ਪੜ੍ਹ ਰਿਹਾ ਸੀ। ਜਦੋਂ ਉਹ ਸਾਇੰਸ ਦਾ ਕੰਮ ਕਰਨ ਲੱਗਾ ਤਾਂ ਅਚਾਨਕ ਉਸਨੂੰ ਯਾਦ ਆਇਆ ਕਿ

ਉਸਦੀ ਸਾਇੰਸ ਦੀ ਕਾਪੀ ਤਾਂ ਗੁਰਮੀਤ ਕੋਲ ਹੈ ਪਰ ਉਹ ਤਾਂ ਉਸਦੇ ਸਾਹਮਣੇ ਨਹੀਂ ਸੀ ਜਾ ਸਕਦਾ। ਉੱਧਰ ਗੁਰਮੀਤ ਆਪਣੇ ਕਮਰੇ ਵਿਚ ਬੈਠਾ ਟੀ.ਵੀ. ਵੇਖ ਰਿਹਾ ਸੀ। ਅਚਾਨਕ ਉਸਨੂੰ ਆਪਣੇ ਮੋਬਾਈਲ ਦੇ ਈਆਰਫੋਨਾਂ ਦੀ ਯਾਦ ਆ ਗਈ ਪਰ ਉਹ ਤਾਂ ਗੁਰਜੀਤ ਕੋਲ ਸਨ। ਉਹ ਚਾਹੁੰਦਿਆਂ ਹੋਇਆਂ ਵੀ ਉਸ ਕੋਲ ਜਾ ਨਹੀਂ ਸੀ ਸਕਦਾ। ਪਰ ਫਿਰ ਕੁਝ ਸੋਚ ਕੇ ਉਹ ਆਪਣੇ ਪਿਤਾ ਦੇ ਕਮਰੇ ਵੱਲ ਨੂੰ ਚੱਲ ਪਿਆ। ਉੱਧਰ ਗੁਰਮੀਤ ਵੀ ਆਪਣੇ ਪਿਤਾ ਦੇ ਕਮਰੇ ਵੱਲ ਨੂੰ ਜਾ ਰਿਹਾ ਸੀ। ਜਦੋਂ ਦੋਵੇਂ ਇਕੱਠੇ ਕਮਰੇ ਅੰਦਰ ਦਾਖ਼ਲ ਹੋਏ ਤਾਂ ਉਹਨਾਂ ਦਾ ਡੈਡੀ ਉਹਨਾਂ ਦੋਵਾਂ ਨੂੰ ਇਕੱਠਿਆਂ ਵੇਖ ਕੇ ਹੈਰਾਨ ਰਹਿ ਗਿਆ। ਦੋਵੇਂ ਇਕ ਸੁਰ ਵਿਚ ਬੋਲੇ, "ਪਿਤਾ ਜੀ, ਅਸੀਂ ਵੱਖ-ਵੱਖ ਨਹੀਂ ਰਹਿਣਾ ਚਾਹੁੰਦੇ। ਅਸੀਂ ਤੁਹਾਡੇ ਨਾਲ ਵਾਅਦਾ ਕਰਦੇ ਹਾਂ ਕਿ ਅਸੀਂ ਅੱਜ ਤੋਂ ਬਾਅਦ ਕਦੇ ਵੀ ਨਹੀਂ ਲੜਾਂਗੇ ਤੇ ਸਦਾ ਸਕੇ ਭਰਾਵਾਂ ਵਾਂਗ ਮਿਲ-ਜੁਲ ਕੇ ਰਹਾਂਗੇ।" ਇਹ ਸੁਣ ਕੇ ਉਹਨਾਂ ਦਾ ਡੈਡੀ ਖੁਸ਼ ਹੋ ਗਿਆ ਤੇ ਉਸਨੂੰ ਦੋਵਾਂ ਨੂੰ ਗਲੇ ਲਗਾ ਲਿਆ। ਆਖਣ ਲੱਗਾ, "ਪੁੱਤਰੋ! ਮੈਨੂੰ ਤੁਹਾਡੇ ਤੋਂ ਇਹੀ ਆਸ ਸੀ। ਮੈਂ ਜਾਣਦਾਂ ਸਾਂ ਕਿ ਤੁਸੀਂ ਦੋਵੇਂ ਅਲੱਗ-ਅਲੱਗ ਨਹੀਂ ਰਹਿ ਸਕੋਗੇ। ਇਸੇ ਲਈ ਮੈਂ ਤੁਹਾਨੂੰ ਸਮਝਾਉਣ ਲਈ ਇਹ ਢੰਗ ਅਪਣਾਇਆ।"

ਇਹ ਸੁਣ ਕੇ ਗੁਰਮੀਤ ਤੇ ਗੁਰਜੀਤ ਦੋਵੇਂ ਹੈਰਾਨ ਵੀ ਹੋਏ ਅਤੇ ਖ਼ੁਸ਼ ਵੀ। ਫਿਰ ਉਹਨਾਂ ਦੋਵਾਂ ਨੇ ਆਪਣੇ ਡੈਡੀ ਦੇ ਪੈਰ ਛੂਹ ਕੇ ਸਦਾ ਅੱਗੇ ਵਧਣ ਦਾ ਅਸ਼ੀਰਵਾਦ ਲਿਆ।

## ਉਪਕਾਰ ਦਾ ਬਦਲਾ

*—ਪ੍ਰੀਤੀ ਭਾਟੀਆ*

ਇਕ ਵਾਰ ਇਕ ਊਠ ਆਪਣੇ ਰਸਤੇ ਤੋਂ ਭਟਕ ਗਿਆ ਤੇ ਰੇਗਿਸਤਾਨ ਦੀ ਗਰਮੀ ਵਿਚ ਪਿਆਸ ਨਾਲ ਬੇਹਾਲ ਉਹ ਪਾਣੀ ਵਾਸਤੇ ਇੱਧਰ-ਉਧਰ ਫਿਰਨ ਲੱਗਾ। ਪਰ ਪਾਣੀ ਕਿਧਰੇ ਮਿਲ ਹੀ ਨਹੀਂ ਰਿਹਾ ਸੀ। ਦੂਰ ਤੋਂ ਕੋਈ ਚੀਜ਼ ਪਾਣੀ ਵਾਂਗ ਨਜ਼ਰ ਆਉਂਦੀ ਸੀ ਤਾਂ ਊਠ ਦੌੜਦਾ ਹੋਇਆ ਜਾਂਦਾ ਲੇਕਿਨ ਪਾਣੀ ਨਹੀਂ ਸੀ ਮਿਲ ਰਿਹਾ। ਉਸ ਨੂੰ ਬੜੀ ਹੈਰਾਨੀ ਹੁੰਦੀ ਕਿ ਮੇਰੇ ਕੋਲ ਪਹੁੰਚਣ 'ਤੇ ਪਾਣੀ ਗਾਇਬ ਕਿਵੇਂ ਹੋ ਜਾਂਦਾ ਅੰਤ ਵਿਚ ਉਹ ਸਮਝ ਗਿਆ ਕਿ ਇਹ ਉਸਦਾ ਇਕ ਭਰਮ ਹੈ ਹਾਰ ਕੇ ਉਹ ਇਕ ਥਾਂ ਤੇ ਪੈਰ ਮੋੜ ਕੇ ਬੈਠ ਗਿਆ। ਗਲਾ ਸੁੱਕ ਗਿਆ ਸੀ ਪਿਆਸ ਵਧਦੀ ਜਾ ਰਹੀ ਸੀ। ਉਸਨੇ ਵੇਖਿਆ ਕਿ ਇਕ ਔਰਤ ਸਿਰ 'ਤੇ ਮਟਕਾ, ਹੱਥ ਵਿਚ ਬਾਲਟੀ ਅਤੇ ਮੋਢੇ ਤੇ ਰੱਸੀ ਲੈ ਕੇ ਜਲਦੀ-ਜਲਦੀ ਆ ਰਹੀ ਸੀ। ਊਠ ਨੂੰ ਲੱਗਾ 'ਜਰੂਰ ਪਾਣੀ ਲੈਣ ਹੀ ਜਾ ਰਹੀ ਹੈ" ਊਠ ਉਸ ਔਰਤ ਦੇ ਪਿੱਛੇ-ਪਿੱਛੇ ਚਲ

ਪਿਆ। ਉਹ ਔਰਤ ਇਕ ਡੂੰਘੇ ਹੌਦ ਕੋਲ ਰੁਕੀ। ਬਾਲਟੀ ਨੂੰ ਰੱਸੀ ਬੰਨ੍ਹ ਕੇ ਬਾਲਟੀ ਖੂਹ ਵਿਚ ਲਟਕਾਈ। ਪਾਣੀ ਡੂੰਘਾ ਸੀ, ਇਸ ਲਈ ਬਾਲਟੀ ਬਾਹਰ ਕੱਢਣ ਵਿਚ ਕਾਫੀ ਦੇਰ ਲੱਗੀ। ਪਰ ਜਿਵੇਂ ਹੀ ਬਾਲਟੀ ਬਾਹਰ ਆਈ, ਊਠ ਨੇ ਬਾਲਟੀ ਵਿਚ ਮੂੰਹ ਪਾ ਦਿੱਤਾ। ਔਰਤ ਉਂਝ ਤਾਂ ਊਠ ਨੂੰ ਵੇਖ ਕੇ ਡਰ ਗਈ। ਫਿਰ ਵੀ ਹਿੰਮਤ ਤੋਂ ਕੰਮ ਲਿਆ। ਊਠ ਉਸ ਨੂੰ ਇਕ ਪਾਲਤੂ ਜਾਨਵਰ ਜਾਪਣ ਲੱਗਾ। ਉਸ ਨੂੰ ਊਠ ਉੱਤੇ ਦਇਆ ਆ ਗਈ। ਉਸਨੇ ਕਿਹਾ ਪਿਆਸੇ ਲੱਗਦੇ ਹੋ, ਪੀ ਲਊ ਮੈਂ ਹੋਰ ਭਰ ਲਵਾਂਗੀ। ਊਠ ਇਕ ਹੀ ਸਾਹ ਵਿਚ ਸਾਰਾ ਪਾਣੀ ਪੀ ਗਿਆ। ਔਰਤ ਨੇ ਫਿਰ ਬਾਲਟੀ ਭਰ ਕੇ ਖਿੱਚੀ। ਊਠ ਨੇ ਸਿਰ ਝੁਕਾਇਆ ਔਰਤ ਨੇ ਬਾਲਟੀ ਉਸਦੇ ਮੂੰਹ ਅੱਗੇ ਰੱਖ ਦਿੱਤੀ। ਊਠ ਪਾਣੀ ਪੀ ਗਿਆ। ਊਠ ਦੀ ਪਿਆਸ ਬੁਝਣ ਦਾ ਨਾਮ ਹੀ ਨਹੀਂ ਲੈ ਰਹੀ ਸੀ। ਉੱਧਰ ਔਰਤ ਪਾਣੀ ਖਿੱਚ-ਖਿੱਚ ਕੇ ਬੇਹਾਲ ਹੁੰਦੀ ਜਾ ਰਹੀ ਸੀ। ਊਠ ਕੋਲੋਂ ਉਸ ਦੀ ਹਾਲਤ ਵੇਖੀ ਨਹੀਂ ਗਈ ਫਿਰ ਉਸਨੇ ਆਪਣਾ ਮੂੰਹ ਬਾਲਟੀ ਵੱਲ ਨਹੀਂ ਕੀਤਾ।

ਔਰਤ ਨੇ ਆਪਣਾ ਘੜਾ ਭਰਿਆ, ਰੱਸੀ ਲਪੇਟੀ, ਘੜਾ ਸਿਰ 'ਤੇ ਰੱਖਿਆ ਤੇ ਆਪਣੇ ਰਸਤੇ ਚੱਲ ਪਈ। ਔਰਤ ਦੇ ਉਪਕਾਰ ਦਾ ਅਸਰ ਊਠ ਉੱਤੇ ਬੜਾ ਹੋਇਆ। ਇਸ ਉਪਕਾਰ ਦਾ ਬਦਲਾ ਚੁਕਾਉਣ ਦਾ ਫੈਸਲਾ ਕਰ ਲਿਆ। ਉਹ ਉਸ ਔਰਤ ਦੇ ਪਿੱਛੇ-ਪਿੱਛੇ ਚੱਲ ਪਿਆ। ਰਸਤੇ ਵਿਚ ਔਰਤ ਨੇ ਪਿੱਛੇ ਮੁੜ ਕੇ ਵੇਖਿਆ ਤਾਂ ਊਠ ਉਸਦੇ ਪਿੱਛੇ ਆ ਰਿਹਾ ਸੀ। ਉਸਨੇ ਘੜਾ ਸਿਰ ਤੋਂ ਉਤਾਰ ਕੇ ਹੇਠਾਂ ਰੱਖ ਦਿੱਤਾ ਤੇ ਪਾਣੀ ਦੀ ਭਰੀ ਬਾਲਟੀ ਉਸਦੇ ਅੱਗੇ ਰੱਖ ਦਿੱਤੀ। ਊਠ ਨੇ ਪਾਣੀ ਨਹੀਂ ਪੀਤਾ। ਊਠ ਤਾਂ ਉਸ ਮੌਕੇ ਦੀ ਤਲਾਸ਼ ਵਿਚ ਸੀ ਕਿ ਜਦੋਂ ਉਹ ਔਰਤ ਦੇ ਉਪਕਾਰ ਦਾ ਬਦਲਾ ਚੁਕਾ ਸਕੇ। ਔਰਤ ਕਹਿਣ ਲੱਗੀ—ਅਰੇ ਬਈ! ਕਿਉਂ ਮੇਰੇ ਪਿੱਛੇ ਆ ਰਹੇ ਹੋ। ਪਿਆਸ ਨਹੀਂ ਬੁਝੀ ਤਾਂ ਹੋਰ ਪੀ ਲਉ ਅਤੇ ਆਪਣਾ ਰਸਤਾ ਨਾਪੋ। ਜਵਾਬ ਵਿਚ ਊਠ ਉਸ ਔਰਤ ਦੇ ਸਾਹਮਣੇ ਚਾਰੇ ਪੈਰ ਮੋੜ ਕੇ ਬੈਠ ਗਿਆ ਤੇ ਆਪਣੀ ਪਿੱਠ 'ਤੇ ਬੈਠਣ ਲਈ ਇਸ਼ਾਰਾ ਕਰਨ ਲੱਗਾ। ਔਰਤ ਇਸਦੇ ਇਸ਼ਾਰੇ ਨੂੰ ਸਮਝੀ ਨਹੀਂ ਤੇ ਅੱਗੇ ਵੱਧ ਗਈ। ਰਸਤੇ ਵਿਚ ਔਰਤ ਦਾ ਰਸਤਾ ਫਿਰ ਊਠ ਰੋਕ ਕੇ ਬੈਠ ਗਿਆ। ਹੁਣ ਔਰਤ ਉਸਦੀ ਭਾਵਨਾ ਸਮਝ ਗਈ ਤੇ ਕਹਿਣ ਲੱਗੀ, ਨਹੀਂ ਮੈਂ ਪੈਦਲ ਚਲੀ ਜਾਵਾਂਗੀ। ਤੂੰ ਆਪਣੇ ਘਰ ਵਾਪਸ ਚਲਾ ਜਾ। ਵਾਰ-ਵਾਰ ਇਸ਼ਾਰਾ ਕਰਨ ਤੇ ਔਰਤ ਊਠ 'ਤੇ ਬੈਠ ਗਈ। ਊਠ ਨੂੰ ਬਹੁਤ ਸੰਤੁਸ਼ਟੀ ਮਿਲੀ। ਉਹ ਔਰਤ ਦੇ ਘਰ ਵੱਲ ਚੱਲ ਪਿਆ। ਔਰਤ ਦਾ ਘਰ ਆ ਗਿਆ। ਊਠ ਬੈਠ ਗਿਆ। ਔਰਤ ਉਸ ਦੀ ਪਿੱਠ ਤੋਂ ਉੱਤਰ ਕੇ ਆਪਣੇ ਘਰ ਚਲੀ ਗਈ। ਊਠ ਉੱਥੇ ਹੀ ਬੈਠਾ ਰਿਹਾ। ਊਠ ਨੂੰ ਇਤਨੇ 'ਤੇ ਹੀ ਸੰਤੁਸ਼ਟੀ ਨਹੀਂ ਮਿਲੀ। ਪਾਣੀ ਪਿਲਾ ਕੇ ਔਰਤ ਨੇ ਉਸਦੀ ਜਾਨ ਬਚਾਈ ਸੀ। ਊਠ ਨੂੰ ਮਹਿਸੂਸ ਹੋਣ ਲੱਗਾ ਕਿ ਉਹ ਆਪਣੀ ਜਾਨ ਦੇ ਕੇ ਹੀ ਔਰਤ

ਦੇ ਉਪਕਾਰ ਦਾ ਬਦਲਾ ਚੁਕਾ ਸਕਦਾ ਹੈ। ਉਸਨੇ ਔਰਤ ਦੇ ਘਰ ਪਾਲਤੂ ਜਾਨਵਰ ਬਣ ਕੇ ਰਹਿਣ ਦਾ ਫੈਸਲਾ ਕਰ ਲਿਆ ਸੀ।

## ਬੱਚਤ

*—ਬਿੰਦੀਆ ਰਾਣੀ*

ਨਿੱਕਾ ਤੇ ਵਿੱਕੀ ਦੋਵੇਂ ਸਕੇ ਭਰਾ ਸਨ। ਨਿੱਕਾ ਤੇ ਵਿੱਕੀ ਦੋਵੇਂ ਪੰਜਵੀਂ ਜਮਾਤ ਵਿਚ ਪੜ੍ਹਦੇ ਸਨ ਤੇ ਪੜ੍ਹਾਈ ਵਿਚ ਦੋਵੇਂ ਬਹੁਤ ਹੁਸ਼ਿਆਰ ਸਨ। ਨਿੱਕਾ ਹਮੇਸ਼ਾ ਛੋਟੀਆਂ ਤੋਂ ਛੋਟੀਆਂ ਚੀਜ਼ਾਂ ਦੀ ਬੱਚਤ ਕਰਦਾ ਪਰ ਵਿੱਕੀ ਇੰਨਾਂ ਗੱਲਾਂ ਵਿਚ ਧਿਆਨ ਨਹੀਂ ਦਿੰਦਾ ਸੀ। ਜਿਸ ਕਾਰਨ ਉਸਦੇ ਪਿਤਾ ਉਸਨੂੰ ਸਮਝਾਉਂਦੇ ਰਹਿੰਦੇ ਪਰ ਉਹ ਨਾ ਸੁਧਰਦਾ। ਜੇਕਰ ਉਹ ਕਮਰੇ ਤੋਂ ਬਾਹਰ ਜਾਂਦਾ ਤਾਂ ਪੱਖੇ ਨੂੰ ਚੱਲਦਾ ਛੱਡ ਜਾਂਦਾ, ਜੇ ਟੀ.ਵੀ. ਦੇਖ ਕੇ ਉੱਠ ਜਾਂਦਾ ਤਾਂ ਟੀ.ਵੀ. ਚੱਲਦਾ ਛੱਡ ਦਿੰਦਾ ਤੇ ਰਾਤ ਹੋਣ ਤੇ ਜਦੋਂ ਕਮਰੇ ਵਿਚ ਪੜ੍ਹਦਾ ਤਾਂ ਆਪਣੇ ਪੜ੍ਹਨ ਵਾਲੇ ਟੇਬਲ ਦੀ ਲਾਈਟ ਜਗਦੀ ਛੱਡ ਦਿੰਦਾ ਤੇ ਆਪਣੇ ਕਮਰੇ ਦੀ ਲਾਈਟ ਵੀ ਜਗਾ ਕੇ ਸੌਂਦਾ ਜਿਸ ਕਾਰਨ ਉਸਨੂੰ ਰੋਜ਼ ਝਿੜਕਾਂ ਪੈਂਦੀਆਂ ਪਰ ਉਹ ਨਾ ਸਮਝਦਾ। ਨਿੱਕਾ ਵੀ ਉਸਨੂੰ ਬਹੁਤ ਸਮਝਾਉਂਦਾ ਰਹਿੰਦਾ ਪਰ ਉਸਦੇ ਕੰਨ ਤੇ ਜੂੰ ਨਹੀਂ ਸਰਕਦੀ।

ਜਦੋਂ ਘਰ ਬਿਜਲੀ ਦਾ ਬਿੱਲ ਆਇਆ ਦੇਖਿਆ ਕਿ ਬਿਲ ਐਨਾ ਜ਼ਿਆਦਾ ਆਇਆ ਤਾਂ ਸਭ ਹੱਕੇ ਬੱਕੇ ਰਹਿ ਗਏ। 4000 ਰੁ. ਬਿੱਲ ਐਨੇ ਵਿਚ ਤਾਂ ਰਸੋਈ ਦਾ ਰਾਸ਼ਨ ਆ ਜਾਂਦਾ ਹੈ। ਬਿੱਲ ਦੇਖ ਕੇ ਸਾਰੇ ਲੱਗੇ ਵਿੱਕੀ ਨੂੰ ਝਿੜਕਨ, ਸਭ ਤੇਰੇ ਵਜ੍ਹਾ ਨਾਲ ਹੋਇਆ। ਕਦੀ ਵੀ ਪੱਖਾ, ਟੀ.ਵੀ., ਲਾਈਟ ਬੰਦ ਨਹੀਂ ਕਰਦਾ। ਕਦੀ ਕਿਸੇ ਕਮਰੇ ਦੀ ਲਾਈਟ, ਪੱਖੇ ਚਲਾਈ ਰੱਖਦਾ ਤੇ ਕਦੇ ਕਿਸੇ ਕਮਰੇ ਦੀ। ਹੁਣ ਐਨਾ ਬਿੱਲ ਕਿੱਥੋਂ ਦੇਵਾਂਗੇ ਅਸੀਂ, ਬੋਲ। ਵਿੱਕੀ ਕੁਝ ਨਹੀਂ ਬੋਲ ਰਿਹਾ ਸੀ ਬੱਸ ਬੁੱਤ ਦੀ ਤਰ੍ਹਾਂ ਖੜ੍ਹਾ ਸੀ ਤੇ ਸਭ ਕੁਝ ਸੁਣੀ ਜਾ ਰਿਹਾ ਸੀ। ਮੰਮੀ ਦੀਆਂ ਝਿੜਕਾਂ ਸੁਣ ਕੇ ਅੰਦਰ ਚਲਾ ਗਿਆ। ਅੰਦਰ ਕਮਰੇ ਵਿਚ ਨਿੱਕਾ ਵਿੱਕੀ ਨੂੰ ਕਹਿਣ ਲੱਗਾ ਦੇਖ ਜੇਕਰ ਪੱਖੇ, ਲਾਈਟਾਂ, ਟੀ.ਵੀ. ਤੂੰ ਚੱਲਦਾ ਛੱਡੇਂਗਾ ਤਾਂ ਬਿੱਲ ਐਨਾ ਜ਼ਿਆਦਾ ਆਏਗਾ ਹੀ, ਬਿਜਲੀ ਕਿਹੜਾ ਮੁਫਤ ਦੀ ਹੈ ਇਸ ਨੂੰ ਬਣਾਉਣ ਲਈ ਵੀ ਮਿਹਨਤ ਲੱਗਦੀ ਹੈ। ਤੂੰ ਸਾਰਾ ਦਿਨ ਅਵਾਗੌਣ ਸਾਰਾ ਕੁਝ ਚਲਾਈ ਰੱਖਦਾ ਹੈਂ। ਸੋਚ ਜੇ ਬਿਲ ਹੀ ਐਨਾ ਆਈ ਜਾਏਗਾ ਤਾਂ ਮੰਮੀ ਪਾਪਾ ਬਾਕੀ ਖਰਚਾ ਕਿੱਥੋਂ ਕਰਨਗੇ ? ਵਿੱਕੀ ਸਭ ਕੁਝ ਸੁਣੀ ਜਾ ਰਿਹਾ ਸੀ ਤੇ ਕੁਝ ਦੇਰ ਚੁੱਪ ਕਰਨ ਤੋਂ ਬਾਅਦ ਉੱਠਿਆ ਤੇ ਕਮਰੇ ਤੋਂ ਬਾਹਰ ਗਿਆ। ਮੰਮੀ ਪਾਪਾ ਕੋਲ ਜਾ ਕੇ ਮਾਫੀ ਮੰਗੀ ਤੇ ਕਿਹਾ ਮੈਂ ਅੱਗੇ ਤੋਂ ਅਜਿਹੀ ਗਲਤੀ ਦੁਬਾਰਾ ਨਹੀਂ ਕਰਾਂਗਾ। ਪੱਖੇ, ਟੀ.ਵੀ., ਲਾਈਟਾਂ ਆਦਿ ਬੰਦ ਕਰਕੇ ਬਿਜਲੀ

ਦੀ ਬੱਚਤ ਕਰਾਂਗਾ। ਇਹ ਸੁਣ ਕੇ ਨਿੱਕਾ ਤੇ ਉਸਦੇ ਮੰਮੀ ਪਾਪਾ ਬਹੁਤ ਖੁਸ਼ ਹੋਏ। ਪਾਪਾ ਨੇ ਵਿੱਕੀ ਨੂੰ ਗਲ ਨਾਲ ਲਗਾ ਲਿਆ ਤੇ ਮੰਮੀ ਜੀ ਕਹਿਣ ਲੱਗੇ, ਚਲੋ ਸ਼ੁਕਰ ਹੈ ਕੁਝ ਅਕਲ ਤਾਂ ਆਈ। ਨਿੱਕਾ ਇਹ ਸਭ ਦੇਖ ਕੇ ਮੁਸਕਰਾ ਰਿਹਾ ਸੀ।

## ਪਛਤਾਵਾ

*—ਹਰਪ੍ਰੀਤ ਕੌਰ*

ਇਕ ਸ਼ਹਿਰ ਵਿਚ ਚਿੰਟੂ ਨਾਂ ਦਾ ਲੜਕਾ ਰਹਿੰਦਾ ਸੀ। ਉਹ ਬਹੁਤ ਸ਼ਰਾਰਤੀ ਹੋਣ ਦੇ ਨਾਲ-ਨਾਲ ਬਹੁਤ ਲੜਾਕੂ ਸੀ। ਉਸਨੂੰ ਟੈਲੀਵਿਜ਼ਨ ਦੇਖਣ ਦੀ ਭੈੜੀ ਆਦਤ ਸੀ। ਉਹ ਸਕੂਲ ਤੋਂ ਆਉਂਦਾ ਹੀ ਟੈਲੀਵਿਜ਼ਨ ਅੱਗੇ ਬੈਠ ਜਾਂਦਾ ਤੇ ਦੇਰ ਰਾਤ ਤੱਕ ਦੇਖਦਾ ਰਹਿੰਦਾ। ਉਹ ਸਕੂਲ ਦਾ ਕੰਮ ਵੀ ਨਹੀਂ ਕਰਦਾ ਸੀ ਜਿਸ ਕਾਰਨ ਉਸਨੂੰ ਅਕਸਰ ਅਧਿਆਪਕ ਤੋਂ ਝਿੜਕਾਂ ਪੈਂਦੀਆਂ ਸੀ। ਜੇਕਰ ਕਦੇ ਚਿੰਟੂ ਕੰਮ ਕਰਦਾ ਵੀ ਤਾਂ ਉਹ ਵੀ ਟੈਲੀਵਿਜ਼ਨ ਅੱਗੇ ਬੈਠ ਕੇ ਹੀ ਕਰਦਾ। ਉਸਦੇ ਮਾਤਾ-ਪਿਤਾ ਉਸਨੂੰ ਬਹੁਤ ਸਮਝਾਉਂਦੇ ਪਰ ਚਿੰਟੂ ਤੇ ਕੋਈ ਅਸਰ ਨਹੀਂ ਹੁੰਦਾ। ਉਸਦੇ ਮਾਤਾ-ਪਿਤਾ ਪਰੇਸ਼ਾਨ ਰਹਿੰਦੇ ਕੀ ਚਿੰਟੂ ਦੀ ਕਿਤੇ ਨਜ਼ਰ ਖ਼ਰਾਬ ਨਾ ਹੋ ਜਾਵੇ ਤੇ ਉਸਦੀ ਪੜ੍ਹਾਈ ਤੇ ਬੁਰਾ ਅਸਰ ਨਾ ਪਵੇ।

ਚਿੰਟੂ ਆਪਣੇ ਮਾਤਾ-ਪਿਤਾ ਦੀਆਂ ਗੱਲਾਂ ਵੱਲ ਧਿਆਨ ਨਹੀਂ ਦਿੰਦਾ। ਉਹ ਤਾਂ ਇਹ ਕਹਿੰਦਾ ਕਿ ਟੈਲੀਵਿਜਨ ਦੇਖਣ ਨਾਲ ਨਜ਼ਰ ਥੋੜ੍ਹਾ ਖ਼ਰਾਬ ਹੁੰਦੀ ਹੈ। ਚਿੰਟੂ ਦੇ ਮਾਤਾ ਪਿਤਾ ਚਿੰਟੂ ਦੇ ਇਸ ਵਰਤਾਉ ਤੋਂ ਬਹੁਤ ਦੁਖੀ ਸਨ। ਉਹ ਇਸ ਕਰਕੇ ਵੀ ਪਰੇਸ਼ਾਨ ਸਨ ਕਿਉਂਕਿ ਚਿੰਟੂ ਦੇ ਪੇਪਰ ਨੇੜੇ ਆ ਰਹੇ ਸਨ। ਕਈ ਦਿਨ ਬੀਤ ਗਏ ਇਕ ਵਾਰ ਟੈਲੀਵਿਜਨ ਦੇਖਦਿਆਂ ਚਿੰਟੂ ਦੀਆਂ ਅੱਖਾਂ ਦੁਖਣ ਲੱਗ ਪਈਆਂ। ਚਿੰਟੂ ਨੇ ਇਸ ਬਾਰੇ ਆਪਣੇ ਮਾਤਾ ਪਿਤਾ ਨੂੰ ਨਾ ਦੱਸਿਆ ਪਰ ਕੁਝ ਦਿਨ ਬੀਤ ਜਾਣ ਤੋਂ ਬਾਅਦ ਵੀ ਚਿੰਟੂ ਦੀਆਂ ਅੱਖਾਂ ਦੁਖਣ ਤੋਂ ਨਾ ਹਟੀਆਂ। ਚਿੰਟੂ ਦੀ ਮਾਤਾ ਜੀ ਨੂੰ ਇਹ ਪਤਾ ਲੱਗ ਗਿਆ। ਉਹ ਉਸਨੂੰ ਡਾਕਟਰ ਕੋਲ ਲੈ ਗਈ। ਡਾਕਟਰ ਨੇ ਚਿੰਟੂ ਦਾ ਚੈਕਅੱਪ ਕੀਤਾ ਤੇ ਕਿਹਾ ਕਿ ਇਸਦੀ ਨਜ਼ਰ ਕਮਜ਼ੋਰ ਹੋ ਗਈ ਹੈ ਜਿਸ ਕਾਰਨ ਇਸਨੂੰ ਐਨਕਾਂ ਲੱਗਣਗੀਆਂ। ਇਹ ਸੁਣ ਕੇ ਚਿੰਟੂ ਰੋਣ ਲੱਗਾ ਤੇ ਕਹਿਣ ਲੱਗਾ ਮਾਤਾ ਜੀ ਮੈਨੂੰ ਮਾਫ ਕਰ ਦਿਉ ਜੇਕਰ ਮੈਂ ਤੁਹਾਡੀ ਗੱਲ ਮੰਨ ਲਈ ਹੁੰਦੀ ਤਾਂ ਮੇਰੀ ਨਜ਼ਰ ਕਮਜ਼ੋਰ ਨਾ ਹੁੰਦੀ। ਇਹ ਸੁਣ ਕੇ ਡਾਕਟਰ ਨੇ ਚਿੰਟੂ ਨੂੰ ਹੌਸਲਾ ਦਿੱਤਾ ਤੇ ਕਿਹਾ ਜੇਕਰ ਤੂੰ ਹੁਣ ਵੀ ਟੀ.ਵੀ. ਦੇਖਣਾ ਬੰਦ ਕਰ ਦੇਵੇ ਤਾਂ ਤੇਰੀ ਨਜ਼ਰ ਠੀਕ ਹੋ ਸਕਦੀ ਹੈ। ਚਿੰਟੂ ਦੀ ਮਾਤਾ ਜੀ ਨੇ ਚਿੰਟੂ ਦੇ ਸਿਰ ਤੇ ਪਿਆਰ ਨਾਲ ਹੱਥ ਫੇਰਿਆ ਤੇ ਉਸਨੂੰ ਘਰ ਲੈ ਗਏ ਤੇ ਇਸ ਤਰ੍ਹਾਂ ਚਿੰਟੂ ਨੇ ਟੈਲੀਵਿਜ਼ਨ ਦੇਖਣਾ ਬੰਦ ਕਰ ਦਿੱਤਾ।

# ਤੋਤੇ ਦੇ ਜਨਮ ਦਿਨ ਦਾ ਤੋਹਫ਼ਾ

*—ਸੁਖਚੰਚਲ ਕੌਰ*

ਇਕ ਹਰਾ-ਭਰਾ ਤੇ ਬੜਾ ਸਾਰਾ ਜੰਗਲ ਸੀ। ਉਸ ਜੰਗਲ ਦੇ ਇਕ ਹਰੇ-ਭਰੇ ਦਰਖ਼ਤ ਵਿਚ ਇਕ ਛੋਟਾ ਅਤੇ ਪਿਆਰਾ ਜਿਹਾ ਤੋਤਾ ਆਪਣੇ ਮਾਤਾ-ਪਿਤਾ ਨਾਲ ਰਹਿੰਦਾ ਸੀ। ਉਸ ਤੋਤੇ ਦੇ ਬਹੁਤ ਸਾਰੇ ਦੋਸਤ ਸਨ। ਸਾਰੇ ਦੋਸਤਾਂ ਵਿਚੋਂ ਤਿੰਨ ਦੋਸਤ ਉਸਦੇ ਪੱਕੇ ਦੋਸਤ ਸਨ। ਉਹਨਾਂ ਤਿੰਨਾਂ ਦੋਸਤਾਂ ਦਾ ਨਾਂ ਸੀ—ਮੋਰ, ਕੁਇਲ ਤੇ ਘੁੱਗੀ। ਮੋਰ, ਕੋਇਲ ਤੇ ਘੁੱਗੀ ਦੀ ਵੀ ਇਕ ਸਹੇਲੀ ਸੀ। ਉਸ ਦਾ ਨਾਮ ਗਾਂ ਸੀ। ਥੋੜ੍ਹੇ ਦਿਨਾਂ ਬਾਅਦ ਤੋਤੇ ਦਾ ਜਨਮ ਦਿਨ ਆਉਣ ਵਾਲਾ ਸੀ। ਮੋਰ, ਕੋਇਲ ਤੇ ਘੁੱਗੀ ਇਹ ਚਾਹੁੰਦੇ ਸਨ ਕਿ ਉਹ ਆਪਣੇ ਦੋਸਤ ਤੋਤੇ ਨੂੰ ਕੋਈ ਬਹੁਤ ਸੋਹਣਾ ਤੇ ਵਧੀਆ ਤੋਹਫਾ ਦੇਣ। ਉਹਨਾਂ ਤਿੰਨਾਂ ਨੂੰ ਕੁਝ ਨਹੀਂ ਸੁੱਝ ਰਿਹਾ ਸੀ। ਉਹਨਾਂ ਨੇ ਆਪਣੀ ਸਹੇਲੀ ਗਾਂ ਕੋਲ ਜਾ ਕੇ ਸਲਾਹ ਲਈ। ਗਾਂ ਨੇ ਸਲਾਹ ਦਿੱਤੀ, "ਤੁਸੀਂ ਤਿੰਨੋਂ ਏਦਾਂ ਦਾ ਬਗੀਚਾ ਟੋਹਲੋ ਜਿਸ ਵਿਚ ਤੋਤਿਆਂ ਦੇ ਸਾਰੇ ਮਨਪਸੰਦ ਫਲ਼ਾਂ ਦੇ ਦਰਖ਼ਤ ਹੋਣ। ਗਾਂ ਨੇ ਉਹਨਾਂ ਤਿੰਨਾਂ ਨੂੰ ਅਲੱਗ-ਅਲੱਗ ਦਿਸ਼ਾ ਵਿਚ ਜਾਣ ਨੂੰ ਕਿਹਾ ਤਾਂ ਜੋ ਉਹਨਾਂ ਨੂੰ ਜਲਦੀ ਹੀ ਉਹ ਬਗੀਚਾ ਲੱਭ ਜਾਵੇ। ਮੋਰ ਉੱਤਰ ਦਿਸ਼ਾ ਵੱਲ ਉੱਡ ਗਿਆ। ਕੋਇਲ ਪੂਰਬ ਦਿਸ਼ਾ ਵੱਲ ਉੱਡ ਗਈ ਅਤੇ ਘੁੱਗੀ ਪੱਛਮ ਦਿਸ਼ਾ ਵੱਲ ਉੱਡ ਗਈ। ਗਾਂ ਤਾਂ ਉੱਡ ਹੀ ਨਹੀਂ ਸੀ ਸਕਦੀ ਤਾਂ ਉਹ ਦੱਖਣ ਦਿਸ਼ਾ ਵੱਲ ਤੁਰ ਕੇ ਗਈ।

ਜੰਗਲ ਵਿਚ ਬਹੁਤ ਸਾਰੇ ਜੰਗਲੀ ਬਗੀਚੇ ਸਨ ਜਿਹੜੇ ਆਪ ਹੀ ਉੱਗੇ ਸਨ। ਮੋਰ ਨੂੰ ਇਕ ਬਗੀਚਾ ਲੱਭਾ ਜਿਸ ਵਿਚ ਫੁੱਲ ਹੀ ਫੁੱਲ ਸਨ। ਘੁੱਗੀ ਨੂੰ ਇਕ ਬਗੀਚਾ ਮਿਲਿਆ ਜਿਸ ਵਿਚ ਅਲੱਗ-ਅਲੱਗ ਤਰ੍ਹਾਂ ਦੀਆਂ ਸਬਜ਼ੀਆਂ ਸਨ। ਕੋਇਲ ਨੂੰ ਇਕ ਫਲਾਂ ਦਾ ਬਗੀਚਾ ਤਾਂ ਲੱਭਿਆ ਪਰ ਉਸ ਵਿਚ ਸਾਰੇ ਫਲਾਂ ਦੇ ਦਰਖ਼ਤ ਨਹੀਂ ਸਨ। ਗਾਂ ਨੂੰ ਵੀ ਇਕ ਫਲਾਂ ਦਾ ਬਗੀਚਾ ਮਿਲਿਆ। ਉਸ ਵਿਚ ਹਰ ਤਰ੍ਹਾਂ ਦੇ ਫਲਾਂ ਦੇ ਦਰਖ਼ਤ ਸਨ। ਸ਼ਾਮ ਨੂੰ ਜਦ ਉਹ ਸਭ ਇਕ ਥਾਂ ਤੇ ਇਕੱਠੇ ਹੋਏ ਤਾਂ ਸਾਰਿਆਂ ਨੇ ਆਪਣੇ-ਆਪਣੇ ਬਗੀਚਿਆਂ ਬਾਰੇ ਦੱਸਿਆ। ਮੋਰ, ਕੋਇਲ ਤੇ ਘੁੱਗੀ ਨੂੰ ਤਾਂ ਗਾਂ ਦਾ ਬਗੀਚਾ ਹੀ ਚੰਗਾ ਲੱਗਿਆ ਕਿਉਂਕਿ ਉਸ ਵਿਚ ਸਾਰੇ ਫਲਾਂ ਦੇ ਦਰਖ਼ਤ ਸਨ। ਚਾਰਾਂ ਨੇ ਇਹ ਫੈਸਲਾ ਕੀਤਾ ਕਿ ਉਹ ਗਾਂ ਦੇ ਲੱਭੇ ਬਗੀਚੇ ਨੂੰ ਹੀ ਤੋਤੇ ਨੂੰ ਤੋਹਫੇ ਵਾਂਗ ਦੇਣਗੇ।

ਤੋਤੇ ਦਾ ਜਨਮ ਦਿਨ ਆਖਿਰ ਆ ਹੀ ਗਿਆ। ਤੋਤਾ ਬਹੁਤ ਖ਼ੁਸ਼ ਸੀ। ਉਸਦੇ ਪਰਿਵਾਰ, ਦੋਸਤਾਂ ਤੇ ਰਿਸ਼ਤੇਦਾਰਾਂ ਨੇ ਉਸ ਨੂੰ ਸਵੇਰੇ-ਸਵੇਰੇ ਜਨਮ ਦਿਨ ਮੁਬਾਰਕ ਕਿਹਾ। ਗਾਂ ਨੇ ਵੀ ਉਸ ਨੂੰ ਜਨਮ ਦਿਨ ਮੁਬਾਰਕ ਕਿਹਾ। ਫਿਰ ਗਾਂ ਨੇ ਕਿਹਾ ਅੱਜ ਮੈਂ ਤੋਤੇ ਨੂੰ ਆਪਣੀ ਪਿੱਠ ਉੱਤੇ ਸਵਾਰੀ ਕਰਾਵਾਂਗੀ। ਪਰ ਤੋਤੇ ਦੇ ਸਾਰੇ ਦੋਸਤ,

ਰਿਸ਼ਤੇਦਾਰ ਅਤੇ ਪਰਿਵਾਰ ਵਾਲੇ ਗਾਂ ਦੀ ਪਿੱਠ ਉੱਤੇ ਬੈਠ ਗਏ। ਗਾਂ ਹੈਰਾਨ ਰਹਿ ਗਈ। ਜਨਮ ਦਿਨ ਵਾਲਾ ਤੋਤਾ ਸਾਰਿਆਂ ਦੇ ਵਿਚਕਾਰ ਬੈਠਾ ਸੀ। ਸਾਰੇ ਜਨਮ ਦਿਨ ਮੁਬਾਰਕ ਵਾਲਾ ਗਾਣਾ ਗਾਉਣ ਲੱਗੇ। ਗਾਂ ਠੁਮਕ-ਠੁਮਕ ਕੇ ਤੁਰਦੀ-ਤੁਰਦੀ ਸਾਰਿਆਂ ਨੂੰ ਫਲਾਂ ਦੇ ਬਗੀਚੇ ਵਿਚ ਲੈ ਗਈ। ਤੋਤੇ ਦੇ ਸਾਰੇ ਪਰਿਵਾਰ ਵਾਲੇ ਅਤੇ ਰਿਸ਼ਤੇਦਾਰ ਫਲਾਂ ਦਾ ਸੋਹਣਾ ਬਗੀਚਾ ਵੇਖ ਕੇ ਹੈਰਾਨ ਹੋ ਗਏ। ਸਾਰੇ ਤੋਤੇ ਗਾਂ ਦੀ ਪਿੱਠ ਤੋਂ ਫੁਰ-ਰ-ਰ-ਰ ਉਡਾਰੀ ਮਾਰ ਕੇ ਆਪਣੇ ਮਨਪਸੰਦ ਦੇ ਫਲਾਂ ਦੇ ਦਰਖ਼ਤਾਂ ਤੇ ਬੈਠ ਗਏ। ਸਭ ਆਪਣੇ ਮਨਪਸੰਦ ਫਲਾਂ ਨੂੰ ਮਚਰ -ਮਚਰ ਖਾਣ ਲੱਗ ਪਏ। ਸਾਰਿਆਂ ਤੋਂ ਹੈਰਾਨ ਜਨਮ ਦਿਨ ਵਾਲਾ ਤੋਤਾ ਸੀ। ਉਸ ਨੇ ਆਪਣੇ ਸਾਰੇ ਦੋਸਤਾਂ ਤੇ ਗਾਂ ਨੂੰ ਸ਼ੁਕਰੀਆ ਅਦਾ ਕੀਤਾ ਕਿ ਉਹਨਾਂ ਨੇ ਉਸ ਨੂੰ ਜਨਮ ਦਿਨ ਦਾ ਬਹੁਤ ਸੋਹਣਾ ਤੋਹਫਾ ਦਿੱਤਾ। ਇਹ ਤੋਹਫਾ ਉਸ ਨੂੰ ਇਕੱਲੇ ਨੂੰ ਹੀ ਨਹੀਂ ਮਿਲਿਆ ਬਲਕਿ ਉਸਦੇ ਸਾਰੇ ਰਿਸ਼ਤੇਦਾਰਾਂ ਤੇ ਪਰਿਵਾਰ ਨੂੰ ਵੀ ਮਿਲਿਆ। ਸਾਰੇ ਤੋਤੇ, ਮੋਰ, ਘੁੱਗੀ, ਕੋਇਲ ਤੇ ਗਾਂ ਨਾਲ ਫਲਾਂ ਵਾਲੇ ਬਗੀਚੇ ਵਿਚ ਹੀ ਖੁਸ਼ੀ-ਖੁਸ਼ੀ ਰਹਿਣ ਲੱਗ ਪਏ।

## ਨੰਨੂ ਬਣ ਗਈ ਚੂਚਿਆਂ ਦੀ ਮਾਂ

*—ਸੁਖਚੰਚਲ ਕੌਰ*

ਮੇਰਾ ਨਾਮ ਨੰਨੂ ਹੈ। ਇਕ ਦਿਨ ਮੈਂ ਆਪਣੇ ਘਰ ਦੇ ਵਿਹੜੇ ਵਿਚ ਕੁੱਕੜੀ ਨੂੰ ਦਾਣੇ ਪਾ ਰਹੀ ਸੀ। ਸਾਰੇ ਕੁੱਕੜ ਅਤੇ ਕੁਕੜੀਆਂ ਨੇ ਦਾਣੇ ਖਾ ਲਏ ਅਤੇ ਵਿਹੜੇ ਵਿਚ ਇਧਰ-ਉਧਰ ਘੁੰਮਣ ਲੱਗੇ। ਪਰ ਇਕ ਕੁਕੜੀ ਦਾਣੇ ਖਾਣ ਲਈ ਖੁੱਡ ਵਿਚੋਂ ਬਾਹਰ ਨਹੀਂ ਨਿਕਲ ਰਹੀ ਸੀ। ਉਸ ਕੁਕੜੀ ਨੇ ਬਾਕੀ ਕੁਕੜੀਆਂ ਦੇ 6 ਆਂਡੇ ਚੋਰੀ ਕਰਕੇ ਆਪਣੇ ਖੂੰਜੇ ਵਿਚ ਰੱਖ ਲਏ। ਅਤੇ ਆਪ ਉਹਨਾਂ ਦੇ ਉੱਪਰ ਬੈਠ ਗਈ। ਉਹ ਚਾਹੁੰਦੀ ਸੀ ਕਿ ਉਹ ਉਹਨਾਂ ਆਂਡਿਆਂ ਵਿਚੋਂ ਚੂਚੇ ਕੱਢੇ ਤੇ ਉਹਨਾਂ ਨੂੰ ਪਾਲੇ-ਪੋਸੇ।

ਮੇਰੇ ਮਾਮਾ ਜੀ ਨੇ 6 ਹੋਰ ਆਂਡੇ ਉਸ ਕੁੱਕੜੀ ਦੇ ਹੇਠਾਂ ਰੱਖ ਦਿੱਤੇ। ਕੁੱਕੜੀ ਨੇ ਧਰਨਾ ਮਲ ਲਿਆ। ਮੈਂ ਰੋਜ਼ ਇਹ ਦੇਖਣ ਜਾਂਦੀ ਕਿ ਆਂਡਿਆਂ ਵਿਚੋਂ ਚੂਚੇ ਨਿਕਲੇ ਜਾਂ ਨਹੀਂ। ਆਖੀਰ 21 ਦਿਨਾਂ ਦੇ ਇੰਤਜ਼ਾਰ ਤੋਂ ਬਾਅਦ ਮੈਂ ਦੇਖਿਆ ਕਿ ਆਂਡੇ ਟੁੱਟ ਰਹੇ ਸਨ ਤੇ ਉਹਨਾਂ ਵਿਚੋਂ ਚੂਚਿਆਂ ਦੀਆਂ ਨਿੱਕੀਆਂ-ਨਿੱਕੀਆਂ ਚੁੰਝਾਂ ਬਾਹਰ ਆ ਰਹੀਆਂ ਸਨ। ਧਰਨੇ ਵਾਲੀ ਕੁੱਕੜੀ ਆਪਣਿਆਂ ਚੂਚਿਆਂ ਨੂੰ ਵੇਖ ਕੇ ਬਹੁਤ ਖੁਸ਼ ਸੀ। ਫਿਰ ਜਦੋਂ ਮੈਂ ਉਹਨਾਂ ਨੂੰ ਕੱਚਾ ਦਲੀਆ ਵਿਹੜੇ ਵਿਚ ਪਾਇਆ ਤਾਂ ਕੁਕੜੀ

ਮਾਂ ਦੌੜੀ-ਦੌੜੀ ਬਾਹਰ ਨੂੰ ਆਈ ਤੇ ਉਸਦੇ ਚੂਚੇ ਵੀ ਉਸਦੇ ਪਿੱਛੇ-ਪਿੱਛੇ ਬਾਹਰ ਦੌੜੇ ਆਏ। ਕੁਕੜੀ ਮਾਂ ਨੇ ਚੂਚਿਆਂ ਨੂੰ ਦਲੀਆ ਖਾਣ ਦੀ ਟ੍ਰੇਨਿੰਗ ਦਿੱਤੀ। ਵੀਹ ਦਿਨ ਵਿਚ ਕੁਕੜੀ ਮਾਂ ਨੇ ਆਪਣੇ ਚੂਚਿਆਂ ਨੂੰ ਬਹੁਤ ਕੁਝ ਸਿਖਾ ਦਿੱਤਾ। ਫਿਰ ਕੁਕੜੀ ਮਾਂ ਨੇ ਅਚਾਨਕ ਹੀ ਆਪਣੇ ਚੂਚਿਆਂ ਨੂੰ ਛੱਡ ਦਿੱਤਾ। ਜਦੋਂ ਵੀ ਚੂਚੇ ਕੁਕੜੀ ਮਾਂ ਕੋਲ ਆਂਦੇ ਤਾਂ ਉਹ ਉਹਨਾਂ ਦੇ ਆਪਣੀ ਚੁੰਜ ਨਾਲ ਠੁੰਗੇ ਮਾਰਦੀ। ਚੂਚੇ ਉਸ ਕੋਲੋਂ ਡਰਦੇ-ਡਰਦੇ ਸਾਡੇ ਵਿਹੜੇ ਦੀ ਘਾਹ ਵਿਚ ਲੁੱਕ ਜਾਂਦੇ। ਉਹ ਆਪਣੀ ਮਾਂ ਤੋਂ ਬਗੈਰ ਨਾ ਤਾਂ ਕੁਝ ਖਾਂਦੇ ਤੇ ਨਾ ਕੁਝ ਪੀਂਦੇ। ਮੈਨੂੰ ਇਹ ਸਭ ਕੁਝ ਵੇਖ ਕੇ ਚੂਚਿਆਂ ਤੇ ਬਹੁਤ ਤਰਸ ਆਉਂਦਾ। ਇਸ ਲਈ ਮੈਂ ਉਹਨਾਂ ਨੂੰ ਗੋਦ ਲੈ ਲਿਆ। ਮੈਂ ਰੋਜ਼ ਉਹਨਾਂ ਨੂੰ ਕੱਚਾ ਦਲੀਆ ਪਾਉਂਦੀ। ਫਿਰ ਮੈਂ ਇਕ ਚੂਚੇ ਨੂੰ ਆਪਣੀ ਗੋਦੀ ਵਿਚ ਬਿਠਾ ਕੇ ਉਸ ਚੂਚੇ ਨੂੰ ਕੱਚਾ ਦਲੀਆ ਖਿਲਾਉਂਦੀ। ਉਹ ਸਭ ਚੂਚੇ ਰੋਜ਼ ਮੇਰੀ ਗੋਦੀ ਵਿਚ ਵਾਰੀ-ਵਾਰੀ ਬੈਠਦੇ ਅਤੇ ਮੇਰੇ ਹੱਥਾਂ ਤੇ ਦਲੀਆ ਖਾਂਦੇ। ਮੈਨੂੰ ਉਹਨਾਂ ਨੂੰ ਪਾਲਣ ਵਿਚ ਬਹੁਤ ਮਜ਼ਾ ਆ ਰਿਹਾ ਸੀ। ਜੇ ਮੈਂ ਉਹਨਾਂ ਨੂੰ ਕੱਚਾ ਦਲੀਆ ਪਾ ਕੇ ਵਿਹੜੇ ਵਿਚ ਘੁੰਮਦੀ ਤਾਂ ਸਾਰੇ ਚੂਚੇ ਵੀ ਮੇਰੇ ਪਿੱਛੇ-ਪਿੱਛੇ ਘੁੰਮਣ ਲੱਗਦੇ। ਮੈਨੂੰ ਇਹ ਸਭ ਵੇਖ ਕੇ ਬਹੁਤ ਖੁਸ਼ੀ ਹੁੰਦੀ। ਏਦਾਂ ਲੱਗਦਾ ਸੀ ਕਿ ਉਹ ਆਪਣੀ ਪਿਛਲੀ ਕੁਕੜੀ ਮਾਂ ਨੂੰ ਭੁੱਲ ਹੀ ਗਏ। ਜਦ ਉਹ ਸਭ ਚੂਚੇ ਵੱਡੇ ਹੋਏ ਤਾਂ ਉਹ ਕਦੇ-ਕਦੇ ਮੇਰੀ ਗੋਦੀ ਵਿਚ ਬੈਠਣ ਲਈ ਲੜ ਵੀ ਪੈਂਦੇ। ਮੈਨੂੰ ਇਹ ਵੇਖ ਕੇ ਬਹੁਤ ਹੈਰਾਨੀ ਹੁੰਦੀ। ਕਦੇ-ਕਦੇ ਤਾਂ ਮੈਂ ਜਦੋਂ ਦਾਣੇ ਪਾਉਂਦੀ ਤਾਂ ਉਹ ਖਾਂਦੇ ਹੀ ਨਹੀਂ ਸਨ। ਮੈਨੂੰ ਪਤਾ ਸੀ ਕਿ ਉਹ ਮੇਰੇ ਹੱਥਾਂ ਤੋਂ ਦਾਣੇ ਚੁੱਗਣਾ ਚਾਹੁੰਦੇ ਸਨ। ਮੈਨੂੰ ਬਹੁਤ ਡਰ ਲੱਗਦਾ ਕਿਉਂਕਿ ਸਾਰੇ ਚੂਚਿਆਂ ਦੀਆਂ ਚੁੰਝਾਂ ਕਾਫੀ ਤਿੱਖੀਆਂ ਹੋ ਗਈਆਂ ਸਨ।

ਜਦੋਂ ਮੈਂ ਆਪਣੀ ਮੰਮੀ ਨੂੰ ਇਹ ਗੱਲ ਦਸਦੀ ਤਾਂ ਮੇਰੀ ਮੰਮੀ ਮੇਰੇ ਹੱਥ ਉੱਤੇ ਇਕ ਚੁੰਨੀ ਜਾਂ ਮੋਟਾ ਰੁਮਾਲ ਬੰਨ ਦਿੰਦੇ ਜਿਸ ਨਾਲ ਮੇਰੇ ਹੱਥ ਤੇ ਦਰਦ ਨਹੀਂ ਹੁੰਦੀ ਤੇ ਸਾਰੇ ਚੂਚੇ ਵੀ ਮੇਰੇ ਹੱਥਾਂ ਤੋਂ ਮਜ਼ੇ-ਮਜ਼ੇ ਨਾਲ ਦਾਣੇ ਖਾ ਲੈਂਦੇ। ਫਿਰ ਉਹ ਸਭ ਥੋੜ੍ਹੇ ਮਹੀਨਿਆਂ ਬਾਅਦ ਆਪਣੀ ਕੁੱਕੜੀ ਮਾਂ ਜਿੰਨੇ ਵੱਡੇ ਹੋ ਗਏ। ਉਹਨਾਂ ਵਿਚੋਂ ਕਈ ਚੂਚੇ ਕੁੱਕੜੀਆਂ ਸਨ ਤੇ ਕਈ ਕੁੱਕੜ। ਹੁਣ ਮੈਨੂੰ ਬਹੁਤ ਡਰ ਲੱਗਦਾ ਸੀ ਕਿ ਮੈਂ ਉਹਨਾਂ ਨੂੰ ਆਪਣੇ ਹੱਥਾਂ ਉੱਤੇ ਦਾਣੇ ਕਿਵੇਂ ਖਿਲਾਵਾਂ ? ਕਿਉਂਕਿ ਉਹਨਾਂ ਦੀਆਂ ਚੁੰਜਾਂ ਬਹੁਤ ਵੱਡੀਆਂ ਤੇ ਸਖ਼ਤ ਹੋ ਗਈਆਂ ਸਨ ਤੇ ਉਹਨਾਂ ਦੇ ਪੰਜਿਆਂ ਵਿਚ ਚੁੜੇਲਾਂ ਵਰਗੇ ਵੱਡੇ ਨਹੁੰ ਆ ਗਏ ਸਨ। ਇਸ ਲਈ ਮੈਂ ਉਹਨਾਂ ਨੂੰ ਹੱਥਾਂ ਉੱਤੇ ਦਾਣੇ

ਖਿਲਾਣੇ ਬੰਦ ਕਰ ਦਿੱਤੇ। ਉਹ ਸਭ ਵੀ ਹੁਣ ਦਾਣਿਆਂ ਤੋਂ ਇਲਾਵਾ ਹੋਰ ਬਹੁਤ ਕੁਝ ਆਪਣੇ ਆਪ ਲੱਭ ਕੇ ਖਾਣ ਲੱਗੇ। ਜਿਵੇਂ ਭੂੰਡ, ਕਿਰਲੀਆਂ, ਹਰੇ ਟਿੱਡੇ, ਘਾਹ ਦੇ ਨਰਮ ਪੱਤੇ ਵਗੈਰਾ। ਫਿਰ ਮੈਂ ਵੀ ਉਹਨਾਂ ਨੂੰ ਉਹਨਾਂ ਦੀ ਕੁੱਕੜੀ ਮਾਂ ਵਾਂਗ ਛੱਡ ਦਿੱਤਾ ਕਿਉਂਕਿ ਹੁਣ ਉਹ ਸਭ ਆਪਣਾ ਪਾਲਣ ਪੋਸ਼ਣ ਆਪ ਕਰ ਸਕਦੇ ਸਨ ਅਤੇ ਖਾਣਾ ਆਪ ਹੀ ਲੱਭ ਕੇ ਖਾ ਸਕਦੇ ਸਨ। ਸੋ ਮੇਰੇ ਦੋਸਤੋ ਇਸ ਤਰ੍ਹਾਂ ਮੈਂ ਆਪਣੇ ਛੋਟੇ ਚੂਚਿਆਂ ਨੂੰ ਪਾਲਿਆ ਅਤੇ ਉਹਨਾਂ ਨੂੰ ਵੱਡਾ ਕੀਤਾ।

## ਲਾਲਚ

*—ਜਸਵਿੰਦਰ ਸ਼ਾਇਰ*

ਇਕ ਵਾਰ ਦੀ ਗੱਲ ਹੈ ਕਿ ਇਕ ਪਿੰਡ ਵਿਚ ਇਕ ਗਰੀਬ ਲੱਕੜਹਾਰਾ ਰਹਿੰਦਾ ਸੀ। ਉਹ ਨਿੱਤ ਹੀ ਜੰਗਲ ਵਿਚ ਜਾਂਦਾ, ਸਾਰੀ ਹੀ ਦਿਹਾੜੀ ਜੰਗਲ ਵਿਚ ਲੱਕੜਾਂ ਕੱਟਦਾ। ਸ਼ਾਮ ਨੂੰ ਉਹਨਾਂ ਲੱਕੜਾਂ ਨੂੰ ਬਜ਼ਾਰ ਵਿਚ ਵੇਚ ਦਿੰਦਾ ਅਤੇ ਜੋ ਉਹਨਾਂ ਬਦਲੇ ਪੈਸੇ ਮਿਲਦੇ ਸਨ, ਉਹਨਾਂ ਨਾਲ ਹੀ ਘਰ ਦਾ ਗੁਜ਼ਾਰਾ ਚਲਾਉਂਦਾ ਸੀ। ਉਸਦੇ ਘਰ ਦਾ ਸਾਰਾ ਗੁਜ਼ਾਰਾ ਲੱਕੜਾਂ ਦੇ ਸਿਰ ਤੇ ਚੱਲਦਾ ਸੀ। ਉਸਦੇ ਚਾਰ ਬੱਚੇ ਸਨ। ਦੋ ਕੁੜੀਆਂ ਸਨ, ਦੋ ਮੁੰਡੇ ਸਨ। ਇਕ ਦਿਨ ਕੀ ਹੋਇਆ ਕਿ ਮੀਂਹ ਪੈਣਾ ਸ਼ੁਰੂ ਹੋ ਗਿਆ ਤੇ ਦੋ-ਤਿੰਨ ਦਿਨ ਮੀਂਹ ਨਹੀਂ ਹਟਿਆ, ਉੱਧਰੋਂ ਉਸ ਦੇ ਘਰ ਦਾ ਰਾਸ਼ਨ ਖ਼ਤਮ ਹੋ ਗਿਆ। ਬੱਚੇ ਭੋਜਨ ਤੋਂ ਬਿਨਾਂ ਭੁੱਖ ਨਾਲ ਤੜਫਣ ਲੱਗੇ। ਤਿੰਨ-ਚਾਰ ਦਿਨਾਂ ਬਾਅਦ ਥੋੜ੍ਹਾ ਜਿਹਾ ਮੌਸਮ ਸਾਫ ਹੋਇਆ ਤਾਂ ਲੱਕੜਹਾਰੇ ਨੂੰ ਥੋੜ੍ਹਾ ਜਿਹਾ ਹੌਂਸਲਾ ਹੋਇਆ ਕਿ ਅੱਜ ਉਹ ਲੱਕੜਾਂ ਵੱਢ ਕੇ ਬੱਚਿਆਂ ਲਈ ਭੋਜਨ ਜ਼ਰੂਰ ਲਿਆਵੇਗਾ। ਉਹ ਆਪਣਾ ਕੁਹਾੜਾ ਲੈ ਕੇ ਜੰਗਲ ਵੱਲ ਤੁਰ ਪਿਆ। ਅਚਾਨਕ ਉਸਨੂੰ ਰਸਤੇ ਵਿਚ ਇਕ ਸਾਧੂ ਮਹਾਤਮਾ ਜੀ ਮਿਲ ਗਏ, ਸਾਧੂ ਮਹਾਤਮਾ ਜੀ ਕਹਿਣ ਲੱਗੇ, "ਕੀ ਗੱਲ ਹੈ ਭਾਈ ਤੂੰ ਬੜਾ ਹੀ ਉਦਾਸ ਦਿਖਾਈ ਦੇ ਰਿਹਾ ਹੈਂ", ਤਾਂ ਲੱਕੜਹਾਰਾ ਕਹਿਣ ਲੱਗਾ, "ਹੇ ਮਹਾਤਮਾ ਜੀ! ਮੈਂ ਬਹੁਤ ਗਰੀਬ ਹਾਂ, ਘਰ ਵਿਚ ਮੇਰੇ ਬੱਚੇ ਭੁੱਖੇ ਬੈਠੇ ਨੇ, ਮੈਂ ਲੱਕੜੀਆਂ ਵੱਢ ਕੇ ਬਜ਼ਾਰ ਵਿਚ ਵੇਚਦਾ ਹਾਂ, ਤਾਂ ਲੱਕੜੀਆਂ ਵੇਚ ਕੇ ਜਿਹੜੇ ਪੈਸੇ ਮਿਲਦੇ ਹਨ ਉਹਨਾਂ ਨਾਲ ਹੀ ਘਰ ਦਾ ਗੁਜ਼ਾਰਾ ਚਲਾ ਰਿਹਾ ਹਾਂ। ਹੁਣ ਘਰ ਵਿਚ ਖਾਣ ਲਈ ਕੁਝ ਵੀ ਨਹੀਂ ਹੈ। ਤਾਂ ਮਹਾਤਮਾ ਨੂੰ ਉਸ ਉੱਤੇ ਦਇਆ ਆ ਗਈ। ਮਹਾਤਮਾ ਜੀ ਉਸ ਨੂੰ ਕਹਿਣ ਲੱਗੇ, "ਕਿ ਤੂੰ ਅੱਜ ਤੋਂ ਬਾਅਦ ਗਰੀਬ ਨਹੀਂ ਰਹੇਂਗਾ, ਤੂੰ ਇਸ ਜੰਗਲ ਦੀ ਉੱਤਰ ਦਿਸ਼ਾ ਵੱਲ ਜਾਵੀਂ ਉੱਥੇ ਤੈਨੂੰ ਇਕ ਗੁਫ਼ਾ ਨਜ਼ਰ ਆਵੇਗੀ। ਜਿਸ ਵਿਚ ਤੂੰ

ਤਿੰਨ ਮੋਮਬੱਤੀਆਂ ਜਗਾਵੀਂ, ਪਰ ਤੂੰ ਇਕ ਗੱਲ ਦਾ ਖਿਆਲ ਜ਼ਰੂਰ ਰੱਖੀਂ ਕਿ ਤੂੰ ਉਸ ਗੁਫ਼ਾ ਦੇ ਚੌਥੇ ਖੂੰਜੇ ਵਿਚ ਮੋਮਬੱਤੀ ਨਹੀਂ ਜਗਾਣੀ।" ਇੰਨੀ ਗੱਲ ਕਹਿ ਕੇ ਸਾਧੂ ਮਹਾਤਮਾ ਜੀ ਉੱਥੋਂ ਚਲੇ ਗਏ।

ਉਸ ਦਿਨ ਲੱਕੜਹਾਰੇ ਨੇ ਲੱਕੜੀਆਂ ਵੱਢੀਆਂ ਤੇ ਬਜ਼ਾਰ ਵਿਚ ਵੇਚ ਕੇ ਘਰ ਦਾ ਰਾਸ਼ਨ ਖਰੀਦਿਆ ਤੇ ਘਰ ਆ ਗਿਆ, ਤਾਂ ਬੱਚਿਆਂ ਨੇ ਭੋਜਨ ਖਾਇਆ। ਅਗਲੇ ਦਿਨ ਲੱਕੜਹਾਰਾ ਸਾਧੂ ਮਹਾਤਮਾ ਦੇ ਕਹਿਣ ਅਨੁਸਾਰ ਜੰਗਲ ਦੀ ਉੱਤਰ ਦਿਸ਼ਾ ਵੱਲ ਤੁਰ ਪਿਆ। ਕਾਫੀ ਦੂਰ ਜਾਣ ਤੋਂ ਪਿੱਛੋਂ ਉਸਨੂੰ ਸਾਹਮਣੇ ਇਕ ਗੁਫ਼ਾ ਦਿਖਾਈ ਦਿੱਤੀ। ਉਸਨੇ ਗੁਫਾ ਦੇ ਅੰਦਰ ਜਾ ਕੇ ਪਹਿਲੇ ਖੂੰਜੇ ਵਿਚ ਮੋਮਬੱਤੀ ਜਗਾਈ ਤਾਂ ਉਸਨੂੰ ਇਸ ਖੂੰਜੇ ਵਿਚੋਂ ਚਾਂਦੀ ਦੇ ਸਿੱਕੇ ਮਿਲੇ। ਫਿਰ ਉਸਨੇ ਗੁਫ਼ਾ ਦੇ ਦੂਸਰੇ ਖੂੰਜੇ ਵਿਚ ਮੋਮਬੱਤੀ ਜਗਾਈ ਤਾਂ ਉਸਨੂੰ ਸੋਨੇ ਦੇ ਸਿੱਕੇ ਮਿਲੇ। ਇਸ ਤੋਂ ਬਾਅਦ ਉਸਨੇ ਤੀਸਰੇ ਖੂੰਜੇ ਵਿਚ ਮੋਮਬੱਤੀ ਜਗਾਈ ਤਾਂ ਇਸ ਖੂੰਜੇ ਵਿਚੋਂ ਉਸਨੂੰ ਹੀਰੇ-ਮੋਤੀ ਮਿਲੇ। ਹੁਣ ਉਹ ਸੋਚਣ ਲੱਗਾ ਕਿ ਸਾਧੂ ਮਹਾਤਮਾ ਜੀ ਨੇ ਕਿਹਾ ਕਿ "ਚੌਥੇ ਖੂੰਜੇ ਵਿਚ ਮੋਮਬੱਤੀ ਨਾ ਜਗਾਵੀਂ।" ਆਖਿਰ ਚੌਥੇ ਖੂੰਜੇ ਵਿਚ ਅਜਿਹਾ ਕੀ ਹੋ ਸਕਦਾ ਹੈ। ਕੋਈ ਨਾ ਕੋਈ ਗੱਲ ਜ਼ਰੂਰ ਹੈ। ਦੇਖਣਾ ਚਾਹੀਦਾ ਹੈ ਕਿ ਆਖਿਰ ਚੌਥੇ ਖੂੰਜੇ ਵਿਚ ਕੀ ਹੈ ? ਜਦੋਂ ਉਸਨੇ ਚੌਥੇ ਖੂੰਜੇ ਵਿਚ ਮੋਮਬੱਤੀ ਜਗਾਈ, ਤਾਂ ਉਸਨੂੰ ਇਕ ਕਮਰਾ ਦਿਖਾਈ ਦਿੱਤਾ। ਉਸਨੂੰ ਕਮਰੇ ਦੇ ਅੰਦਰੋਂ ਇਕ ਅਵਾਜ਼ ਸੁਣਾਈ ਦਿੱਤੀ ਤੇ ਜਦੋਂ ਉਹ ਥੋੜ੍ਹਾ ਅੱਗੇ ਗਿਆ, ਉਸਨੇ ਦੇਖਿਆ ਕਿ ਇਕ ਆਦਮੀ ਚੱਕੀ ਚਲਾ ਰਿਹਾ ਹੈ। ਉਸਨੇ ਉਸ ਆਦਮੀ ਨੂੰ ਪੁੱਛਿਆ ਕਿ ਤੂੰ ਇਹ ਚੱਕੀ ਕਿਉਂ ਚਲਾ ਰਿਹਾ ਹੈਂ, ਤਾਂ ਉਹ ਆਦਮੀ ਕਹਿਣ ਲੱਗਾ, ਮੈਂ ਤੈਨੂੰ ਫੇਰ ਦੱਸਾਂਗਾ ਪਹਿਲਾਂ ਤੂੰ ਇਸ ਚੱਕੀ ਨੂੰ ਚਲਾ, ਤਾਂ ਲੱਕੜਹਾਰਾ ਉਸਦੇ ਕੋਲ ਗਿਆ ਅਤੇ ਚੱਕੀ ਚਲਾਉਣ ਲੱਗਾ ਤਾਂ ਉਹ ਲੱਕੜਹਾਰੇ ਨੂੰ ਕਹਿਣ ਲੱਗਾ ਮੈਂ ਵੀ ਤੇਰੇ ਵਾਂਗ ਹੀ ਮੋਮਬੱਤੀਆਂ ਜਗਾਈਆਂ ਸਨ। ਪਰ ਲਾਲਚ ਵਿਚ ਆ ਕੇ ਮੈਂ ਚੌਥੇ ਖੂੰਜੇ ਵਿਚ ਵੀ ਮੋਮਬੱਤੀ ਜਗਾ ਦਿੱਤੀ ਸੀ। ਉਸ ਸਮੇਂ ਤੋਂ ਹੀ ਮੈਂ ਇਸ ਚੱਕੀ ਨੂੰ ਚਲਾ ਰਿਹਾ ਹਾਂ ਤੇ ਹੁਣ ਤੂੰ ਇਸ ਚੱਕੀ ਨੂੰ ਚਲਾਉਂਦਾ ਰਹੀਂ। ਜੇਕਰ ਤੂੰ ਇਹ ਚੱਕੀ ਚਲਾਉਣੀ ਬੰਦ ਕਰ ਦਿੱਤੀ ਤਾਂ ਇਸ ਕਮਰੇ ਦੀ ਛੱਡ ਡਿੱਗ ਪਵੇਗੀ। ਹੁਣ ਤੂੰ ਇਸ ਚੱਕੀ ਨੂੰ ਉਸ ਸਮੇਂ ਤੱਕ ਚਲਾਉਂਦਾ ਰਹੇਂਗਾ, ਜਦੋਂ ਤੱਕ ਕੋਈ ਹੋਰ ਨਹੀਂ ਆਉਂਦਾ। ਇਸ ਤਰ੍ਹਾਂ ਲੱਕੜਹਾਰੇ ਨੇ ਚੱਕੀ ਨੂੰ ਚਾਲੂ ਰੱਖਿਆ ਅਤੇ ਪਛਤਾਉਣ ਲੱਗਾ ਕਿ ਸਾਧੂ ਮਹਾਤਮਾ ਜੀ ਨੇ ਸੱਚ ਹੀ ਕਿਹਾ ਸੀ, ਆਖਿਰ ਮੈਂ ਲਾਲਚ ਕੀਤਾ ਹੈ ਤੇ ਉਸਦੀ ਸਜ਼ਾ ਮੈਨੂੰ ਮਿਲ ਗਈ ਹੈ।

**ਸਿੱਖਿਆ**—ਪਿਆਰੇ ਬੱਚਿਓ! ਸਾਨੂੰ ਕਦੇ ਵੀ ਲਾਲਚ ਨਹੀਂ ਕਰਨਾ ਚਾਹੀਦਾ, ਨਹੀਂ ਤਾਂ ਸਾਰੀ ਉਮਰ ਪਛਤਾਉਣਾ ਪੈਂਦਾ ਹੈ।

# ਏਕਤਾ ਦੀ ਸ਼ਕਤੀ

*—ਜਸਵਿੰਦਰ ਸ਼ਾਇਰ*

ਇਕ ਜੰਗਲ ਵਿਚ ਸਾਰੇ ਹੀ ਜਾਨਵਰ, ਪੰਛੀ ਬੜੇ ਹੀ ਪਿਆਰ ਨਾਲ ਰਹਿੰਦੇ ਸਨ। ਪਰ ਜੰਗਲ ਦਾ ਰਾਜਾ ਸ਼ੇਰ ਬਹੁਤ ਸਖ਼ਤ ਸੀ। ਉਸ ਦਾ ਡਰ ਸਾਰੇ ਹੀ ਜੰਗਲ ਵਿਚ ਛਾਇਆ ਹੋਇਆ ਸੀ। ਸ਼ੇਰ ਨੇ ਸਾਰੇ ਜੰਗਲ ਦੀ ਸ਼ਾਂਤੀ ਭੰਗ ਕੀਤੀ ਹੋਈ ਸੀ। ਹੋਰ ਸਾਰੇ ਜਾਨਵਰ, ਪਸ਼ੂ, ਪੰਛੀ ਇਕ ਦੂਜੇ ਦੀ ਮਦਦ ਕਰਦੇ ਸਨ। ਜੇਕਰ ਕਿਸੇ ਨੂੰ ਕੋਈ ਵੀ ਤਕਲੀਫ਼ ਹੁੰਦੀ ਸੀ ਤਾਂ ਸਾਰੇ ਉਸ ਤਕਲੀਫ਼ ਦਾ ਡਟ ਕੇ ਮੁਕਾਬਲਾ ਕਰਦੇ ਸਨ। ਇਕ ਦਿਨ ਸਾਰੇ ਜਾਨਵਰਾਂ, ਪਸ਼ੂ-ਪੰਛੀਆਂ ਨੇ ਆਪਸ ਵਿਚ ਇਕ ਇਕੱਠ ਕੀਤਾ। ਗਿੱਦੜ ਉਹਨਾਂ ਵਿਚ ਕਾਫੀ ਸਮਝਦਾਰ ਸੀ। ਉਹ ਕਹਿਣ ਲੱਗਾ, "ਦੇਖੋ ਦੋਸਤੋ! ਰਾਜਾ ਸਾਹਿਬ ਨੂੰ ਸਾਡੇ ਨਾਲ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਕਿਉਂਕਿ ਅਸੀਂ ਵੀ ਜੰਗਲ ਵਿਚ ਰਹਿੰਦੇ ਹਾਂ। ਤੁਸੀਂ ਸਾਰੇ ਮੇਰੀ ਇਕ ਗੱਲ ਮੰਨ ਲਵੋ। ਅਸੀਂ ਸਾਰੇ ਇਕੱਠੇ ਹੋ ਕੇ ਰਾਜਾ ਸਾਹਿਬ ਕੋਲ ਚਲਦੇ ਹਾਂ ਅਤੇ ਉਹਨਾਂ ਨੂੰ ਸਮਝਾਉਂਦੇ ਹਾਂ ਕਿ ਰਾਜਾ ਸਾਹਿਬ ਤੁਹਾਡੇ ਲਈ ਇਹ ਸਭ ਠੀਕ ਨਹੀਂ ਹੈ ਕਿਉਂਕਿ ਅਸੀਂ ਵੀ ਇਸ ਜੰਗਲ ਵਿਚ ਰਹਿੰਦੇ ਹਾਂ। ਸਾਡੇ ਵੀ ਛੋਟੇ-ਛੋਟੇ ਬੱਚੇ ਹਨ। ਤੁਹਾਡੇ ਤੋਂ ਬਿਨਾਂ ਸਾਡੀ ਰਖਵਾਲੀ ਹੋਰ ਕੌਣ ਕਰੇਗਾ?

ਗਿੱਦੜ ਦੀ ਇਸ ਗੱਲ ਨਾਲ ਸਾਰੇ ਸਹਿਮਤ ਹੋ ਗਏ। ਉਹ ਇਕੱਠੇ ਹੋ ਕੇ ਸ਼ੇਰ ਦੇ ਕੋਲ ਗਏ। ਸਾਰਿਆਂ ਨੇ ਬੜੇ ਪਿਆਰ ਨਾਲ "ਸਤਿ ਸ੍ਰੀ ਅਕਾਲ" ਬੁਲਾਈ ਤਾਂ ਅੱਗੋਂ ਸ਼ੇਰ ਬੋਲਿਆ, "ਹਾਂ ਦੱਸੋ ਤੁਹਾਨੂੰ ਕੀ ਪਰੇਸ਼ਾਨੀ ਹੈ ?" ਤਾਂ ਸਮਝਦਾਰ ਗਿੱਦੜ ਕਹਿਣ ਲੱਗਾ ਜੰਗਲ ਦੇ ਰਾਜਾ ਜੀ ਸਾਡੀ ਤਾਂ ਇਕੋ ਹੀ ਬੇਨਤੀ ਹੈ ਕਿ ਤੁਸੀਂ ਸਾਰਿਆਂ ਨੂੰ ਪਰੇਸ਼ਾਨ ਕਰਨਾ ਛੱਡ ਦਿਓ ਕਿਉਂਕਿ ਤੁਹਾਡੀ ਬਹਾਦਰੀ ਸਦਕੇ ਸਾਨੂੰ ਹੋਰ ਜੰਗਲ ਦਾ ਰਾਜਾ ਪਰੇਸ਼ਾਨ ਨਹੀਂ ਕਰ ਸਕਦਾ। ਤੁਸੀਂ ਤਾਂ ਬਹੁਤ ਮਹਾਨ ਹੋ। ਜਦੋਂ ਸ਼ੇਰ ਨੇ ਆਪਣੀ ਮਹਾਨਤਾ ਦੇ ਸ਼ਬਦ ਸੁਣੇ ਤਾਂ ਉਹ ਫੁੱਲਿਆ ਨਾ ਸਮਾਇਆ ਅਤੇ ਕਹਿਣ ਲੱਗਾ ਚਲੋ ਮੈਂ ਅੱਜ ਤੋਂ ਤੁਹਾਨੂੰ ਪਰੇਸ਼ਾਨ ਨਹੀਂ ਕਰਾਂਗਾ, ਪਰ ਮੇਰੀ ਇਕ ਸ਼ਰਤ ਹੈ ਕਿ ਮੈਂ ਜਿਵੇਂ ਕਹਾਂਗਾ ਤੁਹਾਨੂੰ ਉਸੇ ਤਰ੍ਹਾਂ ਹੀ ਕਰਨਾ ਪਵੇਗਾ ਤਾਂ ਸਾਰੇ ਬੋਲੇ ਠੀਕ ਹੈ ਰਾਜਾ ਸਾਹਿਬ। ਸਾਨੂੰ ਤੁਹਾਡੀ ਗੱਲ ਮਨਜ਼ੂਰ ਹੈ।

ਅੱਜ ਸਾਰੇ ਹੀ ਬਹੁਤ ਖੁਸ਼ ਸਨ ਅਤੇ ਸੱਭ ਨੇ ਇਕੱਠੇ ਹੋ ਕੇ ਖੁਸ਼ੀ ਮਨਾਉਣ ਦਾ ਫੈਸਲਾ ਕੀਤਾ। ਸਾਰੇ ਜੰਗਲ ਵਿਚ ਸ਼ਹਿਨਾਈ ਛਾਈ ਹੋਈ ਸੀ। ਅਚਾਨਕ ਹੀ ਕੁਝ ਸ਼ਿਕਾਰੀਆਂ ਨੇ ਜੰਗਲ ਦੇ ਰਾਜੇ ਸ਼ੇਰ ਨੂੰ ਆਪਣੇ ਜਾਲ ਵਿਚ ਫਸਾ ਲਿਆ। ਸਾਰਾ

ਖੁਸ਼ੀ ਦਾ ਮਾਹੌਲ ਚਿੰਤਾ ਵਿਚ ਬਦਲ ਗਿਆ। ਸਾਰੇ ਹੀ ਬੈਠ ਕੇ ਸੋਚਣ ਲੱਗ ਪਏ ਕਿ ਹੁਣ ਕੀ ਕੀਤਾ ਜਾਵੇ ? ਹਾਥੀ ਬੋਲਿਆ, ਹੁਣ ਇਹ ਵੇਲਾ ਸੋਚ-ਵਿਚਾਰ ਦਾ ਨਹੀਂ ਬਲਕਿ ਰਾਜਾ ਸਾਹਿਬ ਦੀ ਮਦਦ ਕਰਨ ਦਾ ਸਮਾਂ ਹੈ। ਜੰਗਲ ਦੇ ਸਾਰੇ ਜਾਨਵਰਾਂ ਨੇ ਸ਼ਿਕਾਰੀਆਂ ਤੇ ਹਮਲਾ ਕਰ ਦਿੱਤਾ। ਸ਼ਿਕਾਰੀ ਸਾਰੇ ਜਾਨਵਰਾਂ ਨੂੰ ਇਕੱਠੇ ਦੇਖ ਕੇ ਡਰ ਦੇ ਮਾਰੇ ਸ਼ੇਰ ਨੂੰ ਛੱਡ ਕੇ ਭੱਜ ਗਏ। ਸਾਰੇ ਜਾਨਵਰਾਂ ਨੇ ਆਪਣੇ-ਆਪਣੇ ਤਰੀਕੇ ਨਾਲ ਜਾਲ ਨੂੰ ਕੱਟਣਾ ਸ਼ੁਰੂ ਕਰ ਦਿੱਤਾ ਅਤੇ ਸ਼ੇਰ ਨੂੰ ਜਾਲ ਤੋਂ ਬਾਹਰ ਕੱਢਿਆ। ਗਿੱਦੜ ਨੇ ਸ਼ੇਰ ਨੂੰ ਕਿਹਾ "ਦੇਖਿਆ ਰਾਜਾ ਜੀ ਸਾਡੀ ਏਕਤਾ ਦੀ ਸ਼ਕਤੀ ਨੇ ਤੁਹਾਡੀ ਜਾਨ ਬਚਾ ਲਈ ਹੈ। ਜੇਕਰ ਸਾਡੇ ਵਿਚ ਏਕਤਾ ਨਾ ਹੁੰਦੀ ਤਾਂ ਅੱਜ ਉਹ ਸ਼ਿਕਾਰੀ ਤੁਹਾਨੂੰ ਫੜ ਕੇ ਲੈ ਜਾਂਦੇ।" ਸ਼ੇਰ ਨੂੰ ਅਹਿਸਾਸ ਹੋਇਆ ਕਿ ਮੈਂ ਪਹਿਲਾਂ ਬਹੁਤ ਗਲਤ ਸੀ, ਉਸਨੇ ਸਾਰਿਆਂ ਦਾ ਬਹੁਤ ਧੰਨਵਾਦ ਕੀਤਾ।

# ਮਿਹਨਤ ਦਾ ਇਨਾਮ

*—ਡਾ. ਸੁਰਿੰਦਰ ਕਾਹਲੋਂ*

ਰਘੁਬੀਰ ਗਰੀਬ ਘਰ ਦਾ ਮਿਹਨਤੀ ਲੜਕਾ ਸੀ। ਉਸ ਦੇ ਮਾਤਾ ਪਿਤਾ ਪੂਰੀ ਸਿਰੜ ਵਾਲੇ ਤੇ ਪੱਕੇ ਮਿਹਨਤੀ ਸਨ। ਉਸਦਾ ਪਿਤਾ ਇਕ ਦਿਹਾੜੀਦਾਰ ਮਜ਼ਦੂਰ ਸੀ। ਰਘੁਬੀਰ ਸਕੂਲੋਂ ਆਉਂਦਿਆਂ ਹੀ ਘਰ ਦੇ ਕੰਮ ਵਿਚ ਰੁੱਝ ਜਾਂਦਾ। ਘਰ ਵਿਚ ਰੱਖੀ ਮੱਝ ਲਈ ਪੱਠੇ ਲਿਆਉਂਦਾ, ਕੁਤਰਦਾ ਤੇ ਪਾਉਂਦਾ। ਉਸ ਨੂੰ ਘਰ ਦੇ ਸਾਰੇ ਕੰਮ ਕਰਨੇ ਪੈਂਦੇ ਸਨ। ਉਹ ਆਪਣੀ ਮਾਤਾ ਨਾਲ ਵੀ ਮਦਦ ਕਰਵਾ ਦੇਂਦਾ। ਫਿਰ ਉਸ ਦੀ ਪੜ੍ਹਨ ਦੀ ਵਾਰੀ ਆਉਂਦੀ। ਉਹ ਦੇਰ ਰਾਤ ਤੱਕ ਪੜ੍ਹਦਾ ਰਹਿੰਦਾ। ਪਹਿਲਾਂ ਸਾਰੇ ਵਿਸ਼ਿਆਂ ਦਾ ਸਕੂਲ ਦਾ ਕੰਮ ਕਰਦਾ ਤੇ ਫਿਰ ਅਗਲੇ ਦਿਨ ਪੜ੍ਹਾਏ ਜਾਣ ਵਾਲੇ ਸਬਕਾਂ ਨੂੰ ਨਜ਼ਰ ਮਾਰਦਾ। ਇਹ ਸਭ ਉਹ ਆਪਣੇ ਮਾਤਾ ਪਿਤਾ ਦੀ ਪ੍ਰੇਰਨਾ ਨਾਲ ਕਰਦਾ ਸੀ।

ਪਰ ਹੁਣ ਉਸ ਨੂੰ ਇਕ ਨਵੇਂ ਆਏ ਅਧਿਆਪਕ ਮਿਲ ਗਏ ਸਨ ਜੋ ਇਸ ਸਕੂਲ ਵਿਚ ਥੋੜ੍ਹੇ ਦਿਨਾਂ ਦੇ ਹੀ ਆਏ ਸਨ। ਨਵੇਂ ਆਏ ਅਧਿਆਪਕ ਰਘੁਬੀਰ ਨੂੰ ਬੜੇ ਚੰਗੇ ਲੱਗੇ ਸਨ। ਜਮਾਤਾਂ ਅਜੇ ਨਵੀਆਂ ਹੀ ਚੜ੍ਹੀਆਂ ਸਨ। ਸਭ ਨੂੰ ਅਜੇ ਦੋ-ਦੋ, ਚਾਰ-ਚਾਰ ਪਾਠ ਹੀ ਪੜ੍ਹਾਏ ਗਏ ਸਨ। ਇਹ ਨਵੇਂ ਅਧਿਆਪਕ ਹਿਸਾਬ ਦੇ ਅਧਿਆਪਕ ਸਨ ਤੇ ਪੰਜਾਬੀ ਉਹਨਾਂ ਸ਼ੌਂਕੀਆ ਲਈ ਹੋਈ ਸੀ। ਉਹਨਾਂ ਦਾ

ਵਿਚਾਰ ਸੀ ਕਿ ਮਾਂ ਬੋਲੀ ਦੀ ਵਧੀਆ ਪੜ੍ਹਾਈ ਹੀ ਬੱਚਿਆਂ ਦੀਆਂ ਨੀਂਹਾਂ ਪੱਕੀਆਂ ਰੱਖ ਸਕਦੀ ਸੀ ਤੇ ਬੱਚਿਆਂ ਨੂੰ ਠੀਕ ਦਿਸ਼ਾ ਵਿਚ ਅੱਗੇ ਤੋਰ ਸਕਦੀ ਸੀ।

ਜਿਸ ਦਿਨ ਉਹ ਪਹਿਲੀ ਵਾਰ ਰਘੁਬੀਰ ਦੀ ਜਮਾਤ ਵਿਚ ਆਏ ਸਨ ਤਾਂ ਉਹਨਾਂ ਆਉਂਦਿਆਂ ਹੀ ਵਾਕਫੀ ਵਜੋਂ ਵਿਦਿਆਰਥੀਆਂ ਕੋਲੋਂ ਸਰਸਰੀ ਜਿਹੀਆਂ ਜਾਣਕਾਰੀਆਂ ਲਈਆਂ ਸਨ ਤੇ ਇਸ ਜਮਾਤ ਦੇ ਬੱਚਿਆਂ ਦੇ ਪੱਧਰ ਦਾ ਅਨੁਮਾਨ ਲਾਉਣਾ ਚਾਹਿਆ ਸੀ। ਇਸ ਆਸ਼ੇ ਨਾਲ ਉਹਨਾਂ ਬੱਚਿਆਂ ਨੂੰ ਹਿਸਾਬ ਦੇ ਕੁਝ ਬੜੇ ਸੌਖੇ ਸੌਖੇ ਸੁਆਲ ਪਾਏ ਸਨ ਤੇ ਪੰਜਾਬੀ ਦੀ ਸੁੰਦਰ ਲਿਖਾਈ ਵੀ ਕਰਵਾ ਕੇ ਵੇਖੀ ਸੀ। ਦੋਹਾਂ ਵਾਰੀਆਂ ਵਿਚ ਸਾਰੀ ਜਮਾਤ ਵਿਚੋਂ ਤਿੰਨ ਲੜਕੀਆਂ ਤੇ ਦੋ ਲੜਕੇ ਅੱਗੇ ਆਏ ਸਨ ਜਿਨ੍ਹਾਂ ਨੂੰ ਹੋਰ ਮਿਹਨਤ ਕਰਵਾ ਕੇ ਚੰਗੇਰੀ ਆਸ ਨਾਲ ਅੱਗੇ ਵਧਾਇਆ ਜਾ ਸਕਦਾ ਸੀ। ਪਰ ਇਹਨਾਂ ਪੰਜਾਂ ਵਿਦਿਆਰਥੀਆਂ ਵਿਚੋਂ ਸਭ ਤੋਂ ਬਹੁਤੇ ਅੰਕ ਪ੍ਰਾਪਤ ਕਰਨ ਵਾਲਾ ਇਕ ਲੜਕਾ ਰਘੁਬੀਰ ਸੀ ਜਿਸਦੀ ਲਿਖਾਈ ਵੀ ਬੜੀ ਸੋਹਣੀ ਸੀ।

ਜਦ ਮਾਸਟਰ ਜੀ ਨੇ ਇਸ ਲੜਕੇ ਰਘੁਬੀਰ ਬਾਰੇ ਹੋਰ ਜਾਣਕਾਰੀ ਲਈ ਤਾਂ ਉਹ ਉਹਨਾਂ ਨੂੰ ਇਕ ਗਰੀਬ ਪਰਿਵਾਰ ਦਾ ਮਿਹਨਤੀ ਲੜਕਾ ਨਜ਼ਰ ਆਇਆ। ਮਾਸਟਰ ਜੀ ਇਹ ਵੇਖ ਕੇ ਹੈਰਾਨ ਹੋਣ ਨਾਲੋਂ ਪਰੇਸ਼ਾਨ ਬਹੁਤੇ ਹੋ ਗਏ ਸਨ ਕਿ ਰਘੁਬੀਰ ਦੇ ਕੱਪੜੇ ਬੜੇ ਮਾੜੇ ਸਨ। ਉਸ ਨੇ ਦੋ ਤਿੰਨਾਂ ਗਾਂਢਿਆਂ ਵਾਲੀ ਰਬੜ ਦੀ ਬੜੀ ਮਾੜੀ ਜੁੱਤੀ ਪਾਈ ਹੋਈ ਸੀ। ਇਕ ਦਿਨ ਤਾਂ ਉਹ ਇਹੋ ਜਿਹੀ ਕੈਂਚੀ ਚੱਪਲ ਪਾ ਕੇ ਆਇਆ ਸੀ ਜਿਸ ਦੀ ਵੱਧਰ ਪਲ ਪਲ ਪਿੱਛੋਂ ਨਿਕਲ ਜਾਂਦੀ ਸੀ। ਇਹ ਵੇਖ ਕੇ ਉਹਨਾਂ ਨੂੰ ਆਪਣਾ ਨੰਗੇ ਪੈਰੀਂ ਸਕੂਲ ਜਾਣਾ ਯਾਦ ਆ ਗਿਆ ਸੀ ਤੇ ਉਹਨਾਂ ਦਾ ਮਨ ਭਰ ਆਇਆ ਸੀ। ਉਹ ਉਦਾਸ ਵੀ ਹੋ ਗਏ ਸਨ। ਪਰ ਨਾਲ ਹੀ ਉਹਨਾਂ ਇਸ ਲੜਕੇ ਦੀ ਮਦਦ ਕਰਨ ਦਾ ਮਨ ਵੀ ਬਣਾ ਲਿਆ ਸੀ।

ਅੱਗੇ ਵੀ ਲੋੜਵੰਦਾਂ ਦੀ ਮਦਦ ਕਰਦੇ ਆਏ ਸਨ। ਉਹਨਾਂ ਆਪਣੇ ਬਚਪਨ ਵਿਚ ਬੜੇ ਗਰੀਬੀ ਵਾਲੇ ਦਿਨ ਵੇਖੇ ਸਨ। ਜਿਸ ਕਰਕੇ ਬੜੀ ਕਰੜੀ ਮਿਹਨਤ ਕੀਤੀ ਸੀ। ਉਹਨਾਂ ਨੂੰ ਅਧਿਆਪਕ ਲੱਗਣਾ ਵੀ ਇਕ ਇਨਾਮ ਹੀ ਨਜ਼ਰ ਆਉਂਦਾ ਸੀ। ਉਹ ਇਸ ਮਿਹਨਤੀ ਲੜਕੇ ਰਘੁਬੀਰ ਦੀ ਮਦਦ ਵੀ ਇਸ ਤਰੀਕੇ ਨਾਲ ਕਰਨੀ ਚਾਹੁੰਦੇ ਸਨ ਕਿ ਉਸ ਨੂੰ ਉਸ ਦੀ ਗਰੀਬੀ ਦਾ ਅਹਿਸਾਸ ਵੀ ਨਾ ਕਰਵਾਇਆ ਜਾਵੇ ਤੇ ਉਸਦੀ ਲੋੜ ਵੀ ਪੂਰੀ ਹੋ ਜਾਵੇ। ਨਾਲੇ ਉਹ ਇਉਂ ਕਰਕੇ ਹੋਰ ਵਿਦਿਆਰਥੀਆਂ ਵਿਚ ਵੀ ਮਿਹਨਤ ਕਰਕੇ ਕੁਝ ਪ੍ਰਾਪਤ ਕਰਨ ਦਾ ਰੌਂਅ ਪੈਦਾ ਕਰਨਾ ਚਾਹੁੰਦੇ ਸਨ।

ਉਹਨਾਂ ਆਪਣੇ ਮਨ ਵਿਚ ਬਣਾ ਲਈ ਯੋਜਨਾ ਨੂੰ ਸਿਰੇ ਚਾੜ੍ਹਨ ਲਈ ਜਮਾਤ ਵਿਚ ਪੜ੍ਹਾਉਂਦਿਆਂ ਆਖਿਆ ਸੀ, 'ਸਾਰੇ ਬੱਚੇ ਧਿਆਨ ਨਾਲ ਪੜ੍ਹਿਆ ਕਰੋ ਅੱਜ ਤੋਂ। ਜਿਹੜਾ ਬੱਚਾ ਇਸ ਇਮਤਿਹਾਨ ਵਿਚ ਪਹਿਲੇ ਸਥਾਨ ਤੇ ਆਏਗਾ ਉਸ ਨੂੰ ਇਨਾਮ ਮਿਲੇਗਾ। ਬੇਸ਼ਕ ਇਨਾਮ ਬਾਰੇ ਉਹਨਾਂ ਕੁਝ ਹੋਰ ਨਹੀਂ ਦੱਸਿਆ ਸੀ ਪਰ ਉਹਨਾਂ ਦੇ ਕਹਿਣ ਨਾਲ ਪੜ੍ਹਨ ਵਾਲੇ ਵਿਦਿਆਰਥੀ ਸੁਚੇਤ ਹੋ ਗਏ ਸਨ।'

ਏਨਾ ਆਖ ਕੇ ਉਹ ਆਪਣੇ ਨਿੱਤ ਦੇ ਕਰਮ ਅਨੁਸਾਰ ਪੜ੍ਹਾਉਣ ਲੱਗ ਪਏ ਸਨ ਜਿਹੜਾ ਪਾਠ ਉਹਨਾਂ ਕੱਲ੍ਹ ਪਹਿਲਾਂ ਆਪ ਪੜ੍ਹ ਕੇ ਵਿਦਿਆਰਥੀਆਂ ਲਈ ਤਿਆਰ ਕੀਤਾ ਸੀ। ਉਹ ਅਸਲ ਵਿਚ ਪੂਰੀ ਸਾਵਧਾਨੀ ਨਾਲ ਬੱਚਿਆਂ ਦੇ ਪੱਧਰ ਤੇ ਰਹਿ ਕੇ ਪੜ੍ਹਾਉਣ ਵਾਲੇ ਅਧਿਆਪਕ ਸਨ। ਉਹ ਪੜ੍ਹਾਉਂਦਿਆਂ ਬੜੀ ਸਰਲਤਾ ਨਾਲ ਸਮਝਾਉਂਦੇ। ਜਦ ਪੜ੍ਹਾ ਕੇ ਉਹ ਬੱਚਿਆਂ ਨੂੰ ਪੁੱਛਦੇ ਤਾਂ ਕੋਈ ਬਹੁਤਾ ਚੰਗਾ ਹੁੰਗਾਰਾ ਨਾ ਆਉਣ ਤੇ ਉਹ ਫਿਰ ਬਰੀਕੀ ਨਾਲ ਸਮਝਾਉਣ ਲੱਗ ਜਾਂਦੇ।

ਉਹਨਾਂ ਦੀ ਨਜ਼ਰ ਨੇ ਰਘੁਬੀਰ ਨੂੰ ਮਿਹਨਤੀ ਵਿਦਿਆਰਥੀ ਸਮਝਿਆ ਸੀ। ਉਹਨਾਂ ਨੂੰ ਇਹ ਵੀ ਪੂਰੀ ਆਸ ਸੀ ਕਿ ਉਹ ਉਹਨਾਂ ਦੇ ਆਸ਼ੇ ਤੇ ਪੂਰਾ ਉਤਰੇਗਾ। ਪਰ ਇਸ ਲਈ ਉਹਨਾ ਉਸ ਨੂੰ ਕੋਈ ਵਿਸ਼ੇਸ਼ ਸੰਕੇਤ ਵੀ ਨਹੀਂ ਦਿੱਤਾ ਸੀ ਕਿਉਂਕਿ ਉਹ ਬਾਕੀ ਬੱਚਿਆਂ ਨੂੰ ਵੀ ਪਿੱਛੇ ਨਹੀਂ ਸੁੱਟਣਾ ਚਾਹੁੰਦੇ ਸਨ। ਉਹ ਇਮਤਿਹਾਨ ਤੋਂ ਪਹਿਲਾਂ ਨਮੂਨੇ ਦੇ ਪ੍ਰਸ਼ਨ ਸਾਰੇ ਬੱਚਿਆਂ ਨੂੰ ਬਰਾਬਰ ਪਾਉਂਦੇ ਤਾਂ ਕਿ ਉਹਨਾਂ ਦੇ ਉੱਤਰ ਦੇਣ ਦਾ ਤਜਰਬਾ ਵੱਧ ਜਾਵੇ ਤੇ ਇਮਤਿਹਾਨ ਡਰਾਉਣ ਵਾਲਾ ਹਊਆ ਨਾ ਰਹੇ। ਉਹਨਾਂ ਦੇ ਮਨਾਂ 'ਚੋਂ ਇਸ ਦਾ ਡਰ ਨਿਕਲ ਜਾਵੇ। ਉਹਨਾਂ ਦੇ ਇਹਨਾਂ ਉਪਰਾਲਿਆਂ ਨਾਲ ਪਹਿਲੇ ਦਿਨ ਵਾਲੇ ਪੰਜਾਂ ਬੱਚਿਆਂ ਤੋਂ ਵੱਧ ਕੇ ਨੌਂ ਦਸ ਬੱਚੇ ਚੰਗਾ ਕੰਮ ਕਰਨ ਲੱਗ ਪਏ ਸਨ। ਇਹ ਵੇਖ ਉਹਨਾਂ ਦਾ ਅਧਿਆਪਕ ਮਨ ਪ੍ਰਸੰਨ ਹੋ ਜਾਂਦਾ ਸੀ।

ਉਸ ਸਕੂਲ ਵਿਚ ਥੋੜ੍ਹੇ ਦਿਨਾਂ ਪਿੱਛੋਂ ਇਮਤਿਹਾਨ ਹੋਏ। ਪਰਚੇ ਵੇਖੇ ਗਏ ਸਨ। ਸਾਰੇ ਬੱਚਿਆਂ ਦੇ ਅੰਕਾਂ ਦੀਆਂ ਸੂਚੀਆਂ ਬਣੀਆਂ ਸਨ। ਮਾਸਟਰ ਜੀ ਦੀ ਖ਼ੁਸ਼ੀ ਦਾ ਉਸ ਵੇਲੇ ਕੋਈ ਮੇਚ ਬੰਨਾ ਹੀ ਨਹੀਂ ਸੀ ਰਿਹਾ ਜਦ ਉਹਨਾਂ ਰਘੁਬੀਰ ਦੇ ਅੰਕ ਸਭ ਤੋਂ ਵਧੇਰੇ ਵੇਖੇ ਸਨ। ਅਗਲੇ ਦਿਨ ਉਹਨਾਂ ਜਮਾਤ ਵਿਚ ਨਤੀਜਾ ਸੁਣਾਇਆ ਸੀ ਤੇ ਆਪਣੇ ਹੋਣਹਾਰ ਵਿਦਿਆਰਥੀ ਰਘੁਬੀਰ ਨੂੰ ਬੜੇ ਚਾਅ ਨਾਲ ਵਧਾਈ ਦਿੱਤੀ ਸੀ ਤੇ ਇਨਾਮ ਉਸ ਨੂੰ ਮਿਲਣ ਬਾਰੇ ਦੱਸਿਆ ਸੀ।

ਉਹ ਉਸੇ ਵੇਲੇ ਬੜੀ ਖ਼ੁਸ਼ੀ ਖ਼ੁਸ਼ੀ ਕਾਹਲੇ ਕਦਮੀਂ ਪਾਠਸ਼ਾਲਾ ਦੇ ਮੁਖੀ ਦੇ ਦਫ਼ਤਰ ਗਏ ਸਨ ਤੇ ਉਹਨਾਂ ਨੂੰ ਉਚੇਚੀ ਬੇਨਤੀ ਕਰਕੇ ਨਾਲ ਹੀ ਕੁਝ ਸਾਮਾਨ ਲੈ

ਕੇ ਜਮਾਤ ਵਿਚ ਵਾਪਸ ਆ ਗਏ ਸਨ। ਉਹਨਾਂ ਪਲਾਂ ਵਿਚ ਹੀ ਮੁੱਖ ਅਧਿਆਪਕ ਜੀ ਦੇ ਹੱਥੋਂ ਇਕ ਦਰਜਨ ਕਾਪੀਆਂ, ਇਕ ਸੋਹਣਾ ਪੈਨ ਤੇ ਨਾਲ ਹੀ ਗੱਤੇ ਦਾ ਇਕ ਬੰਦ ਡੱਬਾ ਰਘੁਬੀਰ ਨੂੰ ਦਿਵਾ ਦਿੱਤਾ ਸੀ।

ਅਗਲੇ ਦਿਨ ਰਘੁਬੀਰ ਨਵੀਂ ਜੁੱਤੀ ਤੇ ਸੋਹਣੇ ਪਰ ਸਾਦੇ ਨਵੇਂ ਕੱਪੜੇ ਪਾ ਕੇ ਸਕੂਲ ਆਇਆ ਸੀ। ਉਸ ਦਿਨ ਪ੍ਰਾਰਥਨਾ ਵਿਚ ਹੀ ਨਵੇਂ ਆਏ ਅਧਿਆਪਕ ਵੱਲੋਂ ਪਾਈ ਗਈ ਨਵੀਂ ਲੀਹ ਦਾ ਅਸਰ ਵੀ ਹੋ ਰਿਹਾ ਨਜ਼ਰ ਆ ਰਿਹਾ ਸੀ ਜਦ ਮੁੱਖ ਅਧਿਆਪਕ ਸਾਹਿਬ ਬੜੇ ਜੋਸ਼ ਨਾਲ ਅੱਗੇ ਤੋਂ ਹੋਣ ਵਾਲੇ ਸਲਾਨਾ ਇਮਤਿਹਾਨ ਵਿਚ ਪਹਿਲੇ ਦੂਜੇ ਤੇ ਤੀਜੇ ਸਥਾਨ ਤੇ ਆਉਣ ਵਾਲੇ ਬੱਚਿਆਂ ਨੂੰ ਸੋਹਣੇ-ਸੋਹਣੇ ਇਨਾਮ ਦਿੱਤੇ ਜਾਣ ਬਾਰੇ ਆਪਣੇ ਭਾਸ਼ਨ ਵਿਚ ਕਹਿ ਰਹੇ ਸਨ। ਉਹਨਾਂ ਅਨੁਸਾਰ ਇਹ ਇਨਾਮ ਸ਼ਹਿਰ ਦੀ ਇਕ ਸਮਾਜ ਸੇਵੀ ਸੰਸਥਾ ਵੱਲੋਂ ਦਿੱਤੇ ਜਾਣ ਦਾ ਪ੍ਰਬੰਧ ਕਰ ਲਿਆ ਗਿਆ ਸੀ।

ਸਾਰੇ ਅਧਿਆਪਕ ਤੇ ਵਿਦਿਆਰਥੀ ਥੋੜ੍ਹੇ ਹੈਰਾਨ ਵੀ ਸਨ ਤੇ ਖੁਸ਼ ਵੀ ਸਨ। ਨਵੇਂ ਆਏ ਅਧਿਆਪਕ ਅੰਦਰੇ ਅੰਦਰ ਚਾਵਾਂ ਨਾਲ ਭਰ ਗਏ ਸਨ। ਰਘੁਬੀਰ ਦੇ ਚਿਹਰੇ 'ਤੇ ਇਕ ਮੁਸਕਾਨ ਖੇਡ ਰਹੀ ਸੀ।

## ਬੇਲੀ ਬਾਂਦਰ, ਊਠ ਤੇ ਬੱਕਰੀ

*—ਡਾ. ਸੁਰਿੰਦਰ ਕਾਹਲੋਂ*

ਗੱਲ ਕੁਝ ਕੁ ਪਿਛਲੇ ਸਮਿਆਂ ਦੀ ਹੈ। ਇਕ ਬੱਕਰੀ ਬੜਾ ਲੰਮਾ ਪੰਧ ਕਰਕੇ ਆਈ ਸੀ। ਉਹਦੇ ਧੂੜ ਅੱਟੇ ਸਰੀਰ ਤੋਂ ਇਸ ਦੀ ਗਵਾਹੀ ਮਿਲ ਰਹੀ ਸੀ। ਲੱਗਦਾ ਸੀ ਜਿਵੇਂ ਉਹ ਸਾਰੀ ਰਾਤ ਟਿੱਬਿਆਂ ਦੇ ਘੱਟੇ ਤੇ ਰੇਤ ਵਿਚ ਭਟਕਦੀ ਰਹੀ ਹੋਵੇ।

ਦਿਨ ਚੜ੍ਹ ਰਿਹਾ ਸੀ ਤੇ ਬੱਕਰੀ ਨੂੰ ਕੁਝ ਹੌਂਸਲਾ ਹੋਇਆ ਜਦ ਉਸ ਨੇ ਅੱਗੇ-ਅੱਗੇ ਇਕ ਊਠ ਨੂੰ ਉਸੇ ਰਾਹ ਪੂਰਬ ਵੱਲ ਨੂੰ ਆਪਣੀ ਮਸਤ ਚਾਲੇ ਤੁਰਦੇ ਵੇਖਿਆ। ਬੜਾ ਬੇਫਿਕਰ ਤੇ ਭਾਰਾ ਮੌਰਾ ਲੱਗਦਾ ਹੋਇਆ। ਬੱਕਰੀ ਨੂੰ ਆਪ ਰਾਹ ਠੀਕ ਜਾਪਿਆ। ਉਹ ਕੁਝ ਤੇਜ ਤੁਰੀ ਤੇ ਊਠ ਦੇ ਨਾਲ ਰਲ਼ ਗਈ। ਊਠ ਦੀਆਂ ਲੱਤਾਂ ਲੰਮੀਆਂ ਹੋਣ ਕਰਕੇ ਉਸ ਦੀ ਉਲਾਂਘ ਵੱਡੀ ਸੀ ਭਾਵੇਂ ਉਹ ਬੜਾ ਮਜੇ ਮਜੇ ਤੁਰ ਰਿਹਾ ਸੀ।

ਬੱਕਰੀ ਉਹਦੇ ਨਾਲ ਰਲ਼ ਕੇ ਤੁਰਨ ਲੱਗੀ। ਉਸ ਦੀਆਂ ਲੱਤਾਂ ਨਿੱਕੀਆਂ ਸਨ ਤੇ ਉਸ ਨੂੰ ਕੁਝ ਕਾਹਲੀ ਕਦਮ ਪੁੱਟਣੇ ਪੈ ਰਹੇ ਸਨ। ਊਠ ਬਾਬੇ ਦੇ ਨਾਲ ਰਲ਼ਣ

ਲਈ ਸਾਡੇ ਵੱਡੇ ਭਰਾਤਾ ਜੀ ਕੀ ਤੁਸੀਂ ਵੀ ਪਸ਼ੂਆਂ ਦੇ ਹੋ ਰਹੇ ਸੰਮੇਲਨ ਵਿਚ ਜਾ ਰਹੇ ਹੋ। ਊਠ ਨੇ ਉਸ ਵੱਲ ਵੇਖਿਆ ਤੇ ਬੜੀ ਨਰਮੀ ਨਾਲ ਬੋਲਿਆ—ਮੇਰੀਏ ਭੈਣੇ ਜਾ ਤੇ ਮੈਂ ਉੱਥੇ ਹੀ ਰਿਹਾਂ ਪਰ ਇਸ ਤੋਂ ਪਹਿਲਾਂ ਮੇਰੀ ਤੈਨੂੰ ਨਮਸਕਾਰ ਹੈ। ਗੱਲਾਂ ਤਾਂ ਆਪਾਂ ਫਿਰ ਕਰਾਂਗੇ ਪਹਿਲਾਂ ਮੇਰਾ ਆਦਰ ਕਬੂਲ ਕਰ।

ਬੱਕਰੀ ਕੁਝ ਸ਼ਰਮਿੰਦੀ ਜਿਹੀ ਹੋ ਗਈ ਤੇ ਅੱਗੋਂ ਉਸ ਨੂੰ ਵੀ ਸਤਿਕਾਰ ਦੇਣਾ ਹੀ ਪਿਆ। ਉਸ ਨੂੰ ਮਨ ਹੀ ਮਨ ਆਪਣੀ ਭੁੱਲ ਦਾ ਅਹਿਸਾਸ ਹੋ ਗਿਆ ਸੀ।

ਊਠ ਬੜਾ ਸਿਆਣਾ ਹੋਣ ਕਰਕੇ ਉਸ ਨੇ ਬੱਕਰੀ ਨਾਲ ਨਿੱਕੀ ਨਿੱਕੀ ਗੱਲ ਆਰੰਭੀ। 'ਭੈਣੇ ਤੈਨੂੰ ਕਿੱਥੋਂ ਪਤਾ ਲੱਗਾ ਮਾਲ ਢਾਂਡੇ ਦੀ ਇਸ ਮਹਾਂਸਭਾ ਦਾ.... ਬੱਕਰੀ ਆਪਣੀ ਆਦਤ ਅਨੁਸਾਰ ਬੜੀ ਕਾਹਲੀ ਨਾਲ ਬੋਲੀ, 'ਮੈਂ ਤੇ ਬੜੇ ਰਾਮ ਨਾਲ ਪੌੜ ਲਾ ਕੇ ਤੂਤ ਦੇ ਪੱਤੇ ਸਮੇਤ ਮਿੱਠੀਆਂ ਗੋਲ੍ਹਾਂ ਖਾਈ ਜਾ ਰਹੀ ਸਾਂ ਜਦੋਂ ਨਾਲ ਦੇ ਸ਼ਰੀਂਹ ਤੇ ਬੈਠੇ ਤੋਤੇ ਗੱਲ ਆਪਸ ਵਿਚ ਕਰ ਰਹੇ ਸਨ ਤੇ ਚੋਟ ਮੈਨੂੰ ਕਰ ਰਹੇ ਸਨ' ਵੇਖੋ ਓਧਰ ਇਹਦੀ ਨਸਲ ਬੜੇ ਵੱਡੇ ਫੈਸਲੇ ਕਰਨ ਜਾ ਰਹੀ ਏ ਤੇ ਏਧਰ ਇਹਦਾ ਢਿੱਡ ਹੀ ਨਹੀਂ ਜੇ ਭਰ ਰਿਹਾ ਖਾਈ ਜਾ ਰਹੀ ਏ ਬੱਸ ਖਾਂਦੀ ਹੀ ਜਾ ਰਹੀ ਏ... 'ਵੀਰ ਮੈਥੋਂ ਉਹਨਾਂ ਦਾ ਮਿਹਣਾ ਨਾ ਝੱਲਿਆ ਗਿਆ ਤੇ ਮੈਂ ਉਹਨਾਂ ਕੋਲੋਂ ਹੀ ਰਾਹ ਪੁੱਛ ਕੇ ਹੋਣ ਵਾਲੀ ਸਭਾ ਵਿਚ ਹਿੱਸਾ ਲੈਣ ਲਈ ਤੁਰ ਪਈ।'

ਊਠ ਨੇ ਬੱਕਰੀ ਦੇ ਪਰਾਕਰਮ ਦੀ ਸਿਫ਼ਤ ਕੀਤੀ, 'ਤੂੰ ਬੜਾ ਚੰਗਾ ਕੀਤਾ ਇੰਜ ਕਰਕੇ ਜਦ ਵੀ ਚਾਰ ਸਰੀਰ ਰੱਲ ਬੈਠਦੇ ਨੇ ਤਾਂ ਸੋਚ ਵਿਚਾਰ ਵਿਚੋਂ ਬੜੇ ਚੰਗੇ ਲੰਮੇ ਸਮਿਆਂ ਤੱਕ ਕੰਮ ਆਉਣ ਵਾਲੇ ਵਿਚਾਰ ਸਾਹਮਣੇ ਆਉਂਦੇ ਨੇ....'

'ਊਠ ਵੀਰਾ ਮੈਨੂੰ ਤੇ ਹੁਣ ਭੁੱਖ ਬੜੀ ਲੱਗੀਏ' ਬੱਕਰੀ ਨੇ ਸੁਆਲ ਪਾਇਆ। 'ਤੂੰ ਫਿਕਰ ਨਾ ਕਰ ਸਭ ਕੁਝ ਮਿਲ ਜਾਵੇਗਾ। ਸਿਦਕਾਂ ਦੇ ਬੇੜੇ ਪਾਰ ਹੁੰਦੇ ਨੇ... ਏਨਾ ਆਖ ਊਠ ਤੁਰਨ ਲੱਗਾ। ਨਾਲ ਨਾਲ ਬੱਕਰੀ ਵੀ ਬੜਾ ਯਤਨ ਕਰਕੇ ਕਦਮ ਮੇਲਦੀ ਆਉਣ ਲੱਗੀ। ਰੇਤ ਵਾਲਾ ਇਲਾਕਾ ਪਿੱਛੇ ਰਹਿ ਗਿਆ ਸੀ ਤੇ ਚੀਕਨੀ ਮਿੱਟੀ ਵਾਲਾ ਇਲਾਕਾ ਆ ਗਿਆ ਸੀ। ਕੁਝ ਦੂਰ ਚੱਲੇ ਸਨ ਕਿ ਜੰਗਲੀ ਬਰਸਣ ਲਹਿ ਲਹਾ ਰਿਹਾ ਸੀ। ਊਠ ਨੇ ਇਹ ਪਹਿਲਾਂ ਵੇਖ ਲਿਆ ਸੀ ਤੇ ਬੱਕਰੀ ਨੂੰ ਨਾਲ ਲੈ ਉਸ ਕੋਲ ਪੁੱਜ ਗਿਆ ਸੀ, 'ਲੈ ਭੈਣੇ ਖਾ ਲੈ ਢਿੱਡ ਭਰ ਲੈ ਅਜੇ ਆਪਾਂ ਕੁਝ ਹੋਰ ਤੁਰਨਾ ਏਂ...' ਸੋਹਣੇ ਪੱਠੇ ਭਰਪੂਰ ਹਰੇ ਭਰੇ ਗੋਡੇ ਮੋਡੇ ਚੜ੍ਹੇ ਹੋਏ ਸਨ। ਇਹਨਾਂ ਨੂੰ ਵੇਖ ਬੱਕਰੀ ਨੂੰ ਚਾਅ ਚੜ੍ਹ ਗਿਆ ਸੀ। ਉਹ ਕਾਹਲੀ ਕਾਹਲੀ ਸਾਰੇ ਦੇ ਸਾਰੇ ਹੀ ਖਾ ਲੈਣੇ ਚਾਹੁੰਦੀ ਸੀ। ਪੱਠੇ ਤੇ ਊਠ ਵੀ ਖਾ ਰਿਹਾ ਸੀ ਪਰ ਪੂਰੀ ਤਰ੍ਹਾਂ ਚਿੱਥ ਚਬਾ ਕੇ ਬੜੇ ਠੀਕ ਢੰਗ ਨਾਲ। ਪਰ ਬੱਕਰੀ ਤਾਂ ਅੰਨ੍ਹੇਵਾਹ ਵਲ ਵਲ ਅੰਦਰ ਸੁੱਟੀ ਜਾ ਰਹੀ ਸੀ ਤੇ

ਇਸ ਤੋਂ ਵੀ ਅੱਗੇ ਜਾ ਕੇ ਊਠ ਨੂੰ ਗੱਲੀਂ ਲਾ ਕੇ ਪੱਠੇ ਖਾਣ ਵਿਚ ਪਿੱਛੇ ਪਾਉਣਾ ਤੇ ਆਪ ਬਹੁਤੇ ਖਾਣ ਲਈ ਬੱਕਰੀ ਨੇ ਇਕ ਚਲਾਕੀ ਖੇਡੀ। ਉਹ ਸਮਝਦੀ ਸੀ ਊਠ ਬੁੱਲ੍ਹ ਲਮਕਾ ਕੇ ਹੌਲੀ ਹੌਲੀ ???

ਊਠ ਵੀ ਹੌਲੀ ਹੌਲੀ ਮੂੰਹ ਹਿਲਾ ਰਿਹਾ ਸੀ ਤੇ ਸੋਹਣੇ ਚਾਰੇ ਦਾ ਆਨੰਦ ਨਾਲੋਂ ਨਾਲ ਮਾਣ ਰਿਹਾ ਸੀ। ਹੁਣ ਤੱਕ ਬੱਕਰੀ ਬਹੁਤ ਸਾਰੇ ਪੱਠੇ ਖਾ ਚੁੱਕੀ ਹੋਣ ਕਰਕੇ ਉਸ ਦੀਆਂ ਕੁੱਖਾਂ ਉੱਚੀਆਂ ਨਿਕਲ ਆਈਆਂ ਨਜ਼ਰ ਆਉਣ ਲੱਗ ਪਈਆਂ ਸਨ ਪਰ ਉਹ ਅਜੇ ਵੀ ਖਾਣੋਂ ਨਹੀਂ ਹਟ ਰਹੀ ਸੀ।

ਵਾਹੋਦਾਹੀ ਖਾਧਾ ਸੀ ਬੱਕਰੀ ਨੇ ਜਿਵੇਂ ਕਦੀ ਕੁਝ ਮਿਲਿਆ ਹੀ ਨਾ ਹੋਵੇ ਜਿਸ ਦਾ ਫਲ ਵੀ ਉਸੇ ਵੇਲੇ ਨਜ਼ਰ ਆ ਗਿਆ ਜਦੋਂ ਬੱਕਰੀ ਦੇ ਢਿੱਡ ਵਿਚ ਬੜੀ ਤਿੱਖੀ ਪੀੜ ਹੋਣ ਲੱਗ ਪਈ ਸੀ ਜਿਹੜੀ ਉਸ ਦੀ ਜਾਨ ਹੀ ਕੱਢ ਰਹੀ ਲੱਗੀ। ਪੱਠੇ ਤਰੇਲੇ ਸਨ ਉੱਤੇ ਘੱਟਾ ਮਿੱਟੀ ਵੀ ਪਿਆ ਹੋਣ ਕਰਕੇ ਉਹਨਾਂ ਆਪਣਾ ਰੰਗ ਵਿਖਾਇਆ। ਬੱਕਰੀ ਤੜਫ-ਤੜਫ ਗਈ। ਊਠ ਨੇ ਉਸਨੂੰ ਤੜਫਦੀ ਵੇਖ ਕੋਈ ਇਲਾਜ ਕਰਾਉਣ ਦੀ ਸੋਚੀ। ਪੀੜ ਬਹੁਤੀ ਹੋਣ ਕਰਕੇ ਉਸ ਨੂੰ ਜਲਦੀ ਜਲਦੀ ਕੁਝ ਸੁਝ ਨਹੀਂ ਰਿਹਾ ਸੀ। ਊਠ ਭਰਾਤਾ ਨੇ ਬੱਕਰੀ ਨੂੰ ਕਿਹਾ ਜਰਾ ਸੰਭਲ ਹੁਣ ਮੇਰੀ ਪਿੱਠ ਉੱਤੇ ਚੜ੍ਹ। ਅੱਗੇ ਚੱਲ ਕੇ ਕੁਝ ਹੱਲ ਲੱਭਦੇ ਆਂ ਜਰਾ ਹੌਂਸਲਾ ਕਰ ਹੁਣ। ਊਠ ਦੇ ਮਨ ਆਇਆ ਬੱਕਰੀ ਨੂੰ ਖਾਣ ਦੇ ਲਾਲਚ ਦੀ ਗੱਲ ਆਖ ਦੇਵੇ ਪਰ ਪੀੜ ਨਾਲ ਦੁਖੀ ਹੋਣ ਕਰਕੇ ਉਸਨੇ ਕੁਝ ਨਾ ਕਿਹਾ ਤੇ ਆਪਣੇ ਉੱਤੇ ਬਿਠਾ ਕੇ ਅੱਗੇ ਤੁਰ ਪਿਆ।

ਅਜੇ ਉਹ ਥੋੜ੍ਹਾ ਦੂਰ ਹੀ ਗਿਆ ਸੀ ਕਿ ਇਕ ਰੁੱਖ ਤੇ ਬੈਠਾ ਵਾਨਰ ਰਾਜ ਬੇਲੀ ਬਾਂਦਰ ਨਜ਼ਰ ਆਇਆ। ਉਸੇ ਵੇਲੇ ਉਸਨੇ ਝੱਟ ਉਸ ਨੂੰ ਬੇਨਤੀ ਕੀਤੀ 'ਮਾਰੂਤ ਰਿਸ਼ੀ ਜੀਓ ਸੁਣਿਆ ਹੈ ਤੁਸਾਂ ਦੇ ਇਕ ਪੁਰਖ ਹਨੂੰਮਾਨ ਜੀ ਨੇ ਸੰਜੀਵਨੀ ਬੂਟੀ ਲਿਆ ਕੇ ਰਣਖੇਤਰ ਵਿਚ ਬੇਹੋਸ਼ ਪਏ ਮੂਰਛਤ ਹੋਏ ਰਾਮ ਜੀ ਦੇ ਭਾਈ ਲਛਮਣ ਨੂੰ ਹੋਸ਼ ਵਿਚ ਲਿਆ ਦਿੱਤਾ ਸੀ। ਸਾਡੀ ਇਸ ਭੈਣ ਤੇ ਵੀ ਕਿਰਪਾ ਕਰੋ ਇਸ ਨੂੰ ਵੀ ਕੋਈ ਦੁਆਈ ਦਿਉ। ਇਸ ਨੇ ਬਹੁਤਾ ਚਾਰਾ ਚਰ ਲਿਆ ਹੈ। ਬੇਲੀ ਬਾਂਦਰ ਪਹਿਲਾਂ ਤਾਂ ਸਿਫਤ ਨਾਲ ਹੀ ਪ੍ਰਸੰਨ ਹੋਇਆ ਸੀ ਤੇ ਫਿਰ ਬੱਕਰੀ ਦੇ ਦੁੱਖ ਨੇ ਵੀ ਉਸ ਨੂੰ ਮਦਦ ਕਰਨ ਲਈ ਮਜਬੂਰ ਕਰ ਦਿੱਤਾ ਸੀ। ਉਹ ਫੁਰਤੀ ਨਾਲ ਛਾਲ ਮਾਰ ਉਤਰਿਆ ਤੇ ਥੋੜ੍ਹੀ ਹੀ ਦੂਰੀ ਤੋਂ ਕੁਝ ਤੀਲੇ ਪੱਤਰ ਪੁੱਟ ਤੜ ਲਿਆਇਆ ਤੇ ਬੱਕਰੀ ਨੂੰ ਖੁਆ ਦਿੱਤੇ। ਜਿਉਂ ਜਿਉਂ ਇਹ ਦੁਆਈ ਰੂਪ ਪੱਤੇ ਬੱਕਰੀ ਦੇ ਪੇਟ ਵਿਚ ਗਏ ਸਨ ਤਾਂ ਉਸ ਦਾ ਅਫਰੇਵਾਂ ਉਤਰਦਾ ਗਿਆ ਜਿਸ ਨਾਲ ਉਸ ਦੀ ਢਿੱਡ ਪੀੜ ਨੂੰ ਆਰਾਮ ਆਉਂਦਾ ਗਿਆ।

ਊਠ ਤੇ ਬੱਕਰੀ ਦੋਵੇਂ ਬੜੇ ਹੈਰਾਨ ਸਨ ਬੇਲੀ ਬਾਂਦਰ ਦੇ ਸਿਆਣੇ ਇਲਾਜ ਨੂੰ ਵੇਖ ਜਿਸ ਨੇ ਅੱਥਰੂਆਂ ਨੂੰ ਖ਼ੁਸ਼ੀ ਵਿਚ ਬਦਲ ਦਿੱਤਾ ਸੀ।

ਬੱਕਰੀ ਦੋਹਾਂ ਦੀ ਧੰਨਵਾਦੀ ਹੋਈ ਪਈ ਸੀ ਊਠ ਦੀ ਵੀ ਤੇ ਵਾਨਰ ਰਾਜ ਦੀ ਵੀ। ਤਿੰਨੇ ਗੱਲੀਂ ਬਾਤੀਂ ਇਕ ਦੂਸਰੇ ਤੋਂ ਜਾਣਕਾਰੀਆਂ ਲੈ ਰਹੇ ਸਨ। ਸਭਾ ਹੋਣ ਵਾਲੀ ਥਾਂ ਹੁਣ ਥੋੜ੍ਹੀ ਹੀ ਦੂਰ ਸੀ ਜਿੱਥੇ ਗੱਜਰਾਜ ਹਾਥੀ ਹੋਰਾਂ ਨੇ ਪ੍ਰਧਾਨਗੀ ਕਰਨੀ ਸੀ। ਤਿੰਨੇ ਹੀ ਉਧਰ ਨੂੰ ਤੁਰ ਪਏ ਸਨ ਤੇ ਗੱਲਾਂ ਕਰਦੇ ਜਾ ਰਹੇ ਸਨ। ਬੱਕਰੀ ਕਹਿ ਰਹੀ ਸੀ ਮੈਂ ਭਰਾਵੋ ਕੰਨਾਂ ਨੂੰ ਹੱਥ ਲਾਉਂਦੀ ਹਾਂ ਫਿਰ ਕਦੀ ਖਾਣ ਦਾ ਲਾਲਚ ਨਹੀਂ ਕਰਾਂਗੀ ਤੇ ਬੇਲੀ ਵੀਰਾ ਤੂੰ ਮੈਨੂੰ ਬਚਾ ਲਿਆ ਇਹ ਗੱਲ ਮੈਨੂੰ ਉਮਰ ਭਰ ਯਾਦ ਰਹੇਗੀ.....

## ਸਬਕ

*—ਅਵਤਾਰ ਸਿੰਘ ਸੰਧੂ*

"ਪੁੱਤਰ ਜੀ! ਇਨਸਾਨ ਨੂੰ ਮੁਸੀਬਤ ਵੇਲੇ ਘਬਰਾਉਣਾ ਨਹੀਂ ਚਾਹੀਦਾ।" ਬਾਬੇ ਨੇ ਪੋਤੇ ਨੂੰ ਵੀ ਖੇਤ ਦੀ ਉੱਚੀ ਵੱਟ ਉੱਤੇ ਬੈਠਣ ਦਾ ਇਸ਼ਾਰਾ ਕਰਦੇ ਹੋਏ ਆਖਿਆ।

"ਤੁਹਾਡਾ ਖਿਆਲ ਕੱਲ੍ਹ ਮੈਂ ਡਰ ਗਿਆ ਸੀ ?"

"ਨਹੀਂ ਬੱਲਿਆ। ਤੂੰ ਡਰਿਆ ਨਹੀਂ ਸੀ ਪਰ ਘਬਰਾ ਜ਼ਰੂਰ ਗਿਆ ਸੀ।" ਬਾਬਾ ਹੱਸ ਪਿਆ।

"ਬਾਬਾ ਜੀ! ਮੈਂ ਇਕੱਲਾ, ਨਾ ਕੋਈ ਡਾਂਗ-ਸੋਟਾ ਮੇਰੇ ਕੋਲ ਤੇ ਪੰਜ ਫੁੱਟ ਲੰਮਾ ਸੱਪ-ਹੁਣ ਤੁਸੀਂ ਦੱਸੋ ?" ਆਖਰ ਮੈਂ ਰੌਲਾ ਹੀ ਪਾਉਣਾ ਸੀ।

"ਚੱਲ ਛੱਡ। ਤੈਨੂੰ ਅੱਜ ਮੈਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਬਾਲਪਨ ਦੀ ਸੱਚੀ ਘਟਨਾ ਦੱਸਦਾਂ।"

"ਠੀਕ ਐ।"

"ਮਹਾਰਾਜਾ ਰਣਜੀਤ ਸਿੰਘ ਦੀ ਉਮਰ ਉਸ ਸਮੇਂ ਤੇਰ੍ਹਾਂ ਕੁ ਵਰ੍ਹਿਆਂ ਦੀ ਸੀ। ਉਹ ਬੜਾ ਨਿਡਰ ਤੇ ਦਲੇਰ ਸੀ। ਉਸਦੇ ਪਿਤਾ ਸਰਦਾਰ ਮਹਾਂ ਸਿੰਘ ਦੀ ਮੌਤ ਤੋਂ ਬਾਅਦ ਉਹ ਆਪਣੀ ਰਿਆਸਤ ਦਾ ਰਾਜਾ ਬਣਿਆ। ਹੋਰ ਸੁਣ ਜਦੋਂ ਰਣਜੀਤ ਸਿੰਘ ਸਿਰਫ ਨੌਂ ਸਾਲਾਂ ਦਾ ਸੀ ਤਾਂ ਉਹ ਆਪਣੇ ਪਿਤਾ ਨਾਲ ਯੁੱਧਾਂ ਵਿਚ ਭਾਗ ਲੈਣ ਲੱਗ ਪਿਆ ਸੀ। ਛੋਟੀ ਉਮਰ ਵਿਚ ਹੀ ਉਸਨੇ ਸ਼ਸਤਰ ਵਿੱਦਿਆ, ਘੋੜ-ਸਵਾਰੀ ਤੇ ਹੋਰ ਸੈਨਿਕਾਂ ਵਾਲੇ ਗੁਰ ਸਿੱਖ ਲਏ ਸਨ। ਹਾਂ, ਮੈਂ ਦੱਸ ਰਿਹਾ ਸੀ ਕਿ

ਰਣਜੀਤ ਸਿੰਘ ਜਦੋਂ ਆਪਣੀ ਰਿਆਸਤ ਦਾ ਮਾਲਕ ਬਣਿਆ ਤਾਂ ਗੁਆਂਢੀ ਸਰਦਾਰ ਉਸ ਨਾਲ ਖਾਰ ਖਾਣ ਲੱਗ ਪਏ।"

"ਕਿਉਂ ਬਾਬਾ ਜੀ ?"

"ਪੁੱਤਰ ਜੀ, ਇਕ ਤਾਂ ਉਹ ਸਮਝਦੇ ਸਨ ਕਿ ਤੇਰ੍ਹਾਂ ਸਾਲਾਂ ਦਾ ਮੁੰਡਾ ਰਾਜ ਭਾਗ ਕਿਵੇਂ ਸੰਭਾਲੂ, ਦੂਜੇ ਉਹ ਆਪਸ ਵਿਚ ਨਿੱਤ ਲੜਦੇ ਰਹਿੰਦੇ ਸਨ ਤਾਂ ਜੋ ਆਪੋ-ਆਪਣੀਆਂ ਰਿਆਸਤਾਂ ਨੂੰ ਹੋਰ ਵੱਡਾ ਕਰ ਸਕਣ। ਚੱਠਿਆਂ ਦਾ ਹਸ਼ਮਤ ਖਾਨ ਸਿੱਖਾਂ ਨਾਲ ਬੜੀ ਈਰਖਾ ਕਰਦਾ ਸੀ। ਸਿੱਖਾਂ ਨਾਲ ਉਸਦਾ ਅਕਸਰ ਮੁਕਾਬਲਾ ਹੁੰਦਾ ਰਹਿੰਦਾ। ਉਹ ਸਿੱਖ ਰਿਆਸਤਾਂ ਨੂੰ ਆਪਣੇ ਰਾਜ ਵਿਚ ਮਿਲਾਉਣਾ ਚਾਹੁੰਦਾ ਸੀ। ਜਦੋਂ ਉਸ ਨੂੰ ਸਰਦਾਰ ਮਹਾਂ ਸਿੰਘ ਦੀ ਮੌਤ ਬਾਰੇ ਪਤਾ ਲੱਗਾ ਤਾਂ ਉਹ ਬਹੁਤ ਖੁਸ਼ ਹੋਇਆ। ਉਸਦੀ ਨਜ਼ਰ ਵਿਚ ਰਣਜੀਤ ਸਿੰਘ ਇਕ ਸਧਾਰਨ ਜਿਹਾ ਬਾਲਕ ਹੈ। ਜਦੋਂ ਦਿਲ ਕੀਤਾ ਹਮਲਾ ਕਰਕੇ ਇਸ ਰਿਆਸਤ ਉੱਤੇ ਕਬਜ਼ਾ ਕਰ ਲਵੇਗਾ।"

"ਫਿਰ ਉਸਨੇ ਹਮਲਾ ਕੀਤਾ ?" ਪੋਤਾ ਬੜੇ ਧਿਆਨ ਨਾਲ ਸੁਣ ਰਿਹਾ ਸੀ।

"ਬੱਲਿਆ! ਇਕ ਦਿਨ ਰਣਜੀਤ ਸਿੰਘ ਹਿਰਨ ਦਾ ਸ਼ਿਕਾਰ ਕਰਨ ਗਿਆ। ਹਿਰਨ ਦੌੜ ਪਿਆ ਤੇ ਰਣਜੀਤ ਸਿੰਘ ਨੇ ਆਪਣਾ ਘੋੜਾ ਮਗਰ ਲਾ ਦਿੱਤਾ। ਜੰਗਲ ਵਿਚ ਜਾ ਕੇ ਹਿਰਨ ਕਿਧਰੇ ਛੁਪ ਗਿਆ। ਰਣਜੀਤ ਸਿੰਘ ਦੇ ਸਾਥੀ ਸੈਨਿਕ ਬਹੁਤ ਪਿੱਛੇ ਰਹਿ ਗਏ। ਜੰਗਲ ਵਿਚ ਹਸ਼ਮਤ ਖਾਨ ਵੀ ਸ਼ਿਕਾਰ ਖੇਡਣ ਆਇਆ ਹੋਇਆ ਸੀ। ਅਚਾਨਕ ਦੋਹਾਂ ਦਾ ਸਾਹਮਣਾ ਹੋ ਗਿਆ। ਇਕ ਪਾਸੇ ਘੋੜੇ 'ਤੇ ਸਵਾਰ ਰਣਜੀਤ ਸਿੰਘ ਇਕੱਲਾ, ਦੂਜੇ ਪਾਸੇ ਖਾਨ ਤੇ ਉਸਦੇ ਸੈਨਿਕਾਂ ਦਾ ਦਲ। ਰਣਜੀਤ ਸਿੰਘ ਨੂੰ ਇਕੱਲੇ ਦੇਖ ਕੇ, ਹਸ਼ਮਤ ਖਾਨ ਦਾ ਚਿਹਰਾ ਚਮਕਿਆ। ਰਣਜੀਤ ਸਿੰਘ ਨੂੰ ਮਾਰ-ਮੁਕਾਣ ਦਾ ਸੁਨਹਿਰੀ ਮੌਕਾ ਉਸਨੂੰ ਬੜੀ ਮੁਸ਼ਕਲ ਨਾਲ ਮਿਲਿਆ ਸੀ।"

"ਫਿਰ ਕੀ ਹੋਇਆ ?"

"ਪੁੱਤਰ ਜੀ! ਉਸ ਨੇ ਲਲਕਾਰਾ ਮਾਰਿਆ ਤੇ ਘੋੜੇ ਦਾ ਮੂੰਹ ਰਣਜੀਤ ਸਿੰਘ ਵੱਲ ਕਰ ਦਿੱਤਾ। ਇਕ ਪਾਸੇ ਬਾਲਕ ਰਣਜੀਤ ਸਿੰਘ ਤੇ ਦੂਜੇ ਪਾਸੇ ਦਿਓ ਕੱਦ ਹਸ਼ਮਤ ਖਾਨ। ਪਰ ਰਣਜੀਤ ਸਿੰਘ ਨਾ ਡਰਿਆ ਤੇ ਨਾ ਘਬਰਾਇਆ! ਉਸਨੇ ਬਹਾਦਰਾਂ ਵਾਂਗ ਹਸ਼ਮਤ ਖਾਨ ਦੀ ਲਲਕਾਰ ਦਾ ਜਵਾਬ ਦਿੱਤਾ ਤੇ ਅੱਖਾਂ ਕੱਢਦਾ ਹੋਇਆ, ਉਸ ਵੱਲ ਵਧਿਆ। ਖਾਨ ਨੇ ਘੋੜੇ ਨੂੰ ਅੱਡੀ ਮਾਰੀ ਤੇ ਤਲਵਾਰ ਦਾ ਭਰਵਾਂ ਵਾਰ ਕੀਤਾ। ਰਣਜੀਤ ਸਿੰਘ ਨੇ ਬੜੀ ਹੁਸ਼ਿਆਰੀ ਤੇ ਦਲੇਰੀ ਨਾਲ, ਆਪਣੇ-ਆਪ ਨੂੰ ਬਚਾ ਲਿਆ। ਇਸ ਤੋਂ ਪਹਿਲਾਂ ਕਿ ਦੁਸ਼ਮਣ ਦੂਜਾ ਵਾਰ ਕਰਦਾ, ਰਣਜੀਤ ਸਿੰਘ ਨੇ ਨੇਜ਼ੇ ਨਾਲ ਖਾਨ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ। ਆਪਣੇ

ਸਰਦਾਰ ਦਾ ਹਸ਼ਰ ਵੇਖ ਕੇ, ਉਸਦੇ ਸੈਨਿਕ ਦੌੜ ਗਏ। ਰਣਜੀਤ ਸਿੰਘ ਨੇ ਨੇਜੇ ਉੱਤੇ ਖਾਨ ਦਾ ਸਿਰ ਟੰਗਿਆ ਤੇ ਆਪਣੇ ਸਾਥੀਆਂ ਕੋਲ ਆ ਗਿਆ। ਪੁੱਤਰ ਜੀ! ਉਹੀ ਬਾਲਕ ਰਣਜੀਤ ਸਿੰਘ ਆਪਣੇ ਦ੍ਰਿੜ੍ਹ ਵਿਸ਼ਵਾਸ, ਬਹਾਦਰੀ ਤੇ ਨਿਡਰਤਾ ਕਾਰਨ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਬਣਿਆ।"

"ਬਾਬਾ ਜੀ! ਗੱਲ ਤੁਹਾਡੀ ਠੀਕ ਐ। ਬੰਦੇ ਨੂੰ ਮੁਸੀਬਤ ਵੇਲੇ ਘਬਰਾਉਣਾ ਨਹੀਂ ਚਾਹੀਦਾ। ਜੇ ਹਸ਼ਮਤ ਖਾਨ ਦਾ ਕੱਦ ਕਾਠ ਵੇਖ ਕੇ, ਰਣਜੀਤ ਸਿੰਘ ਡਰ ਜਾਂਦਾ ?"

"ਪੁੱਤਰ ਜੀ! ਬਹਾਦਰ ਕਦੇ ਡਰਦੇ ਨਹੀਂ। ਇਤਿਹਾਸਕਾਰ ਲਿਖਦੇ ਹਨ ਕਿ ਰਣਜੀਤ ਸਿੰਘ ਨੇ ਆਪਣੀ ਨਿਡਰਤਾ ਤੇ ਪੱਕੇ ਇਰਾਦੇ ਕਾਰਨ, ਕਈ ਲੜਾਈਆਂ ਜਿੱਤੀਆਂ। ਕਈ ਵਾਰ ਤਾਂ ਦੁਸ਼ਮਣ ਦੀ ਫੌਜ, ਇਨ੍ਹਾਂ ਦੀ ਫੌਜ ਨਾਲੋਂ ਕਈ ਗੁਣਾਂ ਵੱਧ ਵੀ ਹੁੰਦੀ ਸੀ। ਬਾਕੀ ਪੁੱਤਰ ਜੀ! ਜਿਹੜਾ ਤੂੰ ਕੱਲ ਇੱਟ ਮਾਰ ਕੇ ਸੱਪ ਮਾਰ ਦਿੱਤਾ, ਇਹ ਤੇਰੀ ਨਿਡਰਤਾ ਦਾ ਸਬੂਤ ਐ। ਜੇ ਤੂੰ ਅੱਗੇ-ਅੱਗੇ ਦੌੜ ਪੈਂਦਾ...।"

"ਬਾਬਾ ਜੀ! ਦੌੜ ਕਿੱਦਾਂ ਪੈਂਦਾ ? ਤੁਸੀਂ ਆਪ ਹੀ ਤੇ ਕਹਿੰਦੇ ਹੋ ਕਿ ਮੁਸੀਬਤ ਵੇਲੇ ਬੰਦੇ ਨੂੰ ਘਬਰਾਉਣਾ ਨਹੀਂ ਚਾਹੀਦਾ।" ਬਾਬਾ ਪੋਤਾ ਦੋਵੇਂ ਹੱਸ ਪਏ।

## ਮੋਰ ਦੇ ਖੰਭ

*—ਅਵਤਾਰ ਸਿੰਘ ਸੰਧੂ*

ਬਹੁਤ ਸਾਲ ਪਹਿਲਾਂ ਦੀ ਗੱਲ ਹੈ। ਉਸ ਸਾਲ ਮੈਂ ਪੰਜਵੀਂ ਜਮਾਤ 'ਚ ਪੜ੍ਹਦਾ ਸੀ। ਪੜ੍ਹਾਈ 'ਚ ਮੈਂ ਠੀਕ ਸਾਂ। ਪਿਛਲੀਆਂ ਜਮਾਤਾਂ 'ਚੋਂ ਵੀ ਚੰਗੇ ਨੰਬਰ ਲੈ ਕੇ ਪਾਸ ਹੋਇਆ ਸੀ ਪਰ ਜਮਾਤ 'ਚੋਂ ਪਹਿਲੇ ਸਥਾਨ 'ਤੇ ਕਦੀ ਨਹੀਂ ਆਇਆ ਸੀ। ਮੈਂ ਚਾਹੁੰਦਾ ਸਾਂ ਇਸ ਵਾਰ ਪੰਜਵੀਂ ਜਮਾਤ 'ਚੋਂ ਪਹਿਲੇ ਸਥਾਨ 'ਤੇ ਆਵਾਂ। ਮੇਰੀ ਮਾਂ ਹਰ ਵੇਲੇ ਇੱਕੋ ਗੱਲ ਆਖਦੀ, "ਤੂੰ ਦਿਲ ਲਾ ਕੇ ਪੜ੍ਹਿਆ ਕਰ ਤੇ ਸੋਮਵਾਰ ਬਾਬੇ ਰਤਨੇ ਦੇ ਗੁਰਦੁਆਰੇ ਦੀਵਾ ਬਾਲ਼ ਕੇ ਆਇਆ ਕਰ। ਇਸ ਵਾਰ ਤੂੰ ਜ਼ਰੂਰ ਸਾਰਿਆਂ ਨਾਲੋਂ ਵੱਧ ਨੰਬਰ ਲੈ ਕੇ ਪਾਸ ਹੋਵੇਂਗਾ।" ਮਾਂ ਦੀ ਗੱਲ ਮੰਨ ਕੇ ਮੈਂ ਹਰ ਰੋਜ਼ ਤੇ ਨਹੀਂ ਹਰ ਸੋਮਵਾਰ ਬਾਬੇ ਰਤਨੇ ਦੇ ਗੁਰਦੁਆਰੇ ਦੀਵਾ ਬਾਲਣ ਲਈ ਜਾਂਦਾ।

ਸਾਡੇ ਪਿੰਡ ਦੇ ਦੱਖਣ ਵਾਲੇ ਪਾਸੇ ਬਾਬੇ ਰਤਨੇ ਦਾ ਪ੍ਰਸਿੱਧ ਸਥਾਨ ਹੈ। ਉਸ ਸਮੇਂ ਇਸ ਧਾਰਮਿਕ ਸਥਾਨ ਦੇ ਚਾਰੇ ਪਾਸੇ ਸੰਘਣੀਆਂ ਝਾੜੀਆਂ ਹੁੰਦੀਆਂ ਸਨ। ਸਾਰੇ ਇਲਾਕੇ ਵਾਲੇ ਇਸ ਸਥਾਨ ਦਾ ਬੜਾ ਸਤਿਕਾਰ ਕਰਦੇ ਸਨ। ਸੋਮਵਾਰ ਵਾਲੇ

ਦਿਨ ਆਥਣੇ, ਬੀਬੀਆਂ ਦੇਸੀ ਘਿਓ ਦੇ ਦੀਵੇ ਬਾਲਣ ਜਾਂਦੀਆਂ। ਇਹ ਸਥਾਨ ਪਿੰਡੋਂ ਜ਼ਰਾ ਹੱਟਵਾਂ ਸੀ। ਇਸ ਲਈ ਸ਼ਰਧਾਲੂ ਬੀਬੀਆਂ ਸੂਰਜ ਡੁੱਬਣ ਤੋਂ ਪਹਿਲਾਂ ਹੀ ਘਰੋਂ ਤੁਰ ਪੈਂਦੀਆਂ। ਸ਼ਰਧਾਲੂ ਬੀਬੀਆਂ ਦੇ ਨਾਲ-ਨਾਲ ਵੱਡੀ ਗਿਣਤੀ 'ਚ ਬੱਚੇ ਹੁੰਦੇ ਸਨ, ਜਿਨ੍ਹਾਂ ਨੂੰ ਦੇਸੀ ਘਿਓ 'ਚ ਬਣੇ ਵੇਸਣ ਵਾਲੇ ਪ੍ਰਸ਼ਾਦ ਦਾ ਲਾਲਚ ਹੁੰਦਾ ਸੀ। ਜਿਸ ਬੀਬੀ ਦੀ ਮਨੋਕਾਮਨਾ ਪੂਰੀ ਹੋ ਜਾਂਦੀ, ਉਹ ਘਰੋਂ ਦੇਸੀ ਘਿਓ 'ਚ ਦੇਗ ਬਣਾ ਕੇ ਲਿਆਉਂਦੀ।

ਪਹਿਲੇ ਸੋਮਵਾਰ ਬੜਾ ਅਜੀਬ ਜਿਹਾ ਲੱਗਾ। ਹਮ-ਉਮਰ ਮੁੰਡੇ-ਕੁੜੀਆਂ ਨਾਲ ਨੀਵੀਂ ਪਾਈ ਤੁਰਿਆ ਰਿਹਾ। ਸਾਡੇ ਜੱਥੇ 'ਚ ਕੁਝ ਸਿਆਣੀਆਂ ਔਰਤਾਂ ਸਨ ਤੇ ਬਾਕੀ ਬੱਚੇ। ਸਾਰਿਆਂ ਦੇ ਹੱਥਾਂ 'ਚ ਕੌਲੀਆਂ ਸਨ। ਕਿਸੇ ਦੀ ਕੌਲੀ 'ਚ ਦੀਵਾ ਬਾਲਣ ਲਈ ਦੇਸੀ ਘਿਓ ਤੇ ਕੋਈ ਸਰ੍ਹੋਂ ਦਾ ਤੇਲ ਲੈ ਕੇ ਜਾ ਰਿਹਾ ਸੀ। ਮੇਰੀ ਜਮਾਤ ਦੀਆਂ ਸੁਰਿੰਦਰ ਤੇ ਨਰਿੰਦਰ ਵੀ ਹਰ ਰੋਜ਼ ਗੁਰਦੁਆਰੇ ਜਾਂਦੀਆਂ ਸਨ ਪਰ ਸੋਮਵਾਰ ਵਾਲੇ ਦਿਨ ਉਹ ਬਾਬੇ ਰਤਨੇ ਦੇ ਗੁਰਦੁਆਰੇ ਜ਼ਰੂਰ ਪਹੁੰਚ ਜਾਂਦੀਆਂ। ਹੌਲੀ-ਹੌਲੀ ਮੇਰਾ ਝਾਕਾ ਵੀ ਲਹਿ ਗਿਆ। ਮਨ 'ਚ ਸ਼ਰਧਾ ਘੱਟ ਤੇ ਪ੍ਰਸ਼ਾਦ ਖਾਣ ਦਾ ਵਧੇਰੇ ਲਾਲਚ ਸੀ। ਇਕ ਦਿਨ ਮੈਂ ਦੀਵਾ ਬਾਲ ਕੇ, ਹੱਥ ਜੋੜ ਕੇ ਉੱਚੀ-ਉੱਚੀ ਅਰਦਾਸ ਕੀਤੀ, "ਬਾਬਾ ਰਤਨਾ ਜੀ! ਜੇ ਇਸ ਵਾਰ ਮੈਂ ਜਮਾਤ 'ਚੋਂ ਫਸਟ ਆਇਆ ਤਾਂ ਸਵਾ ਰੁਪਏ ਦਾ ਪ੍ਰਸ਼ਾਦ ਲੈ ਕੇ ਆਊਂ।" ਮੇਰੇ ਪਿੱਛੇ ਖੜ੍ਹੀ ਸੁਰਿੰਦਰ ਨੇ ਸਾਰਾ ਕੁਝ ਸੁਣ ਲਿਆ ਤੇ ਹੱਸ ਪਈ। ਮੈਂ ਸ਼ਰਮ ਮਹਿਸੂਸ ਕੀਤੀ। ਪ੍ਰਸ਼ਾਦ ਲੈ ਕੇ ਅਸੀਂ ਘਰ ਵੱਲ ਮੁੜ ਪਏ। "ਜੇ ਪੇਪਰਾਂ 'ਚ ਜ਼ਿਆਦਾ ਨੰਬਰ ਲੈਣੇ ਨੇ ਤਾਂ ਕਾਪੀ 'ਚ ਮੋਰ ਦੇ ਖੰਭ ਰੱਖਿਆ ਕਰ।" ਮੇਰੀ ਭੂਆ ਕਹਿੰਦੀ ਸੀ, "ਮੋਰ ਦੇ ਖੰਭਾਂ ਨਾਲ ਵਿੱਦਿਆ ਬਹੁਤ ਆਉਂਦੀ ਹੈ।" ਰਾਹ 'ਚ ਮੈਨੂੰ ਸੁਰਿੰਦਰ ਨੇ ਸਮਝਾਇਆ।

ਉਸ ਦਿਨ ਮੈਂ ਪੱਕਾ ਫ਼ੈਸਲਾ ਕਰ ਲਿਆ, ਭਾਵੇਂ ਕਿਤਿਉਂ ਵੀ ਲਿਆਵਾਂ, ਬੱਸ ਮੋਰ ਦੇ ਖੰਭ ਜ਼ਰੂਰ ਲੈਣੇ ਨੇ। ਗੁਰਦੁਆਰੇ ਦੀਆਂ ਝਾੜੀਆਂ 'ਚ ਮੋਰਾਂ ਦੇ ਝੁੰਡ ਰਹਿੰਦੇ ਸਨ। ਮੋਰ ਸ਼ਾਮ ਵੇਲੇ ਖੇਤਾਂ 'ਚ ਚੁਗਣ ਨਿਕਲਦੇ। ਕਦੀ-ਕਦੀ ਉਹ ਉਡਾਰੀ ਮਾਰ ਕੇ, ਆਬਾਦੀ 'ਚ ਵੀ ਆ ਜਾਂਦੇ। ਉਸ ਸਮੇਂ ਪਿੰਡ 'ਚ ਗਿਣਤੀ ਦੇ ਚੁਬਾਰੇ ਸਨ। ਮੋਰ ਮਸਤ ਹੋ ਕੇ ਪੈਲਾਂ ਵੀ ਪਾਉਂਦੇ। ਜਿਸ ਦਿਨ ਮੋਰ ਘਰਾਂ ਦੀਆਂ ਛੱਤਾਂ 'ਤੇ ਆ ਜਾਂਦੇ, ਸਾਡੀ ਖੁਸ਼ੀ ਦੀ ਕੋਈ ਹੱਦ ਨਾ ਰਹਿੰਦੀ। ਅਸੀਂ ਮੱਕੀ ਤੇ ਕਣਕ ਦੇ ਦਾਣੇ ਛੱਤ 'ਤੇ ਖਿਲਾਰ ਦਿੰਦੇ। ਅਜੀਬ-ਅਜੀਬ ਆਵਾਜ਼ਾਂ ਕੱਢ ਮੋਰਾਂ ਨੂੰ ਆਪਣੇ ਘਰ ਦੀ ਛੱਤ 'ਤੇ ਬੁਲਾਉਂਦੇ ਪਰ ਮੋਰਾਂ ਦੀਆਂ ਡਾਰਾਂ ਮਨਮਰਜ਼ੀ ਦੀਆਂ ਮਾਲਕ ਸਨ। ਸਾਡੇ ਦਾਣੇ ਪਏ

ਰਹਿ ਜਾਂਦੇ ਤੇ ਮੋਰ ਕਿਸੇ ਦੂਸਰੇ ਘਰ ਦੀ ਛੱਤ ਮੱਲ ਲੈਂਦੇ। ਫਿਰ ਘੁੱਗੀਆਂ ਤੇ ਚਿੜੀਆਂ ਨੂੰ ਮੌਜਾਂ ਲੱਗ ਜਾਂਦੀਆਂ।

ਮੈਂ ਮੋਰਾਂ ਦੇ ਖੰਭਾਂ ਬਾਰੇ ਆਪਣੇ ਮਿੱਤਰਾਂ ਕੋਲੋਂ ਪੁੱਛਿਆ। ਵੱਖਰੀ ਕਿਸਮ ਦੇ ਜਵਾਬ ਮਿਲਦੇ।

"ਸਾਡੀ ਛੱਤ 'ਤੇ ਮੋਰਾਂ ਦੇ ਖੰਭ ਪਏ ਸਨ। ਭਾਈ ਅਸੀਂ ਤਾਂ ਸਾਫ਼ ਕਰਕੇ ਗੁਰਦੁਆਰੇ ਚੜ੍ਹਾ ਦਿੱਤੇ। ਬੇਬੇ ਕਹਿੰਦੀ ਸੀ, ਏਦਾਂ ਦੀਆਂ ਚੀਜ਼ਾਂ ਗੁਰੂ ਘਰ ਵਿਚ ਵੀ ਚੰਗੀਆਂ ਲੱਗਦੀਆਂ ਹਨ।" "ਮੇਰੀ ਮਾਹਿਲਪੁਰ ਵਾਲੀ ਭੂਆ ਸਾਰੇ ਖੰਭ ਲੈ ਗਈ।" "ਨਾ ਭਾਈ ਨਾ, ਮੋਰ ਦੇ ਖੰਭ ਘਰ 'ਚ ਨਹੀਂ ਰੱਖੀਦੇ।" ਮੈਂ ਜਿਸ ਨਾਲ ਵੀ ਮੋਰ ਦੇ ਖੰਭਾਂ ਬਾਰੇ ਗੱਲ ਕਰਦਾ, ਸਾਰੇ ਹੈਰਾਨੀ ਨਾਲ ਮੈਨੂੰ ਦੇਖਦੇ ਤੇ ਬਹਾਨੇ ਬਣਾ ਕੇ ਮੈਨੂੰ ਤੋਰ ਦਿੰਦੇ। ਮੋਰ ਦੇ ਖੰਭ ਨਾ ਮਿਲਣ ਕਾਰਨ ਮੈਨੂੰ ਪੱਕਾ ਯਕੀਨ ਹੋ ਗਿਆ ਕਿ ਖੰਭਾਂ 'ਚ ਜ਼ਰੂਰ ਕੋਈ ਸ਼ਕਤੀ ਹੈ। ਮੈਂ ਮੋਰਾਂ ਦੀਆਂ ਡਾਰਾਂ ਦਾ ਪਿੱਛਾ ਵੀ ਕੀਤਾ, ਸ਼ਾਮ-ਸਵੇਰੇ ਖੇਤਾਂ 'ਚ ਵੀ ਦੇਖਿਆ ਪਰ ਖੰਭ ਨਾ ਮਿਲੇ।

ਆਖਰ ਇਕ ਦਿਨ ਮੈਂ ਸਿਖਰ ਦੁਪਹਿਰੇ ਬਾਬੇ ਰਤਨੇ ਦੇ ਗੁਰਦੁਆਰੇ ਵਾਲੀ ਸੰਘਣੀ ਝਿੜੀ 'ਚ ਵੜ ਗਿਆ। ਮਲ੍ਹਿਆਂ ਦੇ ਕੰਡੇ ਲੱਤਾਂ-ਬਾਹਾਂ 'ਚ ਲੱਗ ਗਏ, ਕੱਖਾਂ-ਕਾਨਿਆਂ ਨਾਲ ਹੱਥਾਂ 'ਤੇ ਝਰੀਟਾਂ ਪੈ ਗਈਆਂ ਪਰ ਖੰਭ ਕਿਤੇ ਵੀ ਨਜ਼ਰ ਨਾ ਆਏ। ਇਕ ਥਾਂ ਮੋਰ ਦੇ ਅੰਡੇ ਨਜ਼ਰੀਂ ਪੈ ਗਏ। ਮੈਂ ਕਾਹਲੀ ਨਾਲ ਉਸ ਤਰਫ਼ ਗਿਆ।

"ਵਈ ਕੌਣ ਐ ?" ਗੁਰਦੁਆਰੇ ਦਾ ਸੇਵਾਦਾਰ ਉੱਚੀ ਬੋਲਿਆ। ਕਿਸੇ ਚੋਰ ਵਾਂਗੂੰ ਫੜੇ ਜਾਣ ਦੇ ਡਰੋਂ ਸਾਰਾ ਸਰੀਰ ਕੰਬ ਗਿਆ। ਪੈਰ ਇੱਕੋ ਥਾਂ ਜੰਮ ਗਏ। ਸੇਵਾਦਾਰ ਮੇਰੇ ਲਾਗੇ ਆ ਗਿਆ।

"ਤੂੰ ਇੱਥੇ ਕੀ ਕਰਦੈਂ ?" ਇਸ ਵਾਰ ਸੇਵਾਦਾਰ ਦੀ ਆਵਾਜ਼ 'ਚ ਗੁੱਸਾ ਸੀ। "ਬਾਬਾ ਜੀ ਮੈਂ ਮੋਰ ਦੇ ਖੰਭ...।" ਸੰਘ 'ਚ ਬਾਕੀ ਦੇ ਸ਼ਬਦ ਨਾ ਨਿਕਲੇ। "ਕਮਲਿਆ! ਇਸ ਪਾਸੇ ਬੜਾ ਭਾਰੀ ਖੜੱਪਾ ਸੱਪ ਰਹਿੰਦੈ ਤੇ ਤੂੰ ਇੱਥੇ ਮੋਰ ਦੇ ਖੰਭ ਲੱਭਣ ਆ ਗਿਆਂ। ਚੱਲ ਇੱਥੋਂ ਬਾਹਰ ਨਿਕਲ।" ਇਕ ਪਾਸੇ ਸੇਵਾਦਾਰ ਦਾ ਗੁੱਸਾ ਤੇ ਦੂਜੇ ਪਾਸੇ ਸੱਪ ਦਾ ਡਰ। ਆਪਣੇ-ਆਪ ਨੂੰ ਝਾੜੀਆਂ ਤੋਂ ਬਚਾਉਂਦਾ ਹੋਇਆ ਮੈਂ ਬਾਹਰ ਨਿਕਲਿਆ ਤੇ ਘਰ ਵੱਲ ਨੂੰ ਦੌੜ ਪਿਆ। ਘਰ ਪਹੁੰਚ ਕੇ ਸਾਹ ਲਿਆ। ਮੋਰ ਦੇ ਖੰਭਾਂ ਦਾ ਚਾਅ, ਖੜੱਪੇ ਸੱਪ ਨੇ ਨਿਗਲ ਲਿਆ। ਸੋਮਵਾਰ ਬਾਬੇ ਰਤਨੇ ਦੇ ਜਾਣਾ ਵੀ ਭੁੱਲ ਗਿਆ। ਪੰਜਵੀਂ ਦੇ ਪੱਕੇ ਪੇਪਰ ਆ ਗਏ। ਖ਼ੂਬ ਪੜ੍ਹਾਈ ਕੀਤੀ। ਚੰਗੇ ਨੰਬਰ ਲੈ ਕੇ ਪਾਸ ਹੋ ਗਿਆ। ਮੇਰਾ ਜਮਾਤ 'ਚੋਂ ਤੀਜਾ ਨੰਬਰ ਸੀ। ਮੇਰੀ ਮਾਂ ਬਹੁਤ ਖੁਸ਼ ਸੀ ਪਰ ਮੇਰਾ ਦਿਲ ਕਹਿ ਰਿਹਾ ਸੀ, "ਜੇ ਕਿਤੇ ਮੋਰ ਦੇ ਖੰਭ ਲੱਭ ਪੈਂਦੇ ਤਾਂ ਮੈਂ ਫਸਟ ਆ

ਜਾਣਾ ਸੀ।" ਇਕ ਦਿਨ ਮੇਰੀ ਮਾਂ ਨੇ ਗਲੀ 'ਚ ਪਤਾਸੇ ਵੰਡੇ ਮੇਰੇ ਪਾਸ ਹੋਣ ਦੀ ਖੁਸ਼ੀ 'ਚ।

"ਪੁੱਤ! ਤੂੰ ਪ੍ਰੀਤੋ ਦੇ ਘਰ ਵੀ ਪਤਾਸੇ ਦੇ ਕੇ ਆਵੀਂ।" ਮੇਰੀ ਮਾਂ ਨੇ ਮੈਨੂੰ ਪਤਾਸੇ ਫੜਾਉਂਦੇ ਹੋਏ ਕਿਹਾ। "ਤਾਈ ਜੀ! ਪਤਾਸੇ ਖਾਓ। ਮੈਂ ਪਾਸ ਹੋ ਗਿਆ। ਤੁਹਾਡਾ ਪੰਮਾ ਇਸ ਵਾਰ ਵੀ ਰਹਿ ਗਿਆ।" ਮੈਂ ਤਾਈ ਪ੍ਰੀਤੋ ਨੂੰ ਪਤਾਸੇ ਫੜਾਉਂਦੇ ਹੋਏ ਕਿਹਾ। "ਪੰਮੇ ਨੇ ਕਦੀ ਕਿਤਾਬ, ਕਾਪੀ ਨੂੰ ਹੱਥ ਨਹੀਂ ਸੀ ਲਾਇਆ, ਮਰ ਜਾਣਾ ਸਾਰਾ ਦਿਨ ਮੋਰਾਂ ਦੇ ਖੰਭ ਲੱਭਦਾ ਰਹਿੰਦਾ ਸੀ। ਬਿਨਾਂ ਪੜ੍ਹੇ ਕਦੀ ਕੋਈ ਪਾਸ ਹੋਇਐ?" ਤਾਈ ਆਪਣੇ ਮੁੰਡੇ ਨੂੰ ਬੜਾ ਚਿਰ ਬੁਰਾ-ਭਲਾ ਕਹਿੰਦੀ ਰਹੀ। ਅਸਲ ਗੱਲ ਦਾ ਮੈਨੂੰ ਵੀ ਪਤਾ ਲੱਗ ਚੁੱਕਾ ਸੀ। ਇਸੇ ਕਰਕੇ ਉਸ ਦਿਨ ਮੈਂ ਬਹੁਤ ਖੁਸ਼ ਸੀ।

❑❑❑



ਇਸ ਕਹਾਣੀ ਸੰਗ੍ਰਹਿ ਦੀ ਵੰਨ-ਸੁਵੰਨਤਾ ਇਸਦਾ ਖਾਸ ਗੁਣ ਹੈ। ਇਸ ਪੁਸਤਕ ਵਿਚ ਦਸ ਸਾਲਾਂ ਦੀ ਕਹਾਣੀ ਲੇਖਿਕਾ ਸੁਖਚੰਚਲ ਕੌਰ ਤੋਂ ਲੈ ਕੇ ਸ. ਮਨਮੋਹਨ ਸਿੰਘ ਦਾਊਂ ਤਕ ਦੇ ਸਾਹਿਤ ਅਕੈਡਮੀ ਪੁਰਸਕਾਰ ਜੇਤੂਆਂ ਦੀਆਂ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਖਾਸ ਗੱਲ ਇਹ ਹੈ ਕਿ ਕੁਝ ਕਹਾਣੀਆਂ ਬਹੁਤ ਛੋਟੀਆਂ ਅਤੇ ਕੁਝ ਲੰਬੀਆਂ ਹਨ। ਇਸ ਸੰਗ੍ਰਹਿ ਨੂੰ ਹਰ ਜਮਾਤ ਅਤੇ ਹਰ ਉਮਰ ਵਰਗ ਨੂੰ ਧਿਆਨ ਵਿਚ ਰੱਖ ਕੇ ਤਿਆਰ ਕਰਨ ਦਾ ਯਤਨ ਕੀਤਾ ਗਿਆ ਹੈ। ਸਕੂਲਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਮਾਨਸਿਕ ਪੱਧਰ ਦਾ ਵੀ ਧਿਆਨ ਰੱਖਿਆ ਗਿਆ ਹੈ।

ਇਹਨਾਂ ਕਹਾਣੀਆਂ ਰਾਹੀਂ ਜਿੱਥੇ ਸਾਡੀ ਸਕੂਲੀ ਸਿੱਖਿਆ ਦੀ ਪ੍ਰਕਿਰਿਆ ਨੂੰ ਹੁਲਾਰਾ ਮਿਲਦਾ ਹੈ ਉੱਥੇ ਉਹਨਾਂ ਅੰਦਰ ਨਵੇਂ ਤੇ ਨਰੋਏ ਸੁਪਨੇ ਵੀ ਸੰਜੋਏ ਗਏ ਹਨ। ਹਰ ਕਹਾਣੀਕਾਰ ਨੇ ਆਪੋ ਆਪਣੀਆਂ ਕਲਾ ਜੁਗਤਾਂ ਨਾਲ ਕਹਾਣੀਆਂ ਨੂੰ ਸ਼ਿੰਗਾਰਿਆ ਹੈ। ਅਸੀਂ ਆਪਣੀ ਸਮਰੱਥਾ ਅਨੁਸਾਰ ਵੱਧ ਤੋਂ ਵੱਧ ਕਹਾਣੀਕਾਰਾਂ ਨੂੰ ਇਸ ਸੰਗ੍ਰਹਿ ਵਿਚ ਸ਼ਾਮਿਲ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇਸ ਸੰਗ੍ਰਹਿ ਤੋਂ ਪਹਿਲਾਂ "ਸਕੂਲੀ ਬੱਚਿਆਂ ਲਈ ਚੋਣਵੀਆਂ ਕਹਾਣੀਆਂ" ਦਾ ਇਕ ਖ਼ੂਬਸੂਰਤ ਗੁਲਦਸਤਾ ਮੇਰੇ ਦੁਆਰਾ 2014 ਵਿਚ ਸੰਪਾਦਿਤ ਕੀਤਾ ਗਿਆ ਜਿਸਨੂੰ ਬਾਲਾਂ, ਅਧਿਆਪਕਾਂ, ਮਾਪਿਆਂ ਅਤੇ ਪੁੰਗਰਦੇ ਸਾਹਿਤਕਾਰਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਇਸ ਉਤਸ਼ਾਹ ਭਰੇ ਹੁੰਗਾਰੇ ਨੇ ਅਜਿਹੇ ਵਿਸ਼ੇਸ਼ ਕਾਰਜ ਦੀ ਯੋਜਨਾ ਤਿਆਰ ਕਰਵਾ ਦਿੱਤੀ। ਤੁਸੀਂ ਹੈਰਾਨ ਹੋਵੋਗੇ ਕਿ 'ਸਕੂਲੀ ਬੱਚਿਆਂ ਲਈ ਚੋਣਵੀਆਂ ਕਵਿਤਾਵਾਂ'-ਸੰਪਾਦਕ ਮਨਮੋਹਨ ਸਿੰਘ ਦਾਊਂ ਅਤੇ 'ਸਕੂਲੀ ਬੱਚਿਆਂ ਲਈ ਚੋਣਵੀਆਂ ਕਹਾਣੀਆਂ'-ਸੰਪਾਦਕ ਬਲਜਿੰਦਰ ਮਾਨ ਦੀਆਂ ਪੁਸਤਕਾਂ ਦੇ ਦੂਸਰੇ ਤੇ ਤੀਸਰੇ ਐਡੀਸ਼ਨ ਛਾਪੇ ਜਾ ਰਹੇ ਹਨ।

—ਬਲਜਿੰਦਰ ਮਾਨ

Unistar Education

ISBN 978-93-5204-143-5

9 789352 041435

www. unistarbooks.com ₹ 150/-